Distributed in Toronto, Calgary, Vancouver, Winnipeg and Edmonton and Online Worldwide.

Voice of Social Concerns | Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-7, ਅੰਕ-7, ਜੁਲਾਈ 2017 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

ਕੈਨੇਡਾ ਦੇ 150ਵੇਂ ਜਨਮ ਦਿਨ 'ਤੇ ਵਿਸ਼ੇਸ਼

## ਕੈਨੇਡਾ ਦੇਸ਼ ਅੰਦਰ ਵੱਧ ਰਿਹਾ ਗਰੀਬ-ਅਮੀਰ ਦਾ ਪਾੜਾ





ਹਰੀਪਾਲ
403-714-4816

ਕੈਨੇਡਾ ਦੁਨੀਆਂ ਦਾ ਬਹੁਤ ਈ ਸੋਹਣਾ ਅਤੇ ਵਿਕਸਿਤ ਦੇਸ਼ ਹੈ। ਖੇਤਰਫਲ ਵਿਚ ਕੈਨੇਡਾ ਸੰਸਾਰ ਦਾ ਦੂਜਾ ਵੱਡਾ ਦੇਸ਼ ਹੈ। ਬੇਹੱਦ ਕੁਦਰਤੀ ਸਾਧਨਾ ਨਾਲ ਭਰਪੂਰ ਕੈਨੇਡਾ ਪਰਵਾਸੀਆਂ ਦੀ ਖਿੱਚ ਦਾ ਕਾਰਨ ਹੈ। ਬਾਹਰਲੇ ਬੰਦਿਆਂ ਦਾ ਪੰਜਾਬ ਜਾਣਾ, ਜਾਕਟਾਂ, ਸੋਨੇ ਦੀਆਂ ਚੈਨਾ ਸੰਗਲਾਂ ਵਰਗੀਆਂ ਕਾਰਾਂ, ਲੋਕਾਂ ਨੂੰ ਬਹੁਤ ਖਿੱਚ ਪਾਉਂਦੀਆਂ ਹਨ। ਜੇਕਰ ਇੰਡੀਆ ਨਾਲ ਮੁਕਾਬਲਾ ਕਰੀਏ ਤਾਂ ਕੈਨੇਡਾ ਏਰੀਏ ਵਿਚ ਇੰਡੀਆ ਨਾਲੋ ਤਿੰਨ ਗੁਣਾਂ ਵੱਡਾ ਹੈ ਅਤੇ ਇਸ ਦੀ ਅਬਾਦੀ ਇੰਡੀਆ ਤੋਂ 30 ਗੁਣਾਂ ਘੱਟ ਹੈ। ਜੇ ਹਿਸਾਬ ਲਾਈਏ ਤਾਂ ਇਥੇ ਇੰਡੀਆ ਨਾਲੋਂ ਇਕ ਬੰਦੇ ਦੇ ਹਿੱਸੇ 90 ਗੁਣਾਂ ਵੱਧ ਏਰੀਆ ਆਉਂਦਾ। ਫੇਰ ਤਾਂ ਇਹ ਮੁਲਕ ਇੰਨਾ ਅਮੀਰ ਹੋਣਾ ਚਾਹੀਦਾ ਹੈ ਕਿ "ਗਰੀਬੀ" ਲਫ਼ਜ਼ ਤਾਂ ਕੈਨੇਡਾ ਦੀਆਂ ਡਿਕਸ਼ਨਰੀਆਂ ਵਿਚ ਹੋਣਾ ਹੀ ਨਹੀਂ ਚਾਹੀਦਾ। ਪਰ ਗੱਲ ਇਸ ਦੇ ਉਲਟ ਹੈ, ਇਥੇ ਵੀ ਸਲੱਮ ਏਰੀਏ ਹਨ। ਵੱਡੇ-ਵੱਡੇ ਸ਼ਹਿਰਾਂ ਵਿਚ ਤੁਸੀਂ ਦੇਖ ਸਕਦੇ ਹੋ ਕਿ ਇਕੋ ਏਰੀਆ ਹੈ ਜਿਥੇ ਅਮੀਰ ਲੋਕ ਰਹਿੰਦੇ ਹਨ। ਇਥੇ ਵਧੀਆ ਸਕੂਲ ਹਨ, ਵੱਡੇ ਵੱਡੇ ਘਰ ਹਨ, ਮਹਿੰਗੀਆਂ ਕਾਰਾਂ ਹਨ ਅਤੇ ਬਹੁਤ ਹੀ ਵਧੀਆ ਕਮਿਊਨਿਟੀ ਸੈਂਟਰ ਹਨ। ਪਰ ਜਿਹੜੇ ਸਲੱਮ ਏਰੀਏ ਹਨ ਉਸ ਇਲਾਕੇ ਵਿਚ ਟੁੱਟੀਆਂ ਸੜਕਾਂ ਹਨ, ਟੁੱਟੇ ਜਿਹੇ ਘਰ ਹਨ, ਸਕੂਲਾਂ ਅਤੇ ਕਮਿਊਨਿਟੀ ਸੈਂਟਰਾਂ ਦੀਆਂ ਖਸਤਾ ਬਿਲਡਿੰਗਾਂ ਹਨ। ਕੈਨੇਡਾ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਫੂਡ ਬੈਂਕਾਂ ਹਨ, ਸ਼ੈਲਟਰ ਹੋਮ ਹਨ। ਇਨ੍ਹਾਂ ਡਰੌਪ ਇਨ ਸੈਂਟਰਾਂ ਵਿਚ ਬੇਘਰੇ ਰਹਿੰਦੇ ਹਨ। ਫੇਰ ਵੀ ਵੱਡੀਆਂ ਬਿਲਡਿੰਗਾਂ ਦੇ ਵਾਧਰੇ ਅੱਗੇ ਇਹ ਬੇਘਰੇ ਸੁੱਤੇ ਪਏ ਦੇਖੇ ਜਾ ਸਕਦੇ ਹਨ। ਹੁਣ ਤਾਂ ਬਹੁਤ ਸਾਰੇ ਇਲਾਕਿਆਂ ਵਿਚ ਬੇਘਰੇ ਲੋਕ ਤੰਬੂ ਲਾ ਕੇ ਵੀ ਰਹਿੰਦੇ ਦੇਖੇ ਜਾ ਸਕਦੇ ਹਨ। ਫੂਡ-ਬੈਂਕਾਂ ਤੇ ਲੱਗੀਆਂ ਲਾਈਨਾਂ ਦੇਖ ਕੇ ਲਗਦਾ ਹੀ ਨਹੀਂ ਕਿ ਅਸੀਂ ਕਿਸੇ ਵਿਕਸਿਤ ਮੁਲਕ ਵਿਚ ਰਹਿ ਰਹੇ ਹਾਂ।

ਇਹ ਕਿਉਂ ਹੈ, ਕਿ ਕੋਈ ਮੁਲਕ ਇੰਨਾ ਅਮੀਰ ਹੋ ਸਕਦਾ ਹੈ, ਬੇਥਾਹ ਲੱਕੜ, ਸੋਨਾ, ਸਲਫ਼ਰ, ਪੁਟਾਸ਼, ਹੀਰੇ ਹੋਣ ਤੇ ਇੰਨਾ ਵੱਡਾ ਏਰੀਆ ਹੋਵੇ ਤੇ ਫਿਰ ਗਰੀਬੀ ਕਾਸਤੋਂ ਹੈ। ਕਾਰਨ ਹੈ ਕਿ ਕੈਨੇਡਾ ਹੁਣ ਆਮ ਲੋਕਾਂ ਦਾ ਕੈਨੇਡਾ ਨਹੀਂ ਸਗੋਂ ਕਾਰਪਰੇਸ਼ਨਾਂ ਦਾ ਕੈਨੇਡਾ ਹੈ ਜਾਂ 'ਕਾਰਪੋਰੇਟ ਕੈਨੇਡਾ'। ਕੈਨੇਡਾ ਦੀਆਂ ਕਾਰਪੋਰੇਸ਼ਨਾਂ ਨੂੰ ਟੈਕਸ ਤੋਂ ਛੋਟਾਂ, ਸਬਸਿਡੀਆਂ ਦੇ ਗੱਫੇ ਤੇ ਆਮ ਲੋਕਾਂ ਨੂੰ ਕੀ, ਕੁਝ ਵੀ ਨਹੀਂ। ਜਦੋਂ ਇਨ੍ਹਾਂ ਮੁਲਕਾਂ ਵਿਚ ਆਰਥਿਕ ਮੰਦਾ ਆਉਂਦਾ ਤਾਂ ਵੱਡੀਆਂ ਵੱਡੀਆਂ ਕੰਪਨੀਆਂ ਨੂੰ ਬਿਲੀਅਨ ਡਾਲਰ ਵਿਚ ਗੱਫੇ ਮਿਲਦੇ ਹਨ। ਸੂਬਾਈ ਅਤੇ ਕੇਂਦਰੀ ਸਰਕਾਰਾਂ ਦੀ ਨੀਂਦ ਉੱਡ ਜਾਂਦੀ ਹੈ ਕਿ ਬਹੁਤ ਹੀ ਮਾੜੀ ਗੱਲ ਹੋ ਰਹੀ ਕਿ ਕਾਰਪੋਰੇਸ਼ਨਾਂ ਨੂੰ ਘਾਟੇ ਪੈ ਰਹੇ ਹਨ ਪਰ ਜੇਕਰ ਕਿਸੇ ਗਰੀਬ ਤੋਂ ਘਰ ਦੀ ਕਿਸ਼ਤ ਨਾ ਦਿੱਤੀ ਜਾਵੇ ਤਾਂ ਉਸਦਾ ਘਰ ਬੈਂਕ ਲੈ ਜਾਵੇਗੀ ਉਸਦੇ ਲਈ ਕਿਸੇ ਵੀ ਸਰਕਾਰ ਜਾਂ ਸਰਕਾਰੀ

(ਬਾਕੀ ਸਫ਼ਾ 30)



5
ਧਰਮ ਦੇ ਨਾਮ 'ਤੇ ਸੈਕਸ ਗੁਲ਼ਾਮੀ



10
ਭਗਤ ਸਿੰਘ ਇਕ ਵਿਅਕਤੀ ਨਹੀਂ, ਇਨਕਲਾਬ ਦਾ ਮੀਲ ਪੱਥਰ



24
ਮਸਲਾ ਦਲਿਤ ਕਾਰਕੁੰਨਾਂ ਅਤੇ ਨੇਤਾਵਾਂ 'ਤੇ ਰਾਜ-ਧ੍ਰੋਹ ਦੇ ਦੋਸ਼ ਲਗਾਉਣ ਦਾ



39
Little-known health benefits of beneficial bacteria.

SUPER VISA INSURANCE

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Sherjang Singh Rana
416.910.9000



Sandeep Ahuja
416.660.1010

# ਸੰਕਟਕਾਲੀਨ ਹਾਲਾਤ ਪੰਜਾਬ ਦੇ



ਸਤਨਾਮ ਸਿੰਘ ਮਾਣਕ





ਪਿਛਲੇ ਕਈ ਦਹਾਕਿਆਂ ਤੋਂ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪੰਜਾਬ ਵਿਧਾਨ ਸਭਾ ਪੰਜਾਬ ਦੇ ਲੋਕਾਂ ਦੇ ਭਖਦੇ ਮਸਲਿਆਂ ਨੂੰ ਗੰਭੀਰਤਾ ਨਾਲ ਵਿਚਾਰਨ, ਉਨ੍ਹਾਂ ਦਾ ਹੱਲ ਲੱਭਣ ਅਤੇ ਕਾਨੂੰਨ ਨਿਰਮਾਣ ਦੇ ਮਾਮਲੇ ਵਿਚ ਇਕ ਢੁਕਵਾਂ ਮਾਧਿਅਮ ਨਹੀਂ ਰਹੀ। ਖ਼ਾਸ ਕਰਕੇ 80ਵਿਆਂ ਵਿਚ ਖਾੜਕੂ ਲਹਿਰ ਦੇ ਉੱਭਰਨ ਤੋਂ ਬਾਅਦ ਰਾਜ ਵਿਚ ਜਿਹੜੀਆਂ ਵੀ ਚੁਣੀਆਂ ਹੋਈਆਂ ਸਰਕਾਰਾਂ ਬਣੀਆਂ, ਉਨ੍ਹਾਂ ਦੀ ਇਹ ਸੁਚੇਤ ਕੋਸ਼ਿਸ਼ ਰਹੀ ਕਿ ਵਿਧਾਨ ਸਭਾ ਦੇ ਸੈਸ਼ਨ ਛੋਟੇ ਤੋਂ ਛੋਟੇ ਹੋਣ ਅਤੇ ਉਨ੍ਹਾਂ ਸੈਸ਼ਨਾਂ ਵਿਚ ਵਿਰੋਧੀ ਪਾਰਟੀਆਂ ਰਾਜ ਦੇ ਲੋਕਾਂ ਦੇ ਭਖਦੇ ਮਸਲੇ ਅਤੇ ਸਰਕਾਰਾਂ ਦੇ ਭ੍ਰਿਸ਼ਟਾਚਾਰ ਨੂੰ ਬੇਨਕਾਬ ਨਾ ਕਰ ਸਕਣ।

80ਵਿਆਂ ਤੋਂ ਬਾਅਦ ਭਾਵੇਂ ਸਰਕਾਰਾਂ ਕਾਂਗਰਸ ਪਾਰਟੀ ਦੀਆਂ ਬਣੀਆਂ ਹੋਣ ਤੇ ਭਾਵੇਂ ਅਕਾਲੀ-ਭਾਜਪਾ ਗਠਜੋੜ ਦੀਆਂ, ਸਭ ਦੀ ਪਹੁੰਚ ਇਹੀ ਰਹੀ ਹੈ ਕਿ ਵਿਧਾਨ ਸਭਾ ਦੇ ਸੈਸ਼ਨ ਸਿਰਫ ਖਾਨਾਪੂਰਤੀ ਲਈ ਹੀ ਹੋਣ। ਹੁੰਦਾ ਇਹ ਆ ਰਿਹਾ ਹੈ ਕਿ ਪੰਜਾਬ ਵਿਧਾਨ ਸਭਾ ਦੇ ਬਹੁਤੇ ਸੈਸ਼ਨ 4-5 ਦਿਨ ਦੇ ਹੀ ਹੁੰਦੇ ਹਨ। ਸੈਸ਼ਨ ਇਸ ਢੰਗ ਨਾਲ ਬੁਲਾਇਆ ਜਾਂਦਾ ਹੈ ਕਿ ਵਿਚ ਸਨਿਚਰਵਾਰ ਅਤੇ ਐਤਵਾਰ ਦੀ ਛੁੱਟੀ ਵੀ ਆ ਜਾਏ। ਸੈਸ਼ਨ ਦੇ ਪਹਿਲੇ ਦਿਨ ਬਹੁਤੀ ਵਾਰ ਵਿਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀਆਂ ਦੇ ਕੇ ਸੈਸ਼ਨ ਉਠਾ ਦਿੱਤਾ ਜਾਂਦਾ ਹੈ। ਦੂਜੇ ਦਿਨ ਵਿਰੋਧੀ ਪਾਰਟੀਆਂ ਵੱਖ-ਵੱਖ ਮੁੱਦੇ ਉਠਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਪਰ ਸੱਤਾਧਾਰੀ ਪਾਰਟੀ ਦੇ ਸਪੀਕਰ ਵੱਲੋਂ ਉਨ੍ਹਾਂ ਨੂੰ ਸਮਾਂ ਨਹੀਂ ਦਿੱਤਾ ਜਾਂਦਾ ਤੇ ਵਿਰੋਧੀ ਪਾਰਟੀਆਂ ਦੇ ਆਗੂ ਰੌਲਾ-ਰੱਪਾ ਪਾ ਕੇ ਸਦਨ ਵਿਚੋਂ ਵਾਕਆਊਟ ਕਰ ਜਾਂਦੇ ਹਨ। ਤੀਜੇ ਦਿਨ ਵੀ ਇਸੇ ਤਰ੍ਹਾਂ ਰੌਲਾ-ਰੱਪਾ ਪੈਂਦਾ ਰਹਿੰਦਾ ਹੈ। ਚੌਥੇ ਦਿਨ ਸੱਤਾਧਾਰੀ ਧਿਰ ਨੇ ਜਿਹੜੇ ਬਿੱਲ ਪਾਸ ਕਰਵਾਉਣੇ ਹੁੰਦੇ ਹਨ, ਉਹ ਆਪਣੇ ਬਹੁਮਤ ਦੇ ਸਿਰ 'ਤੇ ਹੱਥ ਖੜ੍ਹੇ ਕਰਵਾ ਕੇ ਪਾਸ ਕਰਵਾ ਲਏ ਜਾਂਦੇ ਹਨ। ਲੋਕਾਂ ਦੀ ਹੋਣੀ ਨਾਲ ਸਬੰਧਤ ਬਿੱਲ ਬਿਨਾਂ ਦੀਰਘ ਵਿਚਾਰ-ਵਟਾਂਦਰੇ ਤੋਂ ਰੌਲੇ-ਰੱਪੇ ਵਿਚ ਹੀ ਪਾਸ ਹੋ ਜਾਂਦੇ ਹਨ। ਪੰਜਵੇਂ ਦਿਨ ਸੈਸ਼ਨ ਦੀ ਸਮਾਪਤੀ ਹੋ ਜਾਂਦੀ ਹੈ। ਇਸੇ ਕਰਕੇ ਬਣਨ ਵਾਲੇ ਕਾਨੂੰਨਾਂ ਵਿਚ ਬਹੁਤ ਸਾਰੀਆਂ ਖਾਮੀਆਂ ਰਹਿ ਜਾਂਦੀਆਂ ਹਨ ਅਤੇ ਜਿਨ੍ਹਾਂ ਮੰਤਵਾਂ ਲਈ ਕਾਨੂੰਨ ਬਣਾਏ ਜਾਂਦੇ ਹਨ, ਉਨ੍ਹਾਂ ਦੀ ਪੂਰਤੀ ਨਹੀਂ ਹੁੰਦੀ ਅਤੇ ਕਈ ਵਾਰ ਤਾਂ ਗ਼ਲਤ ਕਾਨੂੰਨ ਬਣਨ ਨਾਲ ਲੋਕਾਂ ਦਾ ਨੁਕਸਾਨ ਵੀ ਹੋ ਜਾਂਦਾ ਹੈ। ਕਾਨੂੰਨਾਂ ਵਿਚ ਰਹਿ ਗਈਆਂ ਖਾਮੀਆਂ ਕਾਰਨ ਕਈ ਵਾਰ ਬਾਅਦ ਵਿਚ ਉਨ੍ਹਾਂ 'ਚ ਸੋਧਾਂ ਵੀ ਕਰਨੀਆਂ ਪੈਂਦੀਆਂ ਹਨ ਜਾਂ ਲੋਕਾਂ ਦੀਆਂ ਵੱਖ-ਵੱਖ ਧਿਰਾਂ ਅਦਾਲਤ ਵਿਚ ਉਨ੍ਹਾਂ ਨੂੰ ਚੁਣੌਤੀ ਦੇ ਦਿੰਦੀਆਂ ਹਨ। ਇਸ ਤਰ੍ਹਾਂ ਵਿਧਾਨ ਸਭਾ ਦੇ ਸੈਸ਼ਨਾਂ ਦੀ ਖਾਨਾਪੂਰਤੀ ਕਰਕੇ ਸੱਤਾਧਾਰੀ ਧਿਰਾਂ ਗਵਰਨਰੀ ਰਾਜ ਦੀ ਤਰ੍ਹਾਂ ਆਪਣੇ ਪੂਰੇ ਕਾਰਜਕਾਲ ਦੌਰਾਨ ਸ਼ਾਸਨ ਚਲਾਉਂਦੀਆਂ ਰਹਿੰਦੀਆਂ ਹਨ।

ਇਸ ਦੀ ਰਾਜ ਨੂੰ ਵੱਡੀ ਕੀਮਤ ਚੁਕਾਉਣੀ ਪਈ ਹੈ। ਜਦੋਂ ਕਿਸੇ ਰਾਜ ਦੀ ਵਿਧਾਨ ਸਭਾ ਵਿਚ ਲੋਕਾਂ ਦੇ ਭਖਦੇ ਮਸਲੇ ਖੁੱਲ੍ਹ ਕੇ ਵਿਚਾਰੇ ਹੀ ਨਹੀਂ ਜਾਣਗੇ, ਤਾਂ ਉਨ੍ਹਾਂ ਦੇ ਢੁਕਵੇਂ ਹੱਲ ਕਿਸ ਤਰ੍ਹਾਂ ਲੱਭੇ ਜਾ ਸਕਦੇ ਹਨ? ਜੇਕਰ ਸਰਕਾਰ ਚਲਾ ਰਹੀ ਪਾਰਟੀ ਦੇ ਆਗੂਆਂ ਅਤੇ ਅਫਸਰਸ਼ਾਹੀ ਦੇ ਭ੍ਰਿਸ਼ਟਾਚਾਰ ਨੂੰ ਵਿਧਾਨ ਸਭਾ ਵਿਚ ਵਿਰੋਧੀ ਪਾਰਟੀਆਂ ਬੇਨਕਾਬ ਹੀ ਨਹੀਂ ਕਰ ਸਕਣਗੀਆਂ ਤਾਂ ਸੱਤਾਧਾਰੀ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਨੂੰ ਜਵਾਬਦੇਹ ਕਿਸ ਤਰ੍ਹਾਂ ਬਣਾਇਆ ਜਾ ਸਕੇਗਾ? ਪਿਛਲੇ ਦਹਾਕਿਆਂ ਵਿਚ ਦੋਵੇਂ ਕਾਰਜ ਵਿਧਾਨ ਸਭਾ ਦੇ ਮਾਧਿਅਮ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਨਾ

(ਬਾਕੀ ਸਫ਼ਾ 4 'ਤੇ)





**ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 8ਵਾਂ ਸਲਾਨਾ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ 9 ਸਤੰਬਰ 2017, ਦਿਨ ਸ਼ਨੀਵਾਰ, 1.00 ਤੋਂ 4.00 ਵਜੇ ਤੱਕ ਜੈਨਸਿਸ ਸੈਂਟਰ, ਨਾਰਥ ਈਸਟ ਕੈਲਗਰੀ ਵਿਖੇ ਹੋਵੇਗਾ। ਨਾਟਕ ਦੀ ਤਿਆਰੀ ਲਈ ਪੰਜਾਬ ਤੋਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਡਾਇਰੈਕਟਰ ਸ੍ਰੀ ਹਰਕੇਸ਼ ਚੌਧਰੀ ਵਿਸ਼ੇਸ਼ ਤੌਰ 'ਤੇ ਪੁੱਜ ਰਹੇ ਹਨ।**







**SARO KARAN DI AWAZ**

**Publisher**
Pro-People Arts Project Media Group 29 Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Literary Advisor**
Gurbachan Singh Brar
Calgary (NE) Alberta
403-470-2628
brargurbachan@yahoo.ca

**Sports Advisor**
Sukhvir Grewal
403-402-0770
sukhsports@gmail.com

**Advisory Board**
Narbhinder Singh (India)
935-443-0211

Buta Singh Nawan Shahr (India)
946-347-4342
atoozed@gmail.com

Jaswant Zirakh (India)
98151-69825
jaswantzirakh@gmail.com

Harnek Dhaliwal, Winnipeg (Manitoba)
204-488-6960

Parshotam Dosanjh, Surrey (BC)
1-604-512-8371

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

Randeep Singh (India)
09855695905
rvs0001@gmail.com

Baljinder Singh
Graphic Desinger
+91-98782-29598
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਬੱਚਿਆਂ ਦਾ ਸਮਰ ਕੈਂਪ 'ਯੰਗਸਤਾਨ' 9 ਜੁਲਾਈ ਤੋਂ 15 ਜੁਲਾਈ ਤੱਕ

ਕੈਲਗਰੀ: ਕੈਲਗਰੀ ਦੇ ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਲੱਗਣ ਵਾਲ਼ੇ ਬੱਚਿਆਂ ਦੇ ਸਮਰ ਕੈਂਪ 'ਯੰਗਸਤਾਨ' ਲਈ ਤਿਆਰੀ ਹੋ ਚੁੱਕੀ ਹੈ। ਸੱਤ ਦਿਨ ਤੱਕ ਚੱਲਣ ਵਾਲੇ ਕੈਂਪ ਵਿੱਚ ਮੈਡੀਟੇਸ਼ਨ, ਭੰਗੜਾ, ਆਰਟ ਅਤੇ ਕਰਾਫਟ, ਸੌਕਰ, ਬਾਸਕਟਬਾਲ, ਜਾਦੂਗਰ ਸ਼ੋਅ, ਮੈਡੀਕਲ ਸਾਇੰਸ ਵਰਗੀਆਂ ਗਤੀਵਿਧੀਆਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਇਹਨਾਂ ਲਈ ਮਾਹਿਰਾਂ ਦੀ ਟੀਮ ਹਾਜ਼ਰ ਰਹੇਗੀ।

ਇਹ ਕੈਂਪ ਖਾਲਸਾ ਸਕੂਲ ਕੈਲਗਰੀ ਵਿੱਚ ਲੱਗੇਗਾ। ਕੈਂਪ ਦੀ ਸ਼ੁਰੂਆਤ ਹਰ ਰੋਜ਼ ਸਵੇਰੇ 10 ਵਜੇ ਮੈਡੀਟੇਸ਼ਨ ਕਲਾਸ ਨਾਲ਼ ਹੋਵੇਗੀ। ਕੈਂਪ ਦੀ ਦੂਜੀ ਕਲਾਸ ਵਿੱਚ ਬੱਚੇ ਭੰਗੜੇ ਦਾ ਅਭਿਆਸ ਕਰਨਗੇ। ਇਹ ਭੰਗੜਾ ਫਲੇਮਜ਼ ਵਲੋਂ ਲਗਾਈ ਜਾਵੇਗੀ। ਤੀਜੀ ਕਲਾਸ ਵਿੱਚ ਬੱਚੇ ਆਰਟ ਅਤੇ ਕਰਾਫਟ ਕਲਾਸ ਵਿੱਚ ਭਾਗ ਲੈਣਗੇ। ਚੌਥੀ ਕਲਾਸ ਵਿੱਚ ਬੱਚੇ ਸੌਕਰ (ਫੁੱਟਬਾਲ) ਖੇਡਣਗੇ ਜਿਸਦੀ ਨਿਗਰਾਨੀ ਖਿਡਾਰੀਆਂ ਅਤੇ ਵਲੰਟੀਅਰਾਂ ਵਲੋਂ ਕੀਤੀ ਜਾਵੇਗੀ। ਮਾਹਿਰਾਂ ਦੀ ਇਸ ਟੀਮ ਵਿੱਚ ਸੁਖਵਿੰਦਰ ਬਰਾੜ, ਡਾ. ਮੱਟੂ, ਗਿਸ਼ੀਨਾਗਰ, ਡਾ. ਅਨਮੋਲ ਕਪੂਰ, ਡਾ. ਮਨ ਗਿੱਲ, ਮਨੋਵਗਿਆਨੀ ਰੁਪਿੰਦਰ ਹੇਅਰ ਤੋਂ ਇਲਾਵਾ ਦੰਦਾਂ ਅਤੇ ਅੱਖਾਂ ਦੇ ਮਹਿਰ ਡਾਕਟਰ ਵੀ ਇਸ ਵਿੱਚ ਹਾਜ਼ਰੀ ਦੇਣਗੇ। ਚੌਥੀ ਕਲਾਸ ਵਿੱਚ ਬੱਚੇ ਆਰਟ ਕਰਾਫਟ ਕਰਨਗੇ।










# ਸੰਕਟਕਾਲੀਨ ਹਾਲਾਤ ਪੰਜਾਬ ਦੇ

(ਸਫ਼ਾ 2 ਦੀ ਬਾਕੀ)

ਹੋਣ ਕਾਰਨ ਹੀ ਅੱਜ ਰਾਜ ਦਾ ਪ੍ਰਸ਼ਾਸਨਿਕ ਢਾਂਚਾ ਪੂਰੀ ਤਰ੍ਹਾਂ ਚਰਮਰਾ ਚੁੱਕਾ ਹੈ। ਦਹਾਕਿਆਂ ਤੋਂ ਪੁਲਿਸ ਅਤੇ ਸਮੁੱਚੇ ਪ੍ਰਸ਼ਾਸਨਿਕ ਢਾਂਚੇ ਵਿਚ ਵਿਆਪਕ ਭ੍ਰਿਸ਼ਟਾਚਾਰ ਚਲਿਆ ਆ ਰਿਹਾ ਹੈ। ਹਰ ਪਾਰਟੀ ਦੀ ਸਰਕਾਰ ਦੇ ਸਮੇਂ ਭ੍ਰਿਸ਼ਟ ਸੱਤਾਧਾਰੀ ਸਿਆਸਤਦਾਨ ਅਤੇ ਅਫ਼ਸਰਸ਼ਾਹੀ ਦਾ ਗਠਜੋੜ ਭ੍ਰਿਸ਼ਟ ਢੰਗ-ਤਰੀਕੇ ਅਪਨਾ ਕੇ ਜਿਥੇ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਰੁਪਿਆਂ ਦਾ ਚੂਨਾ ਲਾਉਣ ਵਿਚ ਸਫ਼ਲ ਰਹਿੰਦਾ ਹੈ, ਉਥੇ ਲੋਕਾਂ ਦੇ ਜਾਇਜ਼-ਨਜਾਇਜ਼ ਕੰਮਕਾਰ ਕਰਨ ਬਦਲੇ ਵੀ ਭ੍ਰਿਸ਼ਟ ਸਿਆਸਤਦਾਨ ਅਤੇ ਅਫ਼ਸਰਸ਼ਾਹੀ ਲੋਕਾਂ ਦੀਆਂ ਜੇਬਾਂ ਵਿਚੋਂ ਕਰੋੜਾਂ ਰੁਪਏ ਕਢਵਾ ਲੈਂਦੀ ਹੈ। ਨਿਰਦੋਸ਼ ਲੋਕਾਂ ਵਿਰੁੱਧ ਝੂਠੇ ਕੇਸ ਦਰਜ ਕਰਕੇ ਅਤੇ ਫਿਰ ਉਨ੍ਹਾਂ ਕੇਸਾਂ ਵਿਚੋਂ ਉਨ੍ਹਾਂ ਦੇ ਨਾਂਅ ਬਾਹਰ ਕੱਢਣ ਦੇ ਹੀ ਭ੍ਰਿਸ਼ਟ ਪੁਲਿਸ ਅਫ਼ਸਰ ਤੇ ਮੁਲਾਜ਼ਮ ਕਰੋੜਾਂ ਰੁਪਏ ਹਰ ਸਾਲ ਵਸੂਲ ਲੈਂਦੇ ਹਨ। ਭ੍ਰਿਸ਼ਟ ਸਿਆਸਤਦਾਨਾਂ ਤੇ ਪੁਲਿਸ ਦਾ ਗਠਜੋੜ ਨਸ਼ੇ ਦੀ ਤਸਕਰੀ ਅਤੇ ਰੇਤ ਬਜਰੀ ਦੇ ਕਾਰੋਬਾਰਾਂ ਤੋਂ ਵੀ ਕਰੋੜਾਂ ਰੁਪਏ ਹਰ ਸਾਲ ਕਮਾ ਜਾਂਦਾ ਹੈ। ਹੋਰ ਵੀ ਅਨੇਕਾਂ ਤਰ੍ਹਾਂ ਦੇ ਜਾਇਜ਼-ਨਾਜਾਇਜ਼ ਕੰਮ-ਧੰਦੇ ਹੁੰਦੇ ਹਨ, ਜਿਨ੍ਹਾਂ ਤੋਂ ਅਜਿਹੇ ਅਨਸਰ ਚੋਖੀ ਕਮਾਈ ਕਰ ਜਾਂਦੇ ਹਨ। ਲੰਮੇ ਸਮੇਂ ਤੋਂ ਰਾਜ ਵਿਚ ਇਹ ਖੇਡ ਖੇਡੀ ਜਾ ਰਹੀ ਹੈ। ਇਸੇ ਕਰਕੇ ਰਾਜ ਸਿੱਖਿਆ, ਸਿਹਤ, ਖੇਤੀਬਾੜੀ, ਸਨਅਤ, ਵਾਤਾਵਰਨ ਸੁਰੱਖਿਆ ਅਤੇ ਹੋਰ ਖੇਤਰਾਂ ਵਿਚ ਵੱਡੀ ਪੱਧਰ 'ਤੇ ਪਿਛੜ ਗਿਆ ਹੈ।

ਦੁੱਖ ਦੀ ਗੱਲ ਤਾਂ ਇਹ ਹੈ ਕਿ ਖਾੜਕੂਵਾਦ ਦੇ ਦੌਰ ਵਿਚੋਂ ਲੰਘਿਆਂ ਵੀ ਭਾਵੇਂ ਪੰਜਾਬ ਨੂੰ ਤਿੰਨ ਦਹਾਕਿਆਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਰਾਜ ਦੀਆਂ ਸਿਆਸੀ ਪਾਰਟੀਆਂ ਦਾ ਵਤੀਰਾ ਹੁਣ ਵੀ ਉਸੇ ਤਰ੍ਹਾਂ ਦਾ ਬਣਿਆ ਹੋਇਆ ਹੈ। ਪਿਛਲੇ ਕਈ ਦਿਨਾਂ ਤੋਂ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਚਲਦਾ ਆ ਰਿਹਾ ਹੈ। ਇਸ ਵਾਰ ਵੀ ਉਹੀ ਕਹਾਣੀ ਦੁਹਰਾਈ ਗਈ ਹੈ, ਜੋ ਪਿਛਲੇ ਕਈ ਦਹਾਕਿਆਂ ਤੋਂ ਦੁਹਰਾਈ ਜਾਂਦੀ ਰਹੀ ਹੈ। ਵਿਧਾਨ ਸਭਾ ਦੇ ਸੈਸ਼ਨ ਦੌਰਾਨ ਪਿਛਲੇ ਤਿੰਨ ਦਿਨਾਂ ਵਿਚ ਰਾਜ ਦੇ ਭਖਦੇ ਮਸਲਿਆਂ 'ਤੇ ਗੰਭੀਰਤਾ ਨਾਲ ਕਿਸੇ ਵੀ ਧਿਰ ਵੱਲੋਂ ਵਿਚਾਰ-ਵਟਾਂਦਰਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਰੌਲੇ-ਰੱਪੇ ਵਿਚ ਹੀ ਤਿੰਨ ਦਿਨ ਲੰਘ ਗਏ ਹਨ। ਸਗੋਂ ਇਹ ਰੌਲਾ-ਰੱਪਾ ਹੁਣ ਹੁੜਦੰਗ ਦਾ ਰੂਪ ਲੈਂਦਾ ਜਾ ਰਿਹਾ ਹੈ, ਜਿਥੇ ਵਿਧਾਇਕ ਮਾਰਸ਼ਲਾਂ ਨਾਲ ਹੱਥੋ-ਪਾਈ ਹੁੰਦੇ ਹਨ ਅਤੇ ਸਪੀਕਰ ਵੱਲ ਉਛਾਲ-ਉਛਾਲ ਕੇ ਕਾਗਜ਼ ਸੁੱਟਦੇ ਹਨ ਅਤੇ ਸਪੀਕਰ ਇਸ ਤਰ੍ਹਾਂ ਦੀ ਸਥਿਤੀ ਵਿਚ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਬਾਹਰ ਦਾ ਰਸਤਾ ਦਿਖਾ ਦਿੰਦਾ ਹੈ ਜਾਂ ਪੂਰੇ ਸੈਸ਼ਨ ਲਈ ਹੀ ਉਨ੍ਹਾਂ ਨੂੰ ਬਾਹਰ ਕੱਢ ਦਿੰਦਾ ਹੈ। ਇਹੀ ਕੁਝ ਵਾਰ-ਵਾਰ ਹੋ ਰਿਹਾ ਹੈ। ਸਾਡੀ ਚਿੰਤਾ ਇਹ ਹੈ ਕਿ ਜੇਕਰ ਰਾਜ ਵਿਧਾਨ ਸਭਾ ਦਾ ਕੰਮਕਾਜ ਆਉਣ ਵਾਲੇ ਸਮਿਆਂ ਵਿਚ ਵੀ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਰਾਜ ਦੇ ਲੋਕਾਂ ਦੇ ਦਿਨੋ-ਦਿਨ ਗੁੰਝਲਦਾਰ ਹੁੰਦੇ ਜਾ ਰਹੇ ਮਸਲਿਆਂ ਦੇ ਕੋਈ ਹੱਲ ਨਹੀਂ ਲੱਭੇ ਜਾ ਸਕਣਗੇ ਅਤੇ ਨਾ ਹੀ ਸਮੇਂ ਦੀਆਂ ਸਰਕਾਰਾਂ ਨੂੰ ਜਵਾਬਦੇਹ ਬਣਾਇਆ ਜਾ ਸਕੇਗਾ। ਜੇਕਰ ਲੋਕਾਂ ਦੇ ਭਖਦੇ ਮਸਲਿਆਂ ਦੇ ਵਿਧਾਨ ਸਭਾ ਵਿਚ ਚਰਚਾ ਕਰਕੇ ਹੱਲ ਨਾ ਲੱਭੇ ਗਏ ਤਾਂ ਲੋਕਾਂ ਦਾ ਜਮਹੂਰੀ ਵਿਵਸਥਾ ਤੋਂ ਹੀ ਵਿਸ਼ਵਾਸ ਉੱਠ ਜਾਏਗਾ ਅਤੇ ਰੋਹ ਤੇ ਰੋਸ ਨਾਲ ਭਰੇ ਲੋਕ ਆਪਣੇ ਮਸਲਿਆਂ ਦੇ ਨਿਪਟਾਰੇ ਲਈ ਕਾਨੂੰਨ ਆਪਣੇ ਹੱਥ ਲੈਣ ਜਾਂ ਹਿੰਸਾ ਦਾ ਰਸਤਾ ਅਖ਼ਤਿਆਰ ਕਰਨ ਲਈ ਮਜਬੂਰ ਹੋ ਸਕਦੇ ਹਨ, ਜਿਸ ਦਾ ਰਾਜ ਨੂੰ ਅਤੇ ਰਾਜ ਦੇ ਲੋਕਾਂ ਨੂੰ ਹੋਰ ਵੀ ਵਧੇਰੇ ਨੁਕਸਾਨ ਹੋ ਸਕਦਾ ਹੈ।

ਜੇਕਰ ਅਜੋਕੇ ਸਮੇਂ ਦੇ ਪੰਜਾਬ ਦੀ ਗੱਲ ਕਰੀਏ ਤਾਂ ਇਸ ਸਮੇਂ ਲੋਕਾਂ ਨੂੰ ਬਹੁਤ ਹੀ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਜ ਦੀ ਸਿਹਤ ਤੇ ਸਿੱਖਿਆ ਵਿਵਸਥਾ ਪੂਰੀ ਤਰ੍ਹਾਂ ਚਰਮਰਾ ਚੁੱਕੀ ਹੈ। ਲੋਕਾਂ ਨੂੰ ਸਰਕਾਰੀ ਹਸਪਤਾਲਾਂ ਅਤੇ ਉਨ੍ਹਾਂ ਅੰਦਰਲੀ ਇਲਾਜ ਦੀ ਵਿਵਸਥਾ 'ਤੇ ਕੋਈ ਵਿਸ਼ਵਾਸ ਨਹੀਂ ਹੈ। ਪਿੰਡਾਂ ਦੇ ਸਿਹਤ ਕੇਂਦਰ, ਜਿਹੜੇ ਕਿ ਕੰਟਰੈਕਟ ਪ੍ਰਣਾਲੀ ਦੇ ਆਧਾਰ 'ਤੇ ਜ਼ਿਲ੍ਹਾ ਪ੍ਰੀਸ਼ਦਾਂ ਵੱਲੋਂ ਚਲਾਏ ਜਾ ਰਹੇ ਹਨ, ਉਨ੍ਹਾਂ ਵਿਚ ਨਾ ਤਾਂ ਲੋੜੀਂਦੇ ਡਾਕਟਰ ਤੇ ਹੋਰ ਸਟਾਫ ਹੈ ਅਤੇ ਨਾ ਹੀ ਦਵਾਈਆਂ ਦਾ ਬਿਹਤਰ ਇੰਤਜ਼ਾਮ ਹੈ। ਇਸੇ ਤਰ੍ਹਾਂ ਦੀ ਖਸਤਾ ਹਾਲਤ ਰਾਜ ਦੀ ਸਿੱਖਿਆ ਪ੍ਰਣਾਲੀ ਦੀ ਹੈ। ਪਿਛਲੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਅਤੇ 12ਵੀਂ ਕਲਾਸ ਦੀਆਂ ਲਈਆਂ ਗਈਆਂ ਪ੍ਰੀਖਿਆਵਾਂ ਦੇ ਨਤੀਜੇ ਆਏ ਹਨ, ਜਿਨ੍ਹਾਂ ਵਿਚ ਹਜ਼ਾਰਾਂ ਵਿਦਿਆਰਥੀ ਫੇਲ੍ਹ ਹੋ ਗਏ ਹਨ। ਜਦੋਂ ਸਰਕਾਰੀ ਸਕੂਲਾਂ ਦੀ ਇਸ ਤਰ੍ਹਾਂ ਦੀ ਸਥਿਤੀ ਹੋਵੇਗੀ ਤਾਂ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਕਿਸ ਤਰ੍ਹਾਂ ਦਾਖ਼ਲ ਕਰਵਾਉਣਗੇ? ਰਾਜ ਦੀ ਖੇਤੀ ਦੀ ਹਾਲਤ ਇਹ ਹੈ ਕਿ ਹਰ ਰੋਜ਼ ਤਿੰਨ-ਚਾਰ ਕਿਸਾਨ ਖ਼ੁਦਕੁਸ਼ੀ ਕਰ ਜਾਂਦੇ ਹਨ। ਪਿਛਲੇ ਸਮਿਆਂ ਵਿਚ ਨਾ ਤਾਂ ਕੇਂਦਰ ਸਰਕਾਰ ਨੇ ਅਤੇ ਨਾ ਹੀ ਰਾਜ ਸਰਕਾਰਾਂ ਨੇ ਖੇਤੀ ਦੇ ਸੰਕਟ ਨੂੰ ਗੰਭੀਰਤਾ ਨਾਲ ਲੈਣ ਦੀ ਕੋਸ਼ਿਸ਼ ਕੀਤੀ ਹੈ। ਇਸ ਦਾ ਹੀ ਸਿੱਟਾ ਹੈ ਕਿ ਕਿਸਾਨ ਬੁਰੀ ਤਰ੍ਹਾਂ ਕਰਜ਼ੇ ਵਿਚ ਫਸ ਗਏ ਹਨ। ਇਕ ਅੰਦਾਜ਼ੇ ਮੁਤਾਬਿਕ ਰਾਜ ਦੇ ਕਿਸਾਨਾਂ ਸਿਰ ਇਸ ਸਮੇਂ 80 ਹਜ਼ਾਰ ਕਰੋੜ ਦੇ ਲਗਪਗ ਕਰਜ਼ਾ ਹੈ। ਕਿਸਾਨਾਂ ਦੇ ਵੱਖ-ਵੱਖ ਸੰਗਠਨ ਕਰਜ਼ਾ ਮੁਆਫ਼ੀ ਦੀ ਮੰਗ ਕਰ ਰਹੇ ਹਨ।

ਰਾਜ ਦੀਆਂ ਸਨਅਤਾਂ ਦਾ ਹਾਲ ਇਹ ਹੈ ਕਿ ਗ਼ਲਤ ਪ੍ਰਸ਼ਾਸਨਿਕ ਨੀਤੀਆਂ ਕਾਰਨ, ਪਿਛਲੇ ਸਮਿਆਂ ਵਿਚ ਵਾਜਿਬ ਦਰਾਂ 'ਤੇ ਲੋੜੀਂਦੀ ਮਾਤਰਾ ਵਿਚ ਬਿਜਲੀ ਨਾ ਮਿਲਣ ਕਾਰਨ ਅਤੇ ਪੰਜਾਬ ਦੇ ਗੁਆਂਢੀ ਪਹਾੜੀ ਰਾਜਾਂ ਨੂੰ ਪੂੰਜੀ ਨਿਵੇਸ਼ ਲਈ ਕੇਂਦਰੀ ਸਰਕਾਰਾਂ ਵੱਲੋਂ ਬਹੁਤ ਸਾਰੀਆਂ ਸਹੂਲਤਾਂ ਦੇਣ ਸਦਕਾ ਰਾਜ ਵਿਚ ਪਹਿਲਾਂ ਹੀ ਚੱਲ ਰਹੀਆਂ ਬਹੁਤ ਸਾਰੀਆਂ ਸਨਅਤਾਂ ਗੁਆਂਢੀ ਰਾਜਾਂ ਨੂੰ ਹਿਜ਼ਰਤ ਕਰ ਗਈਆਂ ਸਨ। ਇਸ ਕਾਰਨ ਰਾਜ ਵਿਚ ਬੇਰੁਜ਼ਗਾਰੀ ਹੋਰ ਵਧੇਰੇ ਵਧ ਗਈ ਹੈ। ਨੌਜਵਾਨਾਂ ਨੂੰ ਰਾਜ ਵਿਚ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆ ਰਿਹਾ। ਇਸ ਤਰ੍ਹਾਂ ਦੀਆਂ ਸਥਿਤੀਆਂ ਵਿਚ ਆਪਣੇ ਮਾਪਿਆਂ ਦੇ ਵਿੱਤੀ ਸਰੋਤਾਂ ਦੀ ਸਹਾਇਤਾ ਨਾਲ ਜਿਨ੍ਹਾਂ ਨੌਜਵਾਨਾਂ ਨੇ ਨਿੱਜੀ ਸਿੱਖਿਆ ਅਦਾਰਿਆਂ ਤੋਂ ਕੁਝ ਚੰਗੀ ਸਿੱਖਿਆ ਹਾਸਲ ਕਰ ਲਈ ਹੈ, ਉਹ ਆਈਲਿਟਸ ਕਰਕੇ ਵਿਦੇਸ਼ਾਂ ਵੱਲ ਦਾ ਰੁਖ਼ ਕਰ ਰਹੇ ਹਨ ਅਤੇ ਜਿਹੜੇ ਦਿਹਾਤੀ ਅਤੇ ਸ਼ਹਿਰੀ ਖੇਤਰਾਂ ਦੇ ਗਰੀਬ ਨੌਜਵਾਨ ਚੰਗੀ ਸਿੱਖਿਆ ਹਾਸਲ ਨਹੀਂ ਕਰ ਸਕੇ, ਉਹ ਛੋਟੇ-ਮੋਟੇ ਕੰਮ-ਧੰਦੇ ਕਰਕੇ ਆਪਣਾ ਵਕਤ ਲੰਘਾਉਣ ਲਈ ਮਜਬੂਰ ਹਨ ਅਤੇ ਇਨ੍ਹਾਂ ਵਿਚੋਂ ਵੀ ਜਿਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਕੰਮ-ਧੰਦਾ ਨਹੀਂ ਮਿਲ ਰਿਹਾ, ਉਹ ਆਪਣੇ ਗੈਂਗ ਬਣਾ ਕੇ ਜੁਰਮਾਂ ਦੀ ਦੁਨੀਆ ਵਿਚ ਪ੍ਰਵੇਸ਼ ਕਰਦੇ ਜਾ ਰਹੇ ਹਨ। ਇਹ ਨੌਜਵਾਨ ਨਸ਼ਾ ਤਸਕਰਾਂ ਦੇ ਆਸਾਨੀ ਨਾਲ ਹੱਥੇ ਚੜ੍ਹ ਜਾਂਦੇ ਹਨ ਅਤੇ ਫਿਰ ਨਸ਼ੇ ਖਾਣ ਅਤੇ ਨਸ਼ੇ ਵੇਚਣ ਦੀਆਂ ਕਾਰਵਾਈਆਂ ਵਿਚ ਖ਼ਚਤ ਹੋ ਜਾਂਦੇ ਹਨ। ਇਸੇ ਕਾਰਨ ਰਾਜ ਵਿਚ ਜੁਰਮ ਵੀ ਬੜੀ ਤੇਜ਼ੀ ਨਾਲ ਵਧ ਰਹੇ ਹਨ। ਰਸਾਇਣਕ ਖੇਤੀ ਵਿਚ ਲੋੜ ਤੋਂ ਵੱਧ ਕੀਟਨਾਸ਼ਕ, ਨਦੀਨ-ਨਾਸ਼ਕ ਅਤੇ ਖਾਦਾਂ ਵਰਤਣ ਨਾਲ ਅਤੇ ਝੋਨੇ ਦੀ ਖੇਤੀ ਲਈ ਜ਼ਮੀਨ ਹੇਠੋਂ ਲਗਾਤਾਰ ਵੱਧ ਤੋਂ ਵੱਧ ਪਾਣੀ ਕੱਢੇ ਜਾਣ ਕਾਰਨ ਅਤੇ ਇਸ ਦੇ ਨਾਲ ਹੀ ਰਾਜ ਵਿਚ ਚੱਲ ਰਹੀਆਂ ਵੱਖ-ਵੱਖ ਸਨਅਤਾਂ ਵੱਲੋਂ ਬਿਨਾਂ ਟ੍ਰੀਟਮੈਂਟ ਪਲਾਂਟਾਂ ਤੋਂ ਨਦੀਆਂ-ਨਾਲਿਆਂ ਵਿਚ ਗੰਦਾ ਤੇ ਤੇਜ਼ਾਬੀ ਪਾਣੀ ਵਹਾਉਣ ਅਤੇ ਜ਼ਹਿਰੀਲਾ ਧੂੰਆਂ ਖਲਾਅ ਵਿਚ ਛੱਡਣ ਕਾਰਨ ਰਾਜ ਦਾ ਸਮੁੱਚਾ ਵਾਤਾਵਰਨ ਸੰਤੁਲਨ ਵਿਗੜ ਗਿਆ ਹੈ। ਇਸ ਕਾਰਨ ਰਾਜ ਦੀ ਹਵਾ, ਪਾਣੀ ਪਲੀਤ ਹੋ ਚੁੱਕੇ ਹਨ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੀ ਸ਼ੁੱਧਤਾ ਵੀ ਬਰਕਰਾਰ ਨਹੀਂ ਰਹਿ ਸਕੀ। ਇਸੇ ਕਾਰਨ ਰਾਜ ਵਿਚ ਵੱਡੀ ਪੱਧਰ 'ਤੇ ਲੋਕ ਕੈਂਸਰ, ਹੈਪੇਟਾਈਟਸ ਅਤੇ ਹੋਰ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਜਾ ਰਹੇ ਹਨ। ਜੇਕਰ ਰਾਜ ਦੀ ਖੇਤੀ ਨੂੰ ਕੁਦਰਤੀ ਖੇਤੀ ਵਾਲੇ ਪਾਸੇ ਨਾ ਤੋਰਿਆ ਗਿਆ ਅਤੇ ਰਾਜ ਵਿਚ ਝੋਨੇ ਦੀ ਖੇਤੀ ਜਾਰੀ ਰਹੀ ਅਤੇ ਬਰਸਾਤੀ ਪਾਣੀ ਨੂੰ ਸੰਭਾਲ ਕੇ ਧਰਤੀ ਹੇਠਾਂ ਸੁੱਟਣ ਦੀ ਕੋਈ ਵਿਧੀ ਵੀ ਛੇਤੀ ਨਾ ਅਪਨਾਈ ਗਈ ਤਾਂ 10-12 ਸਾਲ ਬਾਅਦ ਰਾਜ ਵਿਚ ਖੇਤੀ ਸਿੰਚਾਈ ਤਾਂ ਇਕ ਪਾਸੇ ਰਹੀ, ਪੀਣ ਲਈ ਪਾਣੀ ਨਹੀਂ ਮਿਲੇਗਾ। ਵਿਸ਼ਵ ਭਰ ਵਿਚ ਸਭ ਤੋਂ ਸੰਘਣੇ ਟਿਊਬਵੈੱਲ ਸਾਡੇ ਪੰਜਾਬ ਵਿਚ ਹੀ ਲੱਗੇ ਹੋਏ ਹਨ। ਦੂਜੇ ਪਾਸੇ, ਰਾਜ ਦੀ ਵਿੱਤੀ ਹਾਲਤ ਇਹ ਹੈ ਕਿ ਸਰਕਾਰ ਸਿਰ 1.80 ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਹੋਇਆ ਹੈ ਅਤੇ ਜੇਕਰ ਹੋਰ ਬੋਰਡਾਂ ਅਤੇ ਕਾਰਪੋਰੇਸ਼ਨਾਂ ਦਾ ਕਰਜ਼ਾ ਵੀ ਇਸ ਵਿਚ ਸ਼ਾਮਿਲ ਕਰ ਲਿਆ ਜਾਵੇ ਤਾਂ ਇਹ ਕਰਜ਼ਾ 2 ਲੱਖ ਕਰੋੜ ਤੋਂ ਵੀ ਉੱਪਰ ਚਲੇ ਜਾਣ ਦੀ ਸੰਭਾਵਨਾ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਕਿਸਾਨਾਂ ਦਾ ਕਰਜ਼ਾ ਕਿਵੇਂ ਮੁਆਫ਼ ਹੋਵੇਗਾ ਤੇ ਸਮਾਜ ਦੇ ਹੋਰ ਵਰਗਾਂ ਨਾਲ ਕਾਂਗਰਸ ਪਾਰਟੀ ਵੱਲੋਂ ਕੀਤੇ ਵਾਅਦੇ ਕਿਵੇਂ ਪੂਰੇ ਹੋਣਗੇ?

ਉੱਪਰ ਦਿੱਤੇ ਸਾਰੇ ਵੇਰਵਿਆਂ ਦਾ ਜੇਕਰ ਗੰਭੀਰਤਾ ਨਾਲ ਅਧਿਐਨ ਕਰੀਏ ਤਾਂ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਰਾਜ ਇਸ ਸਮੇਂ ਕਈ ਪਹਿਲੂਆਂ ਤੋਂ ਗੰਭੀਰ ਸੰਕਟਾਂ ਦਾ ਸ਼ਿਕਾਰ ਹੋ ਚੁੱਕਾ ਹੈ। ਜੇਕਰ ਇਨ੍ਹਾਂ ਸੰਕਟਾਂ ਵਿਚੋਂ ਰਾਜ ਨੂੰ ਉਭਾਰਨ ਲਈ ਰਾਜਨੀਤਕ ਪਾਰਟੀਆਂ ਗੰਭੀਰ ਨਾ ਹੋਈਆਂ ਅਤੇ ਪੰਜਾਬ ਵਿਧਾਨ ਸਭਾ ਨੂੰ ਆਪਸੀ ਸਹਿਯੋਗ ਨਾਲ ਰਾਜ ਦੀਆਂ ਸਾਰੀਆਂ ਗੰਭੀਰ ਸਮੱਸਿਆਵਾਂ ਨੂੰ ਵਿਚਾਰਨ ਦਾ ਮਾਧਿਅਮ ਨਾ ਬਣਾਇਆ ਅਤੇ ਜੇਕਰ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਇਕ-ਦੂਜੇ ਨੂੰ ਨੀਵਾਂ ਦਿਖਾਉਣ ਦੀ ਥਾਂ 'ਤੇ ਗੰਭੀਰ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੋਈ ਸਾਂਝੀ ਪਹੁੰਚ ਅਖ਼ਤਿਆਰ ਨਾ ਕੀਤੀ ਤਾਂ ਪੰਜਾਬ ਅਤੇ ਪੰਜਾਬੀਆਂ ਦੀ ਹੋਂਦ ਹੀ ਖ਼ਤਰੇ ਵਿਚ ਪੈ ਜਾਏਗੀ। ਇਸ ਤਰ੍ਹਾਂ ਦੀ ਵਿਸਫੋਟਕ ਸਥਿਤੀ ਰਾਜ ਵਿਚ ਕਿਸ ਤਰ੍ਹਾਂ ਦੀ ਅਮਨ-ਕਾਨੂੰਨ ਦੀ ਸਥਿਤੀ ਪੈਦਾ ਕਰਦੀ ਹੈ ਜਾਂ ਰਾਜ ਵਿਚ ਕਿਸ ਤਰ੍ਹਾਂ ਦੀ ਕਿਸੇ ਹੋਰ ਹਿੰਸਕ ਲਹਿਰ ਨੂੰ ਜਨਮ ਦੇ ਦਿੰਦੀ ਹੈ, ਇਸ ਸਬੰਧੀ ਅਜੇ ਕੁਝ ਵੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਪਰ ਇਕ ਗੱਲ ਸਪੱਸ਼ਟ ਹੈ ਕਿ ਇਸ ਤਰ੍ਹਾਂ ਦੀਆਂ ਹਾਲਤਾਂ ਵਿਚ ਗ਼ਰੀਬ ਅਤੇ ਬੇਸਹਾਰਾ ਲੋਕ ਹੱਥ 'ਤੇ ਹੱਥ ਧਰ ਕੇ ਬੈਠੇ ਨਹੀਂ ਰਹਿਣਗੇ। ਉਹ ਖ਼ੁਦਕੁਸ਼ੀਆਂ ਦਾ ਰਸਤਾ ਫੜਨ ਤੱਕ ਵੀ ਸੀਮਤ ਨਹੀਂ ਰਹਿਣਗੇ। ਸਾਨੂੰ ਤਾਂ ਇਸ ਸਮੇਂ ਅਜਿਹਾ ਲਗਦਾ ਹੈ ਕਿ ਰਾਜ ਵਿਚ ਤੂਫ਼ਾਨ ਆਉਣ ਤੋਂ ਪਹਿਲਾਂ ਵਾਲੀ ਸ਼ਾਂਤੀ ਬਣੀ ਹੋਈ ਹੈ। ਜੇਕਰ ਲੋਕਾਂ ਦੀ ਸਹਿਣ ਕਰਨ ਦੀ ਸਮਰੱਥਾ ਜਵਾਬ ਦੇ ਗਈ ਤਾਂ ਕੁਝ ਵੀ ਵਾਪਰ ਸਕਦਾ ਹੈ।

ਇਸ ਸਬੰਧੀ ਰਾਜ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਅਤੇ ਪੰਜਾਬ ਵਿਧਾਨ ਸਭਾ ਦੇ ਅੰਦਰ ਵੀ ਅਤੇ ਪੰਜਾਬ ਵਿਧਾਨ ਸਭਾ ਤੋਂ ਬਾਹਰ ਵੀ ਰਾਜ ਦੇ ਲੋਕਾਂ ਦੇ ਹੱਕਾਂ-ਹਿਤਾਂ ਨੂੰ ਮੁੱਖ ਰੱਖ ਕੇ ਗੰਭੀਰ ਮਸਲਿਆਂ ਬਾਰੇ ਸੰਜੀਦਗੀ ਨਾਲ ਵਿਚਾਰ-ਚਰਚਾ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਸਾਂਝੀ ਪਹੁੰਚ ਅਤੇ ਰਾਇ ਬਣਾਉਣੀ ਚਾਹੀਦੀ ਹੈ। ਰਾਜ ਦੀਆਂ ਸਿਆਸੀ ਪਾਰਟੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਵਜ਼ੀਰੀਆਂ, ਇਹ ਸਹੂਲਤਾਂ ਤੇ ਇਹ ਲਾਮ ਲਸ਼ਕਰ ਪੰਜਾਬ ਤੇ ਪੰਜਾਬੀਆਂ ਦੀ ਹੋਂਦ ਦੇ ਸਿਰ 'ਤੇ ਹੀ ਹਨ। ਜੇ ਉਨ੍ਹਾਂ ਦੀ ਹੋਂਦ ਹੀ ਖ਼ਤਰੇ ਵਿਚ ਪੈ ਗਈ ਤਾਂ ਸਿਆਸੀ ਆਗੂ ਆਪਣੇ ਭਵਿੱਖ ਦਾ ਅੰਦਾਜ਼ਾ ਸਹਿਜੇ ਹੀ ਲਾ ਸਕਦੇ ਹਨ।

## ਸੰਪਾਦਕੀ

ਕੈਨੇਡਾ ਦਾ ਫੈਡਰਲ ਢਾਂਚਾ 1 ਜੁਲਾਈ 1867 ਨੂੰ ਹੋਂਦ ਵਿੱਚ ਆਇਆ। ਇਸ ਸਾਲ ਕੈਨੇਡਾ ਦਾ 150ਵਾਂ ਜਨਮ ਦਿਵਸ ਬੜੀ ਧੂਮ ਧਾਮ ਮਨਾਇਆ ਜਾ ਰਿਹਾ ਹੈ। ਫੈਡਰਲ, ਪਰੋਵਿੰਸਲ ਅਤੇ ਸਥਾਨਕ ਸਰਕਾਰਾਂ ਵਲੋਂ ਕੀਤੇ ਜਾ ਰਹੇ ਵੱਡੇ ਵੱਡੇ ਪ੍ਰੋਗਰਾਮਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਜਸ਼ਨੀ ਪ੍ਰੋਗਰਾਮ ਹੋਣ ਜਾ ਰਹੇ ਹਨ। ਕੈਨੇਡਾ ਹੁਣ ਐਸਾ ਮੁਲਕ ਬਣ ਚੁੱਕਾ ਹੈ ਜਿਸ ਵਿੱਚ ਲੱਗਪੱਗ ਦੁਨੀਆਂ ਦੇ ਸਾਰੇ ਦੇਸ਼ਾ, ਧਰਮਾਂ, ਜਾਤਾਂ ਅਤੇ ਰੰਗਾਂ ਦੇ ਲੋਕ ਵਸਦੇ ਹਨ। ਨਿਗੂਣੀਆਂ ਜਿਹੀਆਂ ਫਿਰਕੂ ਘਟਨਾਵਾਂ ਤੋਂ ਬਿਨਾਂ ਇੱਥੇ ਲੋਕ ਸ਼ਾਂਤੀ ਨਾਲ ਰਹਿ ਰਹੇ ਹਨ। ਜਨਮ ਦਿਨ ਦੇ ਜਸ਼ਨ ਮਨਾਉਣੇ ਇੱਕ ਵਧੀਆ ਗੱਲ ਹੈ ਪਰ ਅਜਿਹਾ ਮੌਕਾ ਆਪਾ ਪੜਚੋਲ ਦਾ ਵੀ ਹੁੰਦਾ ਹੈ ਜਿਸ ਨਾਲ ਮੁਲਕ ਨੂੰ ਹੋਰ ਵਧੀਆਂ ਬਨਾਉਣ ਦੇ ਢੰਗ ਲੱਭ ਕੇ ਯਤਨ ਕੀਤੇ ਜਾ ਸਕਦੇ ਹਨ।

ਕੈਨੇਡਾ ਦਾ ਨਾਂ ਮਨੁੱਖਾਂ ਦੇ ਰਹਿਣਯੋਗ ਮੁਲਕਾਂ ਚੋਂ ਉਪਰਲੇ ਸਥਾਨ ਵਿੱਚ ਆਉਂਦਾ ਹੈ । ਪਰ ਅਜਿਹੀਆਂ ਖਬਰਾਂ ਵੀ ਆ ਰਹੀਆਂ ਹਨ ਜੋ ਇੱਕ ਚਿੰਤਾ ਦਾ ਵਿਸ਼ਾ ਹਨ। ਰਿਪੋਰਟਾਂ ਇਹ ਦੱਸ ਰਹੀਆਂ ਹਨ ਕਿ ਕੈਨੇਡਾ ਦੇ ਲੱਗਪੱਗ ਅੱਧੇ ਨਿਵਾਸੀ ਕੈਂਸਰ ਵਰਗੀ ਭਿਆਨਕ ਅਲਾਮਤ ਦੇ ਜਬਾੜੇ ਹੇਠ ਆ ਸਕਦੇ ਹਨ। ਇਹ ਬਿਮਾਰੀ ਮਹਾਂਮਾਰੀ ਦਾ ਰੂਪ ਧਾਰਨ ਕਰ ਸਕਦੀ ਹੈ। ਕੀਮਤੀ ਮਨੁੱਖੀ ਜਾਨਾਂ ਤੇ ਖਤਰਾ ਮੰਡਰਾ ਰਿਹਾ ਹੈ। ਇਸ ਦੇ ਨਾਲ ਹੀ ਇਸ ਤੇ ਆਉਣ ਵਾਲੇ ਇਲਾਜ ਦੇ ਖਰਚਿਆਂ ਨਾਲ ਕੈਨੇਡਾ ਦੀ ਆਰਥਿਕਤਾ ਨੂੰ ਵੱਡੀ ਸੱਟ ਲੱਗ ਸਕਦੀ ਹੈ। ਮਨਾਏ ਜਾ ਰਹੇ ਜਸ਼ਨਾਂ ਵਿੱਚ ਜੋ ਲੱਚਰ ਸੱਭਿਆਚਾਰ ਪਰੋਸਿਆ ਜਾਵੇਗਾ। ਇਸ ਨਾਲ ਉਹਨਾਂ ਦੀ ਚੇਤਨਾ ਵਿੱਚ ਅਨੈਤਿਕਤਾ ਠੋਸੀ ਜਾਵੇਗੀ। ਇਸ ਨਾਲ ਆਉਣ ਵਾਲੀ ਪੀੜ੍ਹੀ ਦੀ ਮਾਨਸਿਕਤਾ ਨੂੰ ਕੈਂਸਰ ਤੋਂ ਵੀ ਵੱਧ ਭਿਆਨਕ ਖਤਰਾ ਹੈ ਕੈਂਸਰ ਦਾ ਤਾਂ ਕਈ ਹਾਲਤਾਂ ਵਿੱਚ ਇਲਾਜ ਹੋ ਸਕਦਾ ਹੈ ਪਰ ਬਿਮਾਰ ਮਾਨਸਿਕਤਾ ਸਮਾਜ ਨੂੰ ਧਰਾਤਲ ਤੇ ਲੈ ਜਾਂਦੀ ਹੈ।

ਇਹ ਦੇਖਣ ਵਿੱਚ ਆਉਂਦਾ ਹੈ ਕਿ ਜਿਸ ਖਿੱਤੇ ਵਿੱਚ ਵੱਧ ਇੰਮੀਗਰੈਂਟਸ ਖਾਸ ਤੌਰ 'ਤੇ ਸਾਊਥ ਏਸ਼ੀਅਨ ਰਹਿੰਦੇ ਹਨ ਉੱਥੇ ਸਹੂਲਤਾਂ ਵਿੱਚ ਵੱਡਾ ਫਰਕ ਨਜ਼ਰ ਆਉਂਦਾ ਹੈ ਜਦੋਂ ਕਿ ਉਹ ਵੀ ਬਰਾਬਰ ਦਾ ਟੈਕਸ ਦਿੰਦੇ ਹਨ ਤੇ ਆਪਣੇ ਮੁਲਕ ਕੈਨੇਡਾ ਦੀ ਤਰੱਕੀ ਵਿੱਚ ਬਰਾਬਰ ਦਾ ਰੋਲ ਅਦਾ ਕਰਦੇ ਹਨ। ਇਸ ਵਿੱਚ ਕਿਸੇ ਹੱਦ ਤੱਕ ਸਾਡੇ ਲੋਕਾਂ ਦੀ ਮਾਨਸਿਕਤਾ ਵੀ ਜ਼ਿੰਮੇਵਾਰ ਹੈ। ਅਸੀਂ ਆਪਣੇ ਨੁਮਾਇੰਦਿਆਂ ਨੂੰ ਉਹਨਾਂ ਦੇ ਮੂੰਹ ਤੇ ਸਹੀ ਤਸਵੀਰ ਪੇਸ਼ ਕਰਨੋ ਝਿਜਕਦੇ ਹਾਂ। ਸਿਰਫ ਚਾਪਲੂਸੀ ਕਰ ਕੇ ਧੰਨ ਧੰਨ ਹੋ ਜਾਂਦੇ ਹਾਂ ਤੇ ਬਹੁਤ ਸਾਰੀਆਂ ਸਹੂਲਤਾਂ ਤੋਂ ਬਾਂਝੇ ਰਹਿ ਜਾਂਦੇ ਹਾਂ। ਹੁਣ ਕੈਨੇਡਾ ਜਨਮ ਦਿਵਸ ਦੇ ਜਸ਼ਨਾਂ ਵਿੱਚ ਵੀ ਅਜਿਹਾ ਹੀ ਹੋਵੇਗਾ ਅਸੀਂ ਆਪਣੇ ਨੁਮਾਇੰਦਿਆਂ ਨਾਲ ਹੱਥ ਮਿਲਾ ਕੇ ਜਾਂ ਪੰਜਾਬੀ ਨਾ ਜਾਨਣ ਵਾਲਿਆਂ ਮੂੰਹੋਂ ਸੱਤ ਸ੍ਰੀ ਅਕਾਲ ਸੁਣ ਕੇ ਹੀ ਆਪਣੇ ਆਪ ਨੂੰ ਵੱਡਭਾਗੇ ਸਮਝਣ ਲੱਗ ਪੈਂਦੇ ਹਾਂ।

ਕੈਨੇਡਾ ਵਰਗੇ ਵਧੀਆ ਮੁਲਕ ਵਿੱਚ ਇੱਥੋਂ ਦੇ ਮੂਲ ਵਾਸੀਆਂ ਦੀਆਂ ਹਾਲਤਾਂ ਬਾਰੇ ਆ ਰਹੀਆਂ ਖਬਰਾਂ ਵੀ ਮੁਲਕ ਦੀ ਸ਼ਾਖ ਨੂੰ ਢਾਹ ਲਾਉਣ ਵਾਲੀਆਂ ਹਨ। ਵੱਡੀ ਗਿਣਤੀ ਵਿੱਚ ਮੂਲਵਾਸੀ ਔਰਤਾਂ ਦਾ ਗੁੰਮ ਹੋਣਾ ਤੇ ਬੱਚਿਆਂ ਨਾਲ ਵਿੱਦਿਅਕ ਸੰਸਥਾਵਾਂ ਵਿੱਚ ਗੈਰ-ਮਨੁੱਖੀ ਵਰਤਾਰਾ ਮਨੁੱਖਤਾ ਨੂੰ ਸ਼ਰਮਸਾਰ ਕਰਦਾ ਹੈ। ਉਹਨਾਂ ਦੇ ਹਾਲਾਤ ਸੁਧਾਰਨ ਅਤੇ ਉਹਨਾਂ ਨੂੰ ਬਣਦਾ ਸਥਾਨ ਦੇਣ ਲਈ ਲੋੜੀਂਦੇ ਕਦਮ ਜਰੂਰ ਚੁੱਕਣੇ ਚਾਹੀਦੇ ਹਨ।

ਥੋੜ੍ਹੀ ਜਿਹੀ ਗੱਲ ਯੋਗਾ ਦੀ ਵੀ ਕਰ ਲਈਏ। ਇਹ ਢੰਡੋਰਾ ਪਿੱਟਿਆ ਜਾ ਰਿਹਾ ਹੈ ਕਿ ਯੋਗਾ ਦੀ ਪ੍ਰਸਿੱਧੀ ਦਿੱਲੀ ਤੋਂ ਨਿਊਯਾਰਕ ਤੱਕ ਫੈਲ ਗਈ ਹੈ। ਅੰਤਰਰਾਸ਼ਟਰੀ ਪੱਧਰ ਤੇ ਇਸ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਟੋਰਾਂਟੋ ਵਿੱਚ ਵੀ ਵੱਡੇ ਪੱਧਰ ਤੇ। ਵਰਤਮਾਨ ਰਾਜਨੀਤਕ ਪ੍ਰਬੰਧ ਲੋਕਾਂ ਦੀਆਂ ਮੁਢਲੀਆਂ ਲੋੜਾਂ ਤੇ ਮੁਸ਼ਕਿਲਾਂ ਹੱਲ ਕਰਨ ਵਿੱਚ ਨਾਕਾਮਯਾਬ ਰਿਹਾ ਹੈ। ਸਿਹਤ ਜਿਹੀ ਵੱਡੀ ਸਮੱਸਿਆ ਨੂੰ ਲੋਕਾਂ ਦੀ ਸਿਹਤ ਵਿੱਚ ਸੁਧਾਰ ਬਹਾਨੇ ਯੋਗਾ ਦਾ ਪ੍ਰਚਾਰ ਉਹਨਾਂ ਦੇ ਗੁੱਸੇ ਨੂੰ ਹੋਰ ਪਾਸੇ ਮੋੜਣ ਵਿੱਚ ਮੱਦਦ ਕਰੇਗਾ। ਯੋਗਾ ਦੇ ਨਾਂ ਤੇ ਇੱਕ ਖਾਸ ਤਰ੍ਹਾਂ ਦੀ ਵਿਚਾਰਧਾਰਾ ਨੂੰ ਵੀ ਪਰਚਾਰਿਆ ਜਾ ਰਿਹਾ ਹੈ। ਸਰਮਾਏਦਾਰ ਪ੍ਰਬੰਧ ਦਾ ਸਭ ਤੋਂ ਸੁਰੱਖਿਅਤ ਕਿਲਾ ਉਸ ਦਾ ਵਿਚਾਰਧਾਰਕ ਦਬਦਬਾ ਹੈ। ਇਸੇ ਵਿਚਾਰਧਾਰਕ ਸਰਗਰਮੀ ਦੇ ਅੰਗ ਦੇ ਤੌਰ 'ਤੇ ਯੋਗਾ ਦੇ ਪ੍ਰਚਾਰ ਨੂੰ ਸਮਝਿਆ ਜਾ ਸਕਦਾ ਹੈ। ਸਰਮਾਏਦਾਰੀ ਦੇ ਇਸ ਆਖਰੀ ਪੜਾਅ ਵਿੱਚ ਵਿਚਾਰਵਾਦੀ ਦਰਸ਼ਨ ਅਤੇ ਇਸ ਦੇ ਸਹਿਯੋਗੀ ਹਰ ਤਰ੍ਹਾਂ ਦੇ ਪਛੜੇ ਵਿਚਾਰ ਕਿਰਤੀ ਵਰਗ ਦੇ ਮੁਕਤੀ ਸੰਗਰਾਮ ਵਿੱਚ ਕੋਈ ਯੋਗਦਾਨ ਨਹੀਂ ਪਾ ਸਕਦੇ। ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਦਾ ਯਤਨ ਹੀ ਇਸ ਤਰ੍ਹਾਂ ਠੋਸੇ ਜਾ ਰਹੇ ਵਿਚਾਰਧਾਰਕ ਹਮਲੇ ਨੂੰ ਮੋੜਵਾਂ ਜਵਾਬ ਦੇ ਸਕਦਾ ਹੈ ਤੇ ਉਸ ਪਰਬੰਧ ਦੀ ਸਥਾਪਨਾ ਲੋਕਾਈ ਦੀਆਂ ਬੁਨਿਆਦੀ ਮੁਸ਼ਕਲਾਂ ਹੱਲ ਕਰਨ ਦਾ ਰਾਹ ਹੈ।

- ਹਰਬੰਸ ਸਿੰਘ

### ਹਿੰਦੂ ਮੰਦਰਾਂ ਵਿਚ ਦੇਵਦਾਸੀ ਪ੍ਰਥਾ

# ਧਰਮ ਦੇ ਨਾਮ 'ਤੇ ਸੈਕਸ ਗੁਲਾਮੀ

*ਮੰਦਿਰ ਤੇ ਮੰਦਿਰ ਤੋਂ ਬਾਹਰ ਦੇਵਦਾਸੀਆਂ ਨਾਚ ਗਾਣਾ ਕਰਦੀਆਂ ਹਨ। ਤਾਮਿਲ ਦਾ ਪ੍ਰਸਿੱਧ ਨਾਚ ਭਰਤਨਾਟਯਮ ਮੁੱਢਲੇ ਰੂਪ ਵਿੱਚ ਇਨ੍ਹਾਂ ਦੀ ਦੇਣ ਹੈ। ਦੇਵਦਾਸੀ ਪ੍ਰਥਾ ਜਿਸ ਪਰਿਵਾਰ ਵਿੱਚ ਸ਼ੁਰੂ ਹੁੰਦੀ ਹੈ ਉਸ ਵਿੱਚ ਇਸ ਨੂੰ ਹਮੇਸ਼ਾਂ ਕਾਇਮ ਰੱਖਿਆ ਜਾਂਦਾ ਹੈ।*



ਪਰਮਜੀਤ ਢੀਂਗਰਾ (ਡਾ.)

ਭਾਰਤੀ ਇਤਿਹਾਸ ਵਿੱਚ ਮਿਲਦੀਆਂ ਵਿੱਚੋਂ ਕਈ ਪ੍ਰੰਪਰਾਵਾਂ ਨਾਕਾਰਾਤਮਕ ਮੁੱਲਾਂ ਵਾਲੀਆਂ ਹਨ। ਇਨ੍ਹਾਂ ਨੂੰ ਸ਼ੁਰੂ ਕਰਨ ਸਮੇਂ ਧਰਮ ਦਾ ਆਸਰਾ ਲਿਆ ਗਿਆ ਅਤੇ ਬਾਅਦ ਵਿੱਚ ਇਹ ਇੰਨੀਆਂ ਪੀੜੀਆਂ ਹੋ ਗਈਆਂ ਕਿ ਕਾਨੂੰਨ ਵੀ ਇਨ੍ਹਾਂ 'ਤੇ ਬਹੁਤੇ ਅਸਰਅੰਦਾਜ਼ ਨਹੀਂ ਹੋ ਸਕੇ। ਇਨ੍ਹਾਂ ਵਿੱਚੋਂ ਦੇਵਦਾਸੀ ਪਰੰਪਰਾ ਪ੍ਰਮੁੱਖ ਹੈ। ਦੇਵਦਾਸੀ ਅਰਥਾਤ ਦੇਵਤਿਆਂ ਦੀ ਦਾਸੀ ਹੈ ਜੋ ਪੂਰੀ ਉਮਰ ਦੇਵਤਿਆਂ ਦੇ ਚਰਨਾਂ ਵਿੱਚ ਗੁਜ਼ਾਰਦੀ ਹੈ ਤੇ ਉਨ੍ਹਾਂ ਦੀ ਟਹਿਲ ਸੇਵਾ ਕਰਦੀ ਹੈ।

ਪ੍ਰਸਿੱਧ ਲੇਖਕ ਡੁਬਵਾ ਆਪਣੀ ਪੁਸਤਕ 'ਹਿੰਦੂ ਮੈਨਰਜ਼, ਕਸਟਮਜ਼ ਐਂਡ ਸੈਰੇਮਨੀਜ਼' ਵਿੱਚ ਲਿਖਦਾ ਹੈ: ਹਰੇਕ ਦੇਵਦਾਸੀ ਨੂੰ ਮੰਦਿਰ ਵਿੱਚ ਨੱਚਣਾ ਤੇ ਗਾਉਣਾ ਪੈਂਦਾ ਹੈ। ਮੰਦਿਰ ਵਿੱਚ ਬਾਹਰੋਂ ਆਉਣ ਵਾਲੇ ਖ਼ਾਸ ਮਹਿਮਾਨਾਂ ਨਾਲ ਸੌਣਾ ਪੈਂਦਾ ਹੈ। ਇਸ ਦੇ ਇਵਜ਼ ਵਿੱਚ ਉਸ ਨੂੰ ਅਨਾਜ, ਨਕਦੀ ਬਤੌਰ ਰੁਖ਼ਤਾਨ/ਮਿਹਨਤਾਨਾ ਮਿਲਦਾ ਹੈ। ਮੰਦਿਰਾਂ ਵਿੱਚ ਦੇਵਦਾਸੀਆਂ ਦੀ ਨਿਯੁਕਤੀ ਮਹੀਨਾਵਾਰ ਜਾਂ ਸਾਲ ਭਰ ਦੀ ਤਨਖ਼ਾਹ 'ਤੇ ਵੀ ਕੀਤੀ ਜਾਂਦੀ ਹੈ।

ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਸਿਰਫ਼ ਪੈਂਤੀ ਵਰ੍ਹਿਆਂ ਦੌਰਾਨ ਲਗਪਗ ਡੇਢ ਲੱਖ ਔਰਤਾਂ ਦੇਵੀ ਦੇਵਤਿਆਂ ਨੂੰ ਭੇਟ ਕੀਤੀਆਂ ਗਈਆਂ। ਹਰ ਸਾਲ ਲਗਪਗ ਸਾਢੇ ਚਾਰ ਹਜ਼ਾਰ ਔਰਤਾਂ ਦੇਵਦਾਸੀਆਂ ਬਣਾਈਆਂ ਗਈਆਂ। ਪੈਂਤੀ ਵਰ੍ਹਿਆਂ ਬਾਅਦ ਇਹ ਗਿਣਤੀ ਬੜੀ ਤੇਜ਼ੀ ਨਾਲ ਵਧੀ। ਇਹੀ ਕਾਰਨ ਹੈ ਕਿ ਕਈ ਸੂਬਿਆਂ ਲਈ ਇਹ ਬੜੀ ਗੰਭੀਰ ਸਮੱਸਿਆ ਬਣ ਗਈ ਹੈ।

ਇਸ ਪ੍ਰਥਾ ਦੇ ਸ਼ੁਰੂ ਹੋਣ ਪਿੱਛੇ ਬੈਬੀਲੋਨ ਦੀ ਸਭਿਅਤਾ ਵਿੱਚ ਪ੍ਰਸਿੱਧ ਮਿਲਿਟਾ ਦੇਵੀ ਦੀ ਉਦਾਹਰਨ ਵੀ ਲਈ ਜਾਂਦੀ ਹੈ। ਇਹ ਦੇਵੀ ਆਜ਼ਾਦੀ ਦੀ ਪ੍ਰਤੀਕ ਮੰਨੀ ਜਾਂਦੀ ਹੈ। ਉਹ ਲੰਮੀ ਉਮਰ ਭੋਗਣ ਦੀ ਇੱਛਾ ਰੱਖਦੀ ਸੀ। ਵਰ੍ਹੇ ਵਿੱਚ ਇੱਕ ਵਾਰ ਉਸ ਦੇਵੀ ਦੀ ਯਾਤਰਾ ਹੁੰਦੀ ਸੀ। ਯਾਤਰਾ ਵਾਲੇ ਦਿਨ ਮੰਦਿਰ ਆਉਣ ਵਾਲਾ ਕੋਈ ਵੀ ਪੁਰਸ਼ ਜਿਸ ਵੀ ਔਰਤ ਦਾ ਹੱਥ ਫੜ ਲੈਂਦਾ ਸੀ, ਉਸ ਨੂੰ ਬਿਨਾਂ ਕਿਸੇ ਹੀਲ ਹੁੱਜਤ ਦੇ ਉਸ ਪੁਰਸ਼ ਨਾਲ ਸੌਣਾ ਪੈਂਦਾ ਸੀ। ਕਈ ਵਰ੍ਹਿਆਂ ਤਕ ਇਹ ਪ੍ਰਥਾ ਚਲਦੀ ਰਹੀ। ਪੁਰਸ਼ ਬਾਅਦ ਵਿੱਚ ਉਸ ਔਰਤ ਨੂੰ ਇਨਾਮ ਦਿੰਦਾ ਸੀ ਜਿਸ ਨੂੰ ਉਹ ਮੰਦਿਰ ਦੀ ਦਾਨ-ਪੇਟੀ ਵਿੱਚ ਪਾ ਦਿੰਦੀ ਸੀ। ਇਸ ਤਰ੍ਹਾਂ ਪੁਰਸ਼ ਉਸ ਔਰਤ ਨੂੰ ਦੇਵੀ ਦੇ ਨਾਂ 'ਤੇ ਆਪਣੀ ਰਖੇਲ ਵਜੋਂ ਵੀ ਰੱਖ ਲੈਂਦਾ ਸੀ।

ਦੇਵਦਾਸੀ ਪ੍ਰਥਾ ਸ਼ੁਰੂ ਹੋਣ ਦਾ ਇੱਕ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਵਿਆਹ ਸਮੇਂ ਹਰ ਹਿੰਦੂ ਦੁਲਹਨ ਨੂੰ ਇੰਦਰ ਸਮੇਤ ਪੰਜ ਦੇਵਤਿਆਂ ਨਾਲ ਵਿਆਹਿਆ ਜਾਂਦਾ ਹੈ। ਇਸ ਤੋਂ ਬਾਅਦ ਹੀ ਉਸ ਦਾ ਆਪਣੇ ਵਰ ਨਾਲ ਵਿਆਹ ਹੁੰਦਾ ਹੈ। ਪੁਰਾਣਾਂ ਵਿੱਚ ਵੀ ਇਸ ਦਾ ਜ਼ਿਕਰ ਮਿਲਦਾ ਹੈ।

ਮੱਧ ਯੁੱਗ ਵਿੱਚ ਵੀ ਇਸ ਦੇ ਕਈ ਹਵਾਲੇ ਮਿਲਦੇ ਹਨ। 1351 ਵਿੱਚ ਅਰਬ ਦੇ ਦੋ ਯਾਤਰੀ ਭਾਰਤ ਪਹੁੰਚੇ ਤੇ ਉਨ੍ਹਾਂ ਨੇ ਵੇਸਵਾਵਾਂ ਨੂੰ ਹੀ ਦੇਵਦਾਸੀ ਪਰੰਪਰਾ ਨਾਲ ਜੋੜਿਆ। ਉਨ੍ਹਾਂ ਦਾ ਕਥਨ ਹੈ ਕਿ ਸੰਤਾਨ ਦੀ ਇੱਛਾ ਰੱਖਣ ਵਾਲੀ ਕਿਸੇ ਵੀ ਔਰਤ ਦੀ ਮੰਨਤ ਪੂਰੀ ਕਰਨ ਲਈ ਤੇ ਸੁੰਦਰ ਪੁੱਤਰ ਦੀ ਪ੍ਰਾਪਤੀ ਲਈ ਉਹ ਬੋਡ ਨਾਂ ਦੀ ਮੂਰਤੀ ਕੋਲ ਲਿਜਾ ਕੇ ਉਸ ਨੂੰ ਭੇਟ ਕਰ ਦਿੱਤੀ ਜਾਂਦੀ ਹੈ। ਉਹ ਔਰਤ ਜਵਾਨ ਹੋਣ ਤੋਂ ਬਾਅਦ ਕਿਸੇ ਜਨਤਕ ਸਥਾਨ 'ਤੇ ਰਹਿਣ ਲੱਗ ਜਾਂਦੀ ਹੈ। ਉੱਥੇ ਆਉਣ ਜਾਣ ਵਾਲੇ ਯਾਤਰੂਆਂ ਤੋਂ ਜਿਸਮਫਰੋਸ਼ੀ ਬਦਲੇ ਲਿਆ ਪੈਸਾ ਉਹ ਮੂਰਤੀ ਦੇ ਪੁਜਾਰੀ ਨੂੰ ਦੇ ਦਿੰਦੀ ਹੈ।

ਕਰਨਾਟਕ ਵਿੱਚ ਪਹਿਲਾਂ ਦੇਵਦਾਸੀ ਨੂੰ 'ਸੂਲੇਂ' (ਵੇਸਵਾ) ਕਿਹਾ ਜਾਂਦਾ ਸੀ। ਸਮੇਂ ਦੇ ਨਾਲ ਨਾਲ ਉੱਥੇ ਇਨ੍ਹਾਂ ਨੂੰ 'ਭੋਗੰਦ' ਅਥਵਾ 'ਅਗੰਦ ਸੂਲੇਂ' ਕਿਹਾ ਜਾਣ ਲੱਗਿਆ। ਅੱਜ ਵੀ ਕੋਈ ਦੇਵਦਾਸੀ ਵਿਧਵਾ ਨਹੀਂ ਹੁੰਦੀ ਕਿਉਂਕਿ ਉਹ ਦੇਵਤੇ ਨੂੰ ਭੇਟ ਕੀਤੀ ਜਾਂਦੀ ਹੈ ਅਤੇ ਉਹ ਅਮਰ ਮੰਨਿਆ ਜਾਂਦਾ ਹੈ।

ਪੁਰਾਣੇ ਸਮੇਂ ਵਿੱਚ ਦੇਵਦਾਸੀ ਬਣਨ 'ਤੇ ਔਰਤ ਦੀ ਬਾਂਹ 'ਤੇ ਸਬੰਧਿਤ ਮੰਦਿਰ ਦੀ ਮੋਹਰ ਦਾਗਣ ਦੀ ਪਰੰਪਰਾ ਸੀ। ਇਹ ਦਾਗ਼ ਉਸ ਦੀ ਮੌਤ ਤਕ ਕਾਇਮ ਰਹਿੰਦਾ ਸੀ। ਇਸ ਨਾਲ ਸਮਾਜ ਵਿੱਚ ਉਸ ਦੀ ਪਛਾਣ ਦੇਵਦਾਸੀ ਵਜੋਂ ਦ੍ਰਿੜ ਕੀਤੀ ਗਈ। ਉਹ ਚਾਹ ਕੇ ਵੀ ਆਪਣਾ ਘਰ ਨਹੀਂ ਸੀ ਵਸਾ ਸਕਦੀ ਕਿਉਂਕਿ ਇਹ ਦਾਗ਼ ਉਸ ਨੂੰ ਹਮੇਸ਼ਾਂ ਇਸ ਗੱਲ ਦੀ ਯਾਦ ਦਿਵਾਉਂਦਾ ਸੀ ਕਿ ਉਹ ਦੇਵਦਾਸੀ ਹੈ।

ਆਂਧਰਾ ਪ੍ਰਦੇਸ਼ ਵਿੱਚ ਦੇਵਦਾਸੀ ਪ੍ਰਥਾ ਨੂੰ 'ਜੋਗਿਨੀ' ਨਾਂ ਨਾਲ ਪਛਾਣ ਮਿਲੀ। ਇੱਕ ਦੰਦਕਥਾ ਹੈ ਕਿ ਸੈਂਕੜੇ ਵਰ੍ਹੇ ਪਹਿਲਾਂ ਇੱਕ ਬ੍ਰਾਹਮਣ ਕੰਨਿਆ ਨਾਲ ਕੁਝ ਲੋਕਾਂ ਨੇ ਜਬਰ ਜਨਾਹ ਕਰਨ ਦੀ ਕੋਸ਼ਿਸ਼ ਕੀਤੀ। ਖ਼ੁਦ ਨੂੰ ਬਚਾਉਣ ਲਈ ਉਹ ਦੌੜਨ ਲੱਗੀ। ਦੌੜਦੇ ਦੌੜਦੇ ਉਹ ਇੱਕ ਦਲਿਤ ਮੁਟਿਆਰ ਦੇ ਘਰ ਜਾ ਵੜੀ। ਉਸ ਮੁਟਿਆਰ ਦਾ ਨਾਂ ਚੇਲੰਮਾ ਸੀ। ਉਸ ਨੇ ਉਸ ਬ੍ਰਾਹਮਣ ਮੁਟਿਆਰ ਨੂੰ ਉਨ੍ਹਾਂ ਆਦਮੀਆਂ ਤੋਂ ਬਚਾ ਲਿਆ। ਉਸ ਪਿੰਡ ਦੇ ਲੋਕਾਂ ਨੇ ਚੇਲੰਮਾ ਨੂੰ ਹੀ ਦੇਵੀ ਦੇ ਰੂਪ ਵਿੱਚ ਪ੍ਰਸਿੱਧ ਕਰ ਦਿੱਤਾ। ਉਸ ਦੀ ਮੌਤ ਤੋਂ ਬਾਅਦ ਉਸ ਦੇ ਨਾਂ 'ਤੇ ਮੰਦਿਰ ਬਣਾਇਆ ਗਿਆ ਜਿਸ ਵਿੱਚ ਚੇਲੰਮਾ ਦੇਵੀ ਦੀ ਮੂਰਤੀ ਸਥਾਪਤ ਕੀਤੀ ਗਈ। ਇੱਕ ਮੁਟਿਆਰ ਨੂੰ ਬਚਾਉਣ ਕਰਕੇ ਲੋਕ ਆਪਣੀਆਂ ਧੀਆਂ ਦੀ ਰੱਖਿਆ ਲਈ ਉਸ ਨੂੰ ਧੀਆਂ ਭੇਟ ਕਰਨ ਲੱਗੇ। ਇਨ੍ਹਾਂ ਨੂੰ ਜੋਗਨੀਆਂ ਕਿਹਾ ਜਾਂਦਾ ਹੈ। ਕੋਈ ਵੀ ਅਮੀਰ ਜਾਂ ਧਨੀ ਪੁਰਸ਼ ਉਨ੍ਹਾਂ ਨੂੰ ਘਰੇ ਬੁਲਾ ਕੇ ਉਨ੍ਹਾਂ ਨਾਲ ਸਬੰਧ ਬਣਾ ਸਕਦਾ ਹੈ। ਇਸ ਬਦਲੇ ਉਹ ਉਨ੍ਹਾਂ ਨੂੰ ਪੈਸੇ ਤੇ ਵਸਤਾਂ ਦਿੰਦਾ ਹੈ। ਇਸ ਪ੍ਰਥਾ ਨਾਲ ਇਹ ਦਹਿਸ਼ਤ ਵੀ ਫੈਲਾ ਦਿੱਤੀ ਗਈ ਕਿ ਜੇ ਕੋਈ ਘਰ ਦੇਵੀ ਨੂੰ ਆਪਣੀ ਧੀ ਭੇਟ ਨਹੀਂ ਕਰਦਾ ਤਾਂ ਦੇਵੀ ਨਾਰਾਜ਼ ਹੋ ਸਕਦੀ ਹੈ ਜਿਸ ਨਾਲ ਸਾਰੇ ਪਿੰਡ 'ਤੇ ਆਫ਼ਤ ਆ ਸਕਦੀ ਹੈ।

ਕਰਨਾਟਕ ਤੇ ਮਹਾਰਾਸ਼ਟਰ ਦੀਆਂ ਦੇਵਦਾਸੀਆਂ ਵਿੱਚੋਂ ਨੱਬੇ ਫ਼ੀਸਦੀ ਯੇਲੰਮਾ ਨੂੰ ਸਮਰਪਿਤ ਹਨ। ਅਨੇਕਾਂ ਥਾਵਾਂ 'ਤੇ ਇਸ ਦੇਵੀ ਦੇ ਮੰਦਿਰ ਹਨ, ਪਰ ਬੇਲਗਾਮ ਜ਼ਿਲ੍ਹੇ ਦੇ ਸੌਂਦਤੀ, ਕੋਕਟਨੂਰ ਅਤੇ ਸ਼ਿਮੋਗਾ ਜ਼ਿਲ੍ਹੇ ਦੇ ਚੰਦਰਗੁਤੀ ਮੰਦਿਰ ਵਿੱਚ ਵੱਡੀ ਗਿਣਤੀ ਵਿੱਚ ਕੁੜੀਆਂ ਨੂੰ ਮੰਦਿਰਾਂ ਵਿੱਚ ਦੇਵਦਾਸੀਆਂ ਵਜੋਂ ਸੌਂਪਿਆ ਜਾਂਦਾ ਹੈ।

ਯੇਲੰਮਾ ਦੇਵੀ ਬਾਰੇ ਕਈ ਕਥਾਵਾਂ ਪ੍ਰਚੱਲਿਤ ਹਨ। ਉਸ ਦੀ ਮਹਿਮਾ ਰੇਣੂਕਾ ਮਹਾਤਮ ਵਿੱਚ ਵੀ ਦੱਸੀ ਗਈ ਹੈ। ਰੇਣੂਕਾ ਦਾ ਦੂਜਾ ਨਾਂ ਯੇਲੰਮਾ ਹੈ। ਦੇਵਦਾਸੀ ਪ੍ਰਥਾ ਦਾ ਮੁੱਖ ਕੇਂਦਰ ਸੌਂਦਤੀ ਵਿੱਚ ਸਥਿਤ ਯੇਲੰਮਾ ਮੰਦਿਰ ਹੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਹੁਲਗੇਮਾ ਦੇਵੀ ਦੇ ਮੰਦਿਰ ਵਿੱਚ ਵੀ ਬੱਚੀਆਂ ਅਰਪਿਤ ਕੀਤੀਆਂ ਜਾਂਦੀਆਂ ਹਨ। ਇਹ ਸਥਾਨ ਕਰਨਾਟਕ ਦੇ ਬੇਲਾਰੀ ਜ਼ਿਲ੍ਹੇ ਦੇ ਪਿੰਡ ਹੁਲਗੇ ਵਿੱਚ ਹੈ। ਹੁਲਗੇ ਪਿੰਡ ਦੀ ਅੰਮਾ ਹੁਲਗੇਮਾ ਬਣੀ। ਯੇਲੰਮਾ ਵਾਂਗ ਹੁਲਗੇਮਾ ਦਾ ਮੰਦਿਰ ਵੀ ਪਹਾੜ ਉੱਤੇ ਹੈ ਜਿੱਥੇ ਹਰ ਸਾਲ ਸੈਂਕੜੇ ਕੁੜੀਆਂ ਨੂੰ ਦੇਵਦਾਸੀਆਂ ਬਣਾਇਆ ਜਾਂਦਾ ਹੈ।

ਹੁਲਗੇਮਾ ਬੜੇ ਸਖ਼ਤ ਸੁਭਾਅ ਦੀ ਮੰਨੀ ਜਾਂਦੀ ਹੈ। ਉਸ ਦੇ ਕ੍ਰੋਧ ਤੋਂ ਬਚਣ ਲਈ ਲੋਕ ਉਸ ਦੀ ਪੂਜਾ ਕਰਦੇ ਹਨ ਤੇ ਉਸ ਦੇ ਗੁੱਸੇ ਤੋਂ ਬਚਣ ਲਈ ਹੀ ਕੰਨਿਆਵਾਂ ਭੇਟ ਕਰਦੇ ਹਨ।

ਕਰਨਾਟਕ ਦੇ ਚਿਤਰਦੁਰਗ, ਬੇਲਾਰੀ ਅਤੇ ਸ਼ਿਮੋਗਾ ਆਦਿ ਜ਼ਿਲ੍ਹਿਆਂ ਵਿੱਚ ਹਰ ਪਿੰਡ ਵਿੱਚ ਗ੍ਰਾਮ ਦੇਵਤਾ ਹੁੰਦਾ ਹੈ ਜਿਸ ਨੂੰ ਦੇਵਦਾਸੀਆਂ ਭੇਟ ਕਰਨ ਦੀ ਪ੍ਰਥਾ ਹੈ। ਮੰਦਿਰ ਵਿੱਚ ਹੋਣ ਵਾਲੀਆਂ ਵੱਖ ਵੱਖ ਧਾਰਮਿਕ ਵਿਧੀਆਂ ਅਤੇ ਸਮਾਗਮਾਂ ਵਿੱਚ ਉਹ ਸ਼ਾਮਲ ਹੁੰਦੀਆਂ ਹਨ। ਮੰਦਿਰਾਂ ਵਿੱਚ ਚੜ੍ਹਨ ਵਾਲੇ ਚੜ੍ਹਾਵੇ ਦਾ ਕੁਝ ਹਿੱਸਾ ਉਨ੍ਹਾਂ ਨੂੰ ਦਿੱਤਾ ਜਾਂਦਾ ਹੈ। ਫ਼ਸਲ ਜਾਂ ਤਿਓਹਾਰਾਂ ਵੇਲੇ ਲੋਕ ਉਨ੍ਹਾਂ ਨੂੰ ਕੱਪੜੇ, ਅਨਾਜ ਤੇ ਹੋਰ ਵਸਤੂਆਂ ਦਿੰਦੇ ਹਨ। ਹਰ ਪਿੰਡ ਵਿੱਚ ਅਕਸਰ ਦੋ ਤਿੰਨ ਦੇਵਦਾਸੀਆਂ ਜ਼ਰੂਰ ਹੁੰਦੀਆਂ ਹਨ। ਕੋਈ ਦੇਵਦਾਸੀ ਆਪਣਾ ਪਿੰਡ ਛੱਡ ਕੇ ਦੂਜੇ ਕਿਸੇ ਪਿੰਡ ਮੰਗਣ ਜਾਂ ਧਾਰਮਿਕ ਰਹੁਰੀਤਾਂ ਕਰਨ ਨਹੀਂ ਜਾ ਸਕਦੀ। ਕਈਆਂ ਦਾ ਗੁਜ਼ਾਰਾ ਨਹੀਂ ਹੁੰਦਾ ਤਾਂ ਉਹ ਮਜ਼ਦੂਰੀ ਵੀ ਕਰਦੀਆਂ ਹਨ। ਕਈ ਪਿੰਡ ਦੇ ਕਿਸੇ ਧਨਾਢ ਨੂੰ 'ਮਾਲਕ' ਮੰਨ ਕੇ ਉਸ ਦੀਆਂ ਰਖੇਲਾਂ ਬਣ ਜਾਂਦੀਆਂ ਹਨ।

ਦਿਲਚਸਪ ਤੱਥ ਇਹ ਹੈ ਕਿ ਕਈ ਪਿੰਡਾਂ ਵਿੱਚ ਹਨੂੰਮਾਨ ਜੀ ਪਿੰਡ ਦੇ ਗ੍ਰਾਮ ਦੇਵਤਾ ਹਨ ਤੇ ਉਹ ਜਤੀ ਸਤੀ ਮੰਨੇ ਜਾਂਦੇ ਹਨ, ਪਰ ਕਰਨਾਟਕ ਦੇ ਕੁਝ ਪਿੰਡਾਂ ਵਿੱਚ ਉਨ੍ਹਾਂ ਨੂੰ ਵੀ ਦੇਵਦਾਸੀਆਂ ਭੇਟ ਕੀਤੀਆਂ ਜਾਂਦੀਆਂ ਹਨ। ਮੰਦਿਰ ਤੇ ਮੰਦਿਰ ਤੋਂ ਬਾਹਰ ਦੇਵਦਾਸੀਆਂ ਨਾਚ ਗਾਣਾ ਕਰਦੀਆਂ ਹਨ। ਤਾਮਿਲ ਦਾ ਪ੍ਰਸਿੱਧ ਨਾਚ ਭਰਤਨਾਟਯਮ ਮੁੱਢਲੇ ਰੂਪ ਵਿੱਚ ਇਨ੍ਹਾਂ ਦੀ ਦੇਣ ਹੈ। ਦੇਵਦਾਸੀ ਪ੍ਰਥਾ ਜਿਸ ਪਰਿਵਾਰ ਵਿੱਚ ਸ਼ੁਰੂ ਹੁੰਦੀ ਹੈ ਉਸ ਵਿੱਚ ਇਸ ਨੂੰ ਹਮੇਸ਼ਾਂ ਕਾਇਮ ਰੱਖਿਆ ਜਾਂਦਾ ਹੈ। ਮਾਂ ਤੋਂ ਬਾਅਦ ਬੇਟੀ, ਫਿਰ ਉਸ ਦੀ ਬੇਟੀ ਅਤੇ ਲੜੀ ਤੁਰਦੀ ਜਾਂਦੀ ਹੈ। ਢੋਲਕੀ ਇੱਕ ਗਲੇ 'ਚੋਂ ਦੂਜੇ ਗਲੇ ਵਿੱਚ ਲਟਕ ਜਾਂਦੀ ਹੈ। ਇਹ ਪ੍ਰਥਾ ਜਾਰੀ ਰੱਖਣ ਵਾਲੇ ਲੋਕਾਂ ਵਿੱਚ ਦੇਵੀ ਦਾ ਭੈਅ ਹੈ ਕਿ ਜੇ ਇਸ ਨੂੰ ਤੋੜ ਦਿੱਤਾ ਗਿਆ ਤਾਂ ਦੇਵੀ ਨਰਾਜ਼ ਹੋ ਕੇ ਨੁਕਸਾਨ ਕਰ ਸਕਦੀ ਹੈ, ਬੱਚੇ ਮਾਰ ਸਕਦੀ ਹੈ, ਬਿਮਾਰੀ ਦੇ ਸਕਦੀ ਹੈ, ਗਰੀਬ ਕਰ ਸਕਦੀ ਹੈ, ਆਫ਼ਤ ਲਿਆ ਸਕਦੀ ਹੈ, ਮਹਾਂਮਾਰੀ ਫੈਲਾ ਸਕਦੀ ਹੈ। ਅਜਿਹੇ ਅੰਧ-ਵਿਸ਼ਵਾਸਾਂ ਕਰਕੇ ਹੀ ਇਹ ਪ੍ਰਥਾ ਅੱਗੇ ਤੋਂ ਅੱਗੇ ਤੁਰਦੀ ਜਾਂਦੀ ਹੈ। ਇਸ ਪਿੱਛੇ ਇੱਕ ਕਾਰਨ ਇਹ ਵੀ ਹੈ ਕਿ ਜਦੋਂ ਪਿੰਡ ਦਾ ਕੋਈ ਅਮੀਰ ਬੰਦਾ ਦੇਵਦਾਸੀ ਦਾ ਸਰਪ੍ਰਸਤ ਬਣ ਜਾਂਦਾ ਹੈ ਤਾਂ ਗਰੀਬ ਘਰਾਂ ਨੂੰ ਪੈਸਾ ਤੇ ਵਸਤਾਂ ਮਿਲਣ ਲੱਗ ਜਾਂਦੀਆਂ ਹਨ। ਇਸ ਲਈ ਗਰੀਬ ਮਾਪੇ ਕੰਨਿਆ ਨੂੰ ਦੇਵਦਾਸੀ ਬਣਾ ਕੇ ਇਸ ਝਾਕ ਵਿੱਚ ਰਹਿੰਦੇ ਹਨ ਕਿ ਕੋਈ ਅਮੀਰ ਬੰਦਾ ਉਸ ਦਾ ਸਰਪ੍ਰਸਤ ਬਣ ਜਾਵੇ ਤੇ ਇਸ ਦੇ ਇਵਜ਼ ਵਿੱਚ ਮਿਲਣ ਵਾਲੀਆਂ ਵਸਤਾਂ ਜਾਂ ਪੈਸਾ ਟਕਾ, ਜਿਸ ਨੂੰ ਝੁਲਵਾ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਮਿਲਦਾ ਰਹੇ।

ਅੱਜ ਦੇ ਸਮੇਂ ਵਿੱਚ ਬਣਨ ਵਾਲੀਆਂ ਦੇਵਦਾਸੀਆਂ ਵਿੱਚੋਂ ਅੱਸੀ ਫ਼ੀਸਦੀ ਜਿਸਮਫਰੋਸ਼ੀ ਦੇ ਧੰਦੇ ਵਿੱਚ ਲੱਗ ਰਹੀਆਂ ਹਨ। ਗਲ ਵਿੱਚ ਦੇਵੀ ਦੇ ਨਾਂ ਦੀ ਮਣੀ ਪਾ ਕੇ ਉਹ ਸਿੱਧਾ ਸ਼ਹਿਰਾਂ ਵੱਲ ਰੁਖ਼ ਕਰਦੀਆਂ ਹਨ ਤੇ ਪੈਸਾ ਕਮਾਉਂਦੀਆਂ ਹਨ। ਪੈਸਾ ਘਰ ਵੀ ਭੇਜਦੀਆਂ ਹਨ। ਇਹ ਵੀ ਮਾਨਤਾ ਹੈ ਕਿ ਦੇਵਦਾਸੀ ਦੇਵੀ ਦਾ ਰੂਪ ਹੈ। ਇਸ ਲਈ ਉਨ੍ਹਾਂ ਨੂੰ ਕੁਝ ਵੀ ਕਰਨ ਦਾ ਅਧਿਕਾਰ ਹੈ। ਅੱਜ ਮਥੁਰਾ ਅਤੇ ਹੋਰ ਧਾਰਮਿਕ ਸ਼ਹਿਰਾਂ ਵਿੱਚ ਦੇਹ ਵਪਾਰ ਕਰਦੀਆਂ ਦੇਵਦਾਸੀਆਂ ਆਮ ਦੇਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਦੀ ਹਾਲਤ ਬੜੀ ਤਰਸਯੋਗ ਹੈ।

ਜੇ ਕਿਸੇ ਨੂੰ ਦਾਦ ਜਾਂ ਖਸਰਾ ਨਿਕਲ ਆਵੇ ਤਾਂ ਇਸ ਨੂੰ ਯੇਲੰਮਾ ਦੇਵੀ ਦੀ ਕਰੋਪੀ ਮੰਨਿਆ ਜਾਂਦਾ ਹੈ। ਜਿਸ ਬੱਚੇ ਦੇ ਸਿਰ ਵਿੱਚ ਜਟਾਵਾਂ ਨਿਕਲ ਆਉਣ ਤਾਂ ਉਹ ਸੰਕੇਤ ਮੰਨਿਆ ਜਾਂਦਾ ਹੈ ਕਿ ਇਸ ਨੂੰ ਦੇਵੀ ਨੂੰ ਅਰਪਿਤ ਕੀਤਾ ਜਾਵੇਗਾ। ਕਈ ਔਰਤਾਂ ਮੰਨਤ ਮੰਨਦੀਆਂ ਹਨ ਕਿ ਜੇ ਉਨ੍ਹਾਂ ਦੇ ਬੱਚਾ ਹੋ ਜਾਵੇ ਤਾਂ ਉਹ ਦੇਵੀ ਨੂੰ ਅਰਪਿਤ ਕਰ ਦੇਣਗੀਆਂ।

ਦੇਵਦਾਸੀ ਪ੍ਰਥਾ ਧਾਰਮਿਕ ਆਸਥਾ ਨਾਲ ਜੁੜੀ ਹੋਣ ਕਰਕੇ ਇਸ ਨੂੰ ਕਾਨੂੰਨੀ ਰੂਪ ਵਿੱਚ ਬੰਦ ਕਰਨ ਦੇ ਜ਼ੋਰ ਜ਼ਬਰਦਸਤੀ ਵਾਲੇ ਕਦਮ ਨਹੀਂ ਚੁੱਕੇ ਗਏ। ਇੱਥੋਂ ਤਕ ਕਿ ਸੌਂਦਤੀ ਮੰਦਿਰ ਨੇੜੇ ਤਾਇਨਾਤ ਪੁਲੀਸ ਵਾਲੇ ਚਮੜੇ ਦੀ ਪੇਟੀ ਨਹੀਂ ਬੰਨ੍ਹਦੇ, ਪੈਰਾਂ ਵਿੱਚ ਜੁੱਤੀਆਂ ਨਹੀਂ ਪਾਉਂਦੇ ਅਤੇ ਆਪਣੀਆਂ ਅੱਖਾਂ ਸਾਹਮਣੇ ਮਾਸੂਮ ਬਾਲੜੀਆਂ ਨੂੰ ਦੇਵਦਾਸੀਆਂ ਬਣਦਿਆਂ ਦੇਖ ਕੇ ਵੀ ਅੱਖਾਂ ਮੀਟੀ ਰੱਖਦੇ ਹਨ। ਉਨ੍ਹਾਂ ਵਿੱਚ ਇਹ ਅੰਧਵਿਸ਼ਵਾਸ ਹੈ ਕਿ ਜੇ ਉਹ ਦੇਵੀ ਦੇ ਕੰਮਾਂ ਵਿੱਚ ਦਖ਼ਲਅੰਦਾਜ਼ੀ ਕਰਨਗੇ ਤਾਂ ਦੇਵੀ ਉਨ੍ਹਾਂ ਨੂੰ ਵੀ ਸਾੜ੍ਹੀ ਪਾਉਣ ਲਈ ਮਜਬੂਰ ਕਰ ਦੇਵੇਗੀ। ਹੁਣ ਤਕ ਬਣੇ ਕਾਨੂੰਨ ਇਸ ਆਸਥਾ ਅੱਗੇ ਬੌਣੇ ਹਨ। ਸਿਰਫ਼ ਹੁਣ ਤਕ ਇੱਕ ਕੇਸ ਮਿਲਦਾ ਹੈ। ਸ਼ਿਰਗਾਂਵ ਪਿੰਡ ਵਿੱਚ 23 ਜਨਵਰੀ 1931 ਨੂੰ ਦੇਵਦਾਸੀ ਬਣਾਉਣ ਦੀ ਵਿਧੀ ਕਰਨ ਵਾਲਿਆਂ ਨੂੰ ਅਦਾਲਤ ਨੇ ਜੁਰਮਾਨਾ ਕੀਤਾ। ਇਸ ਤੋਂ ਪਹਿਲਾਂ ਇੱਕ ਇਤਿਹਾਸਕ ਹਵਾਲਾ ਮਿਲਦਾ ਹੈ। ਜਦੋਂ ਔਰੰਗਜ਼ੇਬ 1652 ਤੋਂ 58 ਤਕ ਦੱਖਣ ਦਾ ਸੂਬੇਦਾਰ ਬਣਕੇ ਆਇਆ ਤਾਂ ਉਸ ਨੇ ਇਸ ਬਾਰੇ ਲਿਖਿਆ ਹੈ: ਔਰੰਗਾਬਾਦ ਦੇ ਦੱਖਣ ਵਿੱਚ ਛੇ ਮੀਲ ਦੀ ਦੂਰੀ 'ਤੇ ਸਿਤਾਰਾ ਨਾਂ ਦਾ ਛੋਟਾ ਜਿਹਾ ਪਿੰਡ ਹੈ। ਮੈਂ ਇਸ ਇਲਾਕੇ ਵਿੱਚ ਸ਼ਿਕਾਰ ਖੇਡਣ ਜਾਂਦਾ ਸੀ। ਇਸ ਪਿੰਡ ਦੇ ਨਾਲ ਇੱਕ ਪਹਾੜੀ 'ਤੇ ਸ੍ਰੀ ਖੰਡੇਰਾਓ ਦਾ ਮੰਦਿਰ ਹੈ। ਅੱਲ੍ਹਾ ਦੀ ਮਰਜ਼ੀ ਨਾਲ ਮੈਂ ਉਸ ਨੂੰ ਜ਼ਮੀਂਦੋਜ਼ ਕਰਕੇ ਮੁਰਕੀ (ਦੇਵਦਾਸੀ) ਵਰਗੀ ਸ਼ਰਮਨਾਕ ਰਸਮ 'ਤੇ ਬੰਦਿਸ਼ ਲਾ ਦਿੱਤੀ ਹੈ।

ਭਾਵੇਂ ਇਹ ਪ੍ਰਥਾ ਬੰਦ ਨਹੀਂ ਹੋ ਸਕੀ, ਪਰ ਕੁਝ ਲੋਕਾਂ ਨੇ ਸੁਧਾਰ ਕਰਨ ਲਈ ਉੱਘੇ ਕੰਮ ਕੀਤੇ ਹਨ। ਕਰਨਾਟਕ ਦੇ ਤਤਕਾਲੀ ਪੁਲੀਸ ਮੁਖੀ ਰਮੇਸ਼ ਨੇ 22 ਜਨਵਰੀ 1984 ਨੂੰ ਮਹਾਂਲਿੰਗਪੁਰ ਵਿੱਚ 57 ਦੇਵਦਾਸੀਆਂ ਦਾ ਸਮੂਹਿਕ ਵਿਆਹ ਕਰਵਾਇਆ। ਹਾਲਾਂਕਿ ਕੁਝ ਦੇ ਬੱਚੇ ਵੀ ਸਨ ਤੇ ਕੁਝ ਅੱਧਖੜ ਉਮਰ ਦੀਆਂ ਵੀ ਸਨ। ਇਸੇ ਤਰ੍ਹਾਂ ਪੁਲੀਸ ਮੁਖੀ ਸੁਭਾਸ਼ ਭਰਣੀ ਨੇ 28 ਅਪਰੈਲ ਤੇ 11 ਮਈ 1986 ਨੂੰ 100 ਦੇਵਦਾਸੀਆਂ ਦੇ ਸਮੂਹਿਕ ਵਿਆਹ ਕਰਵਾ ਕੇ ਉਨ੍ਹਾਂ ਨੂੰ ਜ਼ਿਲਤ ਭਰੀ ਜ਼ਿੰਦਗੀ ਤੋਂ ਮੁਕਤੀ ਦਿਵਾਈ।

ਇਸ ਪ੍ਰਥਾ ਨੇ ਸਦੀਆਂ ਤੋਂ ਧਰਮ ਦੇ ਨਾਂ 'ਤੇ ਔਰਤ ਦਾ ਸ਼ੋਸ਼ਣ ਕੀਤਾ ਹੈ। ਕੌਮੀ ਪੱਧਰ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ ਤਾਂ ਜੋ ਅਜਿਹੀਆਂ ਮਾੜੀਆਂ ਪ੍ਰਥਾਵਾਂ ਨੂੰ ਨੱਥ ਪਾਈ ਜਾ ਸਕੇ। ਇਸ ਪ੍ਰਥਾ ਦੀਆਂ ਪੀੜਤ ਔਰਤਾਂ ਦੇ ਮੁੜਵਸੇਬੇ, ਰੁਜ਼ਗਾਰ ਅਤੇ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਲਈ ਕੰਮ ਕੀਤੇ ਜਾਣੇ ਚਾਹੀਦੇ ਹਨ। ਹੁਣ ਹੌਲੀ ਹੌਲੀ ਇਨ੍ਹਾਂ ਵਿੱਚ ਜਾਗਰਤੀ ਆ ਰਹੀ ਹੈ। ਅੰਦੋਲਨ ਵੀ ਹੋਏ ਹਨ, ਪਰ ਧਰਮ ਤੇ ਆਸਥਾ ਦੇ ਨਾਂ 'ਤੇ ਸਖ਼ਤੀ ਕਰਨ ਤੋਂ ਹਰ ਸਰਕਾਰ ਡਰਦੀ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੇ ਵੋਟ ਬੈਂਕਾਂ ਨੂੰ ਢਾਹ ਲੱਗਦੀ ਹੈ। ਅੱਜ ਮਨੁੱਖਤਾ ਦੇ ਨਾਂ 'ਤੇ ਲੱਗੇ ਇਸ ਕਲੰਕ ਨੂੰ ਮਿਟਾਉਣ ਲਈ ਨਵੇਂ ਸਿਰਿਓਂ ਸੋਚਣ ਅਤੇ ਸਾਰਥਕ ਵਿਉਂਤਾਂ ਘੜਣ ਦੀ ਲੋੜ ਹੈ।

ਸੰਪਰਕ: 94173-58120

# ਕੈਨੇਡਾ ਦੀ ਆਜ਼ਾਦੀ ਦੇ 150 ਸਾਲ ਜਾਂ 35 ਸਾਲ?



ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com






ਕੈਨੇਡਾ ਦਾ ਇਤਿਹਾਸ ਕਿਤਨਾ ਪੁਰਾਣਾ ਹੈ, ਬਾਰੇ ਕਹਿਣਾ ਸ਼ਾਇਦ ਮੁਸ਼ਕਿਲ ਹੈ ਕਿਉਂਕਿ ਇਹ ਮੰਨਿਆ ਜਾਂਦਾ ਹੈ ਤਕਰੀਬਨ 40 ਹਜ਼ਾਰ ਸਾਲ ਪਹਿਲਾਂ ਕੁਝ ਨੇਟਿਵ ਕਬੀਲੇ ਇਥੇ ਆ ਵਸੇ ਸਨ, ਪਰ ਉਹ ਕਿਵੇਂ ਇਥੇ ਆਏ, ਬਾਰੇ ਕਿਸੇ ਨੂੰ ਕੁਝ ਪਤਾ ਨਹੀਂ। ਵਿਗਿਆਨੀਆਂ ਦਾ ਇਹ ਮੰਨਣਾ ਹੈ ਕਿ ਤਕਰੀਬਨ 30 ਲੱਖ ਸਾਲ ਪਹਿਲਾਂ ਅਫਰੀਕਾ ਦੇ ਦੇਸ਼ ਈਥੋਪੀਆ ਵਿੱਚ ਮਨੁੱਖੀ ਨਸਲ ਦੀ ਸ਼ੁਰੂਆਤ ਹੋਈ ਸੀ। ਬੇਸ਼ਕ ਇਸਾਈ ਗ੍ਰੰਥਾਂ ਅਨੁਸਾਰ ਐਡਮ ਤੇ ਈਵ ਵਲੋਂ ਜਦੋਂ ਸਵਰਗਾਂ ਵਿੱਚ ਵਿਵਰਜਤ ਫਲ ਖਾ ਲਿਆ ਸੀ ਤਾਂ ਗੌਡ ਨੇ ਉਨ੍ਹਾਂ ਨੂੰ ਧਰਤੀ ਤੇ ਸੁੱਟ ਦਿੱਤਾ ਸੀ ਤਾਂ ਇਹ ਅਜੇ ਤੱਕ ਪਤਾ ਨਹੀਂ ਲੱਗਾ ਕਿ ਸਵਰਗਾਂ ਤੋਂ ਡਿਗੇ ਐਡਮ ਤੇ ਈਵ (ਗੋਰਾ ਤੇ ਗੋਰੀ) ਧਰਤੀ ਤੇ ਅਫਰੀਕਾ ਵਿੱਚ ਡਿਗ ਕੇ ਕਾਲੇ ਕਿਵੇਂ ਬਣ ਗਏ ਕਿਉਂਕਿ ਗੋਰੇ ਇਹ ਮੰਨਦੇ ਹਨ ਕਿ ਉਨ੍ਹਾਂ ਦੀ ਨਸਲ ਰੱਬ ਵਲੋਂ ਆਪ ਬਣਾਈ ਸਭ ਤੋਂ ਸੁਪੀਰੀਅਰ ਤੇ ਅਸਲੀ ਮਨੁੱਖੀ ਨਸਲ ਹੈ। ਉਨ੍ਹਾਂ ਨੂੰ ਗੌਡ ਵਲੋਂ ਸਾਰੀ ਦੁਨੀਆਂ ਤੇ ਰਾਜ ਕਰਨ ਲਈ ਭੇਜਿਆ ਸੀ। ਇਸੇ ਕਰਕੇ ਯੂਰਪੀਅਨ ਬਸਤੀਵਾਦੀ ਗੋਰਿਆਂ (ਬ੍ਰਿਟਿਸ਼) ਤੇ ਫਰੈਂਚ ਨੇ ਸਭ ਜਗ੍ਹਾ ਕਲੋਨੀਆਂ ਬਣਾ ਕੇ ਲੋਕਾਂ ਨੂੰ ਗੁਲਾਮ ਬਣਾਇਆ ਤੇ ਲੁੱਟਿਆ। ਨਾਰਥ ਅਮਰੀਕਾ ਵਿੱਚ ਵਸਦੇ ਨੇਟਿਵ ਕਬੀਲੇ ਵੀ ਕਾਲਿਆਂ ਤੋਂ ਲਾਲ ਰੰਗ ਦੇ (ਰੈਡ ਇੰਡੀਅਨ) ਕਿਵੇਂ ਬਣੇ, ਕੁਝ ਕਿਹਾ ਨਹੀਂ ਜਾ ਸਕਦਾ। ਪਰ ਇਨ੍ਹਾਂ ਕਬੀਲਿਆਂ ਦਾ ਬਾਕੀ ਧਰਤੀ ਦੇ ਲੋਕਾਂ ਨਾਲ 1492 ਤੱਕ ਕੋਈ ਖਾਸ ਸੰਪਰਕ ਨਹੀਂ ਸੀ, ਜਦੋਂ ਤੱਕ ਇੰਡੀਆ (ਹੁਣ ਦਾ ਦਾ ਸਾਊਥ ਏਸ਼ੀਆ) ਨੂੰ ਲੱਭਣ ਲਈ ਕੋਲੰਬਸ ਸਮੁੰਦਰੀ ਜਹਾਜ ਵਿੱਚ ਆਪਣੇ ਸਾਥੀਆਂ ਨਾਲ ਆਇਆ ਸੀ, ਪਰ ਗਲਤੀ ਨਾਲ ਜਹਾਜ ਈਸਟ ਜਾਣ ਦੀ ਥਾਂ ਇਸ ਪਾਸੇ ਆ ਗਿਆ ਤੇ ਇਸ ਤਰ੍ਹਾਂ ਨਾਰਥ-ਅਮਰੀਕਾ ਤੇ ਕਨੇਡਾ ਨਾਲ ਯੂਰਪ ਦਾ ਸੰਪਰਕ ਹੋਇਆ। ਇਸ ਤੋਂ ਬਹੁਤ ਜਲਦੀ ਬਾਅਦ ਫਰਾਂਸੀਸੀ, ਪੁਰਤਗਾਲੀ, ਯੂਰਪੀਅਨ ਤੇ ਸਪੈਨਿਸ਼ ਲੋਕਾਂ ਨੇ ਇਥੇ ਆਉਣਾ ਤੇ ਵਸਣਾ ਸ਼ੁਰੂ ਕਰ ਦਿੱਤਾ ਤੇ ਜਲਦੀ ਹੀ ਇਥੇ ਦੇ ਬਸ਼ਿੰਦਿਆਂ (ਨੇਟਿਵ ਲੋਕਾਂ) ਨੂੰ ਗੁਲਾਮ ਬਣਾ ਕੇ 1534 ਵਿੱਚ ਨਵਾਂ ਫਰਾਂਸ ਬਣਾਇਆ, ਜਿਸਨੂੰ ਹੁਣ ਅਸੀਂ ਕਨੇਡਾ ਕਹਿੰਦੇ ਹਾਂ। ਫਰਾਂਸੀਸੀਆਂ ਦਾ 1534 ਤੋਂ 1763 ਤੱਕ ਇਥੇ ਕਬਜ਼ਾ ਰਿਹਾ, ਬਾਅਦ ਵਿੱਚ ਜਦੋਂ ਇੰਗਲੈਂਡ ਦੇ ਬਸਤੀਵਾਦੀਆਂ ਗੋਰਿਆਂ ਨੇ ਵੱਖ-ਵੱਖ ਦੇਸ਼ਾਂ ਵਿੱਚ ਆਪਣੀਆਂ ਬਸਤੀਆਂ ਬਣਾ ਕੇ ਲੋਕਾਂ ਨੂੰ ਗੁਲਾਮ ਬਣਾਉਣਾ ਸ਼ੁਰੂ ਕੀਤਾ ਤਾਂ ਇਥੇ ਵੀ ਉਨ੍ਹਾਂ ਫਰਾਂਸੀਸੀਆਂ ਨੂੰ 1754-1763 ਤੱਕ ਚੱਲੀਆਂ ਲੜਾਈਆਂ ਵਿੱਚ ਹਰਾ ਕੇ 1763 ਵਿੱਚ ਆਪਣਾ ਬਸਤੀਵਾਦੀ ਰਾਜ ਸਥਾਪਿਤ ਕਰ ਲਿਆ। ਜੋ ਕਿ 1 ਜੁਲਾਈ, 1867 ਤੱਕ ਸਿੱਧੇ ਰੂਪ ਵਿੱਚ ਚੱਲਿਆ ਤੇ 1982 ਤੱਕ ਅਸਿੱਧੇ ਰੂਪ ਵਿੱਚ ਚਲਦਾ ਰਿਹਾ।

1 ਜੁਲਾਈ, 1867 ਨੂੰ ਕਨੇਡਾ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦ ਹੋ ਕੇ ਨਵਾਂ ਦੇਸ਼ 'ਡੋਮੀਨੀਅਨ ਆਫ ਕੈਨੇਡਾ' ਬਣਿਆ। ਬੇਸ਼ਕ ਕੈਨੇਡਾ ਇਸ ਸਾਲ 1 ਜੁਲਾਈ ਨੂੰ ਆਪਣਾ 150 ਸਾਲਾ ਅਜ਼ਾਦੀ ਦਿਵਸ ਮਨਾ ਰਿਹਾ ਹੈ, ਪਰ 150 ਸਾਲ ਪਹਿਲਾਂ ਕੈਨੇਡਾ ਅੱਜ ਵਾਂਗ ਆਜ਼ਾਦ ਨਹੀਂ ਹੋਇਆ ਸੀ, ਸਗੋਂ ਬਸਤੀਵਾਦੀ ਬ੍ਰਿਟਿਸ਼ ਰਾਜਾਸ਼ਾਹੀ ਨੇ 1 ਜੁਲਾਈ, 1867 ਨੂੰ 'ਡੋਮੀਨੀਅਨ ਆਫ ਕੈਨੇਡਾ' ਬਣਾ ਕੇ ਦੇਸ਼ ਵਿੱਚ ਅੰਦਰੂਨੀ ਖੁਦ ਮੁਖਤਿਆਰੀ ਦਿੱਤੀ ਸੀ। ਪਰ ਉਪਰੋਂ ਰਾਜ ਇੰਗਲੈਂਡ ਦਾ ਹੀ ਸੀ। ਬੇਸ਼ਕ ਕਨੇਡਾ ਵਿੱਚ ਗੁਲਾਮੀ ਉਸ ਕਿਸਮ ਦੀ ਨਹੀਂ ਸੀ, ਜਿਸ ਤਰ੍ਹਾਂ ਇੰਡੀਆ ਜਾਂ ਹੋਰ ਕਈ ਅਫਰੀਕਨ ਦੇਸ਼ਾਂ ਵਿੱਚ ਸੀ। ਇਥੇ ਯੂਰਪੀਅਨ ਗੋਰਿਆਂ ਨੇ 16ਵੀਂ ਸਦੀ ਵਿੱਚ ਵਸਣਾ ਸ਼ੁਰੂ ਕਰ ਦਿੱਤਾ ਸੀ ਤੇ ਉਨ੍ਹਾਂ ਦਾ ਹੀ ਇਥੇ ਰਾਜ ਸੀ। ਇਨ੍ਹਾਂ ਨੇ ਇਥੋਂ ਦੇ ਨੇਟਿਵ ਲੋਕਾਂ ਨੂੰ ਆਪਣੇ ਗੁਲਾਮ ਬਣਾ ਕੇ ਉਨ੍ਹਾਂ ਦੇ ਦੇਸ਼ ਤੇ ਕਬਜ਼ਾ ਕਰ ਲਿਆ ਸੀ। ਜਿਨ੍ਹਾਂ ਤੋਂ ਆਪਣੇ ਆਪ ਨੂੰ ਵੱਖਰੇ ਕਰਨ ਲਈ, ਉਨ੍ਹਾਂ ਨੂੰ 'ਰੈਡ ਇੰਡੀਅਨ' ਵੀ ਕਿਹਾ ਜਾਂਦਾ ਸੀ, ਪਰ ਅੱਜ ਨੇਟਿਵ ਲੋਕਾਂ ਨੂੰ 'ਰੈਡ ਇੰਡੀਅਨ' ਕਹਿਣਾ ਅਪਮਾਨਜਨਕ ਸ਼ਬਦ ਮੰਨਿਆ ਜਾਂਦਾ ਹੈ। ਇੰਗਲੈਂਡ ਦੀ ਰਾਣੀ ਦਾ ਕਨੇਡਾ ਤੇ ਰਾਜ 1867 ਤੋਂ ਬਾਅਦ ਉਸਦੇ ਨੁਮਾਇੰਦੇ ਗਵਰਨਰ ਜਨਰਲ ਰਾਹੀਂ ਚਲਾਇਆ ਜਾਂਦਾ ਸੀ। ਕੈਨੇਡਾ ਸਰਕਾਰ ਵਲੋਂ ਪਾਸ ਕਿਸੇ ਵੀ ਕਨੂੰਨ ਨੂੰ ਰੱਦ ਕਰਨ ਦਾ ਇੰਗਲੈਂਡ ਦੀ ਰਾਣੀ ਜਾਂ ਉਸਦੀ ਸਰਕਾਰ ਕੋਲ ਪੂਰਾ ਅਧਿਕਾਰ ਸੀ। ਸੰਨ 1946 ਤੱਕ ਕਨੇਡਾ ਤੇ ਇੰਗਲੈਂਡ ਦੀ ਇੱਕ ਹੀ ਸਿਟੀਜ਼ਨਸ਼ਿਪ ਹੁੰਦੀ ਸੀ। ਕੈਨੇਡੀਅਨ ਸਿਟੀਜ਼ਨਸ਼ਿਪ ਐਕਟ 1946 ਵਿੱਚ ਪਹਿਲੀ ਵਾਰ ਕਨੇਡਾ ਨੇ ਆਪਣੀ ਵੱਖਰੀ ਆਜ਼ਾਦ ਸਿਟੀਜ਼ਨਸ਼ਿਪ ਦੇਣੀ ਸ਼ੁਰੂ ਕੀਤੀ ਸੀ। ਇਹੀ ਕਾਰਨ ਹੈ ਕਿ ਕੈਨੇਡਾ ਵਸਦੇ ਭਾਰਤੀਆਂ ਨੂੰ ਕਨੇਡੀਅਨ ਸਿਟੀਜ਼ਨਸ਼ਿਪ ਨਹੀਂ ਦਿੱਤੀ ਜਾਂਦੀ ਸੀ ਕਿਉਂਕਿ ਉਹ ਭਾਰਤ ਵਿੱਚ ਇੰਗਲੈਂਡ ਦੇ ਗੁਲਾਮ ਸਨ। ਜਦੋਂ 1947 ਵਿੱਚ ਭਾਰਤ ਆਜ਼ਾਦ ਹੋਇਆ, ਉਸੇ ਸਾਲ ਕੈਨੇਡਾ ਵਿੱਚ ਭਾਰਤੀਆਂ ਨੂੰ ਸਿਟੀਜ਼ਨਸ਼ਿਪ ਤੇ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋਇਆ ਸੀ। ਚੀਨਿਆਂ ਨੂੰ ਵੀ ਇਸੇ ਸਾਲ 1947 ਵਿੱਚ ਵੋਟ ਦਾ ਹੱਕ ਮਿਲਿਆ ਸੀ। ਔਰਤਾਂ ਨੂੰ ਕਨੇਡਾ ਵਿੱਚ ਵੋਟ ਦਾ ਹੱਕ 1916 ਤੋਂ 1922 ਤੱਕ ਵੱਖ-ਵੱਖ ਸਮਿਆਂ ਵਿੱਚ ਵੱਖ-ਵੱਖ ਸਟੇਟਾਂ ਨੇ ਦਿੱਤਾ ਸੀ, ਪਰ ਕਿਊਬਕ ਵਿੱਚ ਇਹ ਹੱਕ ਔਰਤਾਂ ਨੂੰ 1940 ਵਿੱਚ ਮਿਲਿਆ ਸੀ। ਇਥੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਬਾਹਰੋਂ ਆ ਕੇ ਵਸੇ ਲੋਕਾਂ ਨੂੰ ਤਾਂ ਵੋਟਿੰਗ ਤੇ ਸਿਟੀਜ਼ਨਸ਼ਿਪ ਹੱਕ ਮਿਲ ਗਏ ਸਨ, ਪਰ ਜਿਨ੍ਹਾਂ ਦਾ ਦੇਸ਼ ਸੀ, ਉਨ੍ਹਾਂ ਨੇਟਿਵਜ਼ ਨੂੰ ਵੋਟ ਦਾ ਹੱਕ 1 ਜੁਲਾਈ 1960 ਨੂੰ ਮਿਲਿਆ ਸੀ, ਕਿਉਂਕਿ ਉਸ ਤੋਂ ਪਹਿਲਾਂ 1867 ਵਿੱਚ ਕਹੇ ਜਾਂਦੇ ਆਜ਼ਾਦ ਕਨੇਡਾ ਵਿੱਚ ਉਨ੍ਹਾਂ ਹੀ ਨੇਟਿਵ ਕੋਲ ਸੀਮਤ ਸਿਟੀਜ਼ਨਸ਼ਿਪ ਦੇ ਅਧਿਕਾਰ ਸਨ, ਜੋ ਆਪਣੀ ਲੈਂਡ ਜਾਂ ਹੋਰ ਕੁਦਰਤੀ ਸੋਮਿਆਂ ਤੇ ਆਪਣਾ ਹੱਕ ਛੱਡਣ ਲਈ ਤਿਆਰ ਹੁੰਦੇ ਸਨ। ਮੇਰੀ ਸਮਝ ਤੇ ਇਤਿਹਾਸਕ ਜਾਣਕਾਰੀ ਅਨੁਸਾਰ ਕਨੇਡਾ ਆਜ਼ਾਦ (ਬੇਸ਼ਕ ਪੂਰਨ ਰੂਪ ਵਿੱਚ ਅਜੇ ਵੀ ਆਜ਼ਾਦ ਨਹੀਂ) 29 ਮਾਰਚ, 1982 ਦੇ 'ਕੈਨੇਡਾ ਐਕਟ 1982' ਅਨੁਸਾਰ ਹੋਇਆ ਸੀ, ਜਦੋਂ ਬ੍ਰਿਟਿਸ਼ ਪਾਰਲੀਮੈਂਟ ਨੇ ਕਨੂੰਨ ਪਾਸ ਕਰਕੇ ਇਸਨੂੰ ਪੂਰਨ ਆਜ਼ਾਦੀ ਦੀ ਮਾਨਤਾ ਦਿੱਤੀ ਸੀ, ਜਿਸ ਤੇ ਬਾਅਦ ਵਿੱਚ 17 ਅਪਰੈਲ 1982 ਨੂੰ ਇੰਗਲੈਂਡ ਦੀ ਰਾਣੀ ਤੇ ਕਨੇਡਾ ਦੇ ਪ੍ਰਧਾਨ ਮੰਤਰੀ ਮਿ. ਟਰੂਡੋ ਨੇ ਸਾਈਨ ਕਰਕੇ ਕਨੂੰਨ ਬਣਾਇਆ ਸੀ। ਜਿਹੜਾ ਬਿੱਲ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਕਨੇਡਾ ਨੂੰ ਪੂਰਨ ਆਜ਼ਾਦੀ ਦਾ ਪਾਸ ਹੋਇਆ ਸੀ, ਉਸ ਵਿੱਚ ਇੰਗਲੈਂਡ ਦੇ 44 ਐਮ ਪੀਜ਼ ਨੇ ਵਿਰੋਧ ਵਿੱਚ ਵੋਟ ਪਾਇਆ ਸੀ।

1 ਜੁਲਾਈ, 1867 ਨੂੰ ਜਿਸ ਕਨੇਡਾ ਨੂੰ ਅਜ਼ਾਦੀ ਮਿਲੀ ਸੀ, ਉਸ ਵਿੱਚ ਸਿਰਫ 4 ਪ੍ਰੌਵਿੰਸ (ਸਟੇਟਾਂ) ਕਿਊਬਿਕ, ਉਨਟੇਰੀਉ, ਨਿਊ ਬਰੰਜ਼ਵਿਕ ਤੇ ਨੋਵਾ ਸਕੋਸ਼ੀਆ ਹੀ ਸ਼ਾਮਿਲ ਸਨ। ਮੈਨੀਟੋਬਾ ਜੁਲਾਈ 1870, ਨਾਰਥ ਵੈਸਟ ਟੈਰੋਟਰੀਜ਼ 1870, ਬੀ.ਸੀ. 1871, ਪਰਿੰਸ ਐਡਵਰਡ ਆਈਲੈਂਡ 1873, ਅਲਬਰਟਾ ਤੇ ਸਸਕੈਚਵਨ 1905 ਅਤੇ ਨਿਊਫਨਲੈਂਡ ਸਭ ਤੋਂ ਬਾਅਦ 31 ਮਾਰਚ 1949 ਨੂੰ ਕਨੇਡਾ ਵਿੱਚ ਸ਼ਾਮਿਲ ਹੋਇਆ। ਇਸ ਤਰ੍ਹਾਂ ਸਹੀ ਮਹਿਨਿਆਂ ਵਿੱਚ ਮੌਜੂਦਾ ਕੈਨੇਡਾ 1949 ਵਿੱਚ ਨਿਊਫਨਲੈਂਡ ਦੇ ਰਲਣ ਨਾਲ ਹੋਂਦ ਵਿੱਚ ਆਇਆ ਸੀ। ਬੇਸ਼ੱਕ 'ਕਨੇਡਾ ਐਕਟ 1982' ਤੇ 'ਕਨੇਡੀਅਨ ਚਾਰਟਰ ਆਫ ਰਾਈਟਸ ਤੇ ਫਰੀਡਮ ਐਕਟ' ਅਨੁਸਾਰ ਕਨੇਡਾ ਇੱਕ ਵੱਖਰਾ ਤੇ ਆਜ਼ਾਦ ਦੇਸ਼ ਹੈ, ਜਿਥੇ ਸਭ ਨਾਗਰਿਕਾਂ ਕੋਲ ਬਿਨਾਂ ਕਿਸੇ ਜਾਤ, ਧਰਮ, ਨਸਲ, ਭਾਸ਼ਾ, ਲਿੰਗ, ਰੰਗ ਆਦਿ ਦੇ ਵਿਤਕਰੇ ਤੋਂ ਸਭ ਅਧਿਕਾਰ ਹਨ। ਪਰ ਕੈਨੇਡਾ ਨੂੰ ਇੰਗਲੈਂਡ ਤੋਂ ਪੂਰਨ ਰੂਪ ਵਿੱਚ ਆਜ਼ਾਦ ਹੋਣ ਲਈ ਹੋਰ ਹੰਭਲਾ ਮਾਰਨਾ ਪਵੇਗਾ ਤਾਂ ਕਿ ਇੰਗਲੈਂਡ ਦੀ ਮਹਾਰਾਣੀ ਤੇ ਉਸਦੇ ਸ਼ਾਹੀ ਪਰਿਵਾਰ ਦਾ ਦਖਲ ਤੇ ਉਸਦੇ ਨੁਮਾਇੰਦੇ ਗਵਰਨਰ ਜਨਰਲ ਜਾਂ ਲੈਫਟੀਨੈਂਟ ਗਵਰਨਰ ਦੇ ਅਹੁਦੇ ਖਤਮ ਹੋਣ। ਇਨ੍ਹਾਂ ਅਹੁਦਿਆਂ ਨੂੰ ਕਾਇਮ ਰੱਖਣ ਅਤੇ ਇੰਗਲੈਂਡ ਦੇ ਸ਼ਾਹੀ ਪਰਿਵਾਰ ਦੀ ਆਉ ਭਗਤ ਤੇ ਹਰ ਸਾਲ ਕਨੇਡੀਅਨ ਟੈਕਸ ਪੇਅਰ ਦਾ 50 ਮਿਲੀਅਨ ਡਾਲਰ ਤੋਂ ਵੱਧ ਖਰਚਾ ਕੀਤਾ ਜਾਂਦਾ ਹੈ। ਅਜੇ ਵੀ ਸਾਨੂੰ ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਵੇਲੇ ਇੰਗਲੈਂਡ ਦੀ ਰਾਣੀ ਪ੍ਰਤੀ ਵਫਾਦਾਰ ਰਹਿਣ ਦੀ ਸਹੁੰ ਚੁੱਕਣੀ ਪੈਂਦੀ ਹੈ। ਕੈਨੇਡਾ ਸਰਕਾਰ ਦੀ ਸਰਕਾਰੀ ਸੀਲ ਅਜੇ ਵੀ ਰਾਣੀ ਦੇ ਨਾਮ ਦੀ ਹੈ, ਜਿਹੜੀ ਸਰਕਾਰੀ ਦਸਤਾਵੇਜ਼ਾਂ ਜਾਂ ਕਨੂੰਨ ਬਣਾਉਣ ਆਦਿ ਲਈ ਲਾਈ ਜਾਂਦੀ ਹੈ। ਸਾਡੇ ਐਮ. ਐਲ਼. ਏ., ਐਮ. ਪੀਜ਼ ਜਾਂ ਸੈਨੇਟਰਾਂ ਨੂੰ ਮਹਾਰਾਣੀ ਪ੍ਰਤੀ ਵਫਾਦਾਰ ਰਹਿਣ ਦੀ ਸਹੁੰ ਚੁੱਕਣੀ ਪੈਂਦੀ ਹੈ। ਅਜੇ ਵੀ ਕੈਨੇਡੀਅਨ ਕਰੰਸੀ ਉਤੇ ਮਹਾਰਾਣੀ ਜਾਂ ਸ਼ਾਹੀ ਖਾਨਦਾਨ ਦੀ ਫੋਟੋ ਲਾਉਣੀ ਪੈਂਦੀ ਹੈ ਕਿਉਂਕਿ ਉਹ ਦੇਸ਼ ਦੇ ਅਸਿੱਧੇ ਤੌਰ ਤੇ ਅਜੇ ਵੀ ਸਮਰਾਟ ਹਨ। ਕਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਸਮੇਤ 16 ਕਾਮਨ ਵੈਲਥ ਦੇਸ਼ਾਂ ਵਿੱਚ ਸ਼ਾਹੀ ਖਾਨਦਾਨ ਦੀ ਹਿੱਸਾਪੱਤੀ ਅਜੇ ਵੀ ਜਾਰੀ ਹੈ, ਭਾਵੇਂ ਕਹਿਣ ਨੂੰ ਉਨ੍ਹਾਂ ਨੇ ਸਿੱਧੇ ਤੌਰ ਤੇ ਬਸਤੀਵਾਦੀ ਲੁੱਟ ਤੋਂ ਦੇਸ਼ਾਂ ਨੂੰ ਦੂਜੀ ਸੰਸਾਰ ਜੰਗ ਤੋਂ ਬਾਅਦ ਆਜ਼ਾਦ ਕਰ ਦਿੱਤਾ ਸੀ।

ਅੱਜ ਜਦੋਂ ਕੈਨੇਡਾ ਸਰਕਾਰ ਬੜੇ ਧੂਮ-ਧੜੱਕੇ ਨਾਲ ਕਨੇਡਾ ਦੀ ਆਜ਼ਾਦੀ ਦੇ 150 ਸਾਲਾ ਜ਼ਸਨ ਮਨਾ ਰਹੀ ਹੈ ਤਾਂ ਸਾਨੂੰ ਸਰਕਾਰੀ ਪੈਸੇ ਨਾਲ ਕੀਤੇ ਜਾ ਰਹੇ ਸ਼ੋਰ ਸ਼ਰਾਬੇ ਵਿੱਚ ਉਨ੍ਹਾਂ ਨੇਟਿਵ ਲੋਕਾਂ ਤੇ ਹੋਏ ਜ਼ੁਲਮਾਂ, ਅੱਤਿਆਚਾਰਾਂ, ਕਤਲੇਆਮ ਨੂੰ ਨਹੀਂ ਭੁੱਲਣਾ ਚਾਹੀਦਾ, ਜਿਨ੍ਹਾਂ ਦਾ ਧਰਮ, ਕਲਚਰ, ਬੋਲੀ ਵਿਦੇਸ਼ੀ ਹਮਲਾਵਰਾਂ ਨੇ ਖਤਮ ਕਰ ਦਿੱਤੀ ਸੀ ਅਤੇ ਜਿਨ੍ਹਾਂ ਦੇ ਦੇਸ਼ (ਸੁਪਨਿਆਂ ਦੀ ਧਰਤੀ ਤੇ) ਵਿੱਚ ਅਸੀਂ ਸਾਰੀ ਦੁਨੀਆਂ ਵਿਚੋਂ ਆ ਕੇ ਮੌਜਾਂ ਮਾਣ ਰਹੇ ਹਾਂ ਅਤੇ ਉਹ ਲੋਕ ਅਜੇ ਵੀ ਆਪਣੇ ਦੇਸ਼ ਵਿੱਚ ਰਿਜ਼ਰਵ ਬਸਤੀਆਂ ਵਿੱਚ ਨਰਕਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਜਦੋਂ ਤੱਕ ਇਸ ਧਰਤੀ ਦੇ ਅਸਲ ਬਸ਼ਿੰਦਿਆਂ ਨੂੰ ਬਰਾਬਰ ਹੱਕ ਤੇ ਪੂਰਨ ਆਜ਼ਾਦੀ ਨਹੀਂ ਮਿਲਦੀ, ਸਾਡਾ ਅਜ਼ਾਦੀ ਦੇ ਜ਼ਸ਼ਨ ਮਨਾਉਣਾ ਕੋਈ ਮਾਅਨੇ ਨਹੀਂ ਰੱਖਦਾ?






# ਯੋਧਾ ਨਾਟਕਕਾਰ ਡਾ. ਅਜਮੇਰ ਔਲਖ



**ਹਰਜੀਤ ਬੇਦੀ**

ਆਪਣੇ ਨਾਟਕਾਂ ਰਾਹੀਂ ਆਮ ਲੋਕਾਂ ਦੇ ਦੁੱਖ ਦਰਦਾਂ ਦੀ ਬਾਤ ਪਾਉਂਦੇ ਤੇ ਉਹਨਾਂ ਨੂੰ ਦੂਰ ਕਰਨ ਦਾ ਰਾਹ ਦਰਸਾਉਂਦੇ ਡਾ: ਅਜਮੇਰ ਔਲਖ ਭਾਵੇਂ ਸਰੀਰਕ ਤੌਰ ਤੇ ਸਾਨੂੰ ਛੱਡ ਗਏ ਹਨ ਪਰ ਉਹਨਾਂ ਦੀ ਕਲਮ ਚੋਂ ਨਿੱਕਲੇ ਸ਼ਬਦ ਅਤੇ ਉਹਨਾਂ ਦੀ ਜੀਵੰਤ ਨਾਟਕੀ ਪੇਸ਼ਕਾਰੀ ਨੂੰ ਲੋਕ ਕਦੇ ਨਹੀਂ ਭੁੱਲਣਗੇ। ਉਹਨਾਂ ਦੀ ਕਲਮ ਨੂੰ ਜਿੱਥੇ ਕਿਰਤੀ, ਮਜਦੂਰਾਂ, ਕਿਸਾਨਾਂ, ਔਰਤਾਂ ਤੇ ਦੱਬੇ ਕੁਚਲੇ ਲੋਕਾਂ ਦੀ ਗੱਲ ਕਰਦੀ ਹੋਣ ਕਾਰਨ ਲੋਕਾਂ ਦਾ ਬੇਸ਼ੁਮਾਰ ਪਿਆਰ ਹਾਸਲ ਹੋਇਆ ਉੱਥੇ ਹੀ ਲੋਕ ਵਿਰੋਧੀ ਸ਼ਕਤੀਆਂ ਨੂੰ ਇਹ ਕਲਮ ਕੰਡੇ ਵਾਂਗੂ ਚੁਭਦੀ ਵੀ ਸੀ। ਜਿਸ ਕਾਰਣ ਡਾ: ਔਲਖ ਨੂੰ ਬਹੁਤ ਵਾਰ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਇੱਥੋਂ ਤੱਕ ਕਿ ਜੇਲ੍ਹ ਵੀ ਜਾਣਾ ਪਿਆ। ਪਰ ਉਸ ਨੇ ਇਹਨਾਂ ਮੁਸੀਬਤਾਂ ਨੂੰ ਬੜੇ ਸਿਰੜ ਅਤੇ ਸਿਦਕਦਿਲੀ ਨਾਲ ਝੱਲਿਆ।

ਡਾ: ਔਲਖ ਦੇ ਨਾਟਕਾਂ ਦਾ ਵਿਸ਼ਾ ਆਮਤੌਰ ਤੇ ਪੇਂਡੂ ਜੀਵਣ ਨਾਲ ਸਬੰਧਤ ਹੈ। ਪਿੰਡਾਂ ਵਿੱਚ ਤਾਂ ਉਸਦੇ ਨਾਟਕ ਮਕਬੂਲ ਹੋਣੇ ਹੀ ਸਨ ਪਰ ਉਸ ਦੇ ਨਾਟਕਾਂ ਨੇ ਯੁਨੀਵਰਸਟੀਆਂ ਦੇ ਨਾਟਕ ਮੁਕਾਬਲਿਆਂ ਵਿੱਚ ਆਪਣੀ ਧਾਂਕ ਜਮਾਈ। ਪਹਿਲੀ ਵਾਰ ਉਸਦਾ ਅਜਿਹਾ ਮੁਕਾਬਲਾ ਚੰਡੀਗੜ੍ਹ ਵਿੱਚ ਹੋਇਆ ਜਿੱਥੇ ਸਥਾਪਤ ਨਾਟਕਕਾਰਾਂ ਨੇ ਵੱਡੇ ਵੱਡੇ ਸੈੱਟ ਲਾ ਕੇ ਆਪਣੇ ਨਾਟਕ ਖੇਡੇ। ਪਰ ਡਾ: ਔਲਖ ਦੀ ਟੀਮ ਦੁਆਰਾ ਸਿਰਫ ਇੱਕ ਖੁੰਢ ਰੱਖ ਕੇ ਕੀਤੀ ਸਟੇਜ ਸਜਾ ਨਾਲ ਖੇਡੇ ਨਾਟਕ 'ਬਿਗਾਨੇ ਬੋਹੜ ਦੀ ਛਾਂ' ਨੇ ਧੁੰਮਾਂ ਪਾ ਦਿੱਤੀਆ। ਜਿਸਦੀ ਚਰਚਾ ਸਿਰਫ ਪੰਜਾਬੀ ਪਰੈੱਸ ਹੀ ਨਹੀਂ ਸਗੋਂ ਕੌਮੀ ਪੱਧਰ ਤੇ ਹੋਈ। ਇਹ ਸੀ ਉਸ ਦੇ ਨਾਟਕਾਂ ਦੇ ਵਿਸ਼ੇ ਅਤੇ ਪੇਸ਼ਕਾਰੀ ਦਾ ਕਮਾਲ। ਉਸ ਦੇ ਹੋਰ ਨਾਟਕ "ਇੱਕ ਰਮਾਇਣ ਹੋਰ", "ਕਿਹਰ ਸਿੰਘ ਦੀ ਮੌਤ", "ਇੱਕ ਸੀ ਦਰਿਆ", "ਸੁੱਕੀ ਕੁੱਖ", "ਝਨਾਂ ਦੇ ਪਾਣੀ", "ਭੱਟ ਖੇੜਿਆਂ ਦਾ ਰਹਿਣਾ", "ਬ੍ਰਹਮਭੋਜ", "ਗਾਨੀ", "ਐਸੇ ਜਨਾਂ ਵਿਰਲੇ ਸੰਸਾਰੇ", "ਰਾਹਗੀਰ", "ਅਰਬਦ ਨਰਬਦ ਧੁੰਦੂਕਾਰਾ", "ਸੱਤ ਬਿਗਾਨੇ", "ਅੰਨ੍ਹੇ ਨਿਸ਼ਾਨਚੀ" ਅਤੇ ਸੰਨ 2006 ਵਿੱਚ ਸਾਹਿਤ ਅਕੈਡਮੀ ਅਵਾਰਡ ਜੇਤੂ ਨਾਟਕ "ਇਸ਼ਕ ਬਾਝ ਨਮਾਜ ਦਾ ਹੱਜ ਨਾਹੀ" ਬਹੁਤ ਹੀ ਜ਼ਿਆਦਾ ਸਲਾਹੁਣਯੋਗ ਕਿਰਤਾਂ ਹਨ। ਉਸ ਦੇ ਲਿਖੇ ਨਾਟਕ ਉਸਦੀ ਆਪਣੀ ਟੀਮ ਤੋਂ ਬਿਨਾਂ ਪੰਜਾਬ ਦੀ ਲੱਗਪੱਗ ਹਰ ਸਿਰ ਕੱਢਵੀਂ ਨਾਟਕ ਟੀਮ ਵਲੋਂ ਖੇਡੇ ਗਏ ਹਨ। ਡਾ. ਔਲਖ ਨਾਟਕ ਲੇਖਕ ਦੇ ਨਾਲ ਹੀ ਇੱਕ ਅਜਿਹਾ ਵਿਲੱਖਣ ਨਿਰਦੇਸ਼ਕ ਵੀ ਸੀ ਜੋ ਨਾਟਕ ਕਲਾਕਾਰੀ ਤੋਂ ਬਿਲਕੁੱਲ ਕੋਰੇ ਸਾਧਾਰਣ ਵਿਅਕਤੀਆਂ ਤੋਂ ਬਹੁਤ ਵਧੀਆ ਕਲਾਕਾਰੀ ਕਰਵਾ ਜਾਂਦਾ ਸੀ। ਕਨੇਡਾ ਵਿੱਚ ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਦੇ ਸੱਦੇ ਤੇ ਆ ਕੇ ਉਸ ਦੇ ਅਜਿਹੇ ਕੁੱਝ ਨਵੇਂ ਕਲਾਕਾਰ ਲੈ ਕੇ ਖੇਡੇ ਨਾਟਕ ਇਸ ਗੱਲ ਦਾ ਸਬੂਤ ਹਨ। ਪੇਂਡੂ ਜੀਵਨ ਨਾਲ ਸਬੰਧਤ ਉਸ ਦੇ ਨਾਟਕ ਪੰਜਾਬ ਦੇ ਲੋਕਾਂ ਵਾਂਗ ਹੀ ਕਨੇਡਾ ਦੇ ਲੋਕਾਂ ਵਲੋਂ ਵੀ ਸਲਾਹੇ ਗਏ।

ਉਸ ਦੀ ਹਰੇਕ ਰਚਨਾ ਜ਼ਿੰਦਗੀ ਦੀਆਂ ਕਠੋਰ ਅਤੇ ਠੋਸ ਹਕੀਕਤਾਂ ਨਾਲ ਜੁੜੀ ਹੋਈ ਹੈ। ਉਸ ਦੇ ਨਾਟਕ ਅੱਤਕਥਨੀ ਤੋਂ ਰਹਿਤ ਜ਼ਿੰਦਗੀ ਦੇ ਅਨੇਕਾਂ ਅਸਲੀ ਰੰਗਾਂ ਨਾਲ ਭਰੇ ਹੋਏ ਹਨ। ਉਸ ਦੇ ਨਾਟਕਾਂ ਦੇ ਵਿਸ਼ੇ ਅਤੇ ਉਹਨਾਂ ਵਿੱਚ ਪੇਸ਼ ਵਿਚਾਰ ਲੋਕ-ਪੱਖੀ ਹਨ ਤੇ ਇਹਨਾਂ ਵਿਚਾਰਾਂ ਨੂੰ ਉਸਨੇ ਬਹੁਤ ਹੀ ਮਨੋਰੰਜਕ ਡਾਇਲਾਗਾਂ ਰਾਹੀਂ ਅਤੇ ਨਾਟਕੀ ਮੋੜਾਂ ਰਾਹੀਂ ਪੇਸ਼ ਕੀਤਾ ਹੈ। ਉਹ ਜੀਵਨ ਦਾ ਜਬਰਦਸਤ ਢੰਗ ਨਾਲ ਯਥਾਰਥ ਚਿੱਤਰਣ ਵਾਲਾ ਇੱਕ ਮਹਾਨ ਕਲਾਕਾਰ ਹੈ। ਡਾ: ਔਲਖ ਭਾਅ ਜੀ ਗੁਰਸ਼ਰਨ ਸਿੰਘ ਵਾਂਗ ਹੀ ਲੋਕਾਂ ਦਾ ਇੱਕ ਯੋਧਾ ਨਾਟਕਕਾਰ ਹੈ ਜਿਹੜਾ ਆਪਣੀ ਮਿੱਟੀ ਦੇ ਲੋਕਾਂ ਦੇ ਅੰਗ ਸੰਗ ਜੀਵਿਆ ਹੈ। ਇਸੇ ਕਾਰਨ ਹੀ ਉਸ ਦੀ ਹਰ ਰਚਨਾ ਅਤੇ ਸਮੁੱਚੀ ਸ਼ਖਸ਼ੀਅਤ ਉਸ ਮਿੱਟੀ ਦੀ ਮਹਿਕ ਨਾਲ ਭਰੇ ਹੋਏ ਹਨ। ਉਸਦੇ ਨਾਟ-ਸੰਸਾਰ, ਸਾਹਿਤ ਸਿਰਜਣਾ, ਲੋਕਾਂ ਦੇ ਹਾਣ ਦੀ ਸਰਲ ਪੇਸ਼ਕਾਰੀ, ਪ੍ਰਤੀਬੱਧਤਾ, ਸਿਰੜ, ਸਿਦਕਦਿਲੀ, ਸਰਗਰਮੀਆਂ ਅਤੇ ਦੱਬੇ ਕੁਚਲੇ ਲੋਕਾਂ ਲਈ ਸਮਰਪਤ ਜੀਵਨ ਨੇ ਉਸ ਨੂੰ ਲੋਕਾਂ ਦੇ ਧੜੇ ਦਾ ਮਕਬੂਲ ਨਾਟਕਕਾਰ ਅਤੇ ਰੰਗਮੰਚ ਦਾ ਬੁਲੰਦ ਸਿਤਾਰਾ ਬਣਾ ਦਿੱਤਾ ਹੈ। ਮਾਰਚ 2015 ਵਿੱਚ ਸਥਾਪਤੀ ਦੁਆਰਾ ਪਾਏ ਅੜਿੱਕਿਆਂ ਅਤੇ ਖਰਾਬ ਮੌਸਮ ਦੇ ਬਾਵਜੂਦ ਵੀਹ ਹਜ਼ਾਰ ਲੋਕਾਂ ਦੇ ਭਰਵੇਂ ਇਕੱਠ ਵਿੱਚ ਉਸਨੂੰ "ਭਾਈ ਲਾਲੋ ਕਲਾ ਸਨਮਾਨ" ਮਿਲਣਾ ਆਪਣੇ ਆਪ ਵਿੱਚ ਇੱਕ ਵਿਲੱਖਣ ਅਤੇ ਇਤਿਹਾਸਕ ਘਟਨਾ ਹੈ। ਉਹ ਲੋਕਾਂ ਲਈ ਜੀਵਿਆ। ਉਸ ਦੀ ਜਿੰਦ ਜਾਨ ਲੋਕਾਂ ਵਿੱਚ ਸੀ। ਲੋਕ ਹੀ ਅਮਰ ਹੁੰਦੇ ਹਨ। ਇਸ ਲਈ ਜਿਨ੍ਹਾਂ ਦੀ ਜਾਨ ਲੋਕਾਂ ਵਿੱਚ ਹੁੰਦੀ ਹੈ ਉਹ ਵੀ ਅਮਰ ਹੁੰਦੇ ਹਨ।




ELECT
George Chahal
Councillor Ward 5
Diversity • Opportunity
Prosperity
VoteGeorge.ca

2017 ਕੈਲਗਰੀ ਸਿਟੀ ਚੋਣਾਂ ਦੌਰਾਨ ਜਾਰਜ ਚਹਿਲ ਕੌਂਸਲਰ ਦੇ ਉਮੀਦਵਾਰ ਹਨ



ਮੈਨੂੰ ਪਿਛਲੇ ਦਿਨਾਂ ਵਿੱਚ ਟੀਮ ਇੰਡੀਆ ਬਾਲ ਹਾਕੀ ਦੀ ਟੀਮ ਨੂੰ ਕੋਚ ਕਰਨ ਦਾ ਮੌਕਾ ਮਿਲਿਆ। ਸਾਡੀ ਟੀਮ ਇੰਡੀਆ ਯੂਰੋਪ ਵਿਚ ਹਾਕੀ ਚੈਪੀਅਨਸ਼ਿਪ ਖੇਡਣ ਗਈ ਸੀ। ਇਸ ਟੀਮ ਵਿਚ ਸਾਰੇ ਹੀ ਖਿਡਾਰੀ (ਪਲੇਅਰ) ਕੈਨੇਡੀਅਨ ਜੰਮਪਲ ਸਨ। ਸਾਰੀ ਟੀਮ ਵਿਚ ਬਹੁਤ ਹੀ ਜੋਸ਼ ਸੀ ਅਤੇ ਸਾਰੀ ਟੀਮ ਦਾ ਆਪਸ ਵਿਚ ਬਹੁਤ ਹੀ ਵਧੀਆ ਤਾਲਮੇਲ ਸੀ।

ਮੈਂ ਪੂਰਨ ਤੌਰ 'ਤੇ ਵਿਸ਼ਵਾਸ ਰੱਖਦਾ ਹਾਂ ਕਿ ਪੂਰਨ ਤੌਰ 'ਤੇ ਛੋਟੇ ਬੱਚਿਆਂ ਨੂੰ ਕੋਈ ਨਾ ਕੋਈ ਖੇਡ ਜ਼ਰੂਰ ਖੇਡਣੀ ਚਾਹੀਦੀ ਹੈ ਕਿਉਂਕਿ ਖੇਡਾਂ ਖੇਡਣ ਨਾਲ ਸਰੀਰ ਰੋਗ ਮੁਕਤ ਤੇ ਦਿਮਾਗ ਚੁਸਤ ਹੁੰਦਾ ਹੈ। ਬੱਚਿਆਂ ਵਿਚ ਇਕੱਠੇ ਰਹਿ ਕੇ ਖੇਡਣ ਤੇ ਵਧੀਆ ਤਾਲਮੇਲ ਪੈਦਾ ਹੁੰਦਾ ਹੈ।

ਸੋ ਇਸ ਲਈ ਜੀਨੀਅਸ ਸੈਂਟਰ ਵਰਗੀਆਂ ਹੋਰ ਵੀ ਸਹੂਲਤਾਂ ਦਾ ਬਣਨਾ ਜ਼ਰੂਰੀ ਹੋ ਜਾਂਦਾ ਹੈ। ਜਿਥੇ ਛੋਟੇ ਬੱਚੇ, ਬਜ਼ੁਰਗ ਅਤੇ ਔਰਤਾਂ ਇਨ੍ਹਾਂ ਸਹੂਲਤਾਂ ਵਿਚ ਇਕੱਠ ਹੋ ਸਕਣ, ਇਨ੍ਹਾਂ ਸਹੂਲਤਾਂ ਦੀ ਵਧੀਆ ਤਰੀਕੇ ਨਾਲ ਵਰਤੋਂ ਕਰਦੇ ਹੋਏ ਆਪਣੀ ਸਿਹਤ ਨੂੰ ਚੰਗਾ ਬਣਾ ਸਕਦੇ ਹਨ।

ਇਹ ਇਕ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਨਾਰਥ ਈਸਟ ਦਾ ਨੈਲਸਨ ਮੰਡੇਲਾ ਹਾਈ ਸਕੂਲ ਵਿਚ ਕੋਈ ਵੀ ਜਿਮ ਨਹੀਂ ਹੈ ਤੇ ਕਿਸੇ ਵੀ ਤਰ੍ਹਾਂ ਵੀ ਸਰੀਰਕ ਕਸਰਤ ਕਰਨ ਲਈ ਕੋਈ ਵੀ ਥਾਂ ਨਹੀਂ ਹੈ ਪਰ ਸ਼ਹਿਰ ਦਾ ਬਾਕੀ ਸਾਰੇ ਹਿੱਸੇ ਦੇ ਜਿੰਨੇ ਸਕੂਲ ਹਨ ਉਨ੍ਹਾਂ ਵਿਚ ਸਕੂਲ ਜਿੰਮ ਵਰਗੀਆਂ ਸਾਰੀਆਂ ਸਹੂਲਤਾਂ ਮੌਜੂਦ ਹਨ।

ਇਸ ਤੋਂ ਇਲਾਵਾ ਮੈਂ ਸ਼ਹਿਰ ਵਿਚ ਸਸਤੇ ਘਰ ਤੇ ਸੈਕੰਡਰੀ ਸੂਟਸ ਦੀ ਵੀ ਬਹੁਤ ਹਮਾਇਤ ਕਰਦਾ ਹਾਂ। ਕਿਉਂਕਿ ਨਵੇਂ ਇੰਮੀਗਰਾਂਟ ਨੂੰ ਸੈਟਲ ਹੋਣ ਤੇ ਛੋਟੇ ਕਾਰੋਬਾਰ ਨੂੰ ਵਧਾਉਣ ਫੈਲਾਉਣ ਵਿਚ ਬਹੁਤ ਹੀ ਮਦਦ ਕਰਦੇ ਹਨ। ਮੇਰਾ ਇਹ ਮੰਨਣਾ ਹੈ ਕਿ ਨਵੇਂ ਇੰਮੀਗਰਾਂਟ ਅਤੇ ਛੋਟੇ ਕਾਰੋਬਾਰੀ ਕੈਨੇਡਾ ਦੀ ਆਰਥਿਕ ਰੀੜ ਹੱਡੀ (Back Bone) ਹੁੰਦੇ ਹਨ।

- 2006-2008 ਨਾਰਦਰਨ ਹਿੱਲ ਕਮਿਊਨਿਟੀ ਐਸੋਸੀਏਸ਼ਨ ਦੀ ਯੋਜਨਾ ਕਮੇਟੀ ਦੇ ਮੈਂਬਰ
- 2007-2009 ਕੈਲਗਰੀ ਰੀਅਲ ਅਸਟੇਟ ਦੀ ਸਰਕਾਰੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ
- 2007-2015 ਕੈਲਗਰੀ ਹੋਮਬਿਲਡਰਜ਼ ਐਸੋਸੀਏਸ਼ਨ ਦੀ ਇਕਨਾਮਿਕਸ ਕਮੇਟੀ ਦੇ ਮੈਂਬਰ
- 2011-2015 ਕੈਲਗਰੀ ਇੰਨਰ-ਸਿਟੀ ਬਿਲਡਰਜ਼ ਕਮੇਟੀ ਦੇ ਮੈਂਬਰ

2007 ਦੀਆਂ ਨਗਰ ਚੋਣਾਂ ਕੌਂਸਲਰ ਦੀ ਚੋਣ ਵਿਚ ਸਿਰਫ਼ 33 ਵੋਟਾਂ ਦੇ ਫਰਕ ਨਾਲ ਜਿਮ ਸਟੀਵਨਸਨ ਤੋਂ ਪਿਛੇ ਰਹਿ ਚੁੱਕੇ, ਇਸ ਵਾਰ ਬੜੀ ਨਿਮਰਤਾ ਨਾਲ ਜਾਰਜ ਚਾਹਲ ਵਲੋਂ ਬੇਨਤੀ ਹੈ ਕਿ ਮੈਨੂੰ ਪੂਰਾ-ਪੂਰਾ ਸਹਿਯੋਗ ਦੇ ਕੇ ਸਫਲ ਬਣਾਓ ਜੀ ਤਾਂ ਕਿ ਮੈਂ ਪ੍ਰਭਾਵਸ਼ਾਲੀ ਢੰਗ ਨਾਲ ਕੈਲਗਰੀ ਸਿਟੀ ਦੇ ਪ੍ਰਬੰਧਕੀ ਸਿਸਟਮ ਵਿਚ ਤੁਹਾਡੀ ਆਵਾਜ਼ ਬਣਕੇ ਤੁਹਾਡੀ ਪ੍ਰਤੀਨਿਧਤਾ ਕਰ ਸਕਾਂ।

www.votegeorge.ca

# ਸੀਨੀਅਰ ਐਸੋਸੀਏਸ਼ਨ ਦੇ ਸਭਿਆਚਾਰਕ ਮੇਲੇ ਦੀਆਂ ਮੂੰਹ ਬੋਲਦੀਆਂ ਤਸਵੀਰਾਂ













Homelife Silvercity Realty Inc. Annual Family Picnic held June 24, 2017 Heart Lake Conservation Area. It was a Great Successful Event with Huge Gathering. Special Thanks to Mr. Ed Puplin from Homelife International. There were many of our elected candidates at the picnic along with the various media groups. As seen in the pictures, it was a wonderful event for families to friends to gather and spend the day outside together.






HomeLife Liberty Realty Inc.
Brokerage, Independently Owned & Operated
Nachhater Singh Badesha
SALES REPRESENTATIVE
Cell: 647-267-3397
Off: 905-293-9595
Fax: 905-293-9590
nbadesha@yahoo.ca
7895 Tranmere Dr., Unit 22
Mississauga ON L5S 1V9
"The Professional with Integrity"



ROYAL STAR
Realty Inc. Brokerage
"Royal People Deserve Royal Service"
Nahar Aujla
Broker
Dir: 416-728-5686
Avtar Aujla
Sales Representative
Dir: 905-459-5686
E-mail: naharaujla@yahoo.ca
511 Ray Lawson Blvd. Unit 8, Brampton, ON L6Y 0N2
Bus: 905-793-1111 • Fax: 905-793-1455



# ਉਪਭੋਗਤਾਵਾਦ-ਬਾਜ਼ਾਰੂ ਤਾਕਤਾਂ ਦੀ ਗੁਲਾਮੀ





ਗੁਰਚਰਨ ਨੂਰਪੁਰ
98550-5109

ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਬਦਲਾਅ ਦਾ ਵੇਗ ਪਹਿਲਾਂ ਦੇ ਮੁਕਾਬਲੇ ਤੇਜ਼ ਹੋ ਗਿਆ ਹੈ। ਵਿਕਾਸ ਲਈ ਬਦਲਾਅ ਜ਼ਰੂਰੀ ਹੈ, ਪਰ ਵੇਖਣਾ ਇਹ ਹੋਵੇਗਾ ਕਿ ਜੋ ਬਦਲਾਅ ਆ ਰਹੇ ਹਨ ਇਹ ਪਹਿਲਾਂ ਨਾਲੋਂ ਕੁਝ ਚੰਗਾ ਸਿਰਜਣ ਦੀ ਦਿਸ਼ਾ ਵੱਲ ਹਨ? ਜਾਂ ਉਸ ਨੂੰ ਤਹਿਸ ਨਹਿਸ ਤਾਂ ਨਹੀਂ ਕਰ ਦੇਣਗੇ? ਅੱਜ ਬੜੀ ਸ਼ਿੱਦਤ ਨਾਲ ਇਹ ਗੱਲ ਵਿਚਾਰਨ ਦੀ ਲੋੜ ਹੈ ਕਿ ਸੰਸਾਰ ਨੂੰ ਸੰਚਾਲਤ ਕਰਦੀਆਂ ਸ਼ਕਤੀਆਂ ਹੁਣ ਅਵਾਮ ਨੂੰ ਜਿਸ ਰਾਹ 'ਤੇ ਲੈ ਤੁਰੀਆਂ ਹਨ, ਉਹ ਰਾਹ ਜ਼ਿੰਦਗੀ ਵੱਲ ਜਾਂਦਾ ਹੈ ਜਾਂ ਇਸ ਦੇ ਵਿਨਾਸ਼ ਦਾ ਮੁੱਢ ਬੰਨਦਾ ਹੈ?

ਪੁਰਾਣੇ ਸਮਿਆਂ ਦੌਰਾਨ ਮਨੁੱਖੀ ਜੀਵਨ ਪੂਰੀ ਤਰ੍ਹਾਂ ਕੁਦਰਤ 'ਤੇ ਨਿਰਭਰ ਸੀ। ਮਨੁੱਖ ਦੀਆਂ ਲੋੜਾਂ ਸੀਮਤ ਸਨ। ਫ਼ਸਲਾਂ ਪੈਦਾ ਕਰਨ ਦਾ ਹੁਨਰ, ਧਰਮ ਵਿੱਚ ਆਸਥਾ, ਸੀਮਤ ਸਿੱਖਿਆ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਆਦਿ ਨੂੰ ਉਹ ਆਪਣੇ ਆਲੇ ਦੁਆਲੇ ਵਿੱਚੋਂ ਸੁੱਤੇ ਸਿੱਧ ਹੀ ਸਿੱਖ ਜਾਂਦਾ ਸੀ, ਇਸ ਲਈ ਉਸ ਨੂੰ ਕੋਈ ਖ਼ਾਸ ਤਰੱਦਦ ਨਹੀਂ ਕਰਨਾ ਪੈਂਦਾ ਸੀ। ਅੱਜ ਦੇ ਯੁੱਗ ਨੂੰ ਅਸੀਂ ਗਿਆਨ ਵਿਗਿਆਨ ਦਾ ਯੁੱਗ ਕਹਿੰਦੇ ਹਾਂ, ਪਰ ਹੁਣ ਹਕੀਕਤ ਇਹ ਨਹੀਂ ਰਹੀ। ਗੱਲ ਇਸ ਤੋਂ ਅਗਾਂਹ ਤੁਰ ਗਈ ਹੈ। ਅੱਜ ਦਾ ਯੁੱਗ ਗਿਆਨ ਵਿਗਿਆਨ ਦਾ ਨਹੀਂ ਬਲਕਿ ਬਾਜ਼ਾਰ ਦਾ ਯੁੱਗ ਹੈ। ਧਰਮ, ਸੱਭਿਆਚਾਰ, ਰਾਜਨੀਤੀ ਅਤੇ ਸਿੱਖਿਆ ਆਦਿ ਤਰਜੀਹਾਂ ਜੋ ਕਿਸੇ ਵੀ ਸਮਾਜ ਨੂੰ ਦਿਸ਼ਾ ਦਿੰਦੀਆਂ ਹਨ। ਹੁਣ ਇਨ੍ਹਾਂ ਚਾਰੋਂ ਤਰਜੀਹਾਂ 'ਤੇ ਬਾਜ਼ਾਰ ਭਾਰੂ ਹੋ ਗਿਆ ਹੈ। ਜਿੱਥੇ ਸਿੱਖਿਆ ਦੇ ਨਾਮ 'ਤੇ ਇੱਕ ਵੱਡਾ ਬਾਜ਼ਾਰ ਪੂਰੀ ਦੁਨੀਆਂ ਵਿੱਚ ਸੰਚਾਲਤ ਹੋ ਗਿਆ ਹੈ ਉੱਥੇ ਧਰਮ ਕਰਮ ਦੇ ਨਾਮ 'ਤੇ ਇੱਕ ਵਿਸ਼ਾਲ ਬਾਜ਼ਾਰ ਸੰਚਾਰ ਸਾਧਨਾਂ ਦੇ ਮਾਧਿਅਮ ਰਾਹੀਂ ਸਾਡੇ ਅੱਗੇ ਖੁੱਲ੍ਹ ਗਿਆ ਹੈ। ਇਹ ਸਾਡੀ ਰਾਜਨੀਤਕ ਵਿਵਸਥਾ ਨੂੰ ਸੰਚਾਲਤ ਕਰਨ ਵਾਲੀਆਂ ਬਾਜ਼ਾਰੂ ਤਾਕਤਾਂ ਹਨ ਜੋ ਰਾਜਨੀਤਕ ਵਿਵਸਥਾ ਨੂੰ ਆਪਣੇ ਅਨੁਸਾਰ ਵਰਤ ਕੇ ਹਰ ਦਿਨ ਪਹਿਲਾਂ ਦੇ ਮੁਕਾਬਲੇ ਵੱਧ ਤਾਕਤਵਰ ਹੋ ਰਹੀਆਂ ਹਨ। ਇਸੇ ਤਰ੍ਹਾਂ ਸਾਡੇ ਤਿਉਹਾਰਾਂ, ਵਿਆਹਾਂ, ਫ਼ਿਲਮਾਂ, ਗੀਤਾਂ 'ਤੇ ਬਾਜ਼ਾਰ ਕਾਬਜ਼ ਹੈ ਜੋ ਸਾਨੂੰ ਆਪਣੇ ਅਨੁਸਾਰ ਢਾਲਦਾ ਹੈ। ਸਾਡੇ ਲਈ ਇਹ ਭਰਮ ਸਿਰਜਿਆ ਜਾਂਦਾ ਹੈ ਕਿ ਬਾਜ਼ਾਰ ਸਾਡੀਆਂ ਲੋੜਾਂ ਦੀ ਪੂਰਤੀ ਕਰਦਾ ਹੈ, ਪਰ ਅਸਲ ਵਿੱਚ ਬਾਜ਼ਾਰੂ ਤਾਕਤਾਂ ਇਹ ਦੇਖਦੀਆਂ ਹਨ ਕਿ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਦੇ ਮੂਲ ਸਰੋਤ ਕੀ ਹਨ, ਉਨ੍ਹਾਂ 'ਤੇ ਕਾਬਜ਼ ਹੋਇਆ ਜਾਵੇ। ਮਨੁੱਖਤਾ ਨੂੰ ਇੱਕ ਅਜਿਹੀ ਅਦਿੱਖ ਗ਼ੁਲਾਮੀ ਵੱਲ ਧੱਕਿਆ ਜਾ ਰਿਹਾ ਹੈ ਜਿਸ ਦਾ ਉਸ ਨੂੰ ਅਹਿਸਾਸ ਨਹੀਂ ਹੈ। ਧਰਮ, ਰਾਜਨੀਤੀ, ਸੱਭਿਆਚਾਰ ਅਤੇ ਸਿੱਖਿਆ ਨੂੰ ਤਾਂ ਹੁਣ ਬਾਜ਼ਾਰੂ ਤਾਕਤਾਂ ਸੰਚਾਲਿਤ ਕਰਦੀਆਂ ਹਨ। ਸੰਚਾਰ ਦੇ ਸਾਧਨਾਂ 'ਤੇ ਵੀ ਇਹੋ ਤਾਕਤਾਂ ਕਾਬਜ਼ ਹਨ। ਉਹ ਹੁਣ ਮਨੁੱਖ ਲਈ ਹਰ ਤਰ੍ਹਾਂ ਦੇ ਭਰਮ ਸਿਰਜਣ ਦੇ ਸਮਰੱਥ ਹਨ। ਇਹ ਤਾਕਤਾਂ ਇਸ ਮਨੋਵਿਗਿਆਨ ਨੂੰ ਸਮਝ ਗਈਆਂ ਹਨ ਕਿ ਜੇਕਰ ਬੱਕਰੀ ਦੇ ਮੇਮਣੇ ਨੂੰ ਵਾਰ ਵਾਰ ਕੁੱਤਾ ਕਿਹਾ ਜਾਵੇ ਤਾਂ ਵੱਡੀ ਗਿਣਤੀ ਨੂੰ ਉਹ ਕੁੱਤਾ ਨਜ਼ਰ ਆਉਣ ਲੱਗ ਪੈਂਦਾ ਹੈ।

ਖ਼ਬਰਾਂ/ਜਾਣਕਾਰੀਆਂ ਦੇ ਸਾਧਨਾਂ ਦਾ ਕੰਮ ਹੁਣ ਅਵਾਮ ਨੂੰ ਹਰ ਤਰ੍ਹਾਂ ਦੇ ਵਰਤਾਰਿਆਂ ਤੋਂ ਜਾਣੂ ਕਰਾਉਣ ਦੀ ਕੋਸ਼ਿਸ਼ ਵਿੱਚ ਨਹੀਂ ਬਲਕਿ ਵਰਗਲਾਉਣ ਦੀ ਕੋਸ਼ਿਸ਼ ਵਧੇਰੇ ਹੁੰਦੀ ਹੈ। ਹੁਣ ਬਾਜ਼ਾਰ ਨਿਰਧਾਰਤ ਕਰਦਾ ਹੈ ਕਿ ਮਨੁੱਖ ਨੂੰ ਕੀ, ਕਿੰਨਾ ਅਤੇ ਕਿਸ ਤਰ੍ਹਾਂ ਦੱਸਣਾ ਹੈ। ਇਹ ਹੀ ਨਿਰਧਾਰਤ ਕਰਦਾ ਹੈ ਕਿ ਮਨੁੱਖ ਨੂੰ ਕੀ, ਕਿਵੇਂ ਅਤੇ ਕਿੰਨਾ ਵੇਚਿਆ ਜਾ ਸਕਦਾ ਹੈ। ਮਨੁੱਖ ਕੀ ਖਾਵੇ, ਕੀ ਪਹਿਨੇ ਅਤੇ ਕਿਸ ਤਰ੍ਹਾਂ ਦਾ ਬਣਕੇ ਰਹੇ, ਇਹ ਬਾਜ਼ਾਰ ਤੈਅ ਕਰਦਾ ਹੈ। ਬਾਜ਼ਾਰ ਦੀ ਇਹ ਲੋੜ ਨਹੀਂ ਕਿ ਗਿਆਨਵਾਨ ਮਨੁੱਖ ਪੈਦਾ ਹੋਣ, ਬਾਜ਼ਾਰ ਨੂੰ ਗਾਹਕ ਚਾਹੀਦੇ ਹਨ। ਮੁਨਾਫਾ ਉਸ ਦੀ ਤਰਜੀਹ ਹੈ। ਆਧੁਨਿਕਤਾ ਦੇ ਨਾਮ 'ਤੇ ਖਪਤ ਸੱਭਿਅਚਾਰ ਦੀਆਂ ਤਰਜੀਹਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

ਇਸ ਵੱਲੋਂ ਆਪਣੀਆਂ ਲੋਕ ਮਾਰੂ ਨੀਤੀਆਂ ਨੂੰ ਇਸ ਤਰ੍ਹਾਂ ਅੱਗੇ ਵਧਾਇਆ ਜਾਂਦਾ ਹੈ ਕਿ ਲੋਕਾਂ ਨੂੰ ਇਹ ਲੁਭਾਉਣੀਆਂ ਨਜ਼ਰ ਆਉਂਦੀਆਂ ਹਨ। ਜੰਗਲੀ ਇਲਾਕਿਆਂ ਨੂੰ ਇਹ ਕਹਿ ਕੇ ਖਾਲੀ ਕਰਵਾ ਲਿਆ ਜਾਂਦਾ ਹੈ ਕਿ ਇੱਥੇ ਲੋਕਾਂ ਦਾ ਵਿਕਾਸ ਕੀਤਾ ਜਾਵੇਗਾ, ਉਨ੍ਹਾਂ ਨੂੰ ਪੱਕੇ ਵਧੀਆ ਘਰ ਬਣਾ ਕੇ ਦਿੱਤੇ ਜਾਣਗੇ। ਜਦੋਂਕਿ ਫੈਕਟਰੀਆਂ ਕਾਰਖਾਨਿਆਂ ਦੇ ਗੰਦ ਨਾਲ ਨਦੀਆਂ ਨਾਲਿਆਂ ਅਤੇ ਪਾਣੀ ਦੇ ਸੋਮਿਆਂ ਨੂੰ ਬਰਬਾਦ ਕੀਤਾ ਜਾਂਦਾ ਹੈ। ਲੋਕ ਵਿਰੋਧ ਕਰਦੇ ਹਨ, ਪਰ ਇਹ ਵਰਤਾਰੇ ਰਾਜਨੀਤੀ ਦੀ ਸ਼ਹਿ ਨਾਲ ਉਵੇਂ ਹੀ ਚੱਲਦੇ ਰਹਿੰਦੇ ਹਨ। ਫਿਰ ਲੋਕ ਬਰਬਾਦ ਹੁੰਦੇ ਹਨ, ਬਿਮਾਰੀਆਂ ਦੇ ਸ਼ਿਕਾਰ ਹੁੰਦੇ ਹਨ, ਫਿਰ ਉਹੀ ਤਾਕਤਾਂ ਉਨ੍ਹਾਂ ਲਈ ਮੁਫ਼ਤ ਟੈਸਟ ਵਾਲੀਆਂ ਲੈਬਾਂ ਲੈ ਕੇ ਆ ਜਾਂਦੀਆਂ ਹਨ। ਮੁਫ਼ਤ ਚੈੱਕਅਪ ਕੈਂਪ ਲਾਏ ਜਾਂਦੇ ਹਨ। ਅਖੌਤੀ ਸਮਾਜ ਸੇਵੀ ਜਥੇਬੰਦੀਆਂ ਨੂੰ ਇਨ੍ਹਾਂ ਸਭ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਭਾਈਵਾਲ ਬਣਾ ਲਿਆ ਜਾਂਦਾ ਹੈ। ਪ੍ਰਸਥਿਤੀਆਂ ਬਦਲ ਜਾਂਦੀਆਂ ਹਨ। ਲੋਕ ਉਨ੍ਹਾਂ ਦੀਆਂ ਸਭ ਤਰ੍ਹਾਂ ਦੀਆਂ ਕੁਟਲ ਨੀਤੀਆਂ ਨੂੰ ਭੁੱਲ ਜਾਂਦੇ ਹਨ ਜੋ ਉਨ੍ਹਾਂ ਦੀ ਬਰਬਾਦੀ ਲਈ ਜ਼ਿੰਮੇਵਾਰ ਹੁੰਦੀਆਂ ਹਨ। ਲੋਕ ਸਵਾਲ ਨਹੀਂ ਕਰਦੇ ਕਿ ਸਾਡੇ ਖਣਿਜਾਂ, ਪਾਣੀਆਂ, ਨਦੀਆਂ, ਦਰਿਆਵਾਂ ਨੂੰ ਬਰਬਾਦ ਕਿਉਂ ਕੀਤਾ ਜਾ ਰਿਹਾ ਹੈ? ਹਾਲਾਤ ਅਜਿਹੇ ਬਣਾ ਦਿੱਤੇ ਜਾਂਦੇ ਹਨ ਕਿ ਬਰਬਾਦੀ ਦੇ ਭੰਨੇ ਲੋਕ ਕਿਸੇ ਤਰ੍ਹਾਂ ਦਾ ਉਜਰ ਕਰਨ ਦੀ ਹਾਲਤ ਵਿੱਚ ਨਹੀਂ ਰਹਿੰਦੇ।

ਇਸ ਸਭ ਦਾ ਦੁਖਦਾਈ ਪੱਖ ਇਹ ਹੈ ਕਿ ਸਾਡੇ ਸਮਾਜ ਦੀ ਬਹੁਗਿਣਤੀ ਅਜਿਹੀਆਂ ਲੋਕ ਮਾਰੂ ਨੀਤੀਆਂ ਤੋਂ ਬੇਖ਼ਬਰ ਹੈ। ਅੱਜ ਸਭ ਤਰ੍ਹਾਂ ਦੇ ਵਰਤਾਰੇ ਇੰਨੀ ਤੇਜ਼ੀ ਨਾਲ ਵਾਪਰ ਰਹੇ ਹਨ ਕਿ ਆਮ ਇਨਸਾਨ ਲਈ ਇਨ੍ਹਾਂ ਨੂੰ ਸਮਝਣਾ ਸੌਖਾ ਨਹੀਂ ਰਿਹਾ। ਨੋਟਬੰਦੀ ਦੀ ਮਿਸਾਲ ਸਾਡੇ ਸਾਹਮਣੇ ਹੈ। ਇਸ ਨਾਲ ਪੂਰੇ ਦੇਸ਼ ਦੀ ਅਰਥਵਿਵਸਥਾ ਖਿੰਡ-ਪੁੰਡ ਗਈ। ਗ਼ਰੀਬਾਂ ਤੇ ਛੋਟੇ ਕਾਰੋਬਾਰੀਆਂ ਨੂੰ ਇਸ ਵਿੱਚ ਸਭ ਤੋਂ ਵੱਧ ਮਾਰ ਪਈ, ਪਰ ਬੜੇ ਸੋਚੇ ਸਮਝੇ ਢੰਗ ਨਾਲ ਲੋਕਾਂ ਦੇ ਦਿਮਾਗ਼ ਅੰਦਰ ਇਹ ਗੱਲ ਪਾਈ ਗਈ ਕਿ ਇਹ ਤਾਂ ਚਾਰ ਦਿਨ ਦੀ ਪ੍ਰੇਸ਼ਾਨੀ ਹੈ। ਭਾਵ ਗ਼ਰੀਬੀ ਤਾਂ ਕੱਟੀ ਜਾਵੇਗੀ, ਇਸ ਲਈ ਸਾਡਾ ਅੱਜ ਔਖੇ ਹੋਣਾ ਦੇਸ਼ ਹਿੱਤ ਵਿੱਚ ਹੈ। ਲੋਕਾਂ ਨੂੰ ਇਹ ਅਹਿਸਾਸ ਕਰਾ ਦਿੱਤਾ ਕਿ ਕੁਝ ਦਿਨਾਂ ਬਾਅਦ ਦੇਸ਼ ਵਿੱਚ ਕੋਈ ਇਨਕਲਾਬ ਆਉਣ ਵਾਲਾ ਹੈ। ਵੇਲਾ ਲੰਘਣ ਬਾਅਦ ਇਸ 'ਤੇ ਪਰਦਾ ਪਾਉਣ ਲਈ ਇਸ ਨੂੰ ਡਿਜੀਟਲ ਲੈਣ ਦੇਣ ਨਾਲ ਜੋੜ ਦਿੱਤਾ। ਡੇਢ ਸੌ ਦੇ ਕਰੀਬ ਵਿਅਕਤੀ ਕਤਾਰਾਂ ਵਿੱਚ ਲੱਗ ਕੇ ਮਰ ਗਏ, ਕਰੋੜਾਂ ਲੋਕਾਂ ਦੇ ਧਨ ਅਤੇ ਕੀਮਤੀ ਸਮੇਂ ਦੀ ਬਰਬਾਦੀ ਕਿਸ ਅਰਥ ਲੱਗੀ? ਸਮਾਂ ਲੰਘਣ 'ਤੇ ਹੁਣ ਕੋਈ ਧਿਰ ਇਹ ਸਵਾਲ ਨਹੀਂ ਉਠਾ ਰਹੀ ਕਿ ਪਿਛਲੇ ਕਈ ਮਹੀਨਿਆਂ ਦੌਰਾਨ ਦੇਸ਼ ਦੇ ਕਰੋੜਾਂ ਲੋਕਾਂ ਨੇ ਜੋ ਮੁਸੀਬਤਾਂ ਝੱਲੀਆਂ ਹਨ, ਉਨ੍ਹਾਂ ਨਾਲ ਕੀ ਕੁਝ ਬਿਹਤਰ ਹੋਇਆ ਹੈ? ਇਸ ਉਦਾਹਰਨ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਬਹੁਗਿਣਤੀ ਨੂੰ ਹਰ ਤਰ੍ਹਾਂ ਦੀਆਂ ਸਥਿਤੀਆਂ ਲਈ ਤਿਆਰ ਕਰ ਲਿਆ ਜਾਂਦਾ ਹੈ। ਇਸ ਵਰਤਾਰੇ ਦਾ ਦੂਜਾ ਪੱਖ ਇਹ ਵੀ ਹੈ ਕਿ ਸਾਡੀ ਸਵਾਲ ਕਰਨ ਦੀ ਆਦਤ ਨੂੰ ਖ਼ਤਮ ਕਰ ਦਿੱਤਾ ਜਾਂਦਾ ਹੈ।

ਇੱਥੇ ਸਵਾਲ ਪੈਦਾ ਹੁੰਦਾ ਹੈ ਆਮ ਲੋਕਾਂ ਦੀ ਇਨ੍ਹਾਂ ਸਭ ਵਰਤਾਰਿਆਂ ਨੂੰ ਜਾਨਣ ਦੀ ਸਮਝ ਕਿਵੇਂ ਬਣੇ? ਇਸ ਲਈ ਲੋੜ ਇਸ ਗੱਲ ਦੀ ਹੈ ਕਿ ਵੱਡੇ ਯਤਨ ਕਰਕੇ ਆਮ ਲੋਕਾਂ ਨੂੰ ਇਨ੍ਹਾਂ ਵਰਤਾਰਿਆਂ ਦੀ ਸਮਝ ਦਿੱਤੀ ਜਾਵੇ, ਲੋਕਾਂ ਨੂੰ ਸਾਹਿਤ ਨਾਲ ਜੋੜਿਆ ਜਾਵੇ। ਪਰ ਸਾਡੇ ਨੌਜੁਆਨ ਆਪਣੀ ਬੌਧਿਕ ਦਸ਼ਾ ਨੂੰ ਸੰਵਾਰਨ ਦੀ ਬਜਾਏ ਸਾਰਾ ਜ਼ੋਰ ਬਾਹਰੀ ਦਿੱਖ ਨੂੰ ਸੰਵਾਰਨ 'ਤੇ ਲਗਾ ਰਹੇ ਹਨ। ਸਰੀਰਿਕ ਤੰਦਰੁਸਤੀ ਦੀ ਬਜਾਇ ਬਾਹਰੀ ਸੁੰਦਰਤਾ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ ਪੜ੍ਹਨ ਪੜ੍ਹਾਉਣ ਦਾ ਮਕਸਦ ਸਿੱਧਾ ਆਰਥਿਕਤਾ ਨਾਲ ਜੁੜ ਗਿਆ ਹੈ। ਮਾਨਵਜਾਤੀ ਲਈ ਇਹ ਸ਼ੁੱਭ ਨਹੀਂ। ਪੜ੍ਹ ਕੇ ਗਿਆਨਵਾਨ ਹੋ ਕੇ ਮਨੁੱਖ ਦੀ ਪ੍ਰਾਥਮਿਕਤਾ ਇਸ ਸਮਾਜ ਨੂੰ ਹੋਰ ਚੰਗਾ ਬਣਾਉਣ ਲਈ ਹੋਣੀ ਚਾਹੀਦੀ ਹੈ, ਪਰ ਇਹ ਅਮਲ ਪਿੱਛੇ ਰਹਿ ਗਿਆ ਹੈ। ਸਾਹਿਤਕਾਰਾਂ ਵਿਦਵਾਨਾਂ, ਬੁੱਧੀਜੀਵੀਆਂ, ਅਖ਼ਬਾਰਾਂ ਦਾ ਇਹ ਫਰਜ਼ ਬਣਦਾ ਹੈ ਉਹ ਉਨ੍ਹਾਂ ਤਰਜੀਹਾਂ ਤੋਂ ਮਨੁੱਖਤਾ ਨੂੰ ਸੁਚੇਤ ਕਰਨ ਜੋ ਉਸ ਨੂੰ ਵਰਗਲਾ ਕੇ ਉਸ ਲਈ ਬਰਬਾਦੀ ਦਾ ਮੁੱਢ ਬੰਨ੍ਹ ਰਹੀਆਂ ਹਨ।

ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਅਤੇ ਕੈਲਗਰੀ ਹਾਕਸ ਫੀਲਡ ਹਾਕੀ ਅਕੈਡਮੀ
ਦੇ ਸਾਂਝੇ ਉੱਦਮ ਤੇ ਤਹਿਤ ਪੰਜਾਬੀ ਬੋਲੀ ਸਿਖਾਉਣ ਦੀਆਂ ਮੁਫਤ ਕਲਾਸਾਂ ਹਰ ਐਤਵਾਰ
ਜੈਨੇਸਿਸ ਸੈਂਟਰ ਵਿਚ 1000 ਵਾਇਸਜ਼ ਵਿੱਚ ਲਗਾਈਆਂ ਜਾਂਦੀਆਂ ਹਨ।
ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਿਹਰ 12 ਵਜੇ ਤੱਕ
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਮਾਸਟਰ ਭਜਨ ਸਿੰਘ: 403-455-4220 ਸੁਖਵੀਰ ਗਰੇਵਾਲ: 403-402-0770

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6

GALAXY Freightline Inc.
Hiring Drivers/Owners/Operators
We Offer:
*Competitive Salary
*Fuel Cards
*Late Model Equipment
*NewPay Package
*On Site Maintenance Facility
*Extra Drops and Pickups Paid
*Guaranteed Miles Per Month
*Guaranteed Home Time
We Require:
*2 Years Experience
*Clean Current Abstract
*Ability to Cross Border
*Positive, Professional Attitude
For:
*GTA
*ON-QC
*ON-MB-AB-BC
*USA
TEL: 1-877-251-5299
FAX: 416-644-8882
EMAIL: dispatch@galaxyfreightline.com
*1580 Britannia Road East *Mississauga *ON *L4W 1J2
www.galaxyfreightline.com

"Annual picnic of Govt Science College Jagraon will be held on July 9, 2017 at 14452 Winston Churchill Blvd Halton Hills. Area #2

***For more information contact***

**Sukhdev Singh 6472991610**
**Harbans Singh 416 817 7142 or**
**Daljit Singh 905 867 7398"**

*ਪ੍ਰੋ . ਜਗਮੋਹਨ ਸਿੰਘ ਨਾਲ ਵਿਸ਼ੇਸ਼ ਮੁਲਾਕਾਤ*

# ਭਗਤ ਸਿੰਘ ਇਕ ਵਿਅਕਤੀ ਨਹੀਂ, ਇਨਕਲਾਬ ਦਾ ਮੀਲ ਪੱਥਰ

**ਨੋਟ: ਸ਼ਹੀਦ ਭਗਤ ਸਿੰਘ ਦੇ ਭਾਣਜੇ, ਪ੍ਰੋ. ਜਗਮੋਹਨ ਸਿੰਘ ਜਦੋਂ ਪਿਛਲੇ ਦਿਨੀਂ ਆਪਣੀ ਕਨੇਡਾ ਫੇਰੀ ਤੇ ਕੈਲਗਰੀ ਆਏ ਤਾਂ ਸਿੱਖ ਵਿਰਸਾ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਉਨ੍ਹਾਂ ਨਾਲ ਇੱਕ ਲੰਬੀ ਮੁਲਾਕਾਤ ਕੀਤੀ ਗਈ, ਜਿਸਦੇ ਕੁਝ ਅੰਸ਼ ਪਾਠਕਾਂ ਦੀ ਜਾਣਕਾਰੀ ਲਈ ਪੇਸ਼ ਕਰ ਰਹੇ ਹਾਂ।**



**-ਪ੍ਰੋ ਸਾਹਿਬ, ਗੱਲ ਅੱਗੇ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਬਾਰੇ ਕੁਝ ਜਾਣਕਾਰੀ ਸਾਂਝੀ ਕਰੋ?**

-ਮੈਂ ਪੇਸ਼ੇ ਤੋਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਤੋਂ ਕੰਪਿਊਟਰ ਸਾਇੰਸ ਤੇ ਇਲੈਕਟਰੀਕਲ ਇੰਜਨੀਅਰਿੰਗ ਵਿਭਾਗ ਦੇ ਮੁੱਖੀ ਦੇ ਤੌਰ 'ਤੇ 2004 ਵਿੱਚ ਰਿਟਾਇਰ ਹੋਇਆ ਸੀ। ਮੈਂ ਆਈ ਆਈ ਟੀ ਖੜਕਪੁਰ ਤੋਂ ਆਪਣੀ ਇਜਨੀਅਰਿੰਗ ਦੀ ਪੜ੍ਹਾਈ ਕੀਤੀ ਸੀ। ਹੁਣ ਵੀ ਮੈਂ ਸੰਤ ਬਾਬਾ ਭਾਗ ਸਿੰਘ ਐਜੂਕੇਸ਼ਨ ਟਰੱਸਟ (ਜੱਬੜ, ਜਲੰਧਰ) ਨਾਲ ਜੁੜਿਆ ਹੋਇਆ ਹਾਂ, ਜੋ ਕਿ ਪੇਂਡੂ ਖੇਤਰ ਦੇ ਨੌਜਵਾਨਾਂ ਨੂੰ ਹਾਇਰ ਐਜੂਕੇਸ਼ਨ ਦੇਣ ਵਿੱਚ ਆਪਣਾ ਅਹਿਮ ਯੋਗਦਾਨ ਪਾ ਰਿਹਾ ਹੈ। ਪਰਿਵਾਰਕ ਤੌਰ ਤੇ ਮੇਰਾ ਸਬੰਧ ਸ਼ਹੀਦ ਭਗਤ ਸਿੰਘ ਜੀ ਦੇ ਪਰਿਵਾਰ ਨਾਲ ਜੁੜਿਆ ਹੋਇਆ ਹੈ, ਮੇਰੇ ਮਾਤਾ ਬੀਬੀ ਅਮਰ ਕੌਰ, ਭਗਤ ਸਿੰਘ ਤੋਂ ਤਕਰੀਬਨ 3 ਸਾਲ ਛੋਟੇ ਸਨ ਮੈਂ ਆਪਣੀ ਮਾਤਾ ਜੀ ਤੋਂ ਪ੍ਰੇਰਨਾ ਲੈ ਕੇ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ ਨੂੰ ਸਾਂਭਣ ਲਈ ਹਮੇਸ਼ਾਂ ਯਤਨਸ਼ੀਲ ਰਿਹਾ ਹਾਂ। ਮੇਰੀ ਜ਼ਿੰਦਗੀ ਵਿੱਚ ਇੱਕ ਅਹਿਮ ਮੋੜ ਉਦੋਂ ਵੀ ਆਇਆ, ਜਦੋਂ 1963 ਵਿੱਚ ਗਦਰ ਪਾਰਟੀ ਦਾ 50 ਸਾਲਾ ਮਨਾਇਆ ਜਾ ਰਿਹਾ ਸੀ। ਉਸ ਸਮਾਰੋਹ ਵਿੱਚ ਬਾਬਾ ਸੋਹਣ ਸਿੰਘ ਭਕਨਾ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ ਬੇਸ਼ਕ ਹਾਕਮ ਜਮਾਤਾਂ ਇਹ ਚਾਹੁੰਦੀਆਂ ਹਨ ਕਿ ਅਸੀਂ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਤੇ ਕੁਰਬਾਨੀਆਂ ਦੀ ਇਨਕਲਾਬੀ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆ ਤੱਕ ਲਿਜਾਏ ਬਿਨਾਂ ਚੁੱਪ ਚੁਪੀਤੇ ਸੰਸਾਰ ਤੋਂ ਕੂਚ ਕਰ ਜਾਈਏ, ਪਰ ਅਸੀਂ ਅਜਿਹਾ ਨਹੀਂ ਹੋਣ ਦੇਣਾ। ਮੈਨੂੰ ਇਸ ਗੱਲ ਨੇ ਵੀ ਧੁਰ ਅੰਦਰ ਤੱਕ ਟੁੰਬਿਆ, ਜਿਸਨੇ ਮੈਨੂੰ ਸ਼ਹੀਦ ਭਗਤ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਅਣਗੌਲੀਆਂ ਪਈਆਂ ਲਿਖਤਾਂ ਜਾਂ ਵਿਚਾਰਧਾਰਾ ਨੂੰ ਇਕੱਠਾ ਕਰਨ ਲਈ ਪ੍ਰੇਰਿਆ ਮੈਂ ਆਪਣੀ ਖੋਜ ਰਾਹੀਂ ਇਹ ਜਾਣਿਆ ਕਿ ਸ਼ਹੀਦ ਭਗਤ ਸਿੰਘ ਸਿਰਫ ਕੁਰਬਾਨੀ ਕਰਨ ਕਰਕੇ ਹੀ ਮਹਾਨ ਨਹੀਂ ਸੀ, ਸਗੋਂ ਉਸਦੀ ਰਾਜਨੀਤੀ, ਧਰਮ, ਭਾਸ਼ਾ, ਸਮਾਜ ਬਾਰੇ ਆਪਣੀ ਇੱਕ ਵਿਲੱਖਣ ਸਮਝ ਸੀ, ਜਿਸਦਾ ਉਨ੍ਹਾਂ ਨੇ ਵੱਖ-ਵੱਖ ਲੇਖਕਾਂ ਦੀਆਂ ਅਨੇਕਾਂ ਕਿਤਾਬਾਂ ਪੜ੍ਹ ਕੇ ਵਿਕਾਸ ਕੀਤਾ। ਸ਼ਹੀਦ ਭਗਤ ਸਿੰਘ ਦਾ ਸਾਰਾ ਪਰਿਵਾਰ ਹੀ ਦੇਸ਼ ਭਗਤ ਪਰਿਵਾਰ ਸੀ, ਉਨ੍ਹਾਂ ਦੇ ਚਾਚਾ ਜੀ, ਸਰਦਾਰ ਅਜੀਤ ਸਿੰਘ ਹੋਰਾਂ ਨੇ 1907 ਵਿੱਚ ਅੰਗਰੇਜ਼ਾਂ ਖਿਲਾਫ ਕਿਸਾਨਾਂ ਦੇ ਹੱਕ ਵਿੱਚ 'ਪਗੜੀ ਸੰਭਾਲ ਜੱਟਾ' ਮੂਵਮੈਂਟ ਚਲਾਈ ਸੀ। ਬਾਅਦ ਵਿੱਚ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ, ਪਰ ਉਨ੍ਹਾਂ ਸਾਰੀ ਉਮਰ ਬਸਤੀਵਾਦ ਦੇ ਖਿਲਾਫ ਸੰਘਰਸ਼ ਜਾਰੀ ਰੱਖਿਆ। ਮੈਂ ਸਮਝਦਾ ਹਾਂ ਕਿ ਸ਼ਹੀਦ ਭਗਤ ਸਿੰਘ, ਸਾਡੇ ਪੰਜਾਬ ਦੇ ਸਾਂਝੇ ਸਭਿਆਚਾਰ ਵਿਚੋਂ ਨਿਕਲੀ ਇਨਕਲਾਬੀ ਸਖਸ਼ੀਅਤ ਸਨ। ਉਨ੍ਹਾਂ ਦੇ ਬਾਬਾ ਸਰਦਾਰ ਅਰਜਨ ਸਿੰਘ, ਗੁਰੂ ਗ੍ਰੰਥ ਸਾਹਿਬ ਦੇ ਟੀਕਾਕਾਰ ਵੀ ਸਨ ਬੇਸ਼ਕ ਉਹ ਕੂਕਾ ਮੂਵਮੈਂਟ ਤੋਂ ਬਾਅਦ ਜਦੋਂ ਸਿੰਘ ਸਭਾ ਲਹਿਰ ਚੱਲੀ ਤਾਂ ਉਹ ਅੰਗਰੇਜ਼ ਪ੍ਰਸਤ ਹੋ ਗਏ। ਇਸੇ ਤਰ੍ਹਾਂ ਸਾਡੇ ਨਾਨੀ ਜੀ ਦੇ ਪਰਿਵਾਰ ਦਾ ਸਬੰਧ ਸੂਫੀਆਂ ਨਾਲ ਸੀ ਇਸ ਲਈ ਇਸ ਪਰਿਵਾਰ ਵਿੱਚ ਸੂਫੀਵਾਦ ਦਾ ਵੀ ਕਾਫੀ ਪ੍ਰਭਾਵ ਸੀ। ਇਸ ਤੋਂ ਬਾਅਦ ਜਦੋਂ ਆਰੀਆ ਸਮਾਜ ਮੂਵਮੈਂਟ ਆਈ ਤਾਂ ਇਹ ਪਰਿਵਾਰ ਉਨ੍ਹਾਂ ਨਾਲ ਜਾ ਜੁੜਿਆ, ਜਿਨ੍ਹਾਂ ਦਾ ਇੱਕ ਮੁੱਖ ਅਸੂਲ ਉਨ੍ਹਾਂ ਅਪਨਾਇਆ ਕਿ ਤੁਸੀਂ ਸਿਰਫ ਆਪਣੇ ਲਈ ਨਹੀਂ ਜਿਉਂਦੇ, ਤੁਸੀਂ ਲੋਕਾਂ ਲਈ ਜਿਉਂਦੇ ਹੋ, ਤੁਹਾਡੀ ਮੁਕਤੀ ਲੋਕਾਂ ਦੀ ਮੁਕਤੀ ਨਾਲ ਜੁੜੀ ਹੋਈ ਹੈ। ਇਸ ਤਰ੍ਹਾਂ ਸਾਂਝੇ ਕਲਚਰ ਵਿਚੋਂ ਪੈਦਾ ਹੋਇਆ ਭਗਤ ਸਿੰਘ, ਸਰੀਰਕ, ਮਾਨਸਿਕ ਤੇ ਵਿਚਾਰ ਪੱਖੋਂ ਬਲਵਾਨ ਭਗਤ ਸਿੰਘ ਹੈ। ਉਹ 12 ਸਾਲ ਦੀ ਉਮਰ ਵਿੱਚ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਤੋਂ ਬਾਅਦ ਖੁਦ ਉਥੇ ਸ਼ਹੀਦਾਂ ਦੇ ਡੁੱਲ੍ਹੇ ਖੂਨ ਨੂੰ ਦੇਖਣ ਤੇ ਨਮਸਕਾਰ ਕਰਨ ਜਾਂਦਾ ਹੈ ਉਹ ਸਾਕਾ ਨਨਕਾਣਾ ਦੇ ਸਾਕੇ ਤੋਂ ਬਾਅਦ ਉਥੇ ਦੇਖਣ ਜਾਂਦਾ ਹੈ। ਇਨ੍ਹਾਂ ਸਭ ਘਟਨਾਵਾਂ ਦਾ ਉਸਦੀ ਮਾਨਸਿਕਤਾ ਤੇ ਵਿਚਾਰਧਾਰਾ ਤੇ ਅਸਰ ਜਰੂਰ ਸੀ। ਉਸਨੇ 300 ਤੋਂ ਵੱਧ ਕਿਤਾਬਾਂ ਪੜ੍ਹੀਆਂ ਤੇ ਦੁਨੀਆਂ ਦੀਆਂ ਵੱਖ-ਵੱਖ ਵਿਚਾਰਧਾਰਾਵਾਂ ਤੇ ਇਨਕਲਾਬੀ ਮੂਵਮੈਂਟਾਂ ਨੂੰ ਜਾਣਿਆ। ਉਹ ਸਿਰਫ ਇੱਕ ਸੂਰਬੀਰ ਹੀ ਨਹੀਂ ਸੀ, ਜਿਸਨੇ ਬਹਾਦਰੀ ਨਾਲ ਸ਼ਹਾਦਤ ਦਿੱਤੀ, ਸਗੋਂ ਉਸਦੀ ਇਕ ਵਿਚਾਧਾਰਾ ਸੀ, ਜਿਸਨੂੰ ਉਸਨੇ ਪੂਰੀ ਸ਼ਿੱਦਤ ਨਾਲ ਅਖੀਰ ਤੱਕ ਨਿਭਾਇਆ ਉਸ ਦੀਆਂ ਆਪਣੀਆਂ ਮੌਲਿਕ ਰਚਨਾਵਾਂ ਸਾਡੇ ਲਈ ਅੱਜ ਦੇ ਸੰਦਰਭ ਵਿੱਚ ਭਗਤ ਸਿੰਘ ਨੂੰ ਸਮਝਣ ਤੇ ਸੰਘਰਸ਼ ਕਰਨ ਲਈ ਪ੍ਰੇਰਿਕ ਹੋ ਸਕਦੀਆਂ ਹਨ।

**-ਸ਼ਹੀਦ ਭਗਤ ਸਿੰਘ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ ਵਿੱਚ ਹੀ ਨਾ ਸਿਰਫ ਬਹੁਤ ਵੱਡੇ ਕਾਰਨਾਮੇ ਕੀਤੇ ਤੇ ਸ਼ਹੀਦੀ ਪਾਈ, ਸਗੋਂ ਬਹੁਤ ਸਾਰੀਆਂ ਰਚਨਾਵਾਂ ਲਿਖੀਆਂ, ਜਿਨ੍ਹਾਂ ਤੋਂ ਉਨ੍ਹਾਂ ਦੀ ਸੋਚ ਤੇ ਵਿਚਾਰਧਾਰਾ ਦਾ ਪਤਾ ਲਗਦਾ ਹੈ ਉਨ੍ਹਾਂ ਨੂੰ ਇਹ ਸਭ ਕਰਨ ਦੀ ਪ੍ਰੇਰਨਾ ਕਿਥੋਂ ਮਿਲੀ ਸੀ?**

-ਜਿਸ ਤਰ੍ਹਾਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਭਗਤ ਸਿੰਘ ਦਾ ਪਰਿਵਾਰ ਜਿਥੇ ਸਾਡੇ ਸਾਂਝੇ ਵਿਰਸੇ ਦਾ ਪ੍ਰਤੀਕ ਹੈ, ਉਥੇ ਉਨ੍ਹਾਂ ਦੇ ਪਰਿਵਾਰ ਵਿੱਚ ਦੋ ਧਾਰਾਵਾਂ ਚੱਲ ਰਹੀਆਂ ਸਨ। ਪਰਿਵਾਰ ਦੇ ਇੱਕ ਹਿੱਸੇ ਵਿੱਚ ਉਹ ਲੋਕ ਸਨ, ਜੋ ਅੰਗਰੇਜ਼ ਪੱਖੀ ਸਨ, ਜੋ ਸਮਝਦੇ ਸਨ ਕਿ ਅੰਗਰੇਜ਼ ਰਾਜ ਵਧੀਆ ਹੈ, ਇਸ ਵਿੱਚ ਸਭ ਨੂੰ ਇਨਸਾਫ ਮਿਲਦਾ ਹੈ ਦੂਜੇ ਪਾਸੇ ਇਸੇ ਪਰਿਵਾਰ ਵਿਚੋਂ ਇਨ੍ਹਾਂ ਦੇ ਪਿਤਾ ਜੀ, ਚਾਚਾ ਜੀ ਆਦਿ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਦੀ ਲਹਿਰ ਵਿੱਚ ਸ਼ਾਮਿਲ ਸਨ। ਇਸੇ ਤਰ੍ਹਾਂ ਘਰ ਵਿੱਚ ਸਿੱਖੀ ਦੇ ਇਨਕਲਾਬੀ ਵਿਰਸੇ ਦਾ ਪ੍ਰਭਾਵ ਵੀ ਸੀ। ਜਦੋਂ ਜ਼ਲ੍ਹਿਆਂ ਵਾਲਾ ਬਾਗ ਦਾ ਕਤਲੇਆਮ ਹੁੰਦਾ ਹੈ ਤਾਂ ਭਗਤ ਸਿੰਘ 12 ਸਾਲ ਦੀ ਉਮਰ ਵਿੱਚ ਲਾਹੌਰ ਤੋਂ ਚੱਲ ਕੇ ਅੰਮ੍ਰਿਤਸਰ ਆਉਂਦਾ ਹੈ ਤੇ ਆਪਣੇ ਅੱਖੀਂ ਲੋਕਾਂ ਤੇ ਹੋਏ ਜ਼ੁਲਮਾਂ ਨੂੰ ਦੇਖਦਾ ਹੈ ਸਾਡੇ ਮਾਤਾ ਜੀ ਦੱਸਦੇ ਸਨ ਕਿ ਭਗਤ ਸਿੰਘ ਜ਼ਲ੍ਹਿਆਂਵਾਲਾ ਬਾਗ ਤੋਂ ਲਹੂ ਭਿੱਜੀ ਮਿੱਟੀ ਵੀ ਲੈ ਕੇ ਆਇਆ ਸੀ। ਇਸ ਘਟਨਾ ਨੇ ਉਸਦੇ ਜੀਵਨ ਤੇ ਡੂੰਘਾ ਅਸਰ ਪਾਇਆ ਕਿ ਹਾਕਮ ਇਤਨੇ ਜ਼ਾਲਮ ਕਿਵੇਂ ਹੋ ਸਕਦੇ ਹਨ ਕਿ ਬੇਗੁਨਾਹ ਤੇ ਨਿਹੱਥੇ ਲੋਕਾਂ ਦਾ ਕਤਲੇਆਮ ਕਰਨ। ਇਸ ਤੋਂ 2 ਕੁ ਸਾਲ ਬਾਅਦ ਜਦੋਂ 1921 ਵਿੱਚ ਨਨਕਾਣਾ ਸਾਹਿਬ ਦਾ ਸਾਕਾ ਵਰਤਦਾ ਹੈ, ਜਿਥੇ ਨਿਹੱਥੇ ਸਿੱਖਾਂ ਤੇ ਮਹੰਤ ਨਰੈਣ ਦਾਸ ਦੇ ਗੁੰਡੇ ਸਰਕਾਰੀ ਸ਼ਹਿ ਤੇ ਕਤਲੇਆਮ ਕਰਦੇ ਹਨ, ਉਸ ਤੋਂ ਕੁਝ ਦਿਨ ਬਾਅਦ ਨਨਕਾਣਾ ਸਾਹਿਬ ਹੋਈ ਸਿੱਖ ਕਨਵੈਨਸ਼ਨ ਵਿੱਚ ਵੀ ਭਗਤ ਸਿੰਘ ਜਾਂਦੇ ਹਨ। ਇਨ੍ਹਾਂ ਦੋਨਾਂ ਘਟਨਾਵਾਂ ਨੇ ਉਨ੍ਹਾਂ ਦੇ ਜੀਵਨ ਵਿੱਚ ਅਹਿਮ ਮੋੜ ਲਿਆਂਦਾ। ਉਨ੍ਹਾਂ ਦੇ ਜੀਵਨ ਵਿੱਚ ਇੱਕ ਅਹਿਮ ਮੋੜ ਉਦੋਂ ਆਉਂਦਾ ਹੈ, ਜਦੋਂ ਕਾਲਿਜ਼ ਦੀ ਪੜ੍ਹਾਈ ਦੌਰਾਨ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਆਇਰਿਸ਼ ਨੂੰ 1921 ਵਿੱਚ ਬ੍ਰਿਟਿਸ਼ ਤੋਂ ਆਜ਼ਾਦ ਹੋ ਕੇ ਡੋਮੀਨੀਕਨ ਰਿਪਬਲਿਕ ਦਾ ਦਰਜਾ ਮਿਲ ਗਿਆ। ਭਗਤ ਸਿੰਘ ਦੇ ਮਨ ਵਿੱਚ ਸਵਾਲ ਖੜ੍ਹਾ ਹੁੰਦਾ ਹੈ ਕਿ ਆਇਰਿਸ਼ ਲੋਕ ਕਿਵੇਂ ਜਿੱਤ ਗਏ ਅਤੇ ਸਾਡੇ ਬਾਬਿਆਂ ਦਾ ਗਦਰ ਕਿਉਂ ਫੇਲ੍ਹ ਹੋਇਆ? ਉਸ ਸਮੇਂ 17 ਸਾਲ ਦੀ ਉਮਰ ਵਿੱਚ ਉਨ੍ਹਾਂ 'ਡੈਨ ਬਰੀਨ' ਦੀ ਪੁਸਤਕ 'ਮਾਈ ਫਾਈਟ ਫਾਰ ਆਇਰਿਸ਼ ਪੀਉਪਲ' ਪੜ੍ਹੀ ਕਿ ਆਇਰਿਸ਼ ਲੋਕਾਂ ਨੇ ਜਿੱਤ ਕਿਵੇਂ ਪ੍ਰਾਪਤ ਕੀਤੀ ਉਸ ਕਿਤਾਬ ਤੋਂ ਪਹਿਲਾ ਸਬਕ ਇਹ ਸਿੱਖਿਆ ਕਿ ਬ੍ਰਿਟਿਸ਼ ਨੂੰ ਤੁਸੀਂ ਗੁਰੀਲਾ ਵਾਰ ਰਾਹੀਂ ਹੀ ਹਰਾ ਸਕਦੇ ਹੋ ਦੂਜਾ ਸਬਕ ਉਨ੍ਹਾਂ ਇਹ ਸਿੱਖਿਆ ਕਿ ਗੁਰੀਲਾ ਵਾਰ ਵਿੱਚ ਤੁਸੀਂ ਤਾਂ ਜਿੱਤ ਸਕਦੇ ਹੋ, ਜੇ ਲੋਕਾਂ ਦਾ ਸਾਥ ਤੁਹਾਡੇ ਨਾਲ ਹੋਵੇ, ਲੋਕ ਤੁਹਾਨੂੰ ਆਪਣੇ ਹੀਰੋ ਸਮਝਣ, ਲੋਕਾਂ ਵਿੱਚ ਇਹ ਭਾਵਨਾ ਹੋਵੇ ਕਿ ਆਜ਼ਾਦੀ ਘੁਲਾਟੀਏ, ਸਾਡੇ ਕਈ ਜਾਨਾਂ ਵਾਰ ਰਹੇ ਹਨ, ਕੁਰਬਾਨੀਆਂ ਕਰ ਰਹੇ ਹਨ। ਭਗਤ ਸਿੰਘ ਆਪਣੀਆਂ ਲਿਖਤਾਂ ਵਿੱਚ ਇਹ ਦੱਸਦੇ ਹਨ ਕਿ ਜੇ ਤੁਸੀਂ ਆਜ਼ਾਦੀ ਵੀ ਲੈਣੀ ਹੈ ਤਾਂ ਉਹ ਵੀ ਦਲੀਲ ਅਧਾਰਿਤ ਹੋਵੇ ਕਿ ਇਸਦੀ ਕੀ ਲੋੜ ਹੈ, ਜੇ ਇਹ ਸਿੱਧੇ ਢੰਗ ਨਾਲ ਨਹੀਂ ਮਿਲਦੀ ਤਾਂ ਭਾਵੇਂ ਗੁਰੀਲਾ ਵਾਰ ਨਾਲ ਲੜੀ ਜਾਏ, ਪਰ ਉਸ ਲਈ ਤੁਹਾਡੇ ਕੋਲ ਤਕੜੀ ਦਲੀਲ ਹੋਣੀ ਚਾਹੀਦੀ ਹੈ। ਭਗਤ ਸਿੰਘ ਲਿਖਦੇ ਹਨ ਕਿ ਇਸ ਵਿਚਾਰ ਤੋਂ ਬਾਅਦ ਹੀ ਮੈਂ ਬਹੁਤ ਜ਼ਿਆਦਾ ਪੜ੍ਹਨਾ ਸ਼ੁਰੂ ਕੀਤਾ ਉਨ੍ਹਾਂ ਨੇ ਫਿਰ ਅਜਿਹਾ ਸਾਹਿਤ ਵੀ ਪੜ੍ਹਿਆ ਕਿ ਦੁਨੀਆਂ ਵਿੱਚ ਜਿਹੜੇ ਲੋਕ ਜਿੱਤੇ ਹਨ, ਉਹ ਕਿਵੇਂ ਜਿੱਤੇ। ਇਸੇ ਕਰਕੇ ਉਨ੍ਹਾਂ ਰਸ਼ੀਅਨ ਇਨਕਲਾਬ ਜਾਂ ਰਸ਼ੀਆ ਬਾਰੇ 49 ਕਿਤਾਬਾਂ ਪੜ੍ਹੀਆਂ। ਇਸ ਤਰ੍ਹਾਂ ਆਇਰਲੈਂਡ ਬਾਰੇ ਉਨ੍ਹਾਂ 9 ਕਿਤਾਬਾਂ ਪੜ੍ਹੀਆਂ।









ਫਿਰ ਉਨ੍ਹਾਂ ਨੇ ਅਮਰੀਕਾ ਦੀ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦੀ ਬਾਰੇ ਅਨੇਕਾਂ ਕਿਤਾਬਾਂ ਪੜ੍ਹੀਆਂ। ਉਨ੍ਹਾਂ ਦਾ ਮੰਨਣਾ ਸੀ ਕਿ ਜਦੋਂ ਤੱਕ ਆਦਰਸ਼ ਸਪੱਸ਼ਟ ਨਾ ਹੋਵੇ, ਲੋਕ ਲੜ ਨਹੀਂ ਸਕਦੇ, ਮਰ ਨਹੀਂ ਸਕਦੇ? ਉਸ ਤੋਂ ਬਾਅਦ ਸਮਾਜਵਾਦ ਨੂੰ ਉਹ ਆਪਣਾ ਆਦਰਸ਼ ਜਾਂ ਨਿਸ਼ਾਨਾ ਮਿਥਦੇ ਹਨ। ਉਨ੍ਹਾਂ ਦਾ ਨਾਅਰਾ ਵੀ ਆਪਣੇ ਆਪ ਵਿੱਚ ਉਨ੍ਹਾਂ ਦਾ ਨਿਸ਼ਾਨਾ ਸਪੱਸ਼ਟ ਕਰਦਾ ਹੈ, ਜਿਸ ਵਿੱਚ ਉਹ ਕਹਿੰਦੇ ਹਨ: 'ਸਾਮਰਾਜਵਾਦ ਮੁਰਦਾਬਾਦ, ਇਨਕਲਾਬ ਜ਼ਿੰਦਾਬਾਦ'। ਉਨ੍ਹਾਂ ਦੀ ਸਮਝ ਸੀ ਕਿ ਉਹ ਸਿਸਟਮ, ਜਿਸ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਹੁੰਦੀ ਹੈ, ਉਹ ਸਾਮਰਾਜਵਾਦ ਹੈ ਉਨ੍ਹਾਂ ਦੀ ਸਾਮਰਾਜਵਾਦ ਬਾਰੇ ਸਪੱਸ਼ਟ ਵਿਚਾਰਧਾਰਾ ਸੀ ਕਿ ਇਹ ਜੰਗ ਇਥੇ ਹੀ ਖਤਮ ਨਹੀਂ ਹੋਣੀ, ਸਾਡੇ ਤੋਂ ਬਾਅਦ ਵੀ ਜਾਰੀ ਰਹੇਗੀ ਕਿਉਂਕਿ ਜਦੋਂ ਤੱਕ ਗਰੀਬਾਂ, ਮਜ਼ਦੂਰਾਂ ਨੂੰ ਉਨ੍ਹਾਂ ਦਾ ਹੱਕ ਨਹੀਂ ਮਿਲਦਾ, ਦੇਸ਼ ਦੇ ਕੁਦਰਤੀ ਸਰੋਤ ਲੁੱਟੇ ਜਾਂਦੇ ਰਹਿਣਗੇ, ਭਾਵੇਂ ਉਹ ਅੰਗਰੇਜ਼ਾਂ ਹੱਥੋਂ ਲੁੱਟ ਹੋਣ ਜਾਂ ਦੇਸੀ ਹਾਕਮਾਂ ਵਲੋਂ ਲੁੱਟੇ ਜਾਣ, ਇਸ ਨਾਲ ਫਰਕ ਨਹੀਂ ਪਵੇਗਾ ਉਨ੍ਹਾਂ ਦਾ ਇਹ ਵਿਚਾਰ ਅੱਜ ਦੇ ਸੰਦਰਭ ਵਿੱਚ ਪੂਰਾ ਸਾਰਥਕ ਹੈ।

**-ਕੀ ਜਿਸ ਅਜ਼ਾਦੀ ਲਈ ਸ਼ਹੀਦ ਭਗਤ ਸਿੰਘ ਵਰਗੇ ਅਨੇਕਾਂ ਦੇਸ਼ ਭਗਤਾਂ ਨੇ ਸ਼ਹੀਦੀਆਂ ਪਾਈਆਂ, ਜ਼ੇਲ੍ਹਾਂ ਕੱਟੀਆਂ, ਕੁਰਬਾਨੀਆਂ ਕੀਤੀਆਂ, ਉਹ ਆਜ਼ਾਦੀ 1947 ਵਿੱਚ ਸਾਨੂੰ ਮਿਲ ਗਈ ਸੀ?**

-ਦੇਖੋ, ਵਕਤੀ ਤੌਰ 'ਤੇ ਬਸਤੀਵਾਦੀ ਗੋਰੇ ਹਾਕਮਾਂ ਤੋਂ 1947 ਵਿੱਚ ਅਜ਼ਾਦੀ ਤਾਂ ਜਰੂਰ ਮਿਲ ਗਈ ਸੀ, ਪਰ ਜਿਸ ਆਜ਼ਾਦੀ ਦੇ ਸੁਪਨੇ ਨੂੰ ਲੈ ਕੇ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ, ਉਹ ਅਧੂਰੀ ਹੈ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਤੇ ਗੁਲਾਮੀ ਤੋਂ ਨਿਜ਼ਾਤ ਪਾ ਕੇ ਜਿਸ ਸਮਾਜ ਨੂੰ ਸਿਰਜਣ ਦਾ ਸੁਪਨਾ ਦੇਸ਼ ਭਗਤਾਂ ਨੇ ਲਿਆ ਸੀ, ਉਹ ਅਜੇ 70 ਸਾਲ ਬਾਅਦ ਵੀ ਪੂਰਾ ਨਹੀਂ ਹੋਇਆ ਜਿਥੇ ਪਹਿਲਾਂ ਵਿਦੇਸ਼ੀ ਗੋਰੇ ਹਾਕਮ ਦੇਸ਼ ਨੂੰ ਲੁੱਟ ਰਹੇ ਸਨ, ਉਥੇ ਹੁਣ ਸਾਡੇ ਆਪਣੇ ਦੇਸੀ ਹਾਕਮ ਦੇਸ਼ ਨੂੰ ਵਿਦੇਸ਼ੀ ਜਰਵਾਨਿਆਂ ਤੋਂ ਵੱਧ ਲੁੱਟ ਰਹੇ ਹਨ। ਇਹ ਅਜ਼ਾਦੀ ਕੁਝ ਲੋਕਾਂ ਲਈ ਹੀ ਵਰਦਾਨ ਸਾਬਿਤ ਹੋਈ ਹੈ, ਦੇਸ਼ ਦਾ ਕਿਸਾਨ, ਮਜ਼ਦੂਰ, ਪਛੜਿਆ ਵਰਗ, ਉਸੇ ਤਰ੍ਹਾਂ ਗੁਲਾਮੀ ਭੋਗ ਰਿਹਾ ਹੈ ਦੇਸ਼ ਭਗਤਾਂ ਨੇ ਕਦੇ ਵੀ ਨਹੀਂ ਸੋਚਿਆ ਸੀ ਕਿ ਦੇਸ਼, ਅਜ਼ਾਦ ਦੇ ਨਾਲ ਹੀ ਧਰਮ ਦੇ ਅਧਾਰ ਤੇ ਵੰਡਿਆ ਜਾਵੇਗਾ ਅਤੇ ਲੱਖਾਂ ਲੋਕਾਂ ਨੂੰ 1947 ਦੀ ਫਿਰਕੂ ਅੱਗ ਵਿੱਚ ਜਾਨਾਂ ਦੇਣੀਆਂ ਪੈਣਗੀਆਂ। ਖਾਸਕਰ ਜੋ ਹਾਲਾਤ ਹੁਣ ਹਨ, ਕਿ ਕਿਵੇਂ ਦੇਸ਼ ਨੂੰ ਫਿਰਕੂ ਲੀਹਾਂ ਤੇ ਵੰਡ ਕੇ, ਫਾਸ਼ੀਵਾਦ ਵੱਲ ਧੱਕਿਆ ਜਾ ਰਿਹਾ ਹੈ।

**-ਦੇਸ਼ ਭਗਤਾਂ ਦੀ ਸੋਚ ਨੂੰ ਨਵੀ ਪੀੜ੍ਹੀ ਤੱਕ ਕਿਵੇਂ ਪਹੁੰਚਾਇਆ ਜਾਵੇ, ਕਿ ਉਹ ਦੇਸ਼, ਸਮਾਜ ਜਾਂ ਮਨੁੱਖਤਾ ਦੇ ਹੱਕਾਂ ਜਾਂ ਭਲਾਈ ਲਈ ਸਹੀ ਸੰਦਰਭ ਵਿੱਚ ਕੰਮ ਕਰ ਸਕਣ?**

-ਮੇਰੇ ਖਿਆਲ ਵਿੱਚ ਹੁਣ ਤੱਕ ਸਾਡੇ ਵਲੋਂ ਜੋ ਯਤਨ ਹੋ ਰਹੇ ਹਨ, ਉਹ ਮਿਡਲ ਏਜ਼ ਜਾਂ ਸੀਨੀਅਰਜ਼ ਨਾਲ ਸਬੰਧਤ ਹਨ, ਅਸੀਂ ਭਗਤ ਸਿੰਘ ਜਾਂ ਹੋਰ ਸੂਰਬੀਰਾਂ ਦੀਆਂ ਕੁਰਬਾਨੀਆਂ ਤੇ ਉਨ੍ਹਾਂ ਦੀ ਸੋਚ ਨੂੰ ਅੱਜ ਦੇ ਨੌਜਵਾਨ ਤੱਕ, ਅੱਜ ਦੇ ਸੰਦਰਭ ਵਿੱਚ ਲਿਜਾਣ ਤੋਂ ਅਸਮਰਥ ਰਹੇ ਹਾਂ। ਸਾਨੂੰ ਵਿਅਕਤੀਗਤ ਤੌਰ 'ਤੇ ਵੀ ਅਤੇ ਜਥੇਬੰਦਕ ਤੌਰ ਤੇ ਵੀ ਉਸ ਇਨਕਲਾਬੀ ਵਿਰਾਸਤ ਨੂੰ ਨੌਜਵਾਨ ਪੀੜ੍ਹੀ ਤੱਕ ਲਿਜਾਣ ਲਈ ਸੁਚੇਤ ਯਤਨ ਕਰਨ ਦੀ ਲੋੜ ਹੈ। ਵਿਦੇਸ਼ਾਂ ਵਿੱਚ ਅਸੀਂ ਆਰਥਿਕ ਤਰੱਕੀ ਕਾਫੀ ਕੀਤੀ ਹੈ, ਪਰ ਕਿਤੇ ਨਾ ਕਿਤੇ ਅਸੀਂ ਆਪਣੇ ਭਗਤ-ਸਰਾਭਿਆਂ-ਗਦਰੀ ਬਾਬਿਆਂ ਦੀਆਂ ਕੁਰਬਾਨੀਆਂ, ਉਨ੍ਹਾਂ ਦੀ ਸੋਚ, ਉਨ੍ਹਾਂ ਦੀ ਇਨਕਲਾਬੀ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਨਹੀਂ ਲਿਜਾ ਸਕੇ। ਇਸ ਪਾਸੇ ਬਹੁਤ ਕੁਝ ਕਰਨ ਵਾਲਾ ਪਿਆ ਹੈ। ਕਿਤਾਬ ਕਲਚਰ ਖਤਮ ਹੋ ਰਿਹਾ ਹੈ, ਨੌਜਵਾਨ ਨਸ਼ਿਆਂ ਵਿੱਚ ਪੈ ਰਿਹਾ ਹੈ। ਇਸ ਪਾਸੇ ਖਾਸ ਧਿਆਨ ਦੇਣ ਦੀ ਲੋੜ ਹੈ।

**-ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਮੌਲਿਕ ਰਚਨਾਵਾਂ ਕਿੰਨੀਆਂ ਕੁ ਹਨ?**

-ਇਸ ਤੋਂ ਪਹਿਲਾਂ ਕੇ ਮੈਂ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਗੱਲ ਕਰਾਂ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸ਼ਹੀਦ ਭਗਤ ਸਿੰਘ ਵਿਅਕਤੀਵਾਦੀ ਨਹੀਂ ਸਨ, ਉਸਨੂੰ ਉਸਦੇ ਸਾਥੀਆਂ ਤੋਂ ਬਿਨਾਂ ਚਿਤਵਿਆ ਨਹੀਂ ਜਾ ਸਕਦਾ। ਇਸੇ ਲਈ ਉਨ੍ਹਾਂ ਦੇ ਨਾਮ ਨਾਲ ਉਨ੍ਹਾਂ ਦੇ ਸਾਥੀਆਂ ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਦੇ ਨਾਮ ਆਉਂਦੇ ਹਨ। ਮੇਰੀ ਮਾਤਾ ਜੀ ਦੱਸਦੇ ਹੁੰਦੇ ਸਨ ਕਿ ਇੱਕ ਵਾਰ ਲੁਧਿਆਣੇ ਜਦੋਂ ਤਿੰਨਾਂ ਦੇ ਵੱਖਰੇ-ਵੱਖਰੇ ਬੁੱਤ ਲਗਾਉਣ ਦੀ ਗੱਲ ਆਈ ਤਾਂ ਭਗਤ ਸਿੰਘ ਦੀ ਮਾਤਾ ਨੇ ਕਿਹਾ ਸੀ ਕਿ ਮੇਰਾ ਪੁੱਤ ਇਕੱਲਾ ਚੰਗਾ ਨਹੀਂ ਲਗਦਾ, ਤਿੰਨਾਂ ਦੇ ਬੁੱਤ ਇਕੱਠੇ ਹੀ ਲੱਗਣੇ ਚਾਹੀਦੇ ਹਨ। ਸ਼ਹੀਦ ਭਗਤ ਸਿੰਘ ਦੀਆਂ ਅਨੇਕਾਂ ਲਿਖਤਾਂ ਪ੍ਰੈਸ ਸਟੇਟਮੈਂਟਸ, ਮੈਗਜ਼ੀਨਾਂ ਵਿੱਚ ਛਪੇ ਆਰਟੀਕਲਜ਼, ਲੀਫਲੈਟ, ਬਿਆਨਾਂ, ਚਿੱਠੀਆਂ, ਡਾਇਰੀ ਦੇ ਪੰਨੇ, ਉਨ੍ਹਾਂ ਦੇ ਕੋਰਟ ਕੇਸਾਂ ਨਾਲ ਸਬੰਧਤ ਦਸਤਾਵੇਜ਼ ਮਿਲਦੇ ਹਨ। ਜਿਨ੍ਹਾਂ ਦੇ ਆਧਾਰ ਤੇ ਮੈਂ 'ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ' ਦੀ ਕਿਤਾਬ ਛਾਪੀ ਸੀ ਕੁਝ ਸਮੇਂ ਲਈ ਉਹ ਹੋਰ ਉਸ ਸਮੇਂ ਦੇ ਪਰਚੇ 'ਕਿਰਤੀ' ਲਈ ਵੀ ਕੰਮ ਕਰਦੇ ਰਹੇ। 'ਮੈਂ ਨਾਸਤਿਕ ਕਿਉਂ ਹਾਂ' ਉਨ੍ਹਾਂ ਦੀ ਬਹੁ ਚਰਚਿਤ ਰਚਨਾ ਹੈ ਉਨ੍ਹਾਂ ਦਾ ਇੱਕ ਮਸ਼ਹੂਰ ਲੇਖ 'ਅਛੂਤ ਦਾ ਸਵਾਲ' ਕਿਰਤੀ ਵਿੱਚ ਛਪਿਆ ਸੀ ਬੇਸ਼ੱਕ ਉਨ੍ਹਾਂ ਨੇ ਆਪ ਕੋਈ ਕਿਤਾਬ ਨਹੀਂ ਲਿਖੀ, ਪਰ ਉਨ੍ਹਾਂ ਨੇ 300 ਤੋਂ ਵੱਧ ਕਿਤਾਬਾਂ ਸਿਰਫ ਕੁਝ ਸਾਲਾਂ ਦੇ ਵਕਫੇ ਵਿੱਚ ਹੀ ਪੜ੍ਹ ਲਈਆਂ ਸਨ, ਜਿਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਵਿੱਚ ਪੜ੍ਹਨ ਤੇ ਜਾਨਣ ਦੀ ਕਿਤਨੀ ਤੀਬਰ ਇੱਛਾ ਸੀ।

**-ਜਿਸ ਤਰ੍ਹਾਂ ਤੁਸੀਂ ਕਿਹਾ ਹੈ ਕਿ ਸ਼ਹੀਦ ਭਗਤ ਸਿੰਘ ਆਪਣੇ ਸਾਥੀਆਂ ਤੋਂ ਬਿਨਾਂ ਅਧੂਰਾ ਹੈ? ਉਨ੍ਹਾਂ ਦੀਆਂ ਲਿਖਤਾਂ ਤੋਂ ਇਹ ਵੀ ਪੜ੍ਹਨ ਨੂੰ ਮਿਲਦਾ ਹੈ ਕਿ ਉਹ ਸ਼ਹੀਦ ਕਰਤਾਰ ਸਿੰਘ ਸਰਾਭਾ ਤੋਂ ਵੀ ਬਹੁਤ ਪ੍ਰਭਾਵਿਤ ਸਨ? ਇਸ ਤਰ੍ਹਾਂ ਉਸ ਵਕਤ ਦੇ ਵੀ ਬਹੁਤ ਵੱਡੇ ਇਨਕਲਾਬੀ ਤੇ ਸ਼ਹੀਦ ਹੋਏ ਹਨ, ਉਹ ਕਿਹੜੇ ਕਾਰਨ ਹਨ ਜਿਹੜੇ ਸ਼ਹੀਦ ਭਗਤ ਸਿੰਘ ਨੂੰ ਸ਼ਹੀਦੇ-ਆਜ਼ਮ ਬਣਾਉਂਦੇ ਹਨ?**

-ਸ਼ਹੀਦ ਭਗਤ ਸਿੰਘ ਨੂੰ ਜੇ ਸਮੁੱਚੇ ਰੂਪ ਵਿੱਚ ਵੇਖੀਏ ਤਾਂ ਉਹ ਸਿਰਫ ਇੱਕ ਇਨਕਲਾਬੀ ਨਹੀਂ ਸੀ ਬੇਸ਼ੱਕ ਉਸਦੀ ਮਹਾਨਤਾ ਇਸ ਵਿੱਚ ਹੈ ਕਿ ਉਸਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਕੀਤੀ, ਹੱਸਦੇ-ਹੱਸਦੇ ਫਾਂਸੀ ਚੜ੍ਹਿਆ, ਆਪਣੇ ਅਕੀਦੇ ਤੋਂ ਡੋਲਿਆ ਨਹੀਂ, ਪਰ ਭਗਤ ਸਿੰਘ ਸਿਰਫ ਇਤਨਾ ਹੀ ਨਹੀਂ ਸੀ ਕਿ ਉਹ ਸ਼ਹੀਦ ਹੋ ਗਿਆ। ਉਹ ਸ਼ਹੀਦੀ ਤੋਂ ਬਿਨਾਂ ਵੀ ਬਹੁਤ ਕੁਝ ਸੀ, ਜੋ ਉਸਨੂੰ ਸ਼ਹੀਦੇ ਆਜ਼ਮ ਦਾ ਦਰਜਾ ਦਿੰਦਾ ਸੀ। ਜਿਸ ਤਰ੍ਹਾਂ ਉਪਰ ਜ਼ਿਕਰ ਕੀਤਾ ਹੈ ਕਿ ਉਸਨੇ ਆਪਣੀ ਜ਼ੇਲ੍ਹ ਯਾਤਰਾ ਦੇ ਕੁਝ ਸਾਲਾਂ ਵਿੱਚ 300 ਤੋਂ ਵੱਧ ਸੰਸਾਰ ਭਰ ਦੀਆਂ ਕਿਤਾਬਾਂ ਪੜ੍ਹ ਲਈਆਂ ਸਨ। ਹਾਲਾਂਕਿ ਉਸਨੂੰ ਪਤਾ ਸੀ ਕਿ ਬਹੁਤ ਜਲਦੀ ਫਾਂਸੀ ਲੱਗ ਜਾਣੀ ਹੈ, ਪਰ ਫਿਰ ਵੀ ਉਹ ਆਪਣਾ ਇੱਕ ਪਲ ਵੀ ਅਜਾਈਂ ਨਹੀਂ ਗੁਆਉਣਾ ਚਾਹੁੰਦਾ ਸੀ। ਇਸੇ ਤਰ੍ਹਾਂ ਉਸਦੀਆਂ ਜ਼ੇਲ੍ਹ ਜਾਣ ਤੋਂ ਪਹਿਲਾਂ ਦੀਆਂ ਕੁਝ ਕੁ ਸਾਲਾਂ ਦੀਆਂ ਗਤੀਵਿਧੀਆਂ ਹਨ ਕਿ ਕੁਝ ਸਾਲਾਂ ਵਿੱਚ ਹੀ ਉਹ ਸਦੀਆਂ ਦਾ ਸਫਰ ਤਹਿ ਕਰ ਗਿਆ। ਇਸਦੇ ਮੁਕਾਬਲੇ ਬਹੁਤ ਸਾਰੇ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ ਤੇ ਸ਼ਹੀਦੀਆਂ ਵੀ ਪਾਈਆਂ, ਪਰ ਭਗਤ ਸਿੰਘ ਆਪਣੀ ਆਜ਼ਾਦ ਸੋਚ ਤੇ ਵਿਚਾਰਧਾਰਾ ਕਰਕੇ ਸ਼ਹੀਦੇ ਆਜ਼ਮ ਦਾ ਦਰਜਾ ਰੱਖਦਾ ਹੈ। ਉਹ ਆਮ ਦੇਸ਼ ਭਗਤਾਂ ਜਾਂ ਲੀਡਰਾਂ ਵਾਂਗ ਇੰਡੀਆ ਨੂੰ ਬਸਤੀਵਾਦੀਆਂ ਹਾਕਮਾਂ ਤੋਂ ਸੱਤ੍ਹਾ ਖੋਹ ਕੇ ਰਾਜ ਪ੍ਰਵਰਤਨ ਹੀ ਨਹੀਂ ਕਰਨਾ ਚਾਹੁੰਦਾ ਸੀ, ਸਗੋਂ ਉਹ ਮੁਕੰਮਲ ਸਿਸਟਮ ਬਦਲਣ ਦਾ ਹਾਮੀ ਸੀ, ਜਿਥੇ ਕਿਰਤੀਆਂ, ਮਜ਼ਦੂਰਾਂ, ਆਮ ਲੋਕਾਂ ਦਾ ਰਾਜ ਹੋਵੇ ਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ ਭਗਤ ਸਿੰਘ ਨੂੰ ਸਹੀ ਮਾਹਨਿਆਂ ਵਿੱਚ ਉਸਦੀਆਂ ਆਪਣੀਆਂ ਮੌਲਿਕ ਰਚਨਾਵਾਂ ਵਿਚੋਂ ਹੀ ਸਮਝਿਆ ਜਾ ਸਕਦਾ ਹੈ।

**-ਸ਼ਹੀਦ ਭਗਤ ਸਿੰਘ ਦੀਆਂ ਰਚਨਾਵਾਂ ਕਿੱਥੋਂ ਪੜ੍ਹੀਆਂ ਜਾ ਸਕਦੀਆਂ ਹਨ?**

-ਮੈਂ ਆਪਣੀ ਮਾਤਾ ਜੀ ਅਤੇ ਗਦਰੀ ਬਾਬਿਆ ਤੋਂ ਪ੍ਰੇਰਨਾ ਲੈ ਕੇ ਤਕਰੀਬਨ ਸਾਰੀ ਉਮਰ ਇਸ ਪ੍ਰੋਜੈਕਟ ਤੇ ਹੀ ਕੰਮ ਕਰਦਾ ਰਿਹਾ ਹਾਂ ਮੈਂ ਸਾਰੇ ਦੇਸ਼ ਵਿੱਚ ਸ. ਭਗਤ ਸਿੰਘ ਤੇ ਉਸਦੇ ਸਾਥੀਆਂ ਦੀਆਂ ਲਿਖਤਾਂ, ਉਨ੍ਹਾਂ ਦੀਆਂ ਵਸਤਾਂ, ਉਨ੍ਹਾਂ ਦੀਆਂ ਯਾਦਾਂ, ਉਨ੍ਹਾਂ ਨਾਲ ਜੁੜੀਆਂ ਥਾਵਾਂ ਆਦਿ ਬਾਰੇ ਹਰ ਤਰ੍ਹਾਂ ਦੇ ਤੱਥ ਅਤੇ ਮੈਟਰ ਇਕੱਠਾ ਕਰਦਾ ਰਿਹਾ ਹਾਂ। 'ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ' ਨਾਮ ਦੀ ਮੇਰੀ ਕਿਤਾਬ ਵਿਚੋਂ ਤੁਹਾਨੂੰ ਬਹੁਤ ਜਾਣਕਾਰੀ ਮਿਲ ਸਕਦੀ ਹੈ। ਇਸੇ ਤਰ੍ਹਾਂ ਅਸੀਂ ਇੱਕ ਵੈਬਸਾਈਟ ਵੀ ਬਣਾਈ ਹੋਈ ਹੈ: www.shahidbhagatsingh.org ਇਸ ਸਾਈਟ ਤੋਂ ਤੁਸੀਂ ਬਹੁਤ ਸਾਰੀ ਜਾਣਕਾਰੀ ਵੀ ਲੈ ਸਕਦੇ ਹੋ ਇਸ ਸਾਈਟ ਤੇ ਜਿਥੇ ਅਸੀਂ ਉਨ੍ਹਾਂ ਦੀਆਂ ਹੱਥ ਲਿਖਤਾਂ, ਉਨ੍ਹਾਂ ਦੇ ਹੋਰ ਦਸਤਾਵੇਜ਼ ਪਾਏ ਹੋਏ ਹਨ, ਉਥੇ ਉਨ੍ਹਾਂ ਦੀਆਂ ਅਸਲੀ ਫੋਟੋਆਂ ਵੀ ਪਾਈਆਂ ਹਨ।

**-ਅਖੀਰ ਵਿੱਚ ਪਾਠਕਾਂ ਨੂੰ ਕੀ ਸੁਨੇਹਾ ਦੇਣਾ ਚਾਹੋਗੇ?**

-ਮੈਂ ਇਹੀ ਕਹਿਣਾ ਚਾਹਾਂਗਾ ਕਿ ਇਹ ਆਜ਼ਾਦੀ, ਭਾਵੇਂ ਅਧੂਰੀ ਹੀ ਸਹੀ, ਪਰ ਬੜੇ ਮਹਿੰਗੇ ਮੁੱਲ ਤਾਰ ਕੇ ਲਈ ਹੋਈ ਹੈ ਅਸੀਂ ਸਿਰਫ ਕੋਸਦੇ ਹੀ ਨਾ ਰਹੀਏ, ਭਗਤ ਸਿੰਘ ਤੇ ਅਨੇਕਾਂ ਹੋਰ ਦੇਸ਼ ਭਗਤਾਂ, ਗਦਰੀ ਬਾਬਿਆਂ, ਇਨਕਲਾਬੀਆਂ ਨੂੰ ਪੜ੍ਹੀਏ, ਉਨ੍ਹਾਂ ਨੂੰ ਸਮਝੀਏ ਤੇ ਅੱਜ ਦੇ ਸੰਦਰਭ ਵਿੱਚ ਅਸੀਂ ਉਨ੍ਹਾਂ ਦੇਸ਼ ਭਗਤਾਂ ਦੇ ਸੁਪਨਿਆਂ ਦੀ ਆਜ਼ਾਦੀ ਲਿਆਉਣ ਵਿੱਚ ਕੀ ਯੋਗਦਾਨ ਪਾ ਸਕਦੇ ਹਾਂ, ਬਾਰੇ ਯਤਨਸ਼ੀਲ ਹੋਈਏ।

# ਨੌਜਵਾਨ ਗ਼ਦਰ ਲਹਿਰ ਤੋਂ ਕੀ ਹਾਸਲ ਕਰਨ?



ਰਣਦੀਪ ਸੰਗਤਪੁਰਾ
98556-95905

ਹਰ ਸਮਾਜਕ ਲਹਿਰ ਦੇ ਕੁਝ ਹਾਂ-ਪੱਖੀ ਤੇ ਕੁਝ ਨਾ-ਪੱਖੀ ਪਹਿਲੂ ਹੁੰਦੇ ਹਨ। ਸਮੇਂ ਦੀ ਇਤਿਹਾਸਕ ਗਤੀਸ਼ੀਲ ਪ੍ਰਕਿਰਿਆ ਮੁਤਾਬਕ ਵੱਖ-ਵੱਖ ਸਮਾਜਿਕ ਲਹਿਰਾਂ ਦੀ ਵੱਖ-ਵੱਖ ਸਮੇਂ ਰਹੀ ਭੂਮਿਕਾ ਦੇ ਕੁਝ ਪੰਨੇ ਦੱਬੇ/ਅਣਗੌਲੇ ਰਹਿ ਜਾਂਦੇ ਹਨ,ਕੁਝ ਨਿਰਾਰਥਕ ਹੋ ਜਾਂਦੇ ਹਨ ਅਤੇ ਕੁਝ ਲੱਖਾਂ ਕਿਸਮ ਦੀਆਂ ਰੋਕਾਂ/ਅੜਚਣਾਂ ਤੋੜ ਕੇ ਆਪਣੀ ਮਹੱਤਤਾ ਤੇ ਮਹਾਨਤਾ ਦੀ ਨਾ ਰੱਦ ਸਕੀ ਜਾਣ ਵਾਲੀ ਅਮਿੱਟ ਛਾਪ ਬਰਕਰਾਰ ਰੱਖਦੇ ਹਨ। ਇਨ੍ਹਾਂ ਲਹਿਰਾਂ ਦੇ ਦੱਬੇ/ਅਣਗੌਲੇ ਰਹਿ ਗਏ ਪੰਨੇ ਖੋਜੇ-ਪੜਤਾਲੇ ਜਾਣੇ ਹੁੰਦੇ ਹਨ, ਨਿਰਾਰਥਕ ਹੋ ਚੁੱਕਿਆਂ ਦੇ ਰੋਣੇ ਨਹੀਂ ਰੋਏ ਜਾਂਦੇ ਤੇ ਉਹ ਸਮਝਦਾਰੀ ਨਾਲ ਛੱਡ ਦਿੱਤੇ ਜਾਂਦੇ ਹਨ ਅਤੇ ਆਪਣੀ ਮਹੱਤਤਾ ਤੇ ਮਹਾਨਤਾ ਦੀ ਨਾ ਰੱਦ ਸਕੀ ਜਾਣ ਵਾਲੀ ਅਮਿੱਟ ਛਾਪ ਪਾਉਣ ਵਾਲੇ ਪੰਨਿਆਂ ਨੂੰ ਨਵਿਆਉਂਦੇ/ਉਚਿਆਉਂਦੇ ਰਹਿਣਾ ਹੁੰਦਾ ਹੈ ਅਤੇ ਜ਼ਬਰੀ ਦਬਾਈ ਗਈ ਪਰ ਖਤਮ ਨਾ ਕੀਤੀ ਜਾ ਸਕਣ ਵਾਲੀ ਸਮਾਜ ਦੀ ਬੇਮਿਸਾਲ ਗ਼ਦਰ ਪਾਰਟੀ ਲਹਿਰ ਦੇ ਬੀਤੇ ਤੇ ਨਜ਼ਰ ਮਾਰਦਿਆਂ ਇਹੀ ਵਰਤਾਰਾ ਵੇਖਣ ਨੂੰ ਮਿਲਦਾ ਹੈ।

ਮਹਾਨ ਗ਼ਦਰ ਪਾਰਟੀ ਲਹਿਰ ਦੇ ਦੱਬੇ/ਅਣਗੌਲੇ ਰਹਿ ਗਏ ਤੱਥਾਂ ਨੂੰ ਪਿਛਲੀ ਇਕ ਸਦੀ ਦੇ ਅਰਸੇ ਤੋਂ ਵੱਖ-ਵੱਖ ਖੋਜਾਰਥੀਆਂ ਵੱਲੋਂ ਖੋਜਿਆ-ਪੜਤਾਲਿਆ ਜਾ ਰਿਹਾ ਹੈ। ਇਸ ਵਿਸ਼ਾਲ ਲਹਿਰ ਦੀਆਂ ਬਹੁ-ਪਰਤੀ, ਵਿਭਿੰਨ ਕਿਸਮ ਦੀਆਂ ਸੱਚਾਈਆਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਮਹਾਨ ਪਾਰਟੀ ਲਹਿਰ ਦੇ ਦੱਬੇ ਅਣਗੌਲੇ ਰਹੇ ਇਹ ਤੱਥ ਸਮਾਜਿਕ ਤਬਦੀਲੀ ਦੀ ਜੱਦੋ-ਜਹਿਦ 'ਚ ਲੱਗਿਆਂ ਵੱਖ-ਵੱਖ ਕਿਸਮ ਦੀਆਂ ਲੋਕ-ਪੱਖੀ ਸ਼ਕਤੀਆਂ ਲਈ; ਬੇਹਤਰ ਸਮਾਜ ਲਈ ਵਰਤਮਾਨ ਸਮੇਂ 'ਚ ਘੜੇ ਜਾ ਰਹੇ ਵਿਚਾਰਧਾਰਕ ਸਿਆਸੀ ਨੀਤੀ-ਨਿਰਣੇ ਤੇ ਯੁੱਧਨੀਤਿਕ ਦਾਅ-ਪੇਚ ਤਹਿ ਕਰਨ ਲਈ 'ਕੱਚਾ ਮਾਲ' (Raw Matrial) ਮੁਹੱਈਆ ਕਰਦੇ ਹਨ।

ਸਮਾਜ ਦੀਆਂ ਇਹ ਅਗਾਂਹਵਧੂ ਸ਼ਕਤੀਆਂ ਇਹਨਾਂ ਤੱਥਾਂ ਦਾ ਆਲੋਚਨਾਤਮਿਕ ਮੁਲਾਂਕਣ ਕਰਦਿਆਂ ਸਮਾਜਿਕ ਤਬਦੀਲੀ ਦੀ ਦਰੁਸਤ ਸਮਝ ਪੇਸ਼ ਕਰਨ ਤੇ ਉਸ ਸਮਝ ਨੂੰ ਅਮਲੀਜਾਮਾ ਪਹਿਨਾਉਣਾ ਅਮਲ 'ਚ ਹਨ ਦੂਸਰਾ,ਲਹਿਰ ਦੇ ਸਮਾਂ ਵਿਹਾਅ ਚੁੱਕੇ/ਨਿਰਾਰਥਕ ਪੱਖਾਂ ਜਾਂ ਲਹਿਰ ਦੀਆਂ ਜਾਣੇ -ਅਣਜਾਣੇ ਰਹੀਆਂ ਘਾਟਾਂ,ਵਧਾਉਣ ਤੇ ਸੀਮਤਾਈਆਂ ਨੂੰ ਵੱਖ-ਵੱਖ ਕੋਣਾਂ ਤੋਂ ਵੇਖਿਆ ਜਾ ਰਿਹਾ ਹੈ ਇਸ ਸਬੰਧੀ ਮੁੱਖ ਤੌਰ ਤੇ ਦੋ ਰੁਝਾਨ ਸਾਹਮਣੇ ਹਨ। ਇਕ ਮੱਧਯੁਗੀ ਸੋਚ ਦੀਆਂ ਧਾਰਨੀ ਪਿਛਾਖੜੀ ਤਾਕਤਾਂ ਦਾ ਹੈ ਜੋ ਗ਼ਦਰ ਲਹਿਰ ਨੂੰ ਧਾਰਮਿਕ ਵਲਗਣਾਂ 'ਚ ਬੰਨਣ ਦੀ ਨਿਰਾਰਥਕ, ਅਸਮਾਜਿਕ ਤੇ ਗੈਰ-ਹਕੀਕੀ ਕਸਰਤ ਕਰ ਰਹੀਆਂ ਹਨ। ਜਦਕਿ ਇਨ੍ਹਾਂ "ਮੁੜਮੱਤੀਆਂ"



ਦੇ ਮੱਤ ਦਾ ਖੰਡਨ ਕਰਨ ਲਈ ਗ਼ਦਰ ਪਾਰਟੀ ਦੇ ਪ੍ਰੋਗਰਾਮ 'ਚ ਸ਼ਾਮਲ 'ਧਰਮ-ਨਿਰਪੱਖਤਾ' ਦੀ ਮੱਹਤਵਪੂਰਨ ਧਾਰਾ ਹੀ ਕਾਫ਼ੀ ਹੈ। ਇਹ ਬੀਤੇ ਤੇ ਜ਼ੋਰ-ਜ਼ੋਰ ਦੀ ਹੁੰਞ ਕੇਰ ਰਿਹਾ ਹੈ।

ਜਿਹੜੇ ਵਿਰਸੇ ਨੂੰ ਤਿਆਗਣ ਦਾ ਦੋਸ਼ ਇਹ ਪਿਛਾਖੜ ਤਾਕਤਾਂ ਅੱਜ ਲੋਕਾਂ ਦੇ ਜਿਸ ਹਿੱਸੇ ਸਿਰ ਮੜ੍ਹ ਰਹੀਆਂ ਹਨ ਉਹ ਕਿਰਤੀ ਲੋਕ ਬਦਲਵੇਂ ਸਮਾਜਕ ਸੰਦਰਭ 'ਚ ਲੋਕ ਦੁਸ਼ਮਣ ਤਾਕਤਾਂ ਖਿਲਾਫ ਵੱਖ-ਵੱਖ ਢੰਗਾਂ ਨਾਲ ਲੜ੍ਹ-ਮਰ ਰਹੇ ਹਨ ਤੇ ਲਗਾਤਾਰ ਸਾਂਝੀਵਾਲਤਾ ਦੇ ਸਮਾਜ ਦੀ ਸਥਾਪਤੀ ਵੱਲ ਰਹੇ ਹਨ। ਜਦਕਿ ਆਪ ਖੁਦ ਉਸ ਵਿਰਸੇ (ਜਿਸਦੀ ਗੱਲ ਕਰਦੇ ਹਨ) ਦੇ ਅਗਾਂਹਵਧੂ ਤੱਤ ਨੂੰ ਨਾਕਾਰ ਚੁੱਕੇ ਇਹ ਲਫਾਜੀਬਾਜ਼ ਲੋਕਦੋਖੀ ਤਾਕਤਾਂ ਦੀ ਬੁੱਕਲ ਦਾ ਨਿੱਘ ਮਾਣ ਰਹੇ ਹਨ। ਦੂਜਾ ਰੁਝਾਨ ਲੋਕਪੱਖੀ ਤਾਕਤਾਂ ਦਾ ਹੈ ਜੋ ਲਹਿਰ ਦੇ ਸਮਾਂ ਵਿਹਾਅ ਚੁੱਕੇ/ਨਿਰਾਰਥਕ ਪੱਖਾਂ ਜਾਂ ਲਹਿਰ ਦੀਆਂ ਜਾਣੇ-ਅਣਜਾਣੇ ਰਹੀਆਂ ਘਾਟਾਂ, ਕੰਮਜ਼ੋਰੀਆਂ ਤੇ ਸੀਮਤਾਈਆਂ ਨੂੰ ਪੜਚੋਲਦਿਆਂ ਜਮਾਤੀ ਜੱਦੋਜਹਿਦ ਨੂੰ ਵੱਖ-ਵੱਖ ਢੰਗਾਂ ਨਾਲ ਅੱਗੇ ਚ ਅਸਫ਼ਲ ਰਹਿ ਰਿਹਾ ਹੈ ਤੀਸਰਾ,ਗ਼ਦਰ ਲਹਿਰ ਦੇ ਉਹ ਪੱਖ ਜਿਨ੍ਹਾਂ ਨੇ ਆਪਣੀ ਮਹੱਤਤਾ ਤੇ ਮਹਾਨਤਾ ਦੀ ਨਾ ਰੱਦ ਸਕੀ ਜਾਣ ਵਾਲੀ ਅਮਿੱਟ ਛਾਪ ਪਾਈ ਹੈ,ਨੂੰ ਪੂਰੇ ਜ਼ੋਰਦਾਰ ਤਰੀਕੇ ਨਾਲ ਉਭਾਰਿਆ ਜਾ ਰਿਹਾ ਹੈ,ਨਵਿਆਇਆ ਜਾ ਰਿਹਾ ਹੈ।

ਦੇਸ਼ ਦੀਆਂ ਰੰਗ-ਬਰੰਗੀਆਂ ਵੋਟ -ਬਟੋਰੂ ਪਾਰਟੀਆਂ ਦੇ ਭ੍ਰਿਸ਼ਟ, ਅਪਰਾਧੀ ਤੇ ਫਿਰਕਾਪ੍ਰਸਤ ਨੇਤਾਵਾਂ ਦੀ ਜੁਬਾਨ ਨੂੰ ਤੰਦੂਆ ਪਿਆ ਹੋਇਆ ਹੈ ਤੇ ਉਹ ਗ਼ਦਰ ਪਾਰਟੀ ਲਹਿਰ ਦਾ ਜ਼ਿਕਰ ਤੱਕ ਕਰਨ ਤੋਂ ਤ੍ਰਹਿਕ ਰਹੇ ਹਨ ਲੋਕਤੰਤਰ ਦੇ ਲਬਾਦੇ ਹੇਠ ਅਮੀਰ ਵਰਗ ਦੀ ਤਾਨਾਸ਼ਾਹੀ ਲਾਗੂ ਕਰਨ ਤੇ ਹਿਟਲਰਸ਼ਾਹੀ ਤਾਕਤਾਂ ਨੂੰ ਬੜਾਵਾ ਦੇ ਰਹੇ ਹਨ ਉਨ੍ਹਾਂ ਗ਼ਦਰ ਲਹਿਰ ਦੇ ਸੂਰਵੀਰਾਂ ਦੀਆਂ ਕੁਰਬਾਨੀਆਂ ਨੂੰ ਤਾਂ ਕੀ ਉਭਾਰਨਾ ਤੇ ਨਵੀਂ ਪੀੜ੍ਹੀ ਦੇ ਸਨਮੁੱਖ ਕਰਨਾ ਹੈ ਬਲਕਿ ਉਲਟਾ ਅੱਜ ਨਵੀਂ ਪੀੜ੍ਹੀ ਦੇ ਦਿਲੋ-ਦਿਮਾਗ 'ਚੋਂ ਉੱਚੇ-ਸੁੱਚੇ ਤੇ ਦ੍ਰਿੜ ਇਖਲਾਕ ਵਾਲੇ ਸ਼ਹੀਦਾਂ ਨੂੰ, ਉਹਨਾਂ ਦੀ ਵਿਚਾਰਧਾਰਾ ਨੂੰ ਮੂਲੋਂ ਖਾਰਜ ਕਰਨ ਲਈ ਸੱਭਿਆਚਾਰ ਦੇ ਨਾਂ ਹੇਠ ਅਸ਼ਲੀਲਤਾ, ਸਨਕੀਪੁਣਾ, ਨਸ਼ੇ ਆਦਿ ਦਾ ਮਾਡਲ ਪੇਸ਼ ਕੀਤਾ ਜਾ ਰਿਹਾ ਹੈ। ਮਿਹਨਤਕਸ਼ ਲੋਕਾਂ ਤੇ ਨੌਜਵਾਨ ਨੂੰ ਅਜਿਹੇ ਕੁਰਾਹਿਆਂ ਤੋਂ ਸੁਚੇਤ ਰਹਿਣ ਚਾਹੀਦਾ ਹੈ।

ਗ਼ਦਰ ਲਹਿਰ ਨੂੰ ਤਾਜ਼ਗੀ ਤੇ ਹੁਲਾਰਾ ਦੇਣ ਵਿਚ ਨੌਜਵਾਨ ਗ਼ਦਰੀ ਇਨਕਲਾਬੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਗ਼ਦਰ ਪਾਰਟੀ ਦੀ ਜਿੰਦ-ਜਾਨ, ਚੜ੍ਹਦੀ ਜਵਾਨੀ ਵੇਲੇ ਫਾਂਸੀ ਦੇ ਫੰਦੇ ਨੂੰ ਗਲ 'ਚ ਪਾਉਣ ਵਾਲਾ ਕਰਤਾਰ ਸਿੰਘ ਸਰਾਭਾ ਉਨ੍ਹੀ ਵਰ੍ਹਿਆਂ ਦਾ ਮੁੱਛ-ਫੁੱਟ ਨੌਜਵਾਨ ਸੀ। ਗ਼ਦਰ ਕੱਢਣ, ਕਾਮਾਗਾਟਾਮਾਰੂ ਦੇ ਯਾਤਰੀਆਂ ਨਾਲ ਸੰਪਰਕ ਕਰਨ, ਫ਼ੌਜੀ ਛਾਉਣੀਆਂ 'ਚ ਬਗਾਵਤ ਦੇ ਸੁਨੇਹੇ ਦੇਣ ਤੇ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਤਾਲਮੇਲ ਕਰਲ ਵਿੱਚ ਉਸਦੀ ਬੇਜੋੜ ਭੂਮਿਕਾ ਰਹੀ। ਕੇਵਲ ਸਰਾਭਾ ਹੀ ਨਹੀ ਵਿਸ਼ਣੂ ਗਣੇਸ਼ ਪਿੰਗਲੇ, ਸੰਤੋਖ ਸਿੰਘ ਕਿਰਤੀ, ਰਤਨ ਸਿੰਘ ਰਾਇਪੁਰ ਡੱਬਾ, ਰਹਿਮਤ ਅਲੀ ਵਜੀਦਕੇ,ਕਾਸੀ? ਰਾਮ ਮੜੌਲੀ ਆਦਿ ਨੌਜਵਾਨ-ਵਿਦਿਆਰਥੀ ਗ਼ਦਰ ਪਾਰਟੀ ਦੇ ਜੋਸ਼ੀਲੇ ਤੇ ਚੇਤੰਨ ਯੋਧੇ ਸਨ, ਜਿੰਨਾਂ ਦੇ ਗ਼ਦਰ ਪਾਰਟੀ ਲਹਿਰ 'ਚ ਨਵੀਂ-ਨਰੋਈ ਤੇ ਇਨਕਲਾਬੀ ਸਪਿਰਟ ਪੈਦਾ ਕੀਤੀ। ਅੱਜ ਵੀ ਉਨ੍ਹਾਂ ਗ਼ਦਰੀ ਇਨਕਲਾਬੀ ਨੌਜਵਾਨ ਯੋਧਿਆਂ ਵਰਗੇ ਸਵੈ-ਕੁਰਬਾਨੀ ਦੇ ਜਜ਼ਬੇ ਦੇ ਧਾਰਨੀ ਹੋਣ ਦੇ ਪਏ ਖਲਾਅ ਨੂੰ ਪੂਰਾ ਕਰਨ ਦੀ 21 ਅਪ੍ਰੈਲ, 1913 ਨੂੰ ਅਮਰੀਕਾ ਦੇ ਸ਼ਹਿਰ ਆਸਟਰੀਆ 'ਚ ਹਿੰਦੀ ਪ੍ਰਵਾਸੀਆਂ ਵਲੋਂ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਦੀ ਸਥਾਪਨਾ ਕੀਤੀ ਗਈ। ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਅਤੇ ਜਨਰਲ ਸਕੱਤਰ ਲਾਲਾ ਹਰਦਿਆਲ ਸਨ। ਇਹ ਜਥੇਬੰਦੀ 1 ਨਵੰਬਰ, 1913 ਨੂੰ ਆਪਣੇ ਹਫਤਾਵਾਰੀ ਅਖ਼ਬਾਰ 'ਗ਼ਦਰ' ਦਾ ਪਹਿਲਾ ਅੰਕ ਪ੍ਰਕਾਸ਼ਿਤ ਹੋਣ ਨਾਲ 'ਹਿੰਦੁਸਤਾਨ ਗ਼ਦਰ ਪਾਰਟੀ' ਵਜੋਂ ਸਥਾਪਤ ਹੋ ਗਈ।

# ਕਿਸਾਨੀ ਕਰਜ਼ੇ ਪ੍ਰਤੀ ਦੋਗਲੀ ਹਕੂਮਤੀ ਨੀਤੀ



ਨਰਭਿੰਦਰ
93544-30211

ਹੁਣੇ ਜਿਹੇ ਪੰਜ ਰਾਜਾਂ ਦੀਆਂ ਚੋਣਾਂ 'ਚ ਕਿਸਾਨਾਂ ਦੇ ਕਰਜ਼ ਮਾਫ਼ੀ ਬਾਰੇ ਖੂਬ ਰਾਜਨੀਤੀ ਹੋਈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਤਕ ਨੇ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ 'ਚ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਦਾ ਪੱਤਾ ਵੀ ਖੇਡਿਆ। ਪੰਜਾਬ 'ਚ ਕਾਂਗਰਸ ਦੇ ਅਮਰਿੰਦਰ ਸਿੰਘ ਵੀ ਪਿੱਛੇ ਨਹੀਂ ਰਹੇ। ਚੋਣਾਂ ਤੋਂ ਐਨ ਪਿਛੋਂ ਜਦੋਂ ਇਸ ਬਾਰੇ ਚਰਚਾ ਚੱਲੀ ਤਾਂ ਸਟੇਟ ਬੈਂਕ ਆਫ਼ ਇੰਡੀਆ ਦੀ ਮੁਖੀ ਅਰੁੰਧਤੀ ਭੱਟਾਚਾਰੀਆ ਨੇ ਕਿਹਾ ਕਿ 'ਕਿਸਾਨਾਂ ਦੀ ਕਰਜ਼ ਮਾਫ਼ੀ ਦੇਸ਼ ਦਾ ਵਿੱਤੀ ਅਨੁਸ਼ਾਸਨ ਵਿਗਾੜ ਸਕਦੀ ਹੈ' ਅਤੇ ਨਾਲ ਹੀ ਇਹ ਵੀ ਕਿਹਾ ਕਿ 'ਚੋਣਾਂ ਦੌਰਾਨ ਕਰਜ਼ ਮਾਫ਼ੀ ਦੀ ਬਿਆਨਬਾਜ਼ੀ ਠੀਕ ਨਹੀਂ।' ਅਜਿਹੇ ਹੀ ਬਿਆਨ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਮੁਖੀਆਂ ਸਮੇਤ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਦੇ ਵੀ ਸਨ ਕਿ 'ਕੇਂਦਰ ਸਰਕਾਰ ਕਿਸਾਨਾਂ ਦੇ ਕਰਜ਼ ਮਾਫ਼ ਨਹੀਂ ਕਰੇਗੀ।' ਰਾਜਨੀਤੀ 'ਚ ਧੋਖੇਬਾਜ਼ੀ ਹੁੰਦੀ ਹੈ। ਸਫ਼ਲ ਰਾਜਨੀਤਕ ਆਗੂ ਉਹ ਹੈ ਜਿਹੜਾ ਵੱਧ ਤੋਂ ਵੱਧ ਲੋਕਾਂ ਨੂੰ ਬੁੱਧੂ ਬਣਾ ਕੇ ਜਾਂ ਹਿਪਨੋਟਾਇਜ਼ ਕਰ ਕੇ ਸੱਤਾ ਸੰਭਾਲਣ 'ਚ ਕਾਮਯਾਬ ਹੋ ਜਾਵੇ। ਪਰ ਵਿੱਤੀ ਖੇਤਰ 'ਚ ਧੋਖੇਬਾਜ਼ੀ ਨਹੀਂ ਚਲਦੀ। ਹਾਂ ਕੁੱਝ ਲੁਕੋਇਆ ਜਾ ਸਕਦਾ ਹੈ। ਭਾਵ ਵਿਖਾਵੇ ਲਈ ਐਧਰੋਂ ਦੇਣ ਜਾਂ ਛੋਟਾ ਕਰਨ ਦਾ ਤੇ ਦੂਜੇ ਪਾਸਿਉਂ ਉਸ ਤੋਂ ਵੱਧ ਹਥਿਆਉਣ ਦਾ ਜਾਂ ਜੇਬਾਂ 'ਚੋਂ ਕੱਢਣ ਦਾ।

ਅਸੀ ਸਟੇਟ ਬੈਂਕ ਆਫ਼ ਇੰਡੀਆ ਮੁਖੀ ਦੇ ਬਿਆਨ ਤੋਂ ਹੀ ਸ਼ੁਰੂ ਕਰਾਂਗੇ ਅਤੇ ਸਵਾਲ ਉਠਾਵਾਂਗੇ ਕਿ ਜੇ ਕਿਸਾਨਾਂ ਦੀ ਕਰਜ਼ ਮਾਫ਼ੀ ਦੇਸ਼ ਦਾ ਵਿੱਤੀ ਅਨੁਸ਼ਾਸਨ ਵਿਗਾੜ ਸਕਦੀ ਹੈ ਤਾਂ ਫਿਰ ਕਿਸ ਆਧਾਰ ਤੇ ਸਿਰਫ਼ ਪਿਛਲੇ ਤਿੰਨ ਸਾਲਾਂ (2013-15) ਵਿਚ ਹੀ ਪੂੰਜੀਪਤੀ ਕਾਰਪੋਰੇਟ ਜਗਤ ਦੇ ਕਰਜ਼ਈ ਘਰਾਣਿਆਂ ਦੇ 1.14 ਲੱਖ ਕਰੋੜ ਰੁਪਏ ਦੇ ਕਰਜ਼ੇ ਰਾਈਟ ਆਫ਼ (ਡੁਬ ਰਹੇ ਖਾਤੇ) ਵਿਚ ਪਾ ਕੇ ਲੀਕ ਫੇਰ ਦਿਤੀ ਗਈ? ਪਿਛਲੇ 15 ਸਾਲ ਦੇ ਰੀਕਾਰਡ ਮੁਤਾਬਕ ਇਸ ਡੁਬ ਰਹੇ ਕਰਜ਼ੇ ਤੇ ਲੀਕ ਫੇਰੀ ਜਾਣ ਵਾਲੀ ਰਾਸ਼ੀ ਤਿੰਨ ਲੱਖ ਕਰੋੜ ਤੋਂ ਵੱਧ ਬਣਦੀ ਹੈ। ਦੇਸ਼ ਦੀ ਅਰਥਵਿਵਸਥਾ ਵਿਚ ਸਨਅਤ ਨਾਲੋਂ ਖੇਤੀ ਪਹਿਲੇ ਨੰਬਰ ਤੇ ਹੈ ਕਿਉਂਕਿ ਖੇਤੀ ਖੇਤਰ ਵੱਡੀ ਗਿਣਤੀ 'ਚ ਆਬਾਦੀ ਨੂੰ ਰੁਜ਼ਗਾਰ ਦੇ ਰਿਹਾ ਹੈ। ਸਨਅਤੀ ਪੂੰਜੀਪਤੀਆਂ ਲਈ ਛੋਟਾਂ ਅਤੇ ਕਰਜ਼ਿਆਂ ਉਤੇ ਲੀਕ ਫੇਰਨ ਵਾਲੀ ਪਹੁੰਚ ਅਤੇ ਕਿਸਾਨਾਂ ਪ੍ਰਤੀ ਦੂਜੀ ਪਹੁੰਚ ਕਿਉਂ?

ਖੇਤੀ ਮੰਤਰਾਲਾ ਮੁਤਾਬਕ ਦੇਸ਼ ਦੇ 4.68 ਕਰੋੜ ਖੇਤੀਕਿਰਨ ਵਾਲੇ ਪ੍ਰਵਾਰ ਕਰਜ਼ੇ 'ਚ ਡੁੱਬੇ ਹੋਏ ਹਨ। ਸਰਕਾਰ ਵਲੋਂ ਸੰਸਦ 'ਚ ਦਿਤੀ ਜਾਣਕਾਰੀ ਮੁਤਾਬਕ ਦੇਸ਼ ਭਰ ਦੇ ਕਿਸਾਨਾਂ ਸਿਰ 12.6 ਲੱਖ ਕਰੋੜ ਦਾ ਕਰਜ਼ਾ ਚੜ੍ਹਿਆ ਹੋਇਆ ਹੈ ਜਿਸ 'ਚ 9.57 ਲੱਖ ਕਰੋੜ ਵਣਜ ਵਾਲੇ ਬੈਂਕਾਂ ਦਾ, 1.57 ਲੱਖ ਕਰੋੜ ਸਹਿਕਾਰੀ ਬੈਂਕਾਂ ਦਾ ਅਤੇ 1.45 ਲੱਖ ਕਰੋੜ ਖੇਤਰੀ ਬੈਂਕਾਂ ਦਾ ਹੈ। ਅਮਲੀ ਹਕੀਕਤ ਇਹ ਹੈ ਕਿ ਸਰਕਾਰ ਵਲੋਂ ਕਿਸਾਨਾਂ ਨੂੰ ਦਿਤੇ ਕੁਲ ਕਰਜ਼ੇ ਵਿਚ ਛੋਟੇ ਅਤੇ ਮੱਧਵਰਗੀ ਕਿਸਾਨਾਂ ਦਾ ਕਰਜ਼ੇ 'ਚ ਹਿੱਸਾ ਸਿਰਫ਼ 25 ਫ਼ੀ ਸਦੀ ਹੈ। ਬਾਕੀ ਕਿਸਾਨੀ ਕਰਜ਼ਾ ਜਿਹੜਾ 75 ਫ਼ੀ ਸਦੀ ਦੇ ਕਰੀਬ ਹੈ, ਅਮੀਰ ਅਤੇ ਵੱਡੇ ਕਿਸਾਨਾਂ ਜਾਂ ਫਿਰ ਖੇਤੀ ਨਾਲ ਜੁੜੇ ਜਾਂ ਖੇਤੀ ਉਤੇ ਅਧਾਰਤ ਉਦਯੋਗਾਂ ਵਲੋਂ ਲਿਆ ਗਿਆ ਹੈ। ਜ਼ਿਆਦਾਤਰ ਛੋਟੇ ਕਿਸਾਨ ਸ਼ਾਹੂਕਾਰਾਂ ਜਾਂ ਆੜ੍ਹਤੀਆਂ ਤੋਂ ਹੀ ਕਰਜ਼ੇ ਲੈਂਦੇ ਹਨ। ਇਸ ਲਈ ਸ਼ਾਹੂਕਾਰਾਂ ਅਤੇ ਆੜ੍ਹਤੀਆਂ ਵਾਲੇ ਕਰਜ਼ੇ ਦੀ ਮਾਫ਼ੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਕ ਹੋਰ ਤੱਥ ਦੇਸ਼ ਦੇ 9 ਕਰੋੜ ਕਿਸਾਨਾਂ ਉਤੇ 12 ਲੱਖ ਕਰੋੜ ਦੇ ਕਰਜ਼ੇ ਦਾ ਹੈ ਜਦਕਿ ਸਿਰਫ਼ 10 ਵੱਡੇ ਕਾਰਪੋਰੇਟ ਘਰਾਣਿਆਂ ਵਲ ਹੀ 5 ਲੱਖ 73 ਹਜ਼ਾਰ 682 ਕਰੋੜ ਦਾ ਕਰਜ਼ਾ ਹੈ।

ਹੈਰਾਨ ਕਰਨ ਵਾਲੇ ਹੋਰ ਵੀ ਤੱਥ ਹਨ। ਬੈਂਕਾਂ ਦੇ ਕਰਜ਼ੇ 'ਚ ਜਿਥੇ ਸਨਅਤੀ ਖੇਤਰ ਭਾਵ ਉਦਯੋਗਪਤੀਆਂ ਦਾ ਹਿੱਸਾ 41.71 ਫ਼ੀ ਸਦੀ ਹੈ ਉਥੇ ਦੇਸ਼ ਭਰ ਦੇ ਕਿਸਾਨਾਂ ਦਾ ਹਿੱਸਾ ਸਿਰਫ਼ 13.49 ਫ਼ੀ ਸਦੀ ਹੀ ਹੈ। ਇਸ ਵਾਰ ਬਜਟ (2017-18) ਵਿਚ ਕਿਸਾਨਾਂ ਲਈ 10 ਲੱਖ ਕਰੋੜ ਦਾ ਕਰਜ਼ਾ ਰਾਖਵਾਂ ਰਖਿਆ ਗਿਆ ਹੈ ਜਦਕਿ ਇਸ ਤੋਂ ਵੱਧ ਰਾਸ਼ੀ ਕਾਰਪੋਰੇਟ ਘਰਾਣਿਆਂ ਦੇ ਐਨ.ਪੀ.ਏ. (ਡੁਬ ਰਹੇ ਕਰਜ਼ੇ) ਦੀ ਬਣਦੀ ਹੈ। 30 ਜੂਨ, 2016 ਤਕ 50 ਕਰੋੜ ਰੁਪਏ ਤੋਂ ਵੱਧ ਕਰਜ਼ੇ ਦੀ ਰਕਮ ਵਾਲੇ ਖਾਤੇ ਜਿਹੜੇ ਡੁਬ ਰਹੇ ਖਾਤੇ ਵਜੋਂ ਪਛਾਣੇ ਗਏ ਹਨ, ਦੀ ਗਿਣਤੀ 2071 ਸੀ ਜਿਨ੍ਹਾਂ ਦੇ ਸਿਰ 388919 ਕਰੋੜ ਦੀ ਰਾਸ਼ੀ ਮਰਨਾਊ ਪਈ ਹੈ। ਹਾਲਾਂਕਿ ਵਡੇਰੇ ਸਨਅਤੀ ਕਰਜ਼ਿਆਂ ਉਤੇ ਵਿਆਜ ਦੀ ਰਕਮ ਕਿਸਾਨਾਂ ਦੇ ਕਰਜ਼ ਉਤੇ ਵਿਆਜ ਰਾਸ਼ੀ ਨਾਲੋਂ ਤੀਜੇ ਹਿੱਸੇ ਤੋਂ ਵੀ ਘੱਟ ਹੈ। ਖ਼ੁਦ ਸਰਕਾਰ ਦੀ ਭਾਵ ਰਿਜ਼ਰਵ ਬੈਂਕ ਦੀ ਰੀਪੋਰਟ ਕਹਿੰਦੀ ਹੈ ਕਿ ਸਟਰੈਸਡ ਲੋਨ (ਭਾਵ ਜਿਸ 'ਚ ਕਰਜ਼ਦਾਰ ਕਿਸਤਾਂ ਸਮੇਂ ਸਿਰ ਵਾਪਸ ਨਾ ਅਦਾ ਕਰ ਸਕਣ) ਦੀ ਹਾਲਤ ਇਹ ਹੈ ਕਿ ਮਾਰਚ 2016 ਵਿਚ ਖੇਤੀ ਖੇਤਰ 'ਚ ਇਹ 7.4 ਫ਼ੀ ਸਦੀ ਸੀ ਜਿਹੜੀ ਸੁਧਰ ਕੇ ਸਤੰਬਰ 2016 'ਚ 7.2 ਫ਼ੀ ਸਦੀ ਹੋ ਗਈ ਜਦਕਿ ਸਨਅਤੀ ਖੇਤਰ 'ਚ ਮਾਰਚ ਵਿਚ 18.4 ਫ਼ੀ ਸਦੀ ਸੀ ਜਿਹੜੀ ਵਧ ਕੇ ਸਤੰਬਰ 2016 ਵਿਚ 20.3 ਫ਼ੀ ਸਦੀ ਹੋ ਗਈ। ਵੈਸੇ ਸਰਕਾਰੀ ਅੰਕੜਿਆਂ ਉਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਬੈਂਕ ਵੱਡੇ ਕਰਜ਼ਧਾਰਕਾਂ ਦੇ ਨਾਂ ਹੀ ਜ਼ਾਹਰ ਨਹੀਂ ਕਰਦਾ ਅਤੇ ਨਾ ਹੀ ਸਹੀ ਤੱਥ ਸਾਹਮਣੇ ਰਖਦਾ ਹੈ। ਮਿਸਾਲ ਵਜੋਂ ਬੈਂਕਾਂ ਦੀਆਂ ਰੀਪੋਰਟਾਂ ਮੁਤਾਬਕ 2015 ਵਿਚ ਡੁਬ ਰਹੇ ਕਰਜ਼ਿਆਂ, ਜਿਸ ਨੂੰ ਐਨ.ਪੀ.ਏ. ਕਹਿੰਦੇ ਹਨ, ਦੀ ਮਾਤਰਾ 3 ਲੱਖ 29 ਹਜ਼ਾਰ 556 ਕਰੋੜ ਰੁਪਏ ਸੀ ਜਦਕਿ ਸਤੰਬਰ, 2016 ਵਿਚ ਇਹ ਵੱਧ ਕੇ 6 ਲੱਖ 68 ਹਜ਼ਾਰ 825 ਕਰੋੜ ਰੁਪਏ ਹੋ ਗਈ। ਇਕ ਕੌਮਾਂਤਰੀ ਵਿੱਤ ਕੰਪਨੀ 'ਸਟੈਂਡਰਡ ਐਂਡ ਪੂਅਰ'ਜ਼' ਦਾ ਅਨੁਮਾਨ ਹੈ ਕਿ ਇਸ ਵਿੱਤੀ ਵਰ੍ਹੇ ਵਿਚ ਇਹ ਐਨ.ਪੀ.ਏ. ਵੱਧ ਕੇ 9 ਲੱਖ ਕਰੋੜ ਰੁਪਏ ਤੋਂ ਵੱਧ ਜਾਵੇਗਾ। ਸਨਅਤੀ ਖੇਤਰ ਵਿਚ ਇਨ੍ਹਾਂ ਡੁਬ ਰਹੇ ਕਰਜ਼ਿਆਂ ਦਾ ਨੁਕਸਾਨ ਸਿੱਧਾ ਛੋਟੇ ਕਰਜ਼ਦਾਰਾਂ ਨੂੰ ਭੁਗਤਣਾ ਪੈਂਦਾ ਹੈ।

ਸਰਕਾਰੀ ਬੈਂਕਾਂ ਦੀਆਂ ਰੀਪੋਰਟਾਂ ਮੁਤਾਬਕ 1991 ਤੋਂ ਪਿਛੋਂ ਜਦੋਂ ਦਾ ਉਦਾਰੀਕਰਨ ਨਿਜੀਕਰਨ ਦੇ ਦੌਰ ਨੂੰ ਉਤਸ਼ਾਹਤ ਕੀਤਾ ਜਾਣ ਲੱਗਾ ਹੈ, ਛੋਟੇ ਕਰਜ਼ਦਾਰਾਂ ਦੀ ਕਰਜ਼ੇ 'ਚ ਹਿੱਸੇਦਾਰੀ 63 ਫ਼ੀ ਸਦੀ ਤੋਂ ਘੱਟ ਕੇ 32 ਫ਼ੀ ਸਦੀ ਰਹਿ ਗਈ ਹੈ। ਭਾਵ ਬੈਂਕ ਵੱਡੇ ਘਰਾਣਿਆਂ ਅਤੇ ਸਨਅਤੀ ਅਦਾਰਿਆਂ ਨੂੰ ਲੱਖਾਂ ਕਰੋੜਾਂ ਦੇ ਕਰਜ਼ੇ ਦੇਣ ਨੂੰ ਪਹਿਲ ਦੇਣ ਲੱਗੇ ਹਨ ਅਤੇ ਛੋਟੇ ਉਦਯੋਗਾਂ, ਉਦਮੀਆਂ, ਕਿਸਾਨਾਂ ਨੂੰ ਕਰਜ਼ਾ ਦੇਣ ਤੋਂ ਹੱਥ ਪਿਛੇ ਖਿੱਚਣ ਲੱਗ ਪਏ ਹਨ। ਅਕਤੂਬਰ, 2016 'ਚ ਸੁਪਰੀਮ ਕੋਰਟ ਨੇ ਰਿਜ਼ਰਵ ਬੈਂਕ ਨੂੰ ਇਹ ਆਦੇਸ਼ ਵੀ ਦਿਤਾ ਸੀ ਕਿ ਜਿਹੜੇ 87 ਕਾਰਪੋਰੇਟੀ ਘਰਾਣਿਆਂ ਸਿਰ 8500 ਕਰੋੜ ਰੁਪਏ ਦਾ ਕਰਜ਼ਾ ਬਕਾਇਆ ਹੈ ਉਨ੍ਹਾਂ ਦੇ ਨਾਂ ਤਾਂ ਜ਼ਾਹਰ ਕਰੋ। ਘੱਟੋ-ਘੱਟ ਜਿਨ੍ਹਾਂ ਵਲ 500 ਕਰੋੜ ਦਾ ਕਰਜ਼ਾ ਬਕਾਇਆ ਹੈ, ਉਹ ਚਿਹਰੇ ਦੇਸ਼ ਦੇ ਲੋਕਾਂ ਦੇ ਸਾਹਮਣੇ ਆਉਣੇ ਚਾਹੀਦੇ ਹਨ। ਪਰ ਬੈਂਕਾਂ ਨੇ ਅੱਜ ਤਕ ਇਹ ਨਾਂ ਜੱਗ ਜ਼ਾਹਰ ਨਹੀਂ ਕੀਤੇ।

ਦੇਸ਼ ਭਰ 'ਚ 95 ਫ਼ੀ ਸਦੀ ਮੱਧ ਵਰਗੀ, ਛੋਟੇ ਜਾਂ ਲਘੂ ਕਿਸਾਨ ਹਨ ਜਿਨ੍ਹਾਂ ਕੋਲ ਇਕ-ਦੋ ਜਾਂ ਪੰਜ ਹੈਕਟੇਅਰ ਜ਼ਮੀਨ ਦੀ ਮਾਲਕੀ ਹੈ। ਦੇਸ਼ ਦੀ ਕੁਲ ਖੇਤੀਯੋਗ ਜ਼ਮੀਨ ਦਾ 68.7 ਫ਼ੀ ਸਦੀ ਹਿੱਸਾ ਇਨ੍ਹਾਂ ਕੋਲ ਹੈ ਜਦਕਿ 5 ਫ਼ੀ ਸਦੀ ਵੱਡੇ ਕਿਸਾਨਾਂ ਕੋਲ 31.3 ਫ਼ੀ ਸਦੀ ਜ਼ਮੀਨ ਦੀ ਮਾਲਕੀ ਹੈ। ਪਿਛਲੇ 15 ਸਾਲਾਂ ਵਿਚ 8 ਫ਼ੀ ਸਦੀ ਤੋਂ ਵੱਧ ਖੇਤੀ ਕਰਜ਼ੇ ਵਧੇ ਹਨ ਪਰ ਇਸ ਮੁਤਾਬਕ ਛੋਟੇ, ਲਘੂ ਜਾਂ ਮੱਧ ਵਰਗੀ ਕਿਸਾਨਾਂ ਦੇ ਕਰਜ਼ੇ ਨਹੀਂ ਵਧੇ। ਇਹ ਕਰਜ਼ੇ ਵੱਡੇ ਕਿਸਾਨਾਂ ਜਾਂ ਖੇਤੀ ਆਧਾਰਤ ਸਨਅਤੀ ਇਕਾਈਆਂ, ਜਿਨ੍ਹਾਂ ਨੂੰ ਕਿਸਾਨ ਕਰਜ਼ਿਆਂ 'ਚ ਵਿਖਾਇਆ ਜਾਂਦਾ ਹੈ, ਦੇ ਹੀ ਵਧੇ ਹਨ। ਨੋਟਬੰਦੀ ਪਿਛੋਂ 31 ਦਸੰਬਰ, 2016 ਨੂੰ ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਸੀ ਕਿ ਸਰਕਾਰ ਕਿਸਾਨ ਕਰਜ਼ਿਆਂ ਉਤੇ 60 ਦਿਨਾਂ ਦਾ ਵਿਆਜ ਮਾਫ਼ ਕਰੇਗੀ ਪਰ ਅੱਜ ਤਕ ਇਹ ਵਿਆਜ ਮਾਫ਼ੀ ਕਿਸਾਨਾਂ ਦੇ ਖਾਤਿਆਂ 'ਚ ਨਹੀਂ ਪਹੁੰਚੀ। ਹਾਂ, ਸਰਕਾਰ ਨੇ ਬਜਟ 'ਚ ਨਾਬਾਰਡ ਰਾਹੀਂ ਕਿਸਾਨ ਕਰਜ਼ਿਆਂ ਲਈ 20 ਹਜ਼ਾਰ ਕਰੋੜ ਦੀ ਇਕ ਹੋਰ ਰਕਮ ਜ਼ਰੂਰ ਰੱਖੀ ਹੈ। ਨਾਬਾਰਡ ਇਹ ਰਕਮ ਕਿਹੜੇ ਕਿਸਾਨਾਂ ਨੂੰ ਦੇਵੇਗਾ, ਇਹ ਅਜੇ ਸਾਫ਼ ਨਹੀਂ ਹੈ ਪਰ ਘੱਟੋ-ਘੱਟ ਗ਼ਰੀਬ ਅਤੇ ਦਰਮਿਆਨੇ ਕਿਸਾਨ ਤਾਂ ਇਸ ਦੀ ਪਹੁੰਚ ਤੋਂ ਬਾਹਰ ਹੀ ਰਹਿਣਗੇ। ਇਹ ਕਰਜ਼ ਵੀ ਵੱਡੇ ਕਿਸਾਨ ਜਾਂ ਫ਼ਸਲਾਂ ਆਧਾਰਤ ਜਾਂ ਦੁੱਧ ਆਧਾਰਤ ਸਨਅਤੀ ਇਕਾਈਆਂ ਹੀ ਲੈ ਜਾਣਗੀਆਂ। ਵੈਸੇ ਵੀ ਕੇਂਦਰੀ ਬਜਟ ਵਿਚ ਖੇਤੀ ਖੇਤਰ ਲਈ ਸਿਰਫ਼ 2.25 ਫ਼ੀ ਸਦੀ ਹੀ ਰਕਮ ਰੱਖੀ ਗਈ ਹੈ।

ਨੋਟਬੰਦੀ ਦਾ ਕਦਮ ਵੀ ਬੈਂਕਾਂ ਨੂੰ ਨਕਲੀ ਸਾਹ ਦੇਣ ਦਾ ਕਦਮ ਹੀ ਸੀ ਕਿਉਂਕਿ ਬੈਂਕਾਂ ਦਾ ਨਾਨ-ਪਰਫ਼ਾਰਮਿੰਗ ਐਸੇਟਸ (ਐਨ.ਪੀ.ਏ.) ਦੁਗਣਾ ਹੋ ਗਿਆ ਸੀ ਅਤੇ ਇਸ ਦੀ ਵਸੂਲੀ ਦੀ ਵੀ ਗੁੰਜਾਇਸ਼ ਨਹੀਂ ਸੀ। ਨਵੇਂ ਕਰਜ਼ ਦੇਣ ਲਈ ਬੈਂਕਾਂ ਕੋਲ ਪ੍ਰਾਪਤ ਰਾਸ਼ੀ ਨਹੀਂ ਸੀ। ਰਿਜ਼ਰਵ ਬੈਂਕ ਅਤੇ ਸਰਕਾਰ ਨੇ ਸਾਰੇ ਅਸੂਲ ਛਿੱਕੇ ਟੰਗ ਕੇ ਵਿਸ਼ਾਲ ਲੋਕਾਈ ਤੋਂ ਨੋਟ ਖੋਹ ਕੇ ਬੈਂਕਾਂ ਨੂੰ ਸੌਂਪ ਦਿਤੇ ਤਾਕਿ ਨਕਦੀ ਨਾਲ ਜੂਝ ਰਹੇ ਬੈਂਕਾਂ ਨੂੰ ਰਾਹਤ ਮਿਲੇ ਅਤੇ ਇਹ ਹੋਇਆ ਵੀ। ਇਕ ਵਾਰ ਤਾਂ ਬੈਂਕਾਂ ਨੂੰ ਨਕਲੀ ਸਾਹ ਆ ਹੀ ਗਏ ਪਰ ਇਸ ਦਾ ਨੁਕਸਾਨ ਆਮ ਲੋਕਾਈ ਨੂੰ ਭੁਗਤਣਾ ਪਿਆ। ਜਮ੍ਹਾਂ ਹੋਈ ਰਕਮ ਉਤੇ ਪਾਬੰਦੀ ਲਾ ਕੇ ਬੈਂਕਾਂ ਨੂੰ ਨਵੇਂ ਕਰਜ਼ ਦੇਣ ਲਈ ਲੋੜੀਂਦੀ ਰਾਸ਼ੀ ਹੀ ਮੁਹਈਆ ਨਹੀਂ ਕਰਾਈ ਗਈ ਸਗੋਂ ਅਜੇ ਵੀ ਲੱਖਾਂ ਕਰੋੜ ਬੈਂਕ ਦੇ ਖਾਤਿਆਂ 'ਚ ਬੰਦ ਰੱਖੀ ਹੈ।

ਅਸੀ ਬੈਂਕਾਂ ਦੇ ਕਰਜ਼ਿਆਂ ਬਾਬਤ ਜਾਣਕਾਰੀ ਦੇਣੀ ਚਾਹਾਂਗੇ ਤਾਕਿ ਆਮ ਆਦਮੀ ਲਈ ਇਹ ਨਿਖੇੜਾ ਸਮਝ ਆ ਜਾਵੇ। ਬੈਂਕਿੰਗ ਸ਼ਬਦਾਵਲੀ 'ਚ ਜਦੋਂ ਕੋਈ ਕਰਜ਼ ਲੈਣ ਵਾਲਾ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਤਕ ਅਪਣੀ ਕਿਸਤ ਨਹੀਂ ਮੋੜਦਾ ਤਾਂ ਇਹ ਨਾਨ-ਪਰਫ਼ਾਰਮਿੰਗ ਐਸੇਟਸ ਡੁਬ ਰਹੇ ਕਰਜ਼ੇ ਦੇ ਖਾਤੇ ਵਿਚ ਰੱਖ ਦਿੰਦੇ ਹਨ। ਪਰ ਬੈਂਕ ਅਪਣੀ ਬੈਂਕਿੰਗ ਬੈਲੰਸ ਸ਼ੀਟ ਵਿਚ ਐਨ.ਪੀ.ਏ. ਘੱਟ ਵਿਖਾਉਣ ਦੇ ਲਹਿਜੇ 'ਚ ਵੱਡੇ ਵੱਡੇ ਕਰਜ਼ਿਆਂ ਨੂੰ ਪੁਨਰਗਠਨ (ਰੀਸਟਰੱਕਚਰ) ਕਰਜ਼ 'ਚ ਵਿਖਾਉਂਦੇ ਹਨ। ਸਾਫ਼ ਸ਼ਬਦਾਂ 'ਚ ਕਿਹਾ ਜਾਵੇ ਤਾਂ ਉਨ੍ਹਾਂ ਨੂੰ ਦੋਸ਼ੀ ਕਰਾਰ ਦੇਣ ਦੀ ਥਾਂ ਉਨ੍ਹਾਂ ਨਾਲ ਸਮਝੌਤੇ ਦਾ ਰਾਹ ਅਪਣਾਉਂਦੇ ਹਨ ਭਾਵ ਵਿਆਜ ਛੱਡ ਦਿੰਦੇ ਹਨ, ਮਾਫ਼ ਕਰ ਦਿੰਦੇ ਹਨ। ਐਨ.ਪੀ.ਏ. ਤੇ ਪੁਨਰਗਠਨ ਕਰਜ਼ੇ ਜੋੜ ਕੇ ਜਿਹੜੀ ਰਾਸ਼ੀ ਬਣਦੀ ਹੈ ਉਸ ਨੂੰ ਸਟਰੈੱਸ ਲੋਨ (ਉਹ ਕਰਜ਼ਾ ਜਿਹੜਾ ਸੰਕਟ 'ਚ ਹੈ) ਕਿਹਾ ਜਾਂਦਾ ਹੈ। ਜਦੋਂ ਬੈਂਕ ਦਾ ਕਰਜ਼ਾ ਅਤੇ ਵਿਆਜ ਵਾਪਸ ਕਰਨ ਦੀ ਕੋਈ ਗੁੰਜਾਇਸ਼ ਨਹੀਂ ਬਣਦੀ ਤਾਂ ਇਹ ਕਰਜ਼ਾ ਡੁਬ ਰਹੇ ਖਾਤੇ 'ਚ ਪਾ ਦਿੱਤਾ ਜਾਂਦਾ ਹੈ ਭਾਵ ਸਾਫ਼ ਲਫ਼ਜ਼ਾਂ 'ਚ ਮਾਫ਼ ਕਰ ਦਿਤਾ ਜਾਂਦਾ ਹੈ। ਹੁਣ ਬੈਂਕਾਂ ਦੇ ਰੀਕਾਰਡ ਮੁਤਾਬਕ ਸਿਰਫ਼ ਸਨਅਤੀ ਘਰਾਣਿਆਂ ਦੇ ਕਰਜ਼ੇ ਹੀ ਡੁਬ ਰਹੇ ਖਾਤਿਆਂ 'ਚ ਵੱਡੀ ਪੱਧਰ ਤੇ ਪਾਏ ਮਿਲਦੇ ਹਨ। ਕਿਸਾਨੀ ਪ੍ਰਤੀ ਇਹ ਪਹੁੰਚ ਠੀਕ ਨਹੀਂ, ਹਾਂ ਕਦੇ ਕਦੇ ਬੈਂਕ ਵਿਆਜ ਦਾ ਕੁੱਝ ਹਿੱਸਾ ਜ਼ਰੂਰ ਛੱਡ ਦਿੰਦਾ ਹੈ ਕਿਉਂਕਿ ਬੈਂਕ ਨੇ ਕਿਸਾਨ ਦੀ, ਕਰਜ਼ ਨਾਲੋਂ ਦੁਗਣੀ, ਤਿੰਨ ਗੁਣੀ ਜ਼ਮੀਨ ਗਹਿਣੇ ਰੱਖੀ ਹੁੰਦੀ ਹੈ। ਹਾਲਾਂਕਿ ਬੈਂਕਾਂ ਲਈ ਕਿਸਾਨ ਕਰਜ਼ੇ ਵਿਸ਼ੇਸ਼ ਕਰ ਕੇ ਛੋਟੀ ਤੇ ਮੱਧਵਰਗੀ ਕਿਸਾਨੀ ਦੇ ਕਰਜ਼ੇ ਪਾਲਤੂ ਬਕਰੀ ਵਾਂਗ ਹਨ ਜਦੋਂ ਮਰਜ਼ੀ ਵਿਆਜ ਚੋਅ ਲਉ, ਕਿਉਂਕਿ ਕਿਸਾਨ ਕਰਜ਼ਿਆਂ ਉਤੇ ਵਿਆਜ ਦਰ ਵੱਧ ਹੁੰਦੀ ਹੈ ਅਤੇ ਕਿਸਾਨ ਬੈਂਕ ਦਾ ਵਿਆਜ ਦਰ ਵਿਆਜ ਮੋੜਦਾ ਹੀ ਹੰਭ ਜਾਂਦਾ ਹੈ। ਉਧਰ ਕਾਰਪੋਰੇਟ ਘਰਾਣਿਆਂ ਵਲ ਲੱਖਾਂ ਕਰੋੜਾਂ ਦੇ ਡੁਬ ਰਹੇ ਕਰਜ਼ੇ ਨੂੰ ਛੋਟਾਂ ਦੇ ਦਿਤੀਆਂ ਜਾਂਦੀਆਂ ਹਨ। ਮਿਸਾਲ ਵਜੋਂ 8 ਨਵੰਬਰ 2016 ਦੀ ਨੋਟਬੰਦੀ ਤੋਂ ਪਿਛੋਂ 14-15 ਨਵੰਬਰ, 2016 ਨੂੰ ਜਿਹੜੇ ਕਾਰਪੋਰੇਟ ਘਰਾਣਿਆਂ ਨੂੰ 2015-16 ਵਿਚ 59 ਹਜ਼ਾਰ 547 ਕਰੋੜ ਦੇ ਕਰਜ਼ਿਆਂ ਨੂੰ ਡੁਬ ਰਹੇ ਖਾਤੇ ਵਿਚ ਪਾ ਕੇ ਛੋਟ ਦਿਤੀ ਉਨ੍ਹਾਂ ਵਿਚੋਂ ਇਕ ਵਿਜੈ ਮਾਲਿਆ ਵੀ ਸੀ ਜਿਸ ਦਾ 1200 ਕਰੋੜ ਦਾ ਕਰਜ਼ਾ ਮਾਫ਼ ਕਰ ਦਿਤਾ। ਉਸ ਵਲ 9900 ਕਰੋੜ ਦਾ ਕਰਜ਼ਾ ਦਸਿਆ ਜਾ ਰਿਹਾ ਹੈ। ਵੈਸੇ ਇਨ੍ਹਾਂ ਮਾਫ਼ੀਯੋਗ ਕਾਰਪੋਰੇਟ ਘਰਾਣਿਆਂ ਦੀ ਸੂਚੀ ਨਾ ਰਿਜ਼ਰਵ ਬੈਂਕ ਨੇ ਅਤੇ ਨਾ ਹੀ ਸਰਕਾਰ ਨੇ ਜੱਗ ਜ਼ਾਹਰ ਕੀਤੀ ਹੈ।

ਦੂਜੇ ਪਾਸੇ ਜੇ ਵੇਖਿਆ ਜਾਵੇ ਤਾਂ ਦੇਸ਼ ਭਰ ਵਿਚ ਆਤਮਹਤਿਆ ਕਰਨ ਵਾਲੇ ਕਿਸਾਨਾਂ ਵਿਚ 44.5 ਫ਼ੀ ਸਦੀ ਛੋਟੇ ਕਾਸ਼ਤਕਾਰ ਹਨ ਜਦਕਿ 27.9 ਫ਼ੀ ਸਦੀ ਦਰਮਿਆਨੇ ਅਤੇ 25.2 ਮੱਧ ਵਰਗੀ ਕਿਸਾਨ ਹਨ। ਉੱਚ ਵਰਗ ਦੇ ਕਿਸਾਨਾਂ 'ਚ ਸਿਰਫ਼ 2.3 ਫ਼ੀ ਸਦੀ ਕਿਸਾਨ ਹੀ ਆਤਮਹਤਿਆ ਵਲ ਵਧੇ। ਭਾਵ ਅਜਿਹਾ ਦਰਦਨਾਕ ਕਦਮ ਚੁੱਕਣ ਵਾਲੇ ਕਿਸਾਨਾਂ ਦਾ ਤਿੰਨ ਬਟਾ ਚਾਰ ਹਿੱਸਾ ਛੋਟੇ ਅਤੇ ਦਰਮਿਆਨੇ ਕਿਸਾਨਾਂ 'ਚੋਂ ਆਉਂਦਾ ਹੈ। ਇਸ ਵਰਗ ਲਈ ਖੇਤੀ, ਘਾਟੇ ਦਾ ਸੌਦਾ ਬਣੀ ਹੋਈ ਹੈ। ਕੀ ਦੇਸ਼ ਦੀ ਅਰਥਵਿਵਸਥਾ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਛੋਟੇ ਕਿਸਾਨਾਂ ਨੂੰ ਕਰਜ਼ ਮਾਫ਼ੀ ਲਈ ਉਸੇ ਤਰ੍ਹਾਂ ਦੇ ਹੀ ਅਸੂਲ ਨਹੀਂ ਅਪਣਾਏ ਜਾ ਸਕਦੇ ਜਿਹੇ ਜਿਹੇ ਵੱਡੇ ਕਾਰਪੋਰੇਟ ਘਰਾਣਿਆਂ ਪ੍ਰਤੀ ਬੈਂਕ ਅਪਣਾਉਂਦਾ ਹੈ? ਪਰ ਨਹੀਂ, ਸਰਕਾਰ ਕਾਰਪੋਰੇਟਾਂ ਦੀ ਹੈ, ਪੂੰਜੀਪਤੀਆਂ ਦੀ ਹੈ। ਇਹੋ ਕਾਰਨ ਹੈ ਕਿ ਬੈਂਕਾਂ ਵਿਚ ਆਮ ਲੋਕਾਂ ਦੀ ਬੱਚਤ ਅਤੇ ਹੋਰ ਢੰਗਾਂ ਰਾਹੀਂ ਜਮ੍ਹਾਂ ਰਾਸ਼ੀ ਨੂੰ ਅਛੋਪਲੇ ਜਿਹੇ ਵੱਡੇ ਕਾਰਪੋਰੇਟੀ ਘਰਾਣਿਆਂ ਨੂੰ ਸੌਂਪਿਆ ਜਾ ਸਕਦਾ ਹੈ ਪਰ ਛੋਟੇ ਕਿਸਾਨਾਂ ਪ੍ਰਤੀ ਹਮਦਰਦੀ ਨਹੀਂ ਵਿਖਾਈ ਜਾ ਸਕਦੀ। ਬੇਕਿਰਕੀ ਹੀ ਵਰਤੀ ਜਾ ਸਕਦੀ ਹੈ। ਪਿਛਲੇ ਸਾਲ ਹੀ ਵਿੱਤ ਮੰਤਰੀ ਨੇ ਬੈਂਕਾਂ ਨੂੰ ਵੱਡੇ ਕਾਰਪੋਰੇਟੀ ਘਰਾਣਿਆਂ ਦੇ ਡੁਬ ਰਹੇ ਕਰਜ਼ਿਆਂ (ਜਿਹੜੇ 11 ਖਰਬ 40 ਅਰਬ ਸਨ) ਲਈ 70 ਹਜ਼ਾਰ ਕਰੋੜ ਦੀ ਰਾਹਤ ਰਾਸ਼ੀ ਦਿਤੀ ਸੀ। ਇਸ ਵਾਰੀ ਬਜਟ 'ਚ ਇਹ ਗੱਲ ਲੁਕੋ ਲਈ ਗਈ ਹੈ ਪਰ ਸਰਕਾਰ ਉਨ੍ਹਾਂ (ਕਾਰਪੋਰੇਟੀ ਪੂੰਜੀ) ਦੇ ਕਰਜ਼ਿਆਂ ਦਾ ਭਾਰ ਚੁੱਕਣ ਤੋਂ ਕਦੇ ਪਿੱਛੇ ਨਹੀਂ ਹਟੇਗੀ। ਇਧਰ ਕਿਸਾਨੀ ਕਰਜ਼ਿਆਂ ਪ੍ਰਤੀ ਵਿੱਤ ਮੰਤਰੀ ਜੇਤਲੀ ਤੋਂ ਲੈ ਕੇ ਸਟੇਟ ਬੈਂਕ ਆਫ਼ ਇੰਡੀਆ ਦੇ ਚੇਅਰਮੈਨ ਤਕ ਚੀਕ ਉਠੇ ਹਨ। ਇਸ ਨਾਲ ਵਿੱਤੀ ਅਰਾਜਕਤਾ ਫੈਲ ਜਾਣ ਦੀ ਦੁਹਾਈ ਆਈ ਹੈ।

ਜੇ ਕਿਸਾਨ ਕਰਜ਼ਿਆਂ ਦੀ ਮਾਫ਼ੀ

ਨਾਲ 'ਵਿੱਤੀ ਅਰਾਜਕਤਾ ਫੈਲਦੀ ਹੈ' ਤਾਂ ਇਸ ਅਰਾਜਕਤਾ ਨੂੰ ਉਤਸ਼ਾਹਿਤ ਕਰਨ ਵਾਲੇ ਪ੍ਰਧਾਨ ਮੰਤਰੀ ਵਿਰੁਧ ਕੋਈ ਕਾਰਵਾਈ ਕਿਉਂ ਨਹੀਂ ਜਿਨ੍ਹਾਂ ਨੇ ਯੂ.ਪੀ. ਅਤੇ ਉੱਤਰਾਖੰਡ ਵਿਚ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਦੀ ਸ਼ੋਸ਼ੇਬਾਜ਼ੀ ਹੇਠ ਵੋਟਾਂ ਹਥਿਆਈਆਂ ਹਨ? ਯੂ.ਪੀ. ਸਰਕਾਰ ਨੇ ਕਿਸਾਨਾਂ ਦੇ ਇਕ ਲੱਖ ਤਕ ਦੇ ਕਰਜ਼ੇ ਮਾਫ਼ ਕਰਨ ਦਾ ਐਲਾਨ ਕਰ ਕੇ ਵਾਹਵਾ ਖੱਟੀ ਹੈ। ਉੱਤਰ ਪ੍ਰਦੇਸ਼ ਵਿਚ 92 ਫ਼ੀ ਸਦੀ ਕਿਸਾਨਾਂ ਕੋਲ ਢਾਈ ਏਕੜ ਤੋਂ ਘੱਟ ਜ਼ਮੀਨ ਦੀ ਮਾਲਕੀ ਹੈ। ਛੋਟੇ ਅਤੇ ਦਰਮਿਆਨੇ ਕਿਸਾਨਾਂ ਦੇ ਸਿਰ 2742 ਕਰੋੜ ਦਾ ਕਰਜ਼ਾ ਹੈ। ਸਰਕਾਰ ਇਸ 'ਚੋਂ ਕਿੰਨਾ ਅਦਾ ਕਰੇਗੀ ਇਸ ਦਾ ਖ਼ਾਕਾ ਵੀ ਉਦੋਂ ਹੀ ਸਾਹਮਣੇ ਆਵੇਗਾ ਜਦੋਂ ਸਰਕਾਰ ਇਹ ਮਾਫ਼ੀ ਦੀ ਰਕਮ ਬੈਂਕਾਂ ਵਿਚ ਜਮ੍ਹਾਂ ਕਰਵਾਏਗੀ। ਪੰਜਾਬ ਨੇ ਅਜੇ ਕਮੇਟੀ ਬਿਠਾਈ ਹੈ। 'ਮਰਦੀ ਨੇ ਅੱਕ ਚਬਿਆ' ਵਾਂਗ ਕਰਜ਼ੇ ਤਾਂ ਪੰਜਾਬ ਸਰਕਾਰ ਨੂੰ ਮਾਫ਼ ਕਰਨੇ ਹੀ ਪੈਣੇ ਹਨ। ਆਖ਼ਰ ਵੋਟਾਂ ਹਥਿਆਈਆਂ ਹਨ। ਯੂ.ਪੀ. ਨੂੰ ਤਾਂ ਕੇਂਦਰ ਵੀ ਕੁੱਝ ਰਿਆਇਤੀ ਰਾਸ਼ੀ ਭੇਜ ਦੇਵੇਗਾ ਪਰ ਪੰਜਾਬ ਪ੍ਰਤੀ ਕੀ ਰਵਈਆ ਅਪਣਾਵੇਗਾ ਇਹ ਵੀ ਗੁੱਝਾ ਨਹੀਂ ਰਹਿਣਾ।

ਕਿਸਾਨਾਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਲਈ ਇਹ ਮੰਗ ਕਰਨੀ ਬਣਦੀ ਹੈ ਕਿ ਗ਼ਰੀਬ, ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ 5 ਲੱਖ ਦੇ ਕਰਜ਼ੇ ਇਕ ਫ਼ੀ ਸਦੀ ਵਿਆਜ ਅਤੇ 5 ਤੋਂ 10 ਲੱਖ ਦੇ ਕਰਜ਼ੇ 2 ਫ਼ੀ ਸਦੀ ਵਿਆਜ ਨਾਲ ਦਿਤੇ ਜਾਣ। 10 ਸਾਲ ਤੋਂ ਵਧੇਰੇ ਸਮੇਂ ਤੋਂ ਡੁਬ ਰਹੇ ਕਿਸਾਨ ਕਰਜ਼ੇ ਵਿਸ਼ੇਸ਼ ਕਰ ਕੇ ਛੋਟੀ ਕਿਸਾਨੀ ਦੇ ਮਾਫ਼ ਕੀਤੇ ਜਾਣ ਅਤੇ ਵਿਆਜ ਮਾਫ਼ੀ ਕਰ ਕੇ ਕਿਸਾਨ ਕਰਜ਼ਿਆਂ ਦਾ ਪੁਨਰਗਠਨ ਕੀਤਾ ਜਾਵੇ। ਕਿਸਾਨਾਂ ਲਈ ਫ਼ਸਲੀ ਕਰਜ਼ਿਆਂ ਨੂੰ ਵਿਆਜਮੁਕਤ ਮੁਹਈਆ ਕਰਵਾਇਆ ਜਾਵੇ ਅਤੇ ਕੁਦਰਤੀ ਆਫ਼ਤ, ਮੀਹਾਂ, ਗੜਿਆਂ, ਝੱਖੜਾਂ ਜਾਂ ਸੋਕੇ ਨਾਲ ਮਾਰੀਆਂ ਜਾਂਦੀਆਂ ਫ਼ਸਲਾਂ ਦੇ ਫ਼ਸਲੀ ਕਰਜ਼ੇ ਤੁਰਤ ਮਾਫ਼ ਕੀਤੇ ਜਾਣ। ਜੇ ਸਨਅਤੀ ਇਕਾਈ ਫ਼ੇਲ੍ਹ ਹੋਣ ਜਾਂ ਨੁਕਸਾਨੀ ਜਾਣ ਤੇ ਕਰਜ਼ ਛੋਟ ਹੋ ਸਕਦੀ ਹੈ ਤਾਂ ਕਿਸਾਨ ਨੂੰ ਕਿਉਂ ਨਹੀਂ? ਖੇਤੀ ਮਜ਼ਦੂਰਾਂ ਲਈ ਬਿਨਾ ਵਿਆਜ ਕਰਜ਼ੇ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

ਪਰ ਸਰਕਾਰ, ਜਿਸ ਤੇ ਕਾਰਪੋਰੇਟੀ ਘਰਾਣੇ ਕਾਬਜ਼ ਹਨ, ਇਹ ਹਦਾਇਤ ਪ੍ਰਵਾਨ ਨਹੀਂ ਕਰਨਗੇ ਸਗੋਂ ਕਾਰਪੋਰੇਟੀ ਪੂੰਜੀ ਨੇ ਤਾਂ ਬੈਂਕਾਂ ਰਾਹੀਂ ਪੂਰੇ ਦੇਸ਼ ਦੀ ਅਤੇ ਕਿਸਾਨਾਂ ਦੀ ਆਰਥਕਤਾ ਨੂੰ ਹੀ ਅਪਣੀ ਗ੍ਰਿਫ਼ਤ 'ਚ ਲੈ ਲਿਆ ਹੈ। ਅਕਤੂਬਰ, 2016 'ਚ ਸੁਪ੍ਰੀਮ ਕੋਰਟ ਨੇ ਰਿਜ਼ਰਵ ਬੈਂਕ ਨੂੰ ਕਿਹਾ ਸੀ ਕਿ 'ਤੁਹਾਨੂੰ ਦੇਸ਼ ਦੇ ਹਿਤਾਂ ਲਈ ਕੰਮ ਕਰਨਾ ਚਾਹੀਦਾ ਹੈ'। ਇਹ ਟਿਪਣੀ ਕਾਰਪੋਰੇਟੀ ਪੂੰਜੀਆਂ ਵਲੋਂ ਹੜੱਪੇ ਅਤੇ ਬੈਂਕਾਂ ਦੀ ਡੁਬ ਰਹੀ ਪੂੰਜੀ ਜਿਹੜੀ 11 ਲੱਖ 40 ਹਜ਼ਾਰ ਕਰੋੜ ਸੀ ਉਤੇ ਲੀਕ ਫੇਰਨ ਬਾਬਤ ਕਹੇ ਸਨ। ਪਰ ਜਦੋਂ ਦੇਸ਼ ਹੀ ਕਾਰਪੋਰੇਟਾਂ ਦੀ ਮਾਲਕੀ ਹੇਠ ਹੈ ਤਾਂ ਬੈਂਕਾਂ ਨੇ ਉਸ ਦੇ ਹੀ ਹਿੱਤ ਪੂਰਨੇ ਹਨ।

ਸਾਫ਼ ਹੈ ਕਿ ਬੈਂਕ ਵਿੱਤੀ ਕਾਰਪੋਰੇਟੀ ਪੂੰਜੀ ਦੇ ਹੱਥ ਵਿਚ ਬਹੁਤ ਵੱਡਾ ਹਥਿਆਰ ਹਨ। ਉਹ ਦੇਸ਼ ਦੀ ਲੋਕਾਈ ਅਤੇ ਛੋਟੇ ਕਾਰੋਬਾਰੀਆਂ ਨੂੰ ਤਬਾਹੀ ਵਲ ਤਾਂ ਧੱਕ ਸਕਦੇ ਹਨ ਅਤੇ ਵੱਡੀ ਪੂੰਜੀ ਲਈ ਹੜੱਪਣ ਦਾ ਮੈਦਾਨ ਤਿਆਰ ਕਰ ਸਕਦੇ ਹਨ। ਦੇਸ਼ ਦੀ ਆਮ ਲੋਕਾਈ ਅਤੇ ਗ਼ਰੀਬ ਮਿਹਨਤੀ ਛੋਟੇ ਕਿਸਾਨਾਂ ਦੇ ਭਲੇ ਜਾਂ ਹਿਤਾਂ ਲਈ ਕਦਾਚਿਤ ਸੋਚਣ ਵਾਲੇ ਨਹੀਂ। ਸੋ ਬੈਂਕਾਂ ਨੂੰ ਹੀ ਨਹੀਂ ਸਮੁੱਚੇ ਦੇਸ਼ ਨੂੰ ਹੀ ਕਾਰਪੋਰੇਟੀ ਪੂੰਜੀ ਦੀ ਗ੍ਰਿਫ਼ਤ 'ਚੋਂ ਮੁਕਤ ਕਰਾਉਣ ਦੀ ਲੋੜ ਹੈ।

## On National Aboriginal Day

# Suicide Crisis among Canadian Aboriginals



Dr. Hardeep Singh, Milton (Ontario)



Every 21st June is marked as a national Aborginal Day in Canada. The purpose of this day is to show concern about the poor apathetic condition of native communities of this land called Aboriginal communities. In this year also the Canadian people raised their concern about poor condition of these communities but the addressed situation still needs more fruitful efforts.

These native communities are struggling with many problems including poor living and economic conditions. One can not imagine these islands of slums in a country like Canada which is known for highest living standards in the world. In the same country communities with living conditions like the countries of poor third world in the country Canada boosting itself for highest living conditions. The Government is also worried about this problem and many welfare programs for these aboriginal communities. In spite of continuing welfare programs, these communities living in the reserves are leading towards serious mental illness. Mental illness is all due to unmanageable life amenities for these families. The increasing incidences of mental health problem is also a matter of concern for all Governments of Canada. The height of the mental illness is at the peak with rising incidences of suicides among these communities. Many times, state of emergencies has been declared for these communities viewing number of suicides. Many times state of emergency was declared to control the epidemic of mental illness and suicides.

Last year, Attawapiskat First Nation in Ontario declared a state of emergency after 11 people attempted to take their own lives in a single day. Last year, Ontario's Attawapiskat community saw 28 suicide attempts in March and more than 100 since September 2015.Now again in month of June this year, Wapekeka First Nation, a Canadian aboriginal community has declared a state of emergency in northern Ontario following the suicide of three teenage girls. Nishnawbe Aski Nation, which represents 49 First Nation communities within northern Ontario including Wapekeka and Attawapiskat, said earlier this year that 17 people died due to suicide across the region between January 2016 and January 2017.

Chief Brennan Sainnawap of this remote Wapekeka First Nation in northern Ontario made the declaration this week. On 13 June, Jenera Roundsky, aged 12 year, became the latest child to die as part of a suicide pact. In January, two other 12-year-old girls killed themselves. The community says almost 40 youths are considered at risk in a town of about 400 people. It is the latest suicide crisis to hit a Canadian aboriginal community. Over the summer, Wapekeka notified Health Canada that they had become aware some girls had entered into a suicide pact and asked for about C$380,000 (£225,000; $286,000) to create a youth suicide prevention program. The leaders of the village also met Prime Minister Justin Trudeau to talk about the community's suicide crisis. they demanded permanent solution to prevent mental crisis in the first nation communities.

Health Canada said it would send the funds but Wakepeka leaders refute it by saying that it has so far only received $95,000 - a quarter of what was promised. In January, an anonymous donor pledged to send $380,000 to help prevent youth suicide in the community when the federal funds were slow in coming.

Wapekeka spokesman Joshua Frogg told the BBC on Friday that the donor only eventually sent $30,000, which went to hiring one mental health worker for a couple of months.

Mr Frogg's niece, Chantell Fox, was one of the three girls who committed suicide. He spoke in January at a news conference in Ottawa, pleading for a national strategy on suicide.The Toronto Star news paper reported that Jenera Roundsky was found dead on 13 June at the local hockey rink. She had reportedly texted a friend to say goodbye. Chantell and Jolynn Winter both died less than six months earlier.

On Friday, Health Canada said in a statement that it has been funding additional crisis supports since last winter. That includes four mental health counsellors whose positions are funded until March 2019. The federal agency also says it has provided Wapekeka with close to $1m for the delivery of their community health programs since last April. Ontario Indigenous Relations Minister David Zimmer said in a statement on Friday that the province is working with regional and federal partners to help coordinate the response for additional support. The province also committed $50,000 last week in response for sport and recreation activities for youth there.

"The conditions that lead to despair and hopelessness are complex and multi-layered. We all have a responsibility to address these conditions seriously," Mr Zimmer said. The regional Weeneebayko Health Authority flew in a crisis team, mental health nurses and social workers to help with the crisis. It criticized the "current piecemeal approach to this perpetual crisis" by the federal government.

This mental-illness and poor economic condition of these peoples have raised many questions about the efficiency of the welfare programs for these communities. At least on this national day when we are addressing the situation of the aboriginal communities in Canada, federal Government should review the implementation of all the programs run for this purpose. The more generous attitude is needed which should be timely and with sufficient allocation of funds. The programs should be up to the mark to tackle the giant crisis.



### ਮਾਮਲਾ NDTV 'ਤੇ ਵਿੱਢੇ ਹੱਲੇ ਦਾ

# ਡਰ ਦੇ ਦਸਤਾਵੇਜ਼ ਨਹੀਂ ਹੁੰਦੇ, ਡਰ ਦਾ ਮਾਹੌਲ ਹੁੰਦਾ ਹੈ : ਰਵੀਸ਼ ਕੁਮਾਰ ਦੀ ਕਲਮ ਤੋਂ ਕੌੜਾ ਸੱਚ !

*ਜਦ ਤੁਸੀਂ ਸੰਘਰਸ਼ ਦੇ ਮੈਦਾਨ 'ਚ ਜੂਝ ਰਹੇ ਹੁੰਦੇ ਹੋ ਤਾਂ ਤੁਹਾਡੀ ਇਹ ਇੱਛਾ ਹੁੰਦੀ ਹੈ ਕਿ ਤੁਹਾਡੀ ਇਹ ਗੱਲ ਹੋਰਨਾਂ ਲੋਕਾਂ ਤਕ ਜਾਵੇ, ਪਰ ਜਦ ਤੁਹਾਡੀ ਗਲ ਲੋਕਾਂ ਤਕ ਪਹੁੰਚਾਉਣ ਵਾਲੇ ਮੀਡੀਆ ਕਰਮਚਾਰੀਆਂ ਦੀ ਜੁਬਾਨਬੰਦੀ ਕਰਨ ਲਈ ਕੇਂਦਰੀ ਹਕੂਮਤ ਪਿੰਜਰੇ ਦੇ ਤੋਤੇ ਦੀ ਨੰਗੇ ਚਿਟੇ ਰੂਪ ਚ ਵਰਤੋਂ ਸ਼ੁਰੂ ਕਰ ਦੇਵੇ ਤਾਂ ਸੋਚੋ ਉਸ ਸਮੇਂ ਸਾਡਾ ਚੁਪ ਰਹਿਣਾ ਜਾਬਰ ਨੂੰ ਜ਼ੁਲਮ ਕਰਨ ਦੇ ਪੱਖ ਨਹੀਂ ਹੋਵੇਗਾ ਜ਼ਰੂਰ ਬੋਲੋ। ਰਵੀਸ਼ ਦੇ ਦੁਆਲੇ ਇਕ ਮਾਹੌਲ ਸਿਰਜਿਆ ਜਾ ਰਿਹਾ ਹੈ, ਉਸ ਦੀ ਨਿਰੰਤਰਤਾ ਨਿਪੁੰਸਕ ਕੀਤੀ ਜਾ ਰਹੀ ਹੈ, ਆਓ ! ਇਕ ਪੱਤਰਕਾਰ ਨੂੰ ਕੱਲਾ ਨਾ ਪੈਣ ਦਈਏ, ਉਸ ਦੇ ਦੁਆਲੇ ਸਿਰਜੇ ਜਾ ਰਹੇ ਮਾਹੌਲ ਨੂੰ ਮਹਿਸੂਸ ਕਰੀਏ ਤੇ ਫੇਰ ਥੋੜਾ-ਥੋੜਾ ਉੱਡਾ ਦਈਏ !!!! -ਮਿੰਟੂ ਗੁਰੂਸਰੀਆ*

**-ਅਨੁਵਾਦ ਹਰਸ਼ਰਨ ਕੌਰ**

ਬੀਤੇ ਦਿਨੀਂ ਸੀ.ਬੀ.ਆਈ. ਨੇ ਇੱਕ ਪ੍ਰਾਈਵੇਟ ਬੈਂਕ ਨੂੰ ਨੁਕਸਾਨ ਪਹੁੰਚਾਉਣ ਦਾ ਇਲਜ਼ਾਮ ਲਾਉਂਦੇ ਹੋਏ ਐਨ.ਡੀ.ਟੀ.ਵੀ. ਦੇ ਸੰਸਥਾਪਕ ਡਾ. ਪ੍ਰਣਵ ਰਾਏ ਦੀ ਦਿੱਲੀ ਤੇ ਦੇਹਰਾਦੂਨ ਸਥਿਤ ਰਿਹਾਇਸ਼ ਉੱਤੇ ਛਾਪੇਮਾਰੀ ਕੀਤੀ। ਸੀ.ਬੀ.ਆਈ. ਦੀ ਇਸ ਹਰਕਤ ਨੂੰ ਐਨ.ਡੀ.ਟੀ.ਵੀ. ਨੇ ਬਦਲੇ ਦੀ ਕਾਰਵਾਈ ਕਰਾਰ ਦਿੱਤਾ ਹੈ। ਉਸ ਤੋਂ ਬਾਅਦ ਐਨ.ਡੀ.ਟੀ.ਵੀ. ਦੇ ਸੀਨੀਅਰ ਪੱਤਰਕਾਰ ਰਵੀਸ਼ ਕੁਮਾਰ ਨੂੰ ਫੋਨ ਰਾਹੀਂ ਧਮਕੀਆਂ ਮਿਲ ਰਹੀਆਂ ਹਨ, ਜਿਨ੍ਹਾਂ ਦਾ ਖੁਲਾਸਾ ਖੁਦ ਰਵੀਸ਼ ਕੁਮਾਰ ਨੇ ਕੀਤਾ ਹੈ। ਪੇਸ਼ ਹੈ ਰਵੀਸ਼ ਕੁਮਾਰ ਦਾ ਬਿਆਨ....

ਡਰ ਦੇ ਦਸਤਾਵੇਜ਼ ਨਹੀਂ ਹੁੰਦੇ, ਡਰ ਦਾ ਮਾਹੌਲ ਹੁੰਦਾ ਹੈ। ਮੇਰਾ ਇਹੀ ਛੋਟਾ ਜਿਹਾ ਜਵਾਬ ਹੁੰਦਾ ਹੈ ਜਦ ਕੋਈ ਕਹਿੰਦਾ ਹੈ ਕਿ ਦੇਸ਼ ਵਿੱਚ ਐਮਰਜੈਂਸੀ ਨਹੀਂ, ਐਮਰਜੈਂਸੀ ਦਾ ਵਹਿਮ ਫੈਲਾਇਆ ਜਾ ਰਿਹਾ ਹੈ। ਸੱਤਾ ਦੇ ਆਤੰਕ ਤੇ ਅੰਕੁਸ਼ ਦਾ ਅੰਤਿਮ ਪੈਮਾਨਾ ਐਮਰਜੈਂਸੀ ਨਹੀਂ ਹੈ, ਡਰਾਉਣ ਦੇ ਹੋਰ ਵੀ ਸੌ ਤਰੀਕੇ ਆ ਗਏ ਹਨ ਜੋ ਐਮਰਜੈਂਸੀ ਵੇਲੇ ਨਹੀਂ ਸਨ। ਸਰਕਾਰਾਂ ਸਭ ਨੂੰ ਨਹੀਂ ਡਰਾਉਂਦੀਆਂ, ਸਿਰਫ ਉਨ੍ਹਾਂ ਨੂੰ ਡਰਾਉਂਦੀਆਂ ਹਨ ਜਿਨ੍ਹਾਂ ਤੋਂ ਸਰਕਾਰ ਨੂੰ ਡਰ ਲੱਗਦਾ ਹੈ। ਅਜਿਹੇ ਲੋਕਾਂ ਦੇ ਆਸ-ਪਾਸ ਡਰ ਦਾ ਮਾਹੌਲ ਸਿਰਜਿਆ ਜਾਂਦਾ ਹੈ। ਇਹ ਉਹ ਮਾਹੌਲ ਹੈ ਜਿੱਥੋਂ ਸੱਤਾ ਤੁਹਾਨੂੰ ਡਰਾਉਂਦੀ ਹੈ।

ਯੂਨੀਵਰਸਿਟੀ ਵਿੱਚ ਇੰਟਰਨੈੱਟ ਕੁਨੈਕਸ਼ਨ ਕੱਟ ਦਿੱਤਾ ਜਾਂਦਾ ਹੈ। ਪਟੇਲ ਅੰਦੋਲਨ ਹੁੰਦਾ ਹੈ ਤਾਂ ਇੰਟਰਨੈਟ ਬੰਦ ਕਰ ਦਿੱਤਾ ਜਾਂਦਾ ਹੈ। ਦਲਿਤ ਅੰਦੋਲਨ ਹੁੰਦਾ ਹੈ ਤਾਂ ਵੀ ਇੰਟਰਨੈਟ ਬੰਦ ਹੋ ਜਾਂਦਾ ਹੈ। ਮੱਧ ਪ੍ਰਦੇਸ਼ ਦੇ ਮੰਦਸੌਰ ਵਿੱਚ ਇੰਟਰਨੈੱਟ ਬੰਦ ਕਰਨ ਦੀ ਕੀ ਤੁਕ ਰਹੀ ਹੋਵੇਗੀ? ਕੀ ਮੰਦਸੌਰ ਵਿੱਚ ਮਾਸਕੋ ਜਿੰਨੀ ਇੰਟਰਨੈੱਟ ਕਨੈਕਟੀਵਿਟੀ ਹੋਵੇਗੀ? ਗੋਲੀ ਖਾਣ ਵਾਲੇ ਕਿਸਾਨਾਂ ਦੀ ਡਿਜੀਟਲ ਅਤੇ ਡੇਟਾ ਹਿਸਟਰੀ ਚੈੱਕ ਕੀਤੀ ਜਾਵੇਗੀ? ਸਰਕਾਰ ਨੂੰ ਜਦੋਂ ਜਨਤਾ ਤੋਂ ਡਰ ਲੱਗਦਾ ਹੈ ਤਾਂ ਉਸ ਦਾ ਵਿਸ਼ਵਾਸ ਇੰਟਰਨੈੱਟ ਤੋਂ ਉੱਠ ਜਾਂਦਾ ਹੈ ਪਰ ਜਦੋਂ ਬਰਮਾ ਤੇ ਬੰਗਲਾਦੇਸ਼ ਦੀਆਂ ਫਰਜ਼ੀ ਤਸਵੀਰਾਂ ਨੂੰ ਲੈ ਕੇ ਫਿਰਕੂਪੁਣਾ ਫੈਲਾਇਆ ਜਾਂਦਾ ਹੈ ਤਾਂ ਇੰਟਰਨੈੱਟ ਬੰਦ ਨਹੀਂ ਕੀਤਾ ਜਾਂਦਾ ਹੈ। ਇਹੀ ਉਹ ਮਾਹੌਲ ਹੈ ਜੋ ਸਾਡੇ ਸਮੇਂ ਵਿੱਚ ਡਰ ਦਾ ਦਸਤਾਵੇਜ਼ ਹੈ, ਜੋ ਫਾਈਲਾਂ ਵਿੱਚ ਨਹੀਂ ਮਿਲੇਗਾ, ਮਾਹੌਲ ਵਿੱਚ ਮਿਲੇਗਾ।

ਫੋਨ 'ਤੇ ਗਾਲਾਂ ਕੱਢਣ ਵਾਲਾ ਖੁਦ ਨੂੰ ਕੋਲਕਾਤਾ ਦਾ ਦੱਸ ਰਿਹਾ ਸੀ, ਕਹਿ ਰਿਹਾ ਸੀ ਕਿ ਤੁਸੀਂ ਸੁਧਰ ਜਾਓ, ਜਦੋਂ ਮੈਂ 6 ਜੂਨ ਨੂੰ ਕਿਸਾਨਾਂ ਦੀ ਆਮਦਨੀ 'ਤੇ ਚਰਚਾ ਕਰਕੇ ਸਟੂਡੀਓ 'ਚੋਂ ਨਿਕਲਿਆ ਸੀ। ਕੀ ਕਿਸਾਨਾਂ ਨੂੰ ਇਹ ਦੱਸਣਾ ਗਲਤ ਹੈ ਕਿ ਤੁਹਾਡੀ ਮਹੀਨਾਵਾਰ ਆਮਦਨ 1600 ਰੁਪਏ ਹੈ। ਸਰਕਾਰ ਨੇ ਲਾਗਤ ਵਿੱਚ 50 ਫੀਸਦ ਜੋੜ ਕੇ ਭਾਅ ਦੇਣ ਦਾ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਕੀ ਕਿਸਾਨਾਂ ਦੀ ਗੱਲ ਕਰਨ 'ਤੇ ਗਾਲਾਂ ਕੱਢੀਆਂ ਜਾਣਗੀਆਂ? ਫਿਲਹਾਲ, ਜਿਵੇਂ ਗਾਲਾਂ ਕੱਢੀਆਂ ਗਈਆਂ, ਉਸ ਨੂੰ ਭਾਰਤੀ ਸੰਸਕ੍ਰਿਤੀ ਦਾ ਦੁਰਲੱਭ ਦਸਤਾਵੇਜ਼ ਮੰਨਦਾ ਹਾਂ, ਇਨ੍ਹਾਂ ਸਾਰਿਆਂ ਨੂੰ ਇਕੱਠਾ ਕਰਕੇ ਸੰਸਦ ਦੇ ਮੇਜ਼ 'ਤੇ ਰੱਖਿਆ ਜਾਣਾ ਚਾਹੀਦਾ ਹੈ। ਜਦੋਂ ਤੋਂ ਐਨਡੀਟੀਵੀ ਦੇ ਪ੍ਰੋਮੋਟਰ ਦੇ ਘਰ ਸੀਬੀਆਈ ਦੇ ਛਾਪੇ ਮਾਰੇ, ਉਦੋਂ ਤੋਂ ਅਜਿਹੇ ਫੋਨਾਂ ਦੀ ਗਿਣਤੀ ਹੋਣ ਵਧ ਗਈ ਹੈ। ਐਨਡੀਟੀਵੀ ਨੂੰ ਲੈ ਕੇ ਪਹਿਲਾਂ ਤੋਂ ਝੂਠ ਦੀ ਸਮੱਗਰੀ ਤਿਆਰ ਰਹਿੰਦੀ ਹੈ। ਉਸੇ ਦੀ ਵੰਡ ਸਮੇਂ-ਸਮੇਂ 'ਤੇ ਚਾਲੂ ਹੋ ਜਾਂਦੀ ਹੈ। ਫੋਨ 'ਤੇ ਕੋਈ ਮੈਨੂੰ ਮਾਓਵਾਦੀ ਕਹਿੰਦਾ ਹੈ ਤੇ ਕੋਈ ਵੱਖਵਾਦੀ। ਕੋਈ 'ਦੇਖ ਲਊਂਗਾ' ਦੀਆਂ ਧਮਕੀਆਂ ਦਿੰਦਾ ਹੈ, ਵਟਸਐਪ ਜ਼ਰੀਏ ਲਗਾਤਾਰ ਅਫਵਾਹ ਫੈਲਾਈ ਜਾ ਰਹੀ ਹੈ ਕਿ ਮੈਂ ਮਾਓਵਾਦ ਦਾ ਸਮਰਥਨ ਕਰਦਾ ਹਾਂ।

ਅਹਿਮਦਾਬਾਦ ਏਅਰਪੋਰਟ 'ਤੇ ਖੁਦ ਨੂੰ ਬੀਜੇਪੀ ਦਾ ਸਮਰਥਕ ਦੱਸਣ ਵਾਲੇ ਇੱਕ ਸੱਜਣ ਨੂੰ ਨਹੀਂ ਸਮਝਾ ਸਕਿਆ ਕਿ ਮੈਂ ਮਾਓਵਾਦ ਦਾ ਸਮਰਥਨ ਨਹੀਂ ਕਰਦਾ। ਵਸਟਐਪ ਜ਼ਰੀਏ ਫੈਲਾਇਆ ਜਾਣ ਵਾਲ ਝੂਠ ਇੱਕ ਦਿਨ ਲੋਕਾਂ ਦੇ ਮਨ ਵਿੱਚ ਰੈਫਰੈਂਸ ਤੱਥ ਬਣ ਜਾਂਦਾ ਹੈ। ਉਹ ਉਸੇ ਚਸ਼ਮੇ ਤੋਂ ਦੇਖਣ ਲੱਗਦੇ ਹਨ, ਜਿਸ ਦਿਨ ਬਹੁਤ ਸਾਰੇ ਲੋਕ ਉਸ ਝੂਠ 'ਤੇ ਯਕੀਨ ਕਰ ਲੈਣਗੇ। ਮੇਰੇ ਵਰਗੇ ਲੋਕਾਂ ਨੂੰ ਸੜਕਾਂ 'ਤੇ ਘੇਰ ਕੇ ਮਾਰ ਦਿੱਤਾ ਜਾਵੇਗਾ। ਫਿਰ ਉਨ੍ਹਾਂ ਦੀ ਹੱਤਿਆ ਦਾ ਆਦੇਸ਼ ਗ੍ਰਹਿ ਮੰਤਰਾਲੇ ਦੀ ਫਾਈਲ ਵਿੱਚੋਂ ਨਹੀਂ ਮਿਲੇਗਾ। ਸਿਰਫ ਮਾਹੌਲ ਵਿੱਚੋਂ ਮਿਲੇਗਾ ਜਿਸ ਨੂੰ ਸਿਆਸੀ ਤੌਰ 'ਤੇ ਰਚਿਆ ਜਾ ਰਿਹਾ ਹੈ। ਅਫਵਾਹ ਫੈਲਾਉਣਾ ਭਾਰਤ ਦਾ ਨਵਾਂ ਰਾਜਨੀਤਕ ਉਦਯੋਗ ਹੈ। ਸਿਆਸੀ ਦਲਾਂ ਦੇ ਵਰਕਰ ਹੁਣ ਇਸ ਅਫਵਾਹ ਨੂੰ ਫੈਲਾਉਣ ਵਾਲੇ ਵੈਂਡਰ ਬਣ ਗਏ ਹਨ। ਸਿਰਫ ਦੋ ਸਵਾਲ ਕਰੋ, ਤੁਹਾਨੂੰ ਸਾਰੇ ਜਵਾਬ ਮਿਲ ਜਾਣਗੇ। ਇਹ ਲੋਕ ਕੌਣ ਹਨ ਤੇ ਕਿਹੜੇ ਲੋਕ ਇਨਾਂ ਦਾ ਸਮਰਥਨ ਕਰ ਰਹੇ ਹਨ। ਇਸ ਲਈ ਤੁਹਾਨੂੰ ਵਾਰ-ਵਾਰ ਪ੍ਰਧਾਨ ਮੰਤਰੀ ਮੋਦੀ ਦੇ ਟਵਿੱਟਰ ਹੈਂਡਲ 'ਤੇ ਜਾ ਕੇ ਚੈੱਕ ਕਰਨ ਦੀ ਲੋੜ ਨਹੀਂ, ਬਹੁਤ ਸਾਰੇ ਗਾਇਕ, ਸਮਾਜ ਸੇਵੀ, ਲੇਖਕ ਬਣ ਕੇ ਘੁੰਮ ਰਹੇ ਲੋਕਾਂ ਦੀ ਟਾਈਮਲਾਈਨ ਤੋਂ ਵੀ ਤੁਸੀਂ ਇਸ ਦੀ ਪੁਸ਼ਟੀ ਕਰ ਸਕਦੇ ਹੋ। ਇਹ ਉਹੀ ਲੋਕ ਹਨ ਜੋ ਕਿਸਾਨਾਂ ਤੇ ਗਰੀਬਾਂ ਦੀ ਗੱਲ ਕਰਨ 'ਤੇ ਕਿਸੇ ਨੂੰ ਨਕਸਲੀ ਐਲਾਨ ਰਹੇ ਹਨ, ਤਾਂ ਹੀ ਤਾਂ ਮੁੱਖ ਮੰਤਰੀ ਕਹਿ ਪਾਉਂਦੇ ਹਨ ਕਿ ਕਿਸਾਨ ਪੁਲਿਸ ਦੀ ਗੋਲੀ ਨਾਲ ਨਹੀਂ ਮਰੇ, ਗੈਰ ਸਮਾਜੀ ਤੱਤਾਂ ਦੀ ਗੋਲੀ ਨਾਲ ਮਰੇ ਹਨ। ਇੱਕ ਹੋਰ ਮੁੱਖ ਮੰਤਰੀ ਕਹਿੰਦੇ ਹਨ ਕਿ ਲੋਕ ਕਿਸਾਨਾਂ ਨੂੰ ਅੰਦੋਲਨ ਲਈ ਭੜਕਾ ਕੇ ਪਾਪ ਕਰ ਰਹੇ ਹਨ। ਦੇਸ਼ ਭਰ 'ਚ ਅਨੇਕਾਂ ਥਾਵਾਂ 'ਤੇ ਕਿਸਾਨ ਅੰਦੋਲਨ ਕਰ ਰਹੇ ਹੁੰਦੇ ਹਨ। ਇੱਕ ਦਿਨ ਉਨ੍ਹਾਂ ਖਿਲਾਫ ਵੀ ਮੁਹਿੰਮ ਚੱਲੇਗੀ ਕਿ ਇਹ ਕਿਸਾਨ ਨਹੀਂ, ਪਾਪੀ ਹੈ। ਅੱਜਕਲ ਕਈ ਪੱਤਰਕਾਰਾਂ ਨੂੰ ਵਿਰੋਧੀ ਧਿਰ ਦੇ ਕਿਸੇ ਨੇਤਾ ਖਿਲਾਫ ਕੋਈ ਸਟੋਰੀ ਕਰਨ ਲਈ ਦੇ ਦਿਓ, ਫਿਰ ਦੇਖਣਾ ਕਿਵੇਂ ਉਨ੍ਹਾਂ ਦੇ ਚਿਹਰਿਆਂ 'ਤੇ ਅਧਿਆਤਮਕ ਖ਼ੁਸ਼ੀ ਛਾ ਜਾਂਦੀ ਹੈ। ਤੁਸੀਂ ਇਨ੍ਹਾਂ ਪੱਤਰਕਾਰਾਂ ਨੂੰ ਕੇਂਦਰ ਖਿਲਾਫ ਜਾਂ ਸੱਤਾਧਾਰੀਆਂ ਖਿਲਾਫ ਕੋਈ ਸਟੋਰੀ ਦੇ ਦਿਓ, ਤੇ ਫਿਰ ਉਨ੍ਹਾਂ ਦੀ ਚੁੱਪੀ ਦੇਖਿਓ। ਪੱਤਰਕਾਰ ਦਾ ਕੰਮ ਹੁੰਦਾ ਹੈ ਸਰਕਾਰ ਦੇ ਦਾਅਵਿਆਂ 'ਤੇ ਪਹਿਲਾਂ ਸ਼ੱਕ ਕਰੇ, ਜਾਂਚ ਕਰੇ। ਇਨ੍ਹਾਂ ਦਿਨਾਂ 'ਚ ਸਰਕਾਰ ਦੀ ਗੱਲ 'ਤੇ ਯਕੀਨ ਕਰਨ ਵਾਲੇ ਪੱਤਰਕਾਰਾਂ ਦੀ ਗਿਣਤੀ ਵਧ ਗਈ ਹੈ। ਇਨ੍ਹਾਂ ਪੱਤਰਕਾਰਾਂ ਦਾ ਸਭ ਤੋਂ ਵੱਡਾ ਤਰਕ ਇਹੀ ਹੁੰਦਾ ਹੈ ਕਿ ਪਹਿਲਾਂ ਵੀ ਤਾਂ ਇਹੀ ਹੁੰਦਾ ਸੀ।

ਭਾਰਤੀ ਪੱਤਰਕਾਰਤਾ ਵਿੱਚ ਸਰਕਾਰਪ੍ਰਸਤੀ ਵਧ ਗਈ ਹੈ। ਸਰਕਾਰ ਨੂੰ



ਪਿਆਰ ਕਰਨ ਵਾਲੇ ਪੱਤਰਕਾਰਾਂ ਦੀ ਪੂਰਤੀ ਮੰਗ ਤੋਂ ਵਧ ਗਈ ਹੈ। ਇਸ ਲਈ ਹੁਣ ਪੱਤਰਕਾਰ ਹਕੂਮਤ ਦੀ ਨਜ਼ਰ ਵਿੱਚ ਆਉਣ ਲਈ ਕੁਝ ਵੀ ਕਰ ਸਕਦੇ ਹਨ। ਇਹੀ ਕਾਰਨ ਹੈ ਕਿ ਅਜਿਹੇ ਪੱਤਰਕਾਰਾਂ ਵਿੱਚ ਹੋੜ ਮੱਚੀ ਹੈ ਕਿ ਕਿਵੇਂ ਹਕੂਮਤ ਦੀ ਨਜ਼ਰਾਂ ਵਿੱਚ ਆਇਆ ਜਾਵੇ, ਚੀਕ ਕੇ, ਚਿੱਲਾ ਕੇ, ਧਮਕਾ ਕੇ ਜਾਂ ਉਕਸਾ ਕੇ, ਉਹ ਇੱਕ ਦਿਨ ਸਟੂਡੀਓ ਵਿੱਚ ਹੀ ਗੋਲੀ ਚਲਾ ਦੇਣਗੇ। ਜਿਨ੍ਹਾਂ ਦੋਸਤਾਂ ਨਾਲ ਗੱਲ ਕਰਦਾ ਹਾਂ ਉਹ ਹਰ ਦੂਜੀ ਗੱਲ ਤੋਂ ਬਾਅਦ ਇਹੀ ਕਹਿੰਦੇ ਨੇ ਫੋਨ ਤਾਂ ਨਹੀਂ ਰਿਕਾਰਡ ਹੋ ਰਿਹਾ। ਮੇਰੇ ਕੋਲ ਇਸ ਦਾ ਕੋਈ ਸਬੂਤ ਨਹੀਂ ਹੈ ਪਰ ਮਾਹੌਲ ਵਿੱਚ ਇਹ ਗੱਲ ਹੈ ਕਿ ਫੋਨ ਰਿਕਾਰਡ ਹੋ ਰਿਹਾ ਹੈ। ਚੁੱਪ ਰਹਿਣ ਦੀ ਸਲਾਹ ਵਧਦੀ ਜਾ ਰਹੀ ਹੈ। ਜਾਣਦਾ ਹਾਂ ਭੀੜ ਕੁਝ ਵੀ ਕਰ ਸਕਦੀ ਹੈ। ਇਹ ਭੀੜ ਗਊਮਾਸ ਦੇ ਨਾਂ 'ਤੇ ਕਿਸੇ ਮੁਸਲਮਾਨ ਨੂੰ ਮਾਰ ਸਕਦੀ ਹੈ। ਇਹ ਭੀੜ ਬੱਚਾ ਚੋਰੀ ਦੀ ਅਫਵਾਹ 'ਤੇ ਕਿਸੇ ਹਿੰਦੂ ਨੂੰ ਮਾਰ ਸਕਦੀ ਹੈ। ਇਹ ਭੀੜ ਲੰਗਰ ਲਈ ਅਨਾਜ ਮੰਗ ਰਹੇ ਕਿਸੇ ਸਿੱਖ ਸੇਵਾਦਾਰ ਦੀ ਪੱਗ ਵੀ ਉਛਾਲ ਸਕਦੀ ਹੈ।

ਯੂਪੀ ਵਿੱਚ ਜਦੋਂ ਪੁਲਿਸ ਅਧਿਕਾਰੀ ਨਹੀਂ ਬਚੇ ਤਾਂ ਮੈਂ ਸੁਰੱਖਿਆ ਕਿਸ ਤੋਂ ਮੰਗਾਂ, ਕਿਤੇ ਅਜਿਹਾ ਨਾ ਹੋ ਜਾਵੇ ਕਿ ਯੂਪੀ ਦਾ ਐਸਐਸਪੀ ਬਜਰੰਗ ਦਲ ਦੇ ਨੇਤਾਵਾਂ ਦੀ ਸੁਰੱਖਿਆ ਦੀ ਡਿਊਟੀ 'ਤੇ ਜਾ ਰਿਹਾ ਹੋਵੇ। ਇਹ ਭੀੜ ਨਹੀਂ, ਰਾਜਨੀਤੀ ਦਾ ਨਵਾਂ ਰਾਕੇਟ ਹੈ, ਜਿਸ ਦਾ ਹਰ ਦਿਨ ਪ੍ਰੀਖਣ ਕੀਤਾ ਜਾਂਦਾ ਹੈ। ਸਾਵਧਾਨ ਰਹਿਣ ਦੀ ਚੇਤਾਵਨੀ ਵਧ ਜਾਵੇ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਡਰ ਦੀ ਸਮਾਜਿਕ ਰਾਜਨੀਤਕ ਤੇ ਆਰਥਿਕ ਵੰਡ ਵਿਆਪਕ ਹੋ ਚੁੱਕੀ ਹੋਵੇ। ਡਰ ਦਾ ਮਾਹੌਲ ਹਰ ਥਾਂ ਨਹੀਂ ਹੁੰਦਾ, ਉਨ੍ਹਾਂ ਦੇ ਆਸ-ਪਾਸ ਹੁੰਦਾ ਹੈ ਜੋ ਸਮਾਜਿਕ ਆਰਥਿਕ ਮਸਲਿਆਂ 'ਤੇ ਬੋਲਦੇ ਹਨ। ਇਹ ਵਿਅਕਤੀ ਵੀ ਹੋ ਸਕਦਾ ਹੈ ਤੇ ਇਕੱਠ ਵੀ। ਦੋ ਦਿਨ ਪਹਿਲਾਂ ਦਿੱਲੀ ਦੇ ਕਿਨਾਰੀ ਬਾਜ਼ਾਰ ਤੋਂ ਇੱਕ ਫੋਨ ਆਇਆ। ਕਹਿਣ ਲੱਗੇ ਕਿ ਅਸੀਂ ਵਪਾਰੀ ਹਾਂ, ਅਸੀਂ ਤਾਂ ਖੁੱਲ੍ਹ ਕੇ ਨਹੀਂ ਬੋਲ ਸਕਦੇ, ਵਰਨਾ ਇਹ ਸੇਲਸ ਟੈਕਸ ਤੇ ਸੀਬੀਆਈ ਲਾ ਦੇਣਗੇ, ਸੋਸ਼ਲ ਮੀਡੀਆ ਤੋਂ ਗਾਲਾਂ ਕਢਵਾ ਦੇਣਗੇ।

ਚੰਗਾ ਹੈ ਕਿ ਭਾਈ ਸਾਹਬ ਤੁਸੀਂ ਖੁੱਲ੍ਹ ਕੇ ਬੋਲਦੇ ਹੋ, ਕੋਈ ਤਾਂ ਬੋਲ ਰਿਹਾ ਹੈ। ਮੈਂ ਹਰ ਵਿਸ਼ੇ 'ਤੇ ਨਹੀਂ ਬੋਲਦਾ, ਬੋਲਣ ਦੀ ਪਾਤਰਤਾ ਵੀ ਨਹੀਂ ਰੱਖਦਾ। ਮੇਰੀ ਇਸ ਸਫਾਈ ਨਾਲ ਕਿਨਾਰੀ ਬਾਜ਼ਾਰ ਵਾਲੇ ਵਪਾਰੀ ਨੂੰ ਕੋਈ ਫਰਕ ਨਹੀਂ ਪਿਆ, ਉਸ ਦੀ ਅਵਾਜ਼ ਵਿੱਚ ਡਰ ਸੀ। ਮੇਰਾ ਹੌਂਸਲਾ ਵਧਾਉਣ ਲਈ ਕੀਤੇ ਗਏ ਫੋਨ 'ਚੋਂ ਡਰ ਦੀ ਆਵਾਜ਼ ਆ ਰਹੀ ਸੀ। ਠੀਕ ਉਸੇ ਸਮੇਂ ਬਹੁਤ ਸਾਰੇ ਪੱਤਰਕਾਰ ਬੋਲ ਰਹੇ ਹਨ, ਲਿਖ ਰਹੇ ਹਨ, ਪਰ ਉਨ੍ਹਾਂ ਦੀਆਂ ਖਬਰਾਂ ਦੀ ਪਹੁੰਚ ਲਗਾਤਾਰ ਸੀਮਤ ਹੁੰਦੀ ਜਾ ਰਹੀ ਹੈ। ਉਹ ਆਪੋ-ਆਪਣੀ ਸੰਸਥਾ ਤੇ ਮੁਹੱਲੇ ਵਿੱਚ ਇਕੱਲੇ ਹਨ, ਜੋ ਹਕੂਮਤ ਦੇ ਸੁਰ ਨਾਲ ਸੁਰ ਮਿਲਾ ਕੇ ਗੀਤ ਗਾ ਰਹੇ ਹਨ। ਉਨ੍ਹਾਂ ਦੀ ਆਵਾਜ਼ ਵਧ ਹੈ, ਤੁਸੀਂ ਇਸ ਕੋਰਸ ਨੂੰ ਗੌਰ ਨਾਲ ਸੁਣਿਓ, ਇਸ ਕੋਰਸ ਵਿੱਚੋਂ ਜੋ ਸੰਗੀਤ ਨਿਕਲ ਰਿਹਾ ਹੈ, ਉਹ ਡਰ ਦਾ ਸੰਗੀਤ ਹੈ, ਲੋਕਤੰਤਰ ਦੀ ਹੱਤਿਆ ਤੋਂ ਪਹਿਲਾਂ ਦਾ ਬੈਕਗ੍ਰਾਊਂਡ ਮਿਊਜ਼ਕ ਹੈ। ਭਾਰਤ ਦਾ ਮੀਡੀਆ ਡਰ ਦੀ ਰਾਜਧਾਨੀ ਵਿੱਚ ਜਿਊਂਦਾ ਹੈ, ਅਸੀਂ ਸਭ ਉਸ ਰਾਜਧਾਨੀ ਵਿੱਚੋਂ ਰੋਜ਼ ਲੰਘਦੇ ਹਾਂ, ਡਰ ਸੀਬੀਆਈ ਦਾ ਨਹੀਂ, ਉਸ ਭੀੜ ਦਾ ਹੈ ਜੋ ਥਾਣੇ ਦੇ ਬਾਹਰ ਵੀ ਹੈ, ਅਦਾਲਤ ਦੇ ਪਰਿਸਰ ਵਿੱਚ ਵੀ। ਇਸ ਭੀੜ ਨੂੰ ਲੈ ਕੇ ਜੋ ਲੋਕ ਨਰਮ ਹਨ, ਉਹੀ ਤਾਂ ਡਰ ਦਾ ਦਸਤਾਵੇਜ਼ ਹਨ। ਅਜਿਹੇ ਲੋਕ ਫਾਈਲਾਂ ਵਿੱਚ ਨਹੀਂ ਮਿਲਦੇ, ਤੁਹਾਡੇ ਗੁਆਂਢ ਵਿੱਚ ਮਿਲਦੇ ਹਨ।

## ਡਾ. ਅਜਮੇਰ ਔਲਖ ਦਾ ਸ਼ਰਧਾਂਜਲੀ ਸਮਾਗਮ ਅਤੇ 'ਜੋਤਿਸ਼ ਝੂਠ ਬੋਲਦਾ ਹੈ' ਕਿਤਾਬ ਤੇ ਸੈਮੀਨਾਰ 8 ਜੁਲਾਈ ਨੂੰ

**ਬਰੈਂਪਟਨ / ਹਰਜੀਤ ਬੇਦੀ**

ਨਾਰਥ ਅਮੈਰਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਲੋਕ ਨਾਟਕਕਾਰ ਡਾ: ਅਜਮੇਰ ਸਿੰਘ ਔਲਖ ਨੂੰ ਸ਼ਰਧਾਂਜਲੀ ਦੇਣ ਲਈ 8 ਜੁਲਾਈ ਦਿਨ ਸ਼ਨੀਵਾਰ ਨੂੰ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ। ਇਹ ਸਮਾਗਮ ਰੌਇਲ ਬੈਂਕੁਟ ਹਾਲ, 185-ਸਟੇਟਸਮੈਨ ਡਰਾਈਵ ਮਿਸੀਸਾਗਾ ਵਿਖੇ ਠੀਕ 11:30 ਵਜੇ ਹੋਵੇਗਾ। ਚਾਹ ਪਾਣੀ ਤੋਂ ਤੁਰੰਤ ਬਾਅਦ ਸਟੇਜ ਦੀ ਕਾਰਵਾਈ ਸ਼ੁਰੂ ਹੋ ਜਾਵੇਗੀ।

ਥੁੜਾਂ ਮਾਰੇ ਮੁਜ਼ਾਰਾ ਕਿਸਾਨ ਪਰਿਵਾਰ ਵਿੱਚ ਜਨਮੇ ਡਾ: ਔਲਖ ਉੱਤੇ ਬਚਪਨ ਵਿੱਚ ਹੰਢਾਈਆਂ ਤੰਗੀਆਂ ਤੁਰਸ਼ੀਆ ਦਾ ਗਹਿਰਾ ਅਸਰ ਸੀ। ਅਜਿਹੇ ਪਰਵਾਰ ਵਿੱਚ ਜਨਮ ਲੈ ਕੇ ਐਮ ਏ ਤੱਕ ਦੀ ਪੜ੍ਹਾਈ ਕਰਕੇ ਕਾਲਜ ਵਿੱਚ ਪਰੋਫੈਸਰ ਲੱਗਣਾ ਉਸਦੇ ਸਿਰੜ ਦਾ ਫਲ ਸੀ। ਕਾਲਜ ਦੀਆਂ ਸੱਭਿਆਚਾਰਕ ਸਰਗਰਮੀਆਂ ਦਾ ਇੰਚਾਰਜ ਹੋਣ ਕਰ ਕੇ ਵਿਦਿਆਰਥੀਆਂ ਨੂੰ ਨਾਟਕ ਤਿਆਰ ਕਰਾਉਣ ਅਤੇ ਨਾਟਕ ਲਿਖਣ ਲੱਗਾ। ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿੱਚ ਉਹਨਾਂ ਦੁਆਰਾ ਲਿਖੇ ਅਤੇ ਸਿਰਫ ਇੱਕ ਖੁੰਢ ਰੱਖ ਕੇ ਕੀਤੀ ਸਟੇਜ ਸੱਜਾ ਨਾਲ ਹੀ ਖੇਡੇ ਨਾਟਕ "ਬਿਗਾਨੇ ਬੋਹੜ ਦੀ ਛਾਂ" ਨੇ ਉਹਨਾਂ ਦੀ ਗਿਣਤੀ ਚੋਟੀ ਦੇ ਨਾਟਕਕਾਰਾਂ ਵਿੱਚ ਲੈ ਆਂਦੀ। ਕਿਸਾਨਾਂ, ਮਜਦੂਰਾਂ, ਔਰਤਾਂ ਅਤੇ ਦੱਬੇ ਕੁਚਲੇ ਲੋਕਾਂ ਦੇ ਜੀਵਨ ਦੁਆਲੇ ਘੁੰਮਦੇ ਉਹਨਾਂ ਦੇ ਨਾਟਕਾਂ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ। ਪਰ ਲੋਕ ਵਿਰੋਧੀ ਸ਼ਕਤੀਆਂ ਨੂੰ ਉਹ ਕੰਡੇ ਵਾਂਗੂ ਚੁਭਣ ਲੱਗਾ। ਇਸ ਕਾਰਣ ਉਸ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਅਤੇ ਜੇਲ੍ਹ ਵੀ ਜਾਣਾ ਪਿਆ।

ਡਾ: ਔਲਖ ਜਿੱਥੇ ਖੁਦ ਆਪ ਇੱਕ ਸੰਸਥਾ ਸੀ ਪ ਲ ਸ ਮੰਚ, ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਸੁਸਾਇਟੀ ਵਰਗੀਆਂ ਅਨੇਕਾਂ ਸੰਸਥਾਵਾਂ ਨਾਲ ਜੁੜਿਆ ਹੋਇਆ ਸੀ। ਉਸਦਾ ਕਾਰਜ ਖੇਤਰ ਪਿੰਡਾਂ ਤੋਂ ਲੈ ਕੇ ਚੰਡੀਗੜ੍ਹ, ਦਿੱਲੀ ਅਤੇ ਬਦੇਸ਼ਾ ਤੱਕ ਸੀ। ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਦੇ ਸੱਦੇ ਤੇ ਉਸ ਨੇ 2011 ਅਤੇ 2013 ਵਿੱਚ ਦੋ ਵਾਰ ਟੋਰਾਂਟੋ ਏਰੀਆ ਦੇ ਦਰਸ਼ਕਾਂ ਵਿੱਚ ਆਪਣੇ ਨਾਟਕ ਪੇਸ਼ ਕੀਤੇ । ਸਾਹਿਤ ਅਕੈਡਮੀ ਅਵਾਰਡ ਸਮੇਤ ਬਹੁਤ ਸਾਰੇ ਸਨਮਾਨ ਪਰਾਪਤ ਡਾ: ਔਲਖ ਨੂੰ ਮਾਰਚ 2015 ਨੂੰ ਵੀਹ ਹਜ਼ਾਰ ਲੋਕਾਂ ਦੇ ਇਕੱਠ ਵਿੱਚ "ਭਾਈ ਲਾਲੋ ਕਲਾ ਸਨਮਾਨ" ਮਿਲਣਾ ਇੱਕ ਕਲਾਕਾਰ ਦੀ ਬਹੁਤ ਵੱਡੀ ਪਰਾਪਤੀ ਹੈ।

ਤਰਕਸ਼ੀਲ ਸੁਸਾਇਟੀ ਉਹਨਾਂ ਦੇ ਨਾਟ-ਸੰਸਾਰ, ਸਾਹਿਤ ਸਿਰਜਣਾ, ਲੋਕਾਂ ਦੇ ਹਾਣ ਦੀ ਸਰਲ ਪੇਸ਼ਕਾਰੀ, ਪ੍ਰਤੀਬੱਧਤਾ, ਸਿਰੜ, ਸਿਦਕਦਿਲੀ, ਸਰਗਰਮੀਆਂ ਅਤੇ ਦੱਬੇ ਕੁਚਲੇ ਲੋਕਾਂ ਲਈ ਸਮਰਪਤ ਜੀਵਨ ਨੂੰ ਸਿਜਦਾ ਕਰਦੀ ਹੋਈ ਇਹ ਸ਼ਰਧਾਂਜਲੀ ਸਮਾਗਮ ਕਰ ਰਹੀ ਹੈ ਤੇ ਸਮੂਹ ਸੰਸਥਾਵਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਬੇਨਤੀ ਹੈ।

ਸਮਾਗਮ ਦੇ ਦੂਜੇ ਦੌਰ ਵਿੱਚ ਮਨਜੀਤ ਬੋਪਾਰਾਏ ਦੀ ਪੁਸਤਕ "ਜੋਤਿਸ਼ ਝੂਠ ਬੋਲਦਾ ਹੈ" ਤੇ ਸੈਮੀਨਾਰ ਕੀਤਾ ਜਾਵੇਗਾ। ਜਿਸ ਵਿੱਚ ਇਸ ਕਿਤਾਬ ਦੇ ਲੇਖਕ ਉਚੇਚੇ ਤੌਰ ਤੇ ਪਹੁੰਚ ਰਹੇ ਹਨ। ਇਸ ਵਿੱਚ ਕਿਤਾਬ ਤੇ ਵਿਚਾਰ ਤੋਂ ਬਾਦ ਮਨਜੀਤ ਬੋਪਾਰਾਏ ਦੁਆਰਾ ਸਵਾਲਾਂ ਦੇ ਜਵਾਬ ਦਿੱਤੇ ਜਾਣਗੇ। ਸਮੂਹ ਲੋਕਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦੇ ਨਾਲ ਹੀ ਜੋਤਸ਼ੀਆਂ, ਤਾਂਤਰਿਕਾਂ, ਬਾਬਿਆਂ, ਧਾਗੇ ਤਵੀਜ਼ਾਂ ਰਾਹੀਂ ਇਲਾਜ ਕਰਨ ਵਾਲਿਆਂ ਨੂੰਸੱਦਾ ਹੈ ਕਿ ਉਹ ਸੁਸਾਇਟੀ ਦੀਆਂ ਸ਼ਰਤਾਂ ਅਧੀਨ ਆਪਣੀ ਸ਼ਕਤੀ ਜਾਂ ਇਲਮ ਦਾ ਪਰਗਟਾਵਾ ਕਰ ਕੇ ਇਨਾਮ ਪਰਾਪਤ ਕਰ ਸਕਦੇ ਹਨ। ਸੁਸਾਇਟੀ ਦੇ ਮੁੱਖ ਕੁਆਰਡੀਨੇਟਰ ਬਲਰਾਜ ਛੋਕਰ ਦੀ ਸੂਚਨਾ ਅਨੁਸਾਰ ਮਨਜੀਤ ਬੋਪਾਰਾਏ ਇੱਕ ਲੱਖ ਆਸਟਰੇਲੀਅਨ ਡਾਲਰ ਦਾ ਚੈੱਕ ਲੈ ਕੇ ਆ ਰਹੇਹਨ। ਪਰੋਗਰਾਮ ਅਤੇ ਵਧੇਰੇ ਜਾਣਕਾਰੀ ਲਈ ਬਲਰਾਜ ਛੋਕਰ ਫੋਨ 647-838-4749, ਡਾ:ਬਲਜਿੰਦਰ ਸੇਖੋਂ ਫੋਨ 905-781-1197, ਨਿਰਮਲ ਸੰਧੂ ਫੋਨ 416-835-3450 ਜਾਂ ਨਛੱਤਰ ਬਦੇਸ਼ਾ ਨਾਲ ਫੋਨ 647-267-3397 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਿੱਠਾ ਮੂੰਹ ਕਰਾਕੇ ਤੋਰਨਾ ਬਾਪੂ ਨੂੰ...



ਪੰਜਾਬੀ ਆਪਣੀ ਵੱਖਰੀ ਪਹਿਚਾਣ ਅਤੇ ਵਿਚਰਨ ਛੈਲੀ ਕਰਕੇ ਦੁਨੀਆਂ ਭਰ ਵਿੱਚ ਜਾਣੇ ਜਾਂਦੇ ਹਨ, ਇੱਥੋਂ ਦਾ ਸੱਭਿਆਚਾਰ ਵੀ ਵੱਖਰਾ ਹੈ ਅਤੇ ਵਿਚਰਨ ਸ਼ੈਲੀ ਵੀ। ਕੁਝ ਲੋਕ ਇਸ ਨੂੰ ਵਿਸ਼ੇਸ਼ ਧਰਮ ਨਾਲ ਵੀ ਜੋੜਦੇ ਨੇ ... ਪਰ ਧਰਮ ਤੋਂ ਬਿਨਾਂ ਵੀ ਇੱਕ ਵੱਖਰੇ ਤਰ੍ਹਾਂ ਦਾ ਸਮਾਜ ਸਿਰਜਣਾ ਸੰਭਵ ਹੈ। ਅਜਿਹਾ ਵੇਖਣ ਨੂੰ ਮਿਲਿਆ ਅੱਜ ਕਿਰਤੀਆਂ ਦੇ ਨਾਟਕਕਾਰ ਅਜਮੇਰ ਔਲਖ ਜੀ ਦੇ ਸ਼ਰਧਾਂਜਲੀ ਸਮਾਗਮ ਵਿੱਚ। ਕਿਸੇ ਤਰ੍ਹਾਂ ਦੀ ਕੋਈ ਧਾਰਮਿਕ ਰਸਮ ਨਹੀਂ ਸੀ, ਪੰਜਾਬ ਦੇ ਕੋਨੇ ਕੋਨੇ ਵਿੱਚੋਂ ਆਏ ਦਸ ਹਜ਼ਾਰ ਦੇ ਕਰੀਬ ਲੋਕਾਂ ਨੇ ਮਾਨਸਾ ਵਿੱਚ ਉਨ੍ਹਾਂ ਨੂੰ ਸ਼ਰਧਾਜਲੀ ਭੇਂ...ਟ ਕੀਤੀ। ਸਮਾਗਮ ਦੇ ਅੰਤ ਵਿੱਚ ਉਨ੍ਹਾਂ ਦੀਆਂ ਤਿੰਨ੍ਹਾਂ ਧੀਆਂ ਨੇ ...ਪਾ ਗਲੱਵਕੜੀ ਕਲਮ ਕਲਾ ਸੰਗਰਾਮਾਂ ਦੀ... ਰਾਹੀਂ ਆਪਣੇ ਪਿਤਾ ਨੂੰ ਇੱਕ ਵਿਲੱਖਣ ਤਰ੍ਹਾਂ ਦੀ ਸ਼ਰਧਾਂਜਲੀ ਦਿੱਤੀ। ਕੋਨੇ ਕੋਨੇ ਵਿੱਚ ਕਿਸਾਨ ਯੂਨੀਅਨ ਵਾਲੇ ਦੋਸਤਾਂ ਨੇ ਲੰਗਰ ਲਾਏ ਹੋਏ ਸਨ, ਜੋ ਉਹ ਆਪਣੇ ਪਿੰਡਾਂ ਵਿੱਚੋਂ ਹੀ ਤਿਆਰ ਕਰਕੇ ਲਿਆਏ, ਲੰਗਰ ਵਿੱਚ ਮਿੱਠੇ ਚੌਲ, ਨਮਕੀਨ ਚੌਲ, ਰੋਟੀ, ਚਾਹ ਆਦਿ ਸ਼ਾਮਿਲ ਸੀ। ਕਿਸਾਨ ਯੂਨੀਅਨ ਉਗਰਾਹਾਂ ਜੋ ਕਿ ਇਸ ਲੰਗਰ ਦਾ ਸੰਚਾਲਨ ਕਰ ਰਹੀ ਸੀ ਦੇ ਇੱਕ ਆਗੂ ਜੋ ਪੰਡਾਲ ਦੇ ਆਸੀ-ਪਾਸੀਂ ਦਾਖਾਂ ਵਾਲਾ ਮਿੱਠਾ ਕੜਾਹ ਵੀ ਵਰਤਾਅ ਰਹੇ ਸਨ ਨੂੰ ਜਦੋਂ ਮੈਂ ਪੁੱਛਿਆ ਕਿ ਬਾਪੂ ਔਲਖ ਤਾਂ ਸਾਨੂੰ ਸਭ ਨੂੰ ਛੱਡਕੇ ਗਏ ਨੇ, ਸਮਾਂ ਤਾਂ ਦੁੱਖ ਮਨਾਉਣ ਦਾ ਹੈ, ਤਾਂ ਉਨ੍ਹਾਂ ਬੜੇ ਹੀ ਨਿਮਰਤਾ ਨਾਲ ਉਤਰ ਦਿੱਤਾ ਕੇ ਪੰਜਾਬੀ ਦੀ ਕਹਾਵਤ ਹੈ ਮਿੱਠਾ ਮੂੰਹ ਕਰਾਕੇ ਤੋਰਨਾ ਬਾਪੂ ਨੂੰ....।



# ਕਿਰਤੀ ਕਾਮਿਆਂ ਤੇ ਸਾਹਿਤਕਾਰਾਂ ਵੱਲੋਂ ਪ੍ਰੋ. ਅਜਮੇਰ ਔਲਖ ਨੂੰ ਸ਼ਰਧਾਂਜਲੀਆਂ

ਬੀਤੇ ਦਿਨੀਂ ਵਿਛੜੇ ਮਕਬੂਲ ਨਾਟਕਕਾਰ ਪ੍ਰੋ. ਅਜਮੇਰ ਔਲਖ ਨੂੰ ਸ਼ਰਧਾਂਜਲੀ ਦੇਣ ਲਈ ਉਸਦੇ ਨਾਟਕਾਂ ਦੇ ਪਾਤਰ (ਮਜ਼ਦੂਰ-ਕਿਸਾਨ) ਅੱਜ ਵੱਡੀ ਗਿਣਤੀ 'ਚ ਪੁੱਜੇ ਤੇ ਆਪਣੇ ਵਿਛੜੇ ਨਾਟਕਕਾਰ ਨੂੰ ਸੰਗਰਾਮੀ ਸ਼ਰਧਾਂਜਲੀਆ ਭੇਂਟ ਕੀਤੀਆਂ। ਪ੍ਰੋ. ਔਲਖ ਦੀ ਯਾਦ 'ਚ ਹੋਏ ਸ਼ਰਧਾਂਜਲੀ ਸਮਾਗਮ ਦੌਰਾਨ ਜਿੱਥੇ ਉਹਨਾਂ ਦੀ ਸਾਹਿਤਕ ਘਾਲਣਾ ਤੇ ਵਿਰਾਸਤ ਦਾ ਮਹੱਤਵ ਚਰਚਾ 'ਚ ਆਇਆ ਉਥੇ ਖੁਸ਼ਹਾਲ ਤੇ ਚੰਗੇਰੇ ਸਮਾਜ ਦੀ ਉਸਾਰੀ ਲਈ ਕਿਰਤੀ ਕਾਮਿਆਂ ਤੇ ਸਾਹਿਤਕਾਰਾਂ ਕਲਾਕਾਰਾਂ ਦੀ ਜੋਟੀ ਦਾ ਸੰਦੇਸ਼ ਦੀ ਗੂੰਜਿਆ। ਮਾਨਸਾ ਦੀ ਨਵੀਂ ਦਾਣਾ ਮੰਡੀ 'ਚ ਲੱਗੇ ਵਿਸ਼ਾਲ ਪੰਡਾਲ 'ਚ ਜੁੜੇ ਹਜਾਰਾਂ ਲੋਕਾਂ ਵੱਲੋਂ ਪ੍ਰੋ. ਔਲਖ ਦੀ ਯਾਦ ਚ 2 ਮਿੰਟ ਦਾ ਮੋਨ ਧਾਰਨ ਮਗਰੋਂ ਪ੍ਰੋ. ਔਲਖ ਅਮਰ ਰਹੇ ਦੇ ਜੋਰਦਾਰ ਨਾਅਰਿਆਂ ਦੇ ਨਾਲ ਸਮਾਗਮ ਦੀ ਰਸਮੀ ਸ਼ੁਰੂਆਤ ਹੋਈ। ਕੇਂਦਰੀ ਪੰਜਾਬੀ ਲੇਖਕ ਸਭਾ, ਲੋਕ ਕਲਾ ਮੰਚ ਮਾਨਸਾ ਤੇ ਔਲਖ ਪਰਿਵਾਰ ਵੱਲੋਂ ਜਥੇਬੰਦ ਕੀਤੇ ਗਏ ਸਮਾਗਮ 'ਚ ਦਰਜਨਾਂ ਸਾਹਿਤਕ ਜਥੇਬੰਦੀਆਂ ਤੇ ਜਨਤਕ ਜਮਹੂਰੀ ਜਥੇਬੰਦੀਆਂ/ਪਲੇਟਫਾਰਮਾਂ ਦੇ ਕਾਰਕੁੰਨਾਂ ਨੇ ਸ਼ਮੂਲੀਅਤ ਕੀਤੀ। ਅਤੇ ਦੇਸ਼ੋ ਵਿਦੇਸ਼ੋ ਵੀ ਦਰਜਨਾਂ ਸ਼ੋਕ-ਸੁਨੇਹੇ ਪੁੱਜੇ। ਪ੍ਰੋ. ਔਲਖ ਦੀ ਅੰਤਿਮ ਇੱਛਾ ਅਨੁਸਾਰ ਜਥੇਬੰਦ ਕੀਤੇ ਗਏ ਸਮਾਗਮ ਨੂੰ ਸੰਖੇਪ ਰੱਖਣ ਦੀ ਜ਼ਰੂਰਤ ਕਾਰਨ, ਬੁਲਾਰਿਆਂ ਦੀ ਗਿਣਤੀ ਸੀਮਤ ਸੀ। ਪੰਜਾਬੀ ਸਾਹਿਤ ਜਗਤ ਦੀਆਂ ਨਾਮਵਰ ਹਸਤੀਆਂ ਗੁਰਬਚਨ ਭੁੱਲਰ, ਸੁਰਜੀਤ ਪਾਤਰ, ਆਤਮਜੀਤ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਮੰਚ ਤੋਂ ਪ੍ਰੋ. ਔਲਖ ਨੂੰ ਸ਼ਰਧਾਂਜਲੀਆਂ ਦਿੱਤੀਆਂ। ਉਹਨਾਂ ਪ੍ਰੋ. ਔਲਖ ਨੂੰ ਕਿਰਤੀ ਲੋਕਾਂ ਦਾ ਸਾਹਿਤਕਾਰ ਦਸਦਿਆਂ ਉਹਨਾਂ ਦੇ ਵਿਛੋੜੇ



ਪ੍ਰੋ. ਅਜਮੇਰ ਸਿੰਘ ਔਲਖ ਨੂੰ ਨਵੇਕਲੇ ਅੰਦਾਜ਼ ਵਿਚ ਸ਼ਰਧਾਂਜਲੀ ਭੇਟ ਕਰਦੀਆਂ ਉਸ ਦੀਆਂ ਤਿੰਨ ਧੀਆਂ

ਨੂੰ ਪੰਜਾਬੀ ਸਾਹਿਤ ਤੇ ਕਲਾ ਜਗਤ ਲਈ ਵੱਡਾ ਘਾਟਾ ਕਰਾਰ ਦਿੱਤਾ। ਉਹਨਾਂ ਕਿਹਾ ਕਿ ਪ੍ਰੋ. ਔਲਖ ਲੋਕਾਂ ਤੇ ਸਮਾਜ ਦੀ ਬੇਹਤਰੀ ਲਈ ਪ੍ਰਤੀਬੱਧ ਨਾਟਕਕਾਰ ਸਨ ਤੇ ਪੰਜਾਬੀ ਪੇਂਡੂ ਮਿਹਨਤਕਸ਼ ਜਮਾਤਾਂ ਦਾ ਜੀਵਨ ਚਿਤਰਨ 'ਚ ਉਹਨਾਂ ਨੂੰ ਕਮਾਲ ਦੀ ਮੁਹਾਰਤ ਹਾਸ਼ਲ ਸੀ। ਉਹਨਾਂ ਦੀ ਕਲਾ ਵੀ ਜਮਾਤੀ ਸਮਾਜ ਦਾ ਸੱਚ ਬਹੁਤ ਖ਼ੂਬਸੂਰਤੀ ਨਾਲ ਉਘਾੜਿਆ ਤੇ ਇਸ ਲੁਟੇਰੇ ਤੇ ਨਾ-ਬਰਾਬਰੀ ਵਾਲੇ ਸਮਾਜ ਦੀ ਤਬਦੀਲੀ ਲਈ ਤਾਂਘ ਨੂੰ ਪ੍ਰਚੰਡ ਕਰਨ 'ਚ ਅਹਿਮ ਹਿੱਸਾ ਪਾਇਆ ਅੱਜ ਸਮਾਜ 'ਚ ਮੌਜੂਦ ਵੱਡੀਆਂ ਚੁਣੌਤੀਆਂ ਦੇ ਸਨਮੁੱਖ ਉਹਨਾਂ ਦੇ ਨਾਟਕਾਂ ਦਾ ਮਹੱਤਵ ਹੋਰ ਜਿਆਦਾ ਵਧ ਗਿਆ ਹੈ। ਉਹਨਾਂ ਪੰਜਾਬੀ ਦੇ ਉਭਰਦੇ ਸਾਹਿਤਕਾਰਾਂ ਕਲਾਕਾਰਾਂ ਨੂੰ ਪ੍ਰੋ. ਔਲਖ ਦੀਆਂ ਪੈੜਾਂ ਤੇ ਚੱਲ ਕੇ ਅੱਗੇ ਵਧਣ ਦਾ ਸੱਦਾ ਦਿੱਤਾ। ਪਰਿਵਾਰ ਤਰਫੋਂ ਸੰਬੋਧਨ ਹੁੰਦਿਆਂ ਸੁਭਾਸ਼ ਬਿੱਟੂ, ਪ੍ਰੋ. ਅੱਛਰੂ ਸਿੰਘ, ਜਸਵਿੰਦਰ ਕੌਰ ਗੱਗੂ ਤੇ ਗੁਰਵਿੰਦਰ ਬਰਾੜ ਨੇ ਪ੍ਰੋ. ਔਲਖ ਦੀ ਲੋਕਾਂ ਦੇ ਕਾਜ ਲਈ ਸਮਰਪਣ ਭਾਵਨਾ ਨੂੰ ਸਲਾਮ ਕਰਦਿਆਂ ਉਹਨਾਂ ਦੀ ਸਾਹਿਤ ਕਲਾ ਦੇ ਮੋਰਚੇ ਤੇ ਘਾਲੀ ਅਣਥੱਕ ਘਾਲਣਾ ਦੀ ਚਰਚੀ ਕੀਤੀ। ਉਹਨਾਂ ਨੇ ਪੰਜਾਬ ਦੇ ਰੰਗਕਰਮੀਆਂ ਤੇ ਲੋਕ ਜਥੇਬੰਦੀਆਂ ਨੂੰ ਪ੍ਰੋ. ਔਲਖ ਦੇ ਨਾਟਕ ਜਨਤਾ ਤੱਕ ਲੈ ਜਾਣ ਦੇ ਵੱਡੇ ਕਾਰਜ ਲਈ ਹੰਭਲਾ ਜਟਾਉਣ ਦੀ ਅਪੀਲ ਵੀ ਕੀਤੀ ਅਤੇ ਆਏ ਲੋਕਾਂ ਦਾ ਧੰਨਵਾਦ ਕੀਤਾ। ਅੱਜ ਦੇ ਸਮਾਗਮ 'ਚ ਪ੍ਰੋ. ਔਲਖ ਨੂੰ ਸ਼ਰਧਾਂਜਲੀ ਵਜੋਂ ਜਾਰੀ ਕੀਤਾ ਸਲਾਮ ਮੈਗਜੀਨ ਦਾ ਅੰਕ ਵੀ ਜਾਰੀ ਕੀਤਾ। ਸਲਾਮ ਦੀ ਕਾਪੀ ਚੋਟੀ ਦੇ ਪੰਜਾਬੀ ਕਹਾਣੀਕਾਰ ਗੁਰਬਚਨ ਭੁੱਲਰ ਨੇ ਸ਼੍ਰੀਮਤੀ ਮਨਜੀਤ ਔਲਖ ਨੂੰ ਨਾਮਵਰ ਪੰਜਾਬੀ ਸਾਹਿਤਕਾਰਾਂ ਤੇ ਸਲਾਮ ਕਾਫਲਾ ਆਗੂਆਂ ਦੀ ਹਾਜਰੀ 'ਚ ਭੇਂਟ ਕੀਤੀ। ਸਲਾਮ ਕਾਫਲੇ ਵੱਲੋਂ ਦੋ ਵਰ੍ਹੇ ਪਹਿਲਾਂ ਪ੍ਰੋ. ਔਲਖ ਨੂੰ ਵਿਸ਼ਾਲ ਜਨਤਕ ਇਕੱਠ 'ਚ ਭਾਈ ਲਾਲੋ ਕਲਾ ਸਨਮਾਨ ਨਾਲ ਸਨਮਾਨਿਆ ਗਿਆ ਸੀ। ਉਹਨਾਂ ਬਾਰੇ ਇਹ ਸਲਾਮ ਦਾ ਤੀਸਰਾ ਅੰਕ ਸੀ। ਸ਼ਰਧਾਂਜਲੀ ਸਮਾਗਮ 'ਚ ਚਾਹ ਤੇ ਰੋਟੀ ਦੇ ਲੰਗਰ ਦਾ ਇੰਤਜਾਮ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਕੀਤਾ ਗਿਆ ਸੀ। ਕੜਾਹ ਪ੍ਰਸਾਦ ਤੇ ਮਿੱਠੇ ਚੌਲਾਂ ਦੇ ਲੰਗਰ ਨਾਲ ਕਿਰਤੀਆਂ ਨੇ ਆਪਣੇ ਨਾਟਕਕਾਰ ਲਈ ਆਪਣੀ ਭਾਵਨਾਵਾਂ ਦਾ ਪ੍ਰਗਟਾਵਾ ਵੀ ਕੀਤਾ ਤੇ ਕਿਰਤ, ਕਲਾ ਤੇ ਸੰਗਰਾਮਾਂ ਦੀ ਜੋਟੀ ਦਾ ਸੰਦੇਸ਼ ਵੀ ਦਿੱਤਾ। ਸਮਾਗਮ ਦੌਰਾਨ ਪ੍ਰੋ. ਔਲਖ ਨੂੰ ਸ਼ਰਧਾਂਜਲੀ ਵਜੋਂ ਗੀਤਾਂ ਦੀ ਲੜੀ ਚਲਦੀ ਰਹੀ ਹੈ ਜਿਸਦਾ ਸਿਖਰ ਸਮਾਗਮ ਦੇ ਅੰਤ ਤੇ ਪੇਸ਼ ਹੋਈ ਕੋਰੀਓਗ੍ਰਾਫੀ ਰਾਹੀਂ ਹੋਇਆ। ਕਿਰਤ, ਕਲਾ ਤੇ ਸੰਗਰਾਮਾਂ ਦੀ ਜੋਟੀ ਉੱਚੀ ਕਰਨ ਦਾ ਹੋਕਾ ਦੇ ਰਹੇ ਗੀਤ ਨੂੰ ਚੇਤਨਾ ਕਲਾ ਕੇਂਦਰ ਬਰਨਾਲਾ ਤੇ ਲੋਕ ਕਲਾ ਮੰਚ ਮਾਨਸਾ ਦੇ ਕਲਾਕਾਰਾਂ ਨੇ ਸਾਂਝੇ ਤੌਰ 'ਤੇ ਪੇਸ਼ ਕੀਤਾ। ਪ੍ਰੋ. ਔਲਖ ਦੀਆਂ ਤਿੰਨੋ ਧੀਆਂ ਵੱਲੋਂ ਕੋਰੀਓਗ੍ਰਾਫੀ ਦੌਰਾਨ ਭੂਮਿਕਾ ਅਦਾ ਕਰਕੇ, ਉਹਨਾਂ ਦੇ ਰੰਗਮੰਚ ਦੇ ਸਫ਼ਰ ਨੂੰ ਜਾਰੀ ਰੱਖਣ ਦਾ ਐਲਾਨ ਨਿਵੇਕਲੇ ਅੰਦਾਜ਼ 'ਚ ਕੀਤਾ। ਇਹ ਗੀਤ ਦੋ ਵਰ੍ਹੇ ਪਹਿਲਾਂ ਪ੍ਰੋ. ਔਲਖ ਨੂੰ ਭਾਈ ਲਾਲੋ ਕਲਾ ਸਨਮਾਨ ਭੇਂਟ ਕਰਨ ਵੇਲੇ ਵਿਸ਼ੇਸ਼ ਤੌਰ ਤੇ ਲਿਖਿਆ ਗਿਆ ਸੀ ਤੇ ਮੰਚ 'ਤੋਂ ਪੇਸ਼ ਹੋਇਆ ਸੀ। ਸਮਾਗਮ ਦੇ ਅੰਤ 'ਤੇ ਇੱਕ ਵਿਸ਼ਾਲ ਕਾਫਲਾ ਉਹਨਾਂ ਦੀਆਂ ਅਸਥੀਆਂ ਲੈ ਕੇ, ਉਹਨਾਂ ਦੇ ਜੱਦੀ ਪਿੰਡ ਕਿਸ਼ਨਗੜ੍ਹ ਫਰਵਾਹੀ ਵੱਲ ਰਵਾਨਾ ਹੋਇਆ ਜਿਥੇ ਪਿੰਡ ਦੇ ਲੋਕਾਂ ਵੱਲੋਂ ਕਾਫਲੇ ਦਾ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਗਿਆ। ਪਿੰਡ ਦੇ ਸਕੂਲ 'ਚ ਹੋਏ ਸੰਖੇਪ ਸਮਾਗਮ ਮਗਰੋਂ ਅਸਥੀਆਂ ਪਿੰਡ ਕੋਲੋਂ ਲੰਘਦੀ ਨਹਿਰ 'ਚ ਜਲ ਪ੍ਰਵਾਹ ਕੀਤੀਆਂ ਗਈਆਂ।

\- ਪਾਵੇਲ ਕੁੱਸਾ

## ਬੇਬਾਕ ਅਤੇ ਨਿੱਡਰ ਤਬੀਅਤ ਦੇ ਮਾਲਕ- ਅਜਮੇਰ ਔਲਖ



ਆਪਣੇ ਲਈ, ਆਪਣੇ ਪ੍ਰੀਵਾਰ ਲਈ ਤਾਂ ਹਰ ਕੋਈ ਜਿਊਂਦਾ ਹੈ, ਆਪਣੀ ਪੀੜ ਤਾਂ ਹਰ ਕੋਈ ਮਹਿਸੂਸ ਕਰਦਾ ਹੈ ਪਰ ਪੂਰੇ ਸਮਾਜ ਦੀ ਬਿਹਤਰੀ ਲਈ ਸਾਰੀ ਜ਼ਿੰਦਗੀ ਲੇਖੇ ਲਾਉਣੀ ਅਤੇ ਦੂਜੇ ਦੀ ਪੀੜ ਮਹਿਸੂਸ ਕੋਈ ਵਿਰਲਾ ਹੀ ਕਰਦਾ ਹੈ। ਇਨਾਂ ਵਿਰਲਿਆਂ ਵਿਚ ਸ਼ੁਮਾਰ ਹਨ ਨਾਟਕਕਾਰ ਅਤੇ ਨਾਟ ਤੇ ਨਿਰਦੇਸ਼ਕ ਅਜਮੇਰ ਔਲਖ। ਆਮ ਜਿਹੇ ਨਿਮਨ ਕਿਸਾਨ ਪ੍ਰੀਵਾਰ ਅਤੇ ਵਾਤਾਵਰਣ ਵਿਚ ਪਲੇ-ਬੜੇ ਔਲਖ ਹੋਰਾਂ ਲਾਮਿਸਾਲ ਜ਼ਿੰਦਗੀ ਜਿਊਈ। ਉਨਾਂ ਆਪਣੇ ਨਾਟਕਾਂ ਰਾਂਹੀ ਆਮ ਤੌਰ 'ਤੇ ਲੋਕਾਈ ਅਤੇ ਖਾਸ ਤੌਰ 'ਤੇ ਨਿਮਨ ਕਿਸਾਨੀ ਦੇ ਦੁੱਖਾਂ, ਤਕਲੀਫਾਂ, ਔਕੜਾਂ ਅਤੇ ਮੁਸੀਬਤਾਂ ਦੀ ਦਲੇਰੀ ਨਾਲ ਗੱਲ ਕੀਤੀ। ਅਜਮੇਰ ਔਲਖ ਹੋਰੀਂ ਬੇਬਾਕ ਅਤੇ ਨਿੱਡਰ ਤਬੀਅਤ ਦੇ ਮਾਲਕ ਸਨ। ਖੱਬੇ-ਪੱਖੀ ਅਤੇ ਲੋਕ-ਹਿਤੈਸ਼ੀ ਸੋਚ ਨੂੰ ਸਾਰੀ ਉਮਰ ਪ੍ਰਣਾਏ ਅਜਮੇਰ ਔਲਖ ਹੋਰਾਂ ਪੰਜਾਬੀ ਰੰਗਮੰਚ ਨੂੰ ਨਵਾਂ ਮੁਹਾਂਦਰਾ ਪ੍ਰਦਾਨ ਕਰਨ ਦੇ ਨਾਲ ਨਾਲ ਨਾਟਕ ਨੂੰ ਪਿੰਡਾਂ ਵਿਚ ਵੀ ਮਕਬੂਲ ਕੀਤਾ।

ਅਜਮੇਰ ਔਲਖ ਹੋਰਾਂ ਦੇ ਵਿਛੋੜੇ ਨਾਲ ਸਮਾਜ ਅਤੇ ਰੰਗਮੰਚ ਦ੍ਰਿੜਤਾ ਅਤੇ ਦਲੇਰੀ ਨਾਲ ਲੋਕਾਂ ਦੀ ਗੱਲ ਕਰਨ ਵਾਲੀ ਸ਼ਖਸ਼ੀਅਤ ਤੋਂ ਮਹਿਰੂਮ ਹੋ ਗਿਆ ਹੈ। ਅਜਮੇਰ ਔਲਖ ਹੋਰਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਉਨਾਂ ਦੀ ਸੋਚ ਅਤੇ ਉਨਾਂ ਵੱਲੋਂ ਵਿੱਢੇ ਕਾਰਜਾਂ ਨੂੰ ਅਗਾਂਹ ਤੋਰਨਾ ਹੋਵੇਗੀ।

ਪੇਸ਼ਕਸ਼ : ਸੰਜੀਵਨ ਸਿੰਘ







# ਪ੍ਰੋ. ਅਜਮੇਰ ਸਿੰਘ ਔਲਖ ਅੰਤਿਮ ਯਾਤਰਾ ਤੇ ਸ਼ਰਧਾਂਜਲੀ ਸਮਾਗਮ







ਭਾਅ ਜੀ ਗੁਰਸ਼ਰਨ ਸਿੰਘ ਦੇ ਤੁਰ ਜਾਣ ਤੋਂ ਬਾਅਦ ਪੰਜਾਬੀ ਨਾਟਕ ਦੀ ਜਿੰਦਜਾਨ, ਕਿਰਤੀਆਂ ਦੇ ਦੁੱਖਾਂ ਦਰਦਾਂ ਦਾ ਕਲਪਕਾਰ, ਲੋਕ ਲਹਿਰਾਂ ਦਾ ਮੁਦੱਈ ਪ੍ਰੋ. ਅਜਮੇਰ ਔਲਖ ਸਾਡੇ ਦਰਮਿਆਨ ਨਹੀਂ ਰਿਹਾ। ਸਿਦਕ ਤੇ ਸਿਰੜ ਦੀ ਅਦੁੱਤੀ ਮਿਸਾਲ ਪ੍ਰੋ. ਔਲਖ ਬੀਤੀ 15 ਜੂਨ ਨੂੰ ਸਾਥੋਂ ਸਦਾ ਸਦਾ ਲਈ ਜਿਸਮਾਨੀ ਤੌਰ ’ਤੇ ਵਿਛੜ ਗਏ। ਕੈਂਸਰ ਜਿਹੀ ਨਾਮੁਰਾਦ ਬੀਮਾਰੀ ਨੂੰ ਲੰਮਾਂ ਸਮਾਂ ਜਿਥੇ ਮੱਥੇ ਟੇਕਣ ਵਾਲੇ ਇਸ ਯੋਧੇ ਨੇ ਅੰਤਲੇ ਸਾਹਾਂ ਤੱਕ ਆਸ ਤੇ ਮਕਸਦ ਦਾ ਪੱਲਾ ਨਹੀਂ ਛੱਡਿਆ। ਉਨ੍ਹਾਂ ਦੇ ਸਿਹਤਯਾਬ ਹੋਣ ਲਈ ਆਸਵੰਦ ਪੰਜਾਬ ਦੇ ਵੱਡੇ ਲੋਕ ਹਿਤੈਸ਼ੀ ਘੇਰਿਆਂ ਨੂੰ ਉਨ੍ਹਾਂ ਦੇ ਤੁਰ ਜਾਣ ਨਾਲ ਡਾਢਾ ਸਦਮਾ ਪੁੱਜਾ ਹੈ। 16 ਜੂਨ ਨੂੰ ਮਾਨਸਾ ਸਥਿਤ ਉਨ੍ਹਾਂ ਦੀ ਰਿਹਾਇਸ਼ ’ਤੇ ਪੰਜਾਬ ਭਰ ’ਚੋਂ ਪੁੱਜੇ ਸੈਂਕੜੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਰੰਗਕਰਮੀਆਂ, ਇਨਕਲਾਬੀ ਜਮਹੂਰੀ ਨਾਟਕ ਜਥੇਬੰਦੀਆਂ ਦੇ ਕਾਰਕੁੰਨਾਂ ਨੇ ਲੋਕ ਚੇਤਨਾ ਦੇ ਆਪਣੇ ਯੋਧੇ ਨਾਇਕ ਨੂੰ ਅਕੀਦਤ ਪੇਸ਼ ਕੀਤੀ। ਉਨ੍ਹਾਂ ਦੀ ਦੇਹ ’ਤੇ ਹੋਰਨਾਂ ਦਰਜਨਾਂ ਜਨਤਕ ਜਥੇਬੰਦੀਆਂ ਦੇ ਨਾਲ ਨਾਲ ਉਨ੍ਹਾਂ ਦੀ ਯਾਦ ’ਚ ਨਾਅਰੇ ਗੁੰਜਾਉਂਦਿਆਂ ਸ਼ਾਮਲ ਹੋਏ। ਇਨਕਲਾਬੀ ਕੇਂਦਰ ਪੰਜਾਬ ਦੇ ਵੱਡੇ ਕਾਫ਼ਲੇ ਨੇ ਪ੍ਰਧਾਨ ਨਰਾਇਣ ਦੱਤ ਦੀ ਅਗਵਾਈ ’ਚ ਜਥੇਬੰਦੀ ਦਾ ਝੰਡਾ ਭੇਟ ਕਰਕੇ ਸ਼ਰਧਾਂਜਲੀ ਦਿੱਤੀ।

ਤਿੰਨ ਧੀਆਂ ਦੇ ਮੋਢਿਆਂ ’ਤੇ ਚੁੱਕੀ ਪ੍ਰੋ. ਔਲਖ ਦੀ ਦੇਹ ਵੱਖ-ਵੱਖ ਜਥੇਬੰਦੀਆਂ ਦੇ ਬੈਨਰਾਂ, ਝੰਡਿਆਂ ਤੇ ਅਕਾਸ਼ ਗੂੰਜਾਊ ਨਾਅਰਿਆਂ ਨਾਲ ਆਪਣੇ ਅੰਤਮ ਸਫ਼ਰ ’ਤੇ ਰਵਾਨਾ ਹੋਈ। ਮਾਨਸਾ ਸ਼ਹਿਰ ’ਚ ਅਜਿਹੀ ਭਾਵਪੂਰਨ ਵਿਦਾਇਕੀ ਸ਼ਾਇਦ ਹੀ ਹੋਰ ਕਿਸੇ ਦੇ ਹਿੱਸੇ ਆਈ ਹੋਵੇ।

25 ਜੂਨ ਨੂੰ ਮਾਨਸਾ ਦੀ ਦਾਣਾ ਮੰਡੀ ਦੇ ਵੱਡੇ ਖੁੱਲ੍ਹੇ ਪੰਡਾਲ ’ਚ ਪ੍ਰੋ. ਔਲਖ ਦੇ ਸ਼ਰਧਾਂਜਲੀ ਸਮਾਗਮ ’ਚ ਸੂਬੇ ਭਰ ’ਚੋਂ ਹਜ਼ਾਰਾਂ ਦੀ ਗਿਣਤੀ ’ਚ ਕਿਸਾਨ, ਮਜ਼ਦੂਰ, ਨੌਜਵਾਨ, ਔਰਤਾਂ ਆਪਣੀਆਂ ਆਪਣੀਆਂ ਜਥੇਬੰਦੀਆਂ ਦੇ ਬੈਨਰ ਲੈ ਨਾਅਰੇ ਗੁੰਜਾਉਂਦੇ ਕਾਫ਼ਲਿਆਂ ਦੇ ਰੂਪ ’ਚ ਸ਼ਾਮਲ ਹੋਏ। ਸ਼ਰਧਾਜਲੀ ਸਮਾਗਮ ਕੇਂਦਰੀ ਪੰਜਾਬ ਲੇਖਕ ਸਭਾ, ਲੋਕ ਕਲਾ ਮੰਚ ਮਾਨਸਾ ਤੇ ਪਰਿਵਾਰ ਵਲੋਂ ਰਚਾਇਆ ਗਿਆ ਸੀ। ਗੀਤਾਂ, ਕੋਰੀਓਗ੍ਰਾਫ਼ੀਆਂ ਨਾਲ ਸਜੇ ਇਸ ਸਮਾਗਮ ’ਚ ਹਰ ਪਾਸੇ ਇਨਕਲਾਬੀ ਕਾਨਫਰੰਸ ਜਿਹਾ ਮਾਹੌਲ ਸੀ। ਅੱਤ ਦੀ ਗਰਮੀ ਦੇ ਬਾਵਜੂਦ ਖਚਾਖਚ ਭਰੇ ਪੰਡਾਲ ’ਚ ਲੋਕਾਂ ਨੇ ਪ੍ਰਸਿੱਧ ਚਿੰਤਕ ਗੁਰਬਚਨ ਭੁੱਲਰ, ਸਨਮਾਨਿਤ ਸ਼ਾਇਰ ਸੁਰਜੀਤ ਪਾਤਰ, ਚਰਚਿਤ ਨਾਵਲਕਾਰ ਆਤਮਜੀਤ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਦੇ ਪ੍ਰੋ. ਔਲਖ ਹੋਰਾਂ ਨੂੰ ਸਮਾਪਤ ਸ਼ਰਧਾਂਜਲੀ ਸ਼ਬਦਾਂ ਨੂੰ ਮਾਣਿਆ ਤੇ ਜੀਵਿਆ। ਪ੍ਰੋ. ਔਲਖ ਦੀ ਵਸੀਅਤ ਮੁਤਾਬਕ ਇਥੇ ਨਾ ਤਾਂ ਕੋਈ ਧਾਰਮਿਕ ਰਸਮ ਸੀ ਤੇ ਨਾ ਹੀ ਕੋਈ ਓਪਰਾ ਇਕੱਠ। ਲੋਕ ਨਾਟਕ ਦੇ ਆਪਣੇ ਪਾਤਰ, ਆਪਣੇ ਲੋਕ, ਪਰਿਵਾਰ ਵਲੋਂ ਗੁਰਵਿੰਦਰ ਬਰਾੜ, ਜਗਜੀਤ ਚਾਹਲ, ਸੁਭਾਸ਼ ਗਰਗ, ਪ੍ਰੋ. ਅੱਛਰ ਸਿੰਘ ਨੇ ਔਲਖ ਸਾਹਿਬ ਨਾਲ ਬਿਤਾਏ ਪਲ ਤੇ ਯਾਦਾਂ ਸਾਂਝੀਆਂ ਕੀਤੀਆਂ। ਲੋਕ ਕਲਾ ਮੰਚ ਮਾਨਸਾ ਤੇ ਚੇਤਨਾ ਕਲਾ ਕੇਂਦਰ ਬਰਨਾਲਾ ਦੇ ਕਲਾਕਾਰਾਂ ਨੇ ਸ਼ਰਧਾਂਜਲੀ ਐਕਸ਼ਨ ਗੀਤ ਪੇਸ਼ ਕੀਤਾ ਜਿਸ ਵਿਚ ਪ੍ਰੋ. ਔਲਖ ਦੀਆਂ ਤਿੰਨਾਂ ਬੇਟੀਆਂ ਨੇ ਭੂਮਿਕਾ ਨਿਭਾਈ। ਭਾਰਤੀ ਕਿਸਾਨ ਯੂਨੀਅਨ, ਇਨਕਲਾਬੀ ਕੇਂਦਰੀ ਪੰਜਾਬ, ਪੇਂਡੂ ਮਜ਼ਦੂਰ ਯੂਨੀਅਨ (ਮਸਾਲ) ਦੇ ਕਾਰਕੁੰਨਾਂ ਨੇ ਭਾਗ ਲਿਆ।

# ਸਾਨੂੰ ਸਭ ਨੂੰ ਅਵਾਜ਼ ਬੁਲੰਦ ਕਰਨੀ ਹੋਵੇਗੀ

**ਰਾਸ਼ਟਰਵਾਦ ਦੇ ਨਾਂ ਹੇਠ ਹਰ ਅਵਾਜ ਨੂੰ ਦਬਾਉਣ ਤੋਂ ਅੱਗੇ ਕਤਲ ਕਰਨ ਤੱਕ ਜਾਣ ਲਈ ਹੈ ਆਰ ਐਸਐਸ ਨੇ ‘ਉੱਗਰ-ਰਾਸ਼ਟਰਵਾਦ’ ਵੱਧ ਰਿਹਾ ਹੈ : ਦੇਸ਼ ਦੇ 65 ਨਾਮਵਰ ਸਾਬਕਾ ਅਧਿਕਾਰੀਆਂ ਨੇ ਲਿਖਿਆ ਖੁੱਲ੍ਹਾ ਪੱਤਰ**

ਨਵੀਂ ਦਿੱਲੀ : ਹਾਲੀਆ ਘਟਨਾਵਾਂ—ਕਥਿੱਤ ਗਊ-ਰੱਖਿਅਕਾਂ ਦੇ ਹਮਲਿਆਂ ਅਤੇ ਧਾਰਮਿਕ ਅਸਹਿਣਸ਼ੀਲਤਾ ਤੋਂ ਲੈ ਕੇ ਟਰੌਲਿੰਗ (ਸੋਸ਼ਲ-ਮੀਡੀਆ ਪੋਸਟਾਂ ਨੂੰ ਲੈ ਕੇ ਪ੍ਰੇਸ਼ਾਨ ਕਰਨ) ਅਤੇ ਡਰਾਉਣ-ਧਮਕਾਉਣ ਤੱਕ—ਦੀ ਬੇਰੋਕ ਲੜ੍ਹੀ ਨੇ ਸਾਬਕਾ ਨੌਕਰਸ਼ਾਹਾਂ ਦੇ 65 ਮੈਂਬਰੀ ਗਰੁੱਪ ਨੂੰ ਡੂੰਘੀ ਚਿੰਤਾ ਵਿੱਚ ਪਾ ਦਿੱਤਾ ਹੈ ਜਿਨ੍ਹਾਂ ਨੇ ਰਾਜ ਨੂੰ, ਦੇਸ਼ ਵਿਚ ਵੱਧ ਰਹੇ ਇਸ ਉੱਗਰ-ਰਾਸ਼ਟਰਵਾਦ ਨੂੰ ਰੋਕਣ ਲਈ ਲੋੜੀਂਦੇ ਕਦਮ ਉਠਾਉਣ ਲਈ ਕਿਹਾ ਹੈ।

ਆਪਣੇ ਖੁੱਲੇ ਪੱਤਰ ਵਿੱਚ ਇਨ੍ਹਾਂ ਸਾਬਕਾ ਅਫ਼ਸਰਸ਼ਾਹਾਂ ਨੇ ਲਿਖਿਆ ਹੈ ਕਿ ਇਸ ਚਿੰਤਾ ਨੇ ਉਨ੍ਹਾਂ ਨੂੰ ਇਨ੍ਹਾਂ ਘਟਨਾਵਾਂ ਬਾਰੇ ਆਪਣੇ ਇਤਰਾਜ਼ ਅਤੇ ਤੌਖਲਿਆਂ ਨੂੰ ਦਰਜ ਕਰਨ ਲਈ ਉਕਸਾਇਆ ਹੈ।

ਉਨ੍ਹਾਂ ਨੇ ਹਾਵੀ ਵਿਚਾਰਧਾਰਾ ਨਾਲ ਅਸਹਿਮਤ ਸਮਾਜਿਕ ਕਾਰਕੁਨਾਂ, ਪੱਤਰਕਾਰਾਂ, ਲੇਖਕਾਂ ਅਤੇ ਬੁਧੀਜੀਵੀਆਂ ਦੀ ਟਰੌਲਿੰਗ ਕਰਨ, ਧਮਕੀਆਂ ਦੇਣ ਅਤੇ ਆਨਲਾਈਨ ਡਰਾਉਣ-ਧਮਕਾਉਣ ਦੇ ਕੁਲਹਿਣੇ ਰੁਝਾਨ ਬਾਰੇ ਆਪਣੀ ਫਿਕਰਮੰਦੀ ਦਾ ਇਜ਼ਹਾਰ ਕੀਤਾ।

ਉਨ੍ਹਾਂ ਨੇ ਵੱਧ ਰਹੇ ਤਾਨਾਸ਼ਾਹੀ ਅਤੇ ਬਹੁ-ਸੰਖਿਅਕਵਾਦੀ ਪ੍ਰਵਿਰਤੀਆਂ ਦਾ ਵੀ ਜ਼ਿਕਰ ਕੀਤਾ ਜੋ ਲੋਕਾਂ ਦੇ, ਬਹਿਸ ਕਰਨ ਅਤੇ ਅਸਹਿਮਤ ਹੋਣ ਦੇ ਹੱਕਾਂ ਦਾ ਗਲਾ ਘੁੱਟ ਰਹੀਆਂ ਹਨ।

ਅੱਜ (13 ਜੂਨ, 2017) ਜਾਰੀ ਕੀਤੇ ਗਏ ਖੁੱਲੇ ਖੱਤ ਵਿਚ ਅੱਗੇ ਲਿਖਿਆ ਹੈ ਕਿ, ਅੱਤ-ਰਾਸ਼ਟਰਵਾਦ ਵਧ-ਫੁਲ ਰਿਹਾ ਹੈ ਜੋ ਕਿਸੇ ਵੀ ਆਲੋਚਨਾ ਨੂੰ ਤਹਿ-ਸ਼ੁਦਾ ਚੌਖਟੇ ਵਿੱਚ ਫਿੱਟ ਕਰ ਦਿੰਦਾ ਹੈ: ਜੇਕਰ ਤੁਸੀਂ ਸਰਕਾਰ ਨਾਲ ਨਹੀਂ ਹੋ, ਤਾਂ ਤੁਸੀਂ ਰਾਸ਼ਟਰ-ਵਿਰੋਧੀ ਹੋ। ਜੋ ਸੱਤਾਵਾਨ ਹਨ, ਉਨ੍ਹਾਂ ’ਤੇ ਕਿੰਤੂ ਨਹੀਂ ਕਰਨਾ—ਇਹੀ ਸਪੱਸ਼ਟ ਸੁਨੇਹਾ ਹੈ।

ਉਨ੍ਹਾਂ ਨੇ ਲੋਕ ਪਦ-ਅਧਿਕਾਰੀਆਂ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਬੇਨਤੀ ਕੀਤੀ ਕਿ ਉਹ ਇਨ੍ਹਾਂ ਚਿੰਤਾਜਨਕ ਰੁਝਾਨਾਂ ਉੱਪਰ ਗੌਰ ਕਰਨ ਅਤੇ ਇਨ੍ਹਾਂ ਨੂੰ ਠੀਕ ਕਰਨ ਲਈ ਜ਼ਰੂਰੀ ਕਦਮ ਉਠਾਉਣ। ਉਨ੍ਹਾਂ ਕਿਹਾ ਕਿ, ਅਸੀਂ ਭਾਰਤੀ ਸੰਵਿਧਾਨ ਦੀ ਭਾਵਨਾ ਦੀ ਰਾਖੀ ਕਰਨੀ ਹੈ ਅਤੇ ਇਸ ਦੀ ਭਾਵਨਾ ਨੂੰ ਫਿਰ ਤੋਂ ਜੀਵੰਤ ਕਰਨਾ ਹੈ।

ਪੱਤਰ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ, ਯੂ.ਪੀ.ਵਿੱਚ ਹੋਈਆਂ ਚੋਣਾਂ ਸਮੇਂ ਸੰਪਰਦਾਇਕ ਪ੍ਰਚਾਰ-ਮੁਹਿੰਮ ਚਲਾਏ ਜਾਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਯੂ.ਪੀ ਵਿੱਚ, ਕਬਰਸਤਾਨ ਬਨਾਮ ਸ਼ਮਸਾਨਘਾਟ ਵਾਲੀ ਜੁਮਲੇਬਾਜ਼ੀ ਘਿਰਣਾ-ਉਪਜਾਊ ਅਤੇ ਸਪੱਸ਼ਟ ਸੰਪਰਦਾਇਕ ਤੁਲਨਾ ਵਾਲੀ ਟਿਪਣੀ ਸੀ । ਵੱਖ-2 ਫਿਰਕੂ ਭਾਈਚਾਰਿਆਂ ਨਾਲ ਸਬੰਧਿਤ ਤਿਉਹਾਰਾਂ ਸਮੇਂ, ਘੱਟ-ਵਧ ਬਿਜਲੀ ਪੂਰਤੀ ਬਾਰੇ ਸਵਾਲ ਉਠਾਏ ਗਏ । ਪੱਤਰ ਕਹਿੰਦਾ ਹੈ ਕਿ ਲੱਗਦਾ ਹੈ ਕਿ ਧਾਰਮਿਕ ਅਸਹਿਨਸ਼ੀਲਤਾ ਦਾ ਮਾਹੌਲ ਵਧ ਰਿਹਾ ਹੈ ਜਿਸ ਦਾ ਮੁਖ ਨਿਸ਼ਾਨਾ ਮੁਸਲਿਮ ਭਾਈਚਾਰੇ ਵੱਲ ਸੇਧਿਤ ਹੈ।

ਬੁਚੜਖਾਨਿਆਂ ਨੂੰ ਬੰਦ ਕਰਨ ਸਮੇਂ ਵੀ ਘੱਟ-ਗਿਣਤੀਆਂ ਹੀ ਨਿਸ਼ਾਨੇ ’ਤੇ ਹਨ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਸੰਪਰਦਾਇਕ ਤੌਰ ’ਤੇ ਉਤੇਜਿਤ ਮਾਹੌਲ ਵਿੱਚ, ਇਸ ਪ੍ਰਕਾਰ ਦੀ ਅਸਹਿਣਸ਼ੀਲਤਾ ਹਿੰਸਾ ਨੂੰ ਜਨਮ ਦਿੰਦੀ ਹੈ। ਕੇਂਦਰ ਅਤੇ ਵੱਖ-2 ਪ੍ਰਦੇਸ਼ਾਂ ਵਿੱਚ ਬਹੁਤ ਅਹਿਮ ਅਹੁਦਿਆਂ ’ਤੇ ਤਾਇਨਾਤ ਰਹੇ ਸਾਬਕਾ ਨੌਕਰਸ਼ਾਹ ਆਪਣੇ ਪੱਤਰ ਵਿਚ ਅੱਗੇ ਲਿਖਦੇ ਹਨ ਕਿ, ਕਥਿਤ ਗਊ ਰੱਖਿਅਕਾਂ ਦੀ ਧੌਂਸਗਿਰੀ ਬਹੁਤ ਜ਼ਿਆਦਾ ਫੈਲ ਗਈ ਹੈ। ਕਿਸੇ ‘ਅਖਲਾਕ’ ਨੂੰ ਸਿਰਫ ਇਸ ਸ਼ੱਕ ਦੇ ਆਧਾਰ ’ਤੇ ਕਤਲ ਕਰ ਦਿਤਾ ਜਾਂਦਾ ਹੈ ਕਿ ਉਸ ਕੋਲੋਂ ਮਿਲਿਆ ਮਾਸ, ਗਊ ਦਾ ਮਾਸ ਹੈ ਅਤੇ ਦੋ ਗਊਆਂ ਖਰੀਦ ਕੇ, ਪੂਰੇ ਜ਼ਰੂਰੀ ਦਸਤਾਵੇਜ਼ਾਂ ਨਾਲ, ਆਪਣੇ ਘਰ ਵੱਲ ਲਿਜਾ ਰਿਹਾ ਕੋਈ ਪਹਿਲੂ ਖਾਨ, ਭੀੜ ਦੁਆਰਾ ਕੋਹ-2 ਕੇ ਮਾਰ ਦਿਤਾ ਜਾਂਦਾ ਹੈ।

ਪੱਤਰ-ਲੇਖਕਾਂ ਨੇ ਦੋਸ਼ ਲਾਇਆ ਹੈ ਕਿ ਕਥਿਤ ਗਊ ਰੱਖਿਅਕ ਦਲ ਸਜ਼ਾ ਦੇ ਡਰ ਤੋਂ ਭੈਅ-ਮੁਕਤ ਹੋ ਕੇ ਕੰਮ ਕਰ ਰਹੇ ਹਨ ਅਤੇ ਲੱਗਦਾ ਹੈ ਕਿ ਇਹ ਸਭ ਉਹ, ਸਰਕਾਰੀ ਤੰਤਰ ਦੀ ਗੁੱਝੀ ਮਿਲੀਭੁਗਤ ਜਾਂ ਸਰਗਰਮ ਹੱਲਾਸ਼ੇਰੀ ਦੇ ਸਹਾਰੇ ਕਰ ਰਹੇ ਹਨ। ਪੱਤਰ ਵਿਚ ਅੱਗੇ ਲਿਖਿਆ ਹੈ ਕਿ, ਗਊ-ਰੱਖਿਅਕਾਂ ਦਾ ਵਿਵਹਾਰ—ਜਿਵੇਂ ਉਹ ਸਰਕਾਰੀ-ਵਕੀਲ(ਪੈਰਵੀ-ਕਰਤਾ), ਜੱਜ ਅਤੇ ਤਾਮੀਲ-ਕਰਤਾ, ਸਭ ਦੇ ਕੰਮ ਇਕੱਲੇ ਹੀ ਸਿਰੇ ਚਾੜ੍ਹ ਰਹੇ ਹਨ—ਕਾਨੂੰਨ ਅਤੇ ਨਿਆਂ-ਪ੍ਰਣਾਲੀ ਦਾ ਮਖੌਲ ਉਡਾਉਣ ਦੇ ਤੁੱਲ ਹੈ।

ਪੱਤਰ ਵਿੱਚ ਨੌਜਵਾਨ ਜੋੜ੍ਹਿਆਂ ਨੂੰ ਧਮਕਾਉਣ ਵਾਲੇ ਐਂਟੀ-ਰੋਮਿਓ ਸੁਕਾਇਡਾਂ ਦਾ ਵੀ ਜ਼ਿਕਰ ਹੈ ਅਤੇ ਪਿੱਠ ’ਤੇ ਸਮਰਥਕ ਸਰਕਾਰ ਹੋਣ ਦੇ ਬਲਬੂਤੇ, ਹੈਦਰਾਬਾਦ ਅਤੇ ਜੇ.ਐਨ.ਯੂ ਜਿਹੇ ਕੈਂਪਸਾਂ ਦੇ ਵਿਦਿਆਰਥੀ ਗਰੁੱਪਾਂ ਅਤੇ ਅਧਿਆਪਕਾਂ ਉਪਰ ਹਮਲੇ ਕਰਨ ਵਾਲੇ ਪ੍ਰਸ਼ਾਸ਼ਨਾਂ ਨੇ ਵੀ, ਇਸ ਪੱਤਰ ਦੇ ਲੇਖਕਾਂ ਦਾ ਧਿਆਨ ਖਿਚਿਆ ਹੈ।

ਕਈ ਗ਼ੈਰ-ਸਰਕਾਰੀ ਸੰਗਠਨਾਂ ਅਤੇ ਸਿਵਲ-ਸੁਸਾਇਟੀ ਜਥੇਬੰਦੀਆਂ ਵਿਰੁੱਧ, ਵਿਦੇਸ਼ੀ ਯੋਗਦਾਨ ਨਿਯਮਕਾਰੀ ਐਕਟ ਅਤੇ ਇਨਕਮ ਟੈਕਸ ਐਕਟ ਦੀ ਉਲੰਘਣਾ ਕਰਨ ਬਾਰੇ ਮੁਕੱਦਮੇ ਚਲਾਏ ਜਾ ਰਹੇ ਹਨ। ਲੇਖਕ ਕਹਿੰਦੇ ਹਨ ਕਿ, ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਕਾਨੂੰਨੀ ਉਲੰਘਣਾ ਕਰਨ ਵਾਲਿਆਂ ਨੂੰ ਪਹਿਚਾਣ ਨੇ ਸਜ਼ਾ ਦਿਤੀ ਜਾਣੀ ਚਾਹੀਦੀ ਹੈ ਪਰ ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਨਿਸ਼ਾਨਾ ਬਣਾਏ ਗਏ ਬਹੁਤੇ ਗਰੁਪ ਅਜਿਹੇ ਹਨ ਜਿਨ੍ਹਾਂ ਨੇ ਸਰਕਾਰੀ ਨੀਤੀਆਂ ਵਿਰੁੱਧ ਸਟੈਂਡ ਲਿਆ ਹੈ ਜਾਂ ਅਸਹਿਮਤੀ ਪ੍ਰਗਟ ਕੀਤੀ ਹੈ ਅਤੇ ਜਾਂ ਫਿਰ ਰਾਜ ਦੇ ਵਿਰੋਧ ਵਿੱਚ ਜਾ ਕੇ, ਵੱਖ-2 ਫਿਰਕਿਆਂ ਦੀ ਮਦਦ ਕੀਤੀ ਹੈ।

ਪੱਤਰ ਉਪਰ ਹਸਤਾਖਰ ਕਰਨ ਵਾਲਿਆਂ ਵਿੱਚ, 1953 ਆਈ.ਏ.ਐਸ ਬੈਚ ਦੇ 91 ਸਾਲਾ ਹਰ ਮੰਦਰ ਸਿੰਘ, ਸਾਬਕਾ ਸਭਿਆਚਾਰਕ ਸਕੱਤਰ ਅਤੇ ਪ੍ਰਸਾਰ-ਭਾਰਤੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਜਵਾਹਰ ਸਿਰਕਾਰ, ਆਰਥਿਕ ਮਾਮਲੇ ਵਿਭਾਗ ਦੇ ਸਾਬਕਾ ਸਕੱਤਰ ਈ.ਏ.ਐਸ ਸਰਨਾ ਅਤੇ ਮੁੰਬਈ ਦੇ ਸਾਬਕਾ ਮੁਖੀ ਜੂਲੀਓ ਰਿਬੈਰੋ ਸਮੇਤ 65 ਸਾਬਕਾ ਉਚ-ਅਧਿਕਾਰੀ ਸ਼ਾਮਲ ਹਨ।

**ਐਨ.ਡੀ.ਟੀ.ਵੀ ਨਿਊਜ਼-ਪੋਰਟਲ ਤੋਂ**
**ਧੰਨਵਾਦ ਸਹਿਤ**
**ਪੇਸ਼ਕਸ ਹਰਚਰਨ ਸਿੰਘ ਚਹਿਲ**

## ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਦੀ ਦੋ ਰੋਜ਼ਾ ਮੀਟਿੰਗ

**ਸਟੂਡੈਂਟਸ ਐਂਡ ਸਟਰਗਲ 5,6 ਅਗਸਤ ਬੰਗਲੌਰ ਕਨਵੈਂਸ਼ਨ**

ਕਾਮਨ ਸਕੂਲ ਸਿਸਟਮ ਨੇ ਕੇ.ਜੀ. ਤੋਂ ਪੀ.ਜੀ ਤੱਕ ਮੁਫ਼ਤ ਸਿੱਖਿਆ, ਸਿੱਖਿਆ ਵਿਸ਼ੇਸ਼ਕਰ ਉਚ ਸਿੱਖਿਆ ’ਚ ਨਿੱਜੀ ਮਾਫ਼ੀਆ ਦੇ ਕਰਜ਼ੇ ਦਾ ਵਿਰੋਧ, ਹੈਦਰਾਬਾਦ ਹਾਈਕੋਰਟ ਦੇ ਫੈਸਲੇ ਨੂੰ ਲਾਗੂ ਕਰਵਾਉਣ, ਸਿੱਖਿਆ ਮਾਂ ਬੋਲੀ ’ਚ ਦੇਣ, ਵਿਦਿਅਕ ਅਦਾਰਿਆਂ ’ਚ ਫੀਸਾਂ ’ਚ ਬੇਥਾਹ ਵਾਧੇ ਦਾ ਵਿਰੋਧ, ਵਿਦਿਅਕ ਅਦਾਰਿਆਂ ’ਚ ਜਮਹੂਰੀਅਤ ਦੀ ਬਹਾਲੀ ਆਦਿ ਸਿੱਖਿਆ ਖੇਤਰ ਨਾਲ ਜੁੜੇ ਮੁੱਦਿਆਂ ’ਤੇ ਦੋ ਰੋਜ਼ਾ ਮੀਟਿੰਗ ’ਚ ਵਿਚਾਰ-ਵਟਾਂਦਰਾ ਹੋਇਆ। ਕੇਂਦਰੀ ਕਾਰਜਕਾਰਨੀ ਦੀ ਮੈਂਬਰ ਡਾ. ਮਧੂ ਪ੍ਰਸ਼ਾਦ (ਦਿੱਲੀ ਵਰਸਿਟੀ), ਮੋਹਿਤ ਪਾਂਡੇ (ਪ੍ਰਧਾਨ ਜੇ. ਐਨ. ਯੂ. ਸਟੂਡੈਂਟਸ ਯੂਨੀਅਨ) ਮੁੱਖ ਵਕਤਾ ਸਨ। ਗੁਰਸ਼ਰਨ ਕਲਾ ਭਵਨ ਮੁਲਾਂਪੁਰ ਵਿਖੇ ਹੋਈ ਇਸ ਮੀਟਿੰਗ ਵਿਚ ਐਸ. ਐਫ. ਐਸ. (ਪੰਜਾਬ ਵਰਸਿਟੀ ਚੰਡੀਗੜ੍ਹ),ਪੀ. ਐਚ. ਏ. (ਜੋਸ਼), ਅੰਬੇਡਕਰ ਐਸੋ. ਹਰਿਆਣਾ, ਇਸਲਾਮਿਕ ਸਟੂਡੈਂਟਸ ਐਸੋ. ਪੰਜਾਬ, ਜਮਹੂਰੀ ਅਧਿਕਾਰ ਸਭਾ, ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ, ਇਨਕਲਾਬੀ ਕੇਂਦਰ ਪੰਜਾਬ, ਲੋਕ ਕਲਾ ਮੰਚ ਮੁਲਾਂਪੁਰ, ਪ.ਲ.ਸ. ਮੰਚ ਦੇ ਨੁਮਾਇੰਦਿਆਂ ਨੇ ਭਾਗ ਲਿਆ। ਮੀਟਿੰਗ ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਵਲੋਂ ਪਿਛਲੇ ਸਮੇਂ ਦੇਸ਼ ਦੇ ਵੱਖ-ਵੱਖ ਭਾਗਾਂ ’ਚ ਉਠੇ ਤੇ ਚੱਲ ਰਹੇ ਤੇ ਗਤੀ ਫੜ ਰਹੇ ਵਿਦਿਆਰਥੀ ਅੰਦੋਲਨਾਂ ਦੇ ਤਜਰਬੇ ਸਾਂਝੇ ਕਰਨ, ਇਕਜੁਟ ਅੰਦੋਲਨ ਚਲਾਉਣ, ਸਾਂਝੇ ਮੁੱਦੇ ’ਤੇ ਨਿਸ਼ਾਨੇ ਤੈਅ ਕਰਨ, ਸਾਂਝੀਆਂ ਮੁਹਿੰਮਾਂ, ਐਜੀਟੇਸ਼ਨ ਚਲਾਉਣ ਦੀ ਗੁੰਜਾਇਸ਼ ਫਰੋਲਣ ਜਿਹੇ ਕਈ ਨੁਕਤਿਆਂ ’ਤੇ ਵਿਚਾਰ ਚਰਚਾ ਹੋਈ। 5,6 ਅਗਸਤ ਨੂੰ ਮੰਚ ਵਲੋਂ ਬੰਲਗੌਰ ’ਚ ‘ਸਟੂਡੈਂਟਸ ਐਂਡ ਸਟਾਗਲ’ ਵਿਸ਼ੇ ’ਤੇ ਕਰਵਾਈ ਜਾ ਰਹੀ ਦੇਸ਼ ਪੱਧਰੀ ਕਨਵੈਨਸ਼ਨ ਨੂੰ ਸਫ਼ਲ ਬਣਾਉਣ ਲਈ ਇਕਮੁਕਤਾ ਹਾਸਲ ਕੀਤੀ ਗਈ। ਇਸ ਮੀਟਿੰਗ ’ਚ ਪ੍ਰੋ. ਜਗਮੋਹਨ ਸਿੰਘ, ਡਾ. ਕੁਲਦੀਪ (ਪਟਿਆਲਾ), ਡਾ. ਕੁਸ਼ ਹਰਿਆਣਾ, ਧੀਰਜ, ਮਾਨਿਕ, ਅਮ੍ਰਿਤ, ਪ੍ਰੋ. ਏ. ਕੇ. ਮਲੇਰੀ, ਵਸੀਮ ਅਕਰਮ (ਮਲੇਰਕੋਟਲਾ), ਨਰਾਇਣ ਦੱਤ, ਸਾਹਿਬ ਸਿੰਘ ਬਡਬਰ, ਸਵਰਨ ਭੰਗੂ, ਧਰਮ ਸਿੰਘ ਸੂਨਾਪੁਰ, ਜਸਬੀਰ ਅਕਾਲਗੜ੍ਹ, ਬਲਬੀਰ ਬਾਸੀ, ਹਰਕੇਸ਼, ਸੁਰਿੰਦਰ, ਜਸਵੰਤ ਜੀਰਖ, ਚਰਨ ਸਿੰਘ ਨੂਰਪੁਰਾ, ਨਰਪਾਲ ਸਿੰਘ ਜਲਾਲਦੀਵਾਲ, ਕੰਵਲਜੀਤ ਖੰਨਾ ਨੇ ਭਾਗ ਲਿਆ। ਸੂਬੇ ਦੀਆਂ ਹੋਰਨਾਂ ਵਿਦਿਆਥੀ, ਅਧਿਆਪਕ, ਜਮਹੂਰੀ ਸੰਸਥਾਵਾਂ ਨੂੰ ਬੰਗਲੌਰ ਐਲਾਨਨਾਮੇ ਤੇ ਕਨਵੈਸ਼ਨ ਦਾ ਹਿੱਸਾ ਬਣਾਉਣ ਦਾ ਫੈਸਲਾ ਹੋਇਆ।

ਕਵਿਤਾ ਦੀ ਲਾਟ ਦਾ ਜਸ਼ਨ

# ਭੂਪਿੰਦਰ ਧਾਲੀਵਾਲ ਦੀ ਸੰਪਾਦਨ-ਕਲਾ ਦਾ ਮੁਜੱਸਮਾ !

ਇਕਬਾਲ ਰਾਮੂਵਾਲੀਆ

ਸਿਆਸਤ ਦੇ ਕੁਹਾੜੇ ਨਾਲ਼ ਪਹਿਲਾਂ 1947 'ਚ, ਤੇ ਦੋ ਦਹਾਕਿਆਂ ਬਾਅਦ ਮੁੜ 1965-66 'ਚ ਡੱਕਰੇ ਕੀਤੇ ਪੰਜਾਬ ਵਿੱਚ ਪੰਜਾਬੀ ਬੋਲੀ ਭਾਵੇਂ ਲਗਾਤਾਰ ਹਾਸ਼ੀਏ ਵੱਲ ਧੱਕੀ ਜਾ ਰਹੀ ਹੈ, ਛਲਣੀ ਕੀਤੀ ਜਾ ਰਹੀ, ਪਰ ਪੰਜਾਬੀਆਂ ਨੇ ਦੁਨੀਆਂ ਦੇ ਅਨੇਕਾਂ ਵੱਡੇ ਮੁਲਕਾਂ ਵਿੱਚ ਨਿੱਕੇ-ਨਿੱਕੇ, ਪਰ ਛਣਕਦੇ-ਛਲਕਦੇ ਪੰਜਾਬ ਵਸਾ ਰੱਖੇ ਹਨ; ਜਿਨ੍ਹਾਂ ਵਿੱਚ ਹੈ ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਸਰ੍ਹੀ ਨਾਮੀ ਸ਼ਹਿਰ, ਜਿਹੜਾ ਪੰਜਾਬੀਅਤ ਦੇ ਹਰ ਪਹਿਲੂ ਦਾ ਗੂੜ੍ਹਾ ਰੰਗ ਸੰਭਾਲੀ ਬੈਠਾ ਹੈ। ਵੈਨਕੂਵਰ ਦੀ ਵੱਖੀ 'ਚ ਵਸੇ ਇਸ ਸ਼ਹਿਰ ਵਿੱਚ ਪੰਜਾਬੀਆਂ ਦੇ ਹਰ ਖੇਤਰ ਦੇ ਵੱਡੇ-ਛੋਟੇ ਕਾਰੋਬਾਰ ਹਨ। ਇਥੇਪੰਜਾਬੀਆਂ ਨੇ ਉੱਚ ਵਿੱਦਿਆ ਪ੍ਰਾਪਤ ਕਰ ਕਰ ਕੇ ਇੰਜੀਨੀਅਰਿੰਗ, ਵਿੱਦਿਆਕਾਰੀ, ਬੈਂਕਿੰਗ, ਸਿਆਸਤ, ਕੰਪਿਊਟਰ, ਮੈਡੀਕਲ, ਅਤੇ ਹੋਰ ਅਣਗਿਣਤ ਕਿੱਤਿਆਂ ਵਿੱਚ ਵਿਕਾਸ ਕੀਤਾ ਹੈ। ਪਰ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਸ ਸਭ ਕੁਝ ਦੇ ਨਾਲ਼ ਨਾਲ਼ ਪੰਜਾਬੀਆਂ ਨੇ ਆਪਣੀ ਬੋਲੀ, ਸੰਗੀਤ, ਨਾਚ, ਰਸਮਾਂ-ਰਿਵਾਜ, ਸਾਹਿਤ ਅਤੇ ਸੱਭਿਆਚਾਰ ਨੂੰ ਵੀ ਸਾਂਭਿਆ ਹੋਇਆ ਹੈ। ਇਸ ਇਲਾਕੇ ਦੇ ਪੰਜਾਬੀਆਂ ਨੇ ਜਿੱਥੇ ਸਿਆਸਤ ਵਿੱਚ ਕੁੱਦ ਕੇ ਵੱਡੇ ਅਹੁਦੇ ਪ੍ਰਾਪਤ ਕੀਤੇ ਉਥੇ ਰੇਡੀਓ ਟੀ ਵੀ ਉੱਤੇ ਵੀ ਪੰਜਾਬੀਆਂ ਦੀ ਹੀ ਸਰਦਾਰੀ ਹੈ।ਇਹੀ ਨਹੀਂ, ਇਸ ਇਲਾਕੇ ਵਿੱਚ ਕਈ ਸਾਹਿਤਕ-ਸੱਭਿਆਚਾਰਕ ਸਭਾਵਾਂ ਹਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਅਤੇ ਰੰਗਮੰਚ ਨੂੰ ਵੱਡਾ ਹੁਲਾਰਾ ਦੇਈ ਰੱਖਿਆ ਹੈ।

ਸਰ੍ਹੀ ਅਤੇ ਆਸ-ਪਾਸ ਦੇ ਸ਼ਹਿਰਾਂ ਕਸਬਿਆਂ ਵਿੱਚ ਸਾਹਿਤ ਦਾ ਭਰਵਾਂ ਪਰਵਾਹ ਚਲਦਾ ਹੈ। ਏਥੇ ਕਵਿਤਾ ਹੈ, ਕਹਾਣੀ ਹੈ, ਨਾਵਲ ਹੈ, ਨਾਟਕ ਹੈ ਤੇ ਕਾਵਿ-ਨਾਟਕ ਹੈ! ਪਰਐਸ ਹਥਲੇ ਲੇਖ ਦਾ ਸਰੋਕਾਰ ਸੁਰਿੰਦਰ ਧੰਜਲ ਦੀ ਕਵਿਤਾ ਤੋਂ ਸ਼ੁਰੂ ਹੋ ਕੇ, ਭੂਪਿੰਦਰ ਧਾਲੀਵਾਲ ਦੀ ਸੰਪਾਦਤ ਕਿਤਾਬਕਵਿਤਾ ਦੀ ਲਾਟ ਦਾ ਜਸ਼ਨ (ਸਾਂਝ ਪ੍ਰਕਾਸ਼ਨ ਜਲੰਧਰ, 2016, ਸਫ਼ੇ 272) ਰਾਹੀਂ ਹੁੰਦਾ ਹੋਇਆ, ਸੰਪਾਦਨ-ਕਲਾ ਵੱਲ ਨੂੰ ਤੁਰਦਾ ਹੈ।

ਸਰ੍ਹੀ ਹੀ ਨਹੀਂ, ਅਮਰੀਕਾ-ਕਨੇਡਾ ਦੇ ਕਵੀਆਂ ਦੇ ਕਾਫ਼ਲੇ ਵਿੱਚ ਸੁਰਿੰਦਰ ਧੰਜਲ ਇਕ ਜ਼ਿਕਰਯੋਗ ਨਾਮ ਹੈ। ਪੰਜਾਬ ਵਿੱਚ ਰਾਇਕੋਟ, ਬੱਸੀਆਂ ਅਤੇ ਹਠੂਰ ਦੇ ਇਤਿਹਾਸਕ ਨਗਰਾਂ ਦੇ ਗਵਾਂਢ ਵਸੇ ਚੱਕ ਭਾਈਕਾ ਪਿੰਡ ਦਾ ਜੰਮਪਲ਼ ਧੰਜਲ: ਉਸਦਾ ਜੀਵਨ ਬੜਾ ਰੌਚਿਕ ਹੈ! ਬਚਪਨ ਤੋਂ ਹੀ ਆਰਥਕ ਤੰਗੀਆਂ-ਤੁਰਸ਼ੀਆਂ ਨਾਲ਼ ਧੱਫੋਧੱਫੀ ਹੁੰਦਾ ਹੁੰਦਾ, ਲੁਧਿਆਣੇ ਦੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿੱਚੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਡਿਗਰੀ ਕਰ ਕੇ ਉਹ 1972 ਵਿੱਚ ਕਨੇਡਾ ਆ ਵਸਿਆ। ਪੰਜਾਬ ਵਿੱਚ ਹਜ਼ਾਰਾਂ ਨੌਜਵਾਨਾਂ ਵਾਂਗ ਮਾਰਕਸੀ ਵਿਚਾਧਾਰਾ ਵੱਲ ਖਿੱਚਿਆ ਜਾਣਾ, ਕਾਲਜਾਂ ਦੇ ਕਾਵਿ-ਮੁਕਾਬਲਿਆਂ ਵਿੱਚ ਸ਼ੀਲਡਾਂ ਜਿੱਤਣੀਆਂ, ਫਿਰ ਸਾਹਿਤਕ ਰੰਗ ਦੀ ਸ਼ਾਇਰੀ ਲਿਖਣੀ; ਕਨੇਡਾ 'ਚ ਆਪਣੇ ਅੰਦਰਲੇਸਾਹਿਤਕ ਧੰਜਲ ਨੂੰ ਠਰ ਜਾਣ ਤੋਂ ਬਚਾਈ ਰੱਖਣਾ, ਵਤਨੋਂ ਦੂਰਨਾਮੀ ਸਾਹਿਤਕ ਮੈਗਜ਼ੀਨ ਦੀ ਲੰਮਾ ਸਮਾਂ ਸੰਪਾਦਨਾ ਕਰਨੀ, ਕਨੇਡਾ ਦੀਆਂ ਯੂਨੀਵਰਸਿਟੀਆਂ ਵਿੱਚੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਅਤੇ ਕੰਪਿਊਟਰ ਸਾਇੰਸ ਦੀਆਂ ਮਾਸਟਰਜ਼ ਡਿਗਰੀਆਂ ਲੈ ਕੇ ਕੈਮਲੂਪਸ ਸ਼ਹਿਰ ਵਿੱਚ ਟਾਮਸਨ ਰਿਵਰਜ਼ ਯੂਨੀਵਰਸਿਟੀ ਵਿੱਚ ਕੰਪਿਊਟਰ ਦੀ ਪ੍ਰੋਫ਼ੈਸਰੀ ਕਰਨੀ, ਨਾਲ਼ ਹੀ ਪੰਜਾਬੀ ਅਤੇ ਕੰਪਿਊਟਰ ਵਿਗਿਆਨ ਵਿੱਚ ਦੋ ਪੀਐਚ.ਡੀਆਂ ਕਰ ਕੇ ਵਿਲੱਖਣਤਾ ਹਾਸਲ ਕਰਨੀ; ਇਹ ਸਭ ਕੁਝ ਧੰਜਲ ਨੂੰ ਕਨੇਡਾ ਦੇ ਹੀ ਨਹੀਂ ਸਗੋਂ ਵਿਸ਼ਵ-ਭਰ ਦੇ ਪੰਜਾਬੀ ਸਾਹਿਤਕਰਮੀਆਂ ਨਾਲ਼ ਵੱਖਰਿਆਉਂਦਾ ਹੈ। ਘੋਰ ਮਸਰੂਫ਼ੀਅਤ ਦੇ ਬਾਵਜੂਦ, ਕਵਿਤਾ ਦਾ ਸ਼ਮ੍ਹਾਂਦਾਨ ਰੌਸ਼ਨ ਰੱਖਣਾ ਸੁਰਿੰਦਰ ਦੀ ਸਾਹਿਤ ਪ੍ਰਤੀ ਸੁਹਿਰਦਤਾ ਦੀ ਨਿਸ਼ਾਨੀ ਹੈ।

ਚਾਰ ਪੰਜ ਵਰ੍ਹੇ ਪਹਿਲਾਂ ਉਸਦੀ ਓਦੋਂ-ਤੀਕ ਦੀ ਚੋਣਵੀਂ ਅਤੇ ਨਵੀਂ ਕਾਵਿ-ਰਚਨਾਕਵਿਤਾ ਦੀ ਲਾਟ ਦੇ ਸਿਰਲੇਖ ਹੇਠ ਪ੍ਰਕਾਸ਼ਤ ਹੋਈ ਜਿਸ ਨੂੰ ਲੋਕ-ਅਰਪਣ ਕਰਨ ਵੇਲੇ ਸਰ੍ਹੀ ਵਿੱਚ ਹੀ ਵੱਡਾ ਸਾਹਿਤਕ ਜਸ਼ਨ ਰਚਾਇਆ ਗਿਆ ਸੀ। ਉਸ ਸਮਾਗਮ ਦੀ ਸਫ਼ਲਤਾ ਤੋਂ ਪ੍ਰਭਾਵਤ ਹੋ ਕੇ, ਸਰ੍ਹੀ ਸ਼ਹਿਰ ਦੇ ਬਾਸ਼ਿੰਦੇ ਅਤੇ ਨਾਮਵਰ ਨਾਟਕਕਾਰ ਤੇ ਨਾਟਕ-ਨਿਰਦੇਸ਼ਕ ਭੂਪਿੰਦਰ ਧਾਲੀਵਾਲ ਨੇ ਆਪਣੇ ਮਿੱਤਰ ਸੁਰਿੰਦਰ ਧੰਜਲ ਦੀ ਕਾਵਿ-ਕਿਤਾਬ ਕਵਿਤਾ ਦੀ ਲਾਟ ਬਾਰੇ ਵਿਦਵਾਨਾਂ, ਸਾਹਿਤ ਪਾਰਖੂਆਂ, ਤੇ ਪੰਜਾਬੀ ਲੇਖਕਾਂ ਵੱਲੋਂ ਲਿਖੀਆਂ ਲਿਖਤਾਂ ਦਾ ਸੰਗ੍ਰਹਿ ਕਵਿਤਾ ਦੀ ਲਾਟ ਦਾ ਜਸ਼ਨ ਸਿਰਲੇਖ ਹੇਠ ਛਾਪਿਆ। ਇਸ ਕਿਤਾਬ ਦਾ ਲੋਕ-ਅਰਪਣ ਵੀ 18 ਸਤੰਬਰ, 2016, ਨੂੰ ਸਰ੍ਹੀ ਸ਼ਹਿਰ ਵਿਖੇ ਇਕ ਭਰਵੇਂ ਇਕੱਠ ਵਿੱਚ ਕੀਤਾ ਗਿਆ।

ਪੁਸਤਕਕਵਿਤਾ ਦੀ ਲਾਟ ਦਾ ਜਸ਼ਨਭੂਪਿੰਦਰ ਧਾਲੀਵਾਲ ਨੂੰ ਨਾਟਕਕਾਰ ਅਤੇ ਨਿਰਦੇਸ਼ਕ ਤੋਂ ਅੱਗੇ ਇਕ ਹੁਨਰਮੰਦ ਸੰਪਾਦਕ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਕੁਝ ਮਹੀਨੇ ਪਹਿਲਾਂ ਮੈਂ ਆਪ 2016 ਵਿੱਚ ਬਾਪੂ ਪਾਰਸ ਦੀ ਪਹਿਲੀ ਜਨਮ ਸ਼ਤਾਬਦੀ ਸਮੇਂ, ਬਾਪੂ ਪਾਰਸ ਬਾਰੇ ਇਕ ਕਿਤਾਬ ਸੰਪਾਦਨ ਦੇ ਤਜਰਬੇ ਵਿੱਚੋਂ ਗੁਜ਼ਰਿਆ ਤਾਂ ਅਹਿਸਾਸ ਹੋਇਆ ਕਿ ਕਿਤਾਬ ਸੰਪਾਦਨ ਦਾ ਕਾਰਜ ਬਾਹਰੋਂ ਦੇਖਣ ਨੂੰ ਬੜਾ ਆਮ ਜਿਹਾ ਜਾਪਦਾ ਹੈ, ਪ੍ਰੰਤੂ ਭੂਪਿੰਦਰ ਧਾਲੀਵਾਲ ਵਾਂਗ, ਚਾਲ਼ੀ ਪੰਜਤਾਲ਼ੀ ਲੇਖਕਾਂ ਦੀਆਂ ਉਂਗਲ਼ਾਂ ਵਿਚੋਂ ਪੁਖ਼ਤਾ, ਵਿਸ਼ਲੇਸ਼ਣੀ ਲੇਖ ਕਢਵਾਉਣ ਲਈ, ਸੰਪਾਦਕ ਨੂੰ ਬੜੇ ਸਬਰ ਅਤੇ ਸਿਰੜ ਤੋਂ ਕੰਮ ਲੈਣਾ ਪੈਂਦਾ ਹੈ। ਲੇਖਕ ਆਪਣੇ ਕਾਰ-ਵਿਹਾਰ ਵਿੱਚ ਰੁਝੇ ਹੁੰਦੇ ਹਨ ਅਤੇ ਵਾਰ ਵਾਰ ਹੁੱਝਾਂ ਵੱਜਣ ਉੱਤੇ ਹੀ ਕਲਮਾਂ ਚੁੱਕਦੇ ਹਨ।ਇਹਭੂਪਿੰਦਰ ਦਾ ਸਬਰ, ਹਿੰਮਤ ਤੇ ਸਿਰੜ ਹੀ ਸਨ ਜਿਨ੍ਹਾਂ ਸਦਕਾ ਉਹ ਇਸ ਕਿਤਾਬ ਲਈ ਭਾਰੀ ਗਿਣਤੀ ਵਿੱਚ ਏਨੇ ਪਾਏਦਾਰ ਦਸਤਾਵੇਜ਼ ਇਕੱਠੇ ਕਰਨ ਵਿੱਚ ਕਾਮਯਾਬ ਰਿਹਾ ਹੈ।

ਦੂਜਾ, ਭੂਪਿੰਦਰ ਦੀ ਸੰਪਾਦਨ-ਕਲਾ ਦਾ ਪ੍ਰਮੁੱਖ ਪੱਖ ਇਹ ਸਾਹਮਣੇ ਆਉਂਦਾ ਹੈ ਕਿ ਉਸਨੇ ਇਸ ਪੁਸਤਕ ਨੂੰ ਅਭਿਨੰਦਨ ਗ੍ਰੰਥ ਬਣਾਉਣ ਤੋਂ ਸੁਚੇਤ ਤੌਰ 'ਤੇ ਗੁਰੇਜ਼ ਕੀਤਾ ਹੈ। ਬਹੁਤੇ ਅਭਿਨੰਦਨ ਗ੍ਰੰਥ ਆਮ ਤੌਰ ਤੇ ਭੰਡਵਾਦ ਦੀ ਸ਼੍ਰੇਣੀ ਦੇ ਮੈਂਬਰ ਹੁੰਦੇ ਹਨ ਕਿਉਂਕਿ ਇਹਨਾਂ ਵਿੱਚ ਜਣੇ-ਖਣੇ ਵੱਲੋਂ ਕਿਸੇ ਵਿਅਕਤੀ-ਵਿਸ਼ੇਸ਼ ਦੀਆਂ ਝੂਠੀਆਂ-ਸੱਚੀਆਂ ਤਾਰੀਫ਼ਾਂ ਜ਼ਿਆਦਾ ਹੁੰਦੀਆਂ ਹਨ ਅਤੇ ਉਸਦੇ ਸਾਹਿਤਕ, ਕਲਾਤਮਕ, ਜਾਂ ਵਿਲੱਖਣ ਗੁਣਾਂ ਦਾ ਲੇਖਾ-ਜੋਖਾ ਘੱਟ! ਇਹੀ ਕਾਰਨ ਹੈ ਕਿ ਕਿਸੇ ਵੀ ਅਭਿਨੰਦਨ ਗ੍ਰੰਥ ਦੇ ਪੰਜ ਪੰਜ ਸੌ ਸਫ਼ਿਆਂ ਵਿੱਚ, ਸੇਹਰੇ-ਘੋੜੀਆਂ ਨਾਲ਼ ਭਰੇ ਲੇਖ, ਸ਼ੈਲਫ਼ਾਂ ਉੱਤੇ ਪਏ, ਘੱਟਾ ਇਕੱਠਾ ਵੱਧ ਕਰਦੇ ਹਨ ਅਤੇ ਪੜ੍ਹੇ ਜਾਣ ਦੀ ਕਿਸਮਤ ਘੱਟ ਮਾਣਦੇ ਹਨ। ਇਸ ਦੇ ਮੁਕਾਬਲੇ ਭੂਪਿੰਦਰ ਧਾਲੀਵਾਲ ਦੀ ਪਾਰਖੂ ਅੱਖ ਨੇ ਸੁਰਿੰਦਰ ਧੰਜਲ ਦੀ ਸ਼ਖ਼ਸੀਅਤ ਅਤੇ ਉਸਦੀ ਕਾਵਿਕਤਾ ਦੀ ਪੁਣਛਾਣ ਕਰਦੇ ਲੇਖਾਂ ਨੂੰ ਹੀ ਤਰਜੀਹ ਦਿੱਤੀ ਹੈ।ਇਹਨਾਂ ਲੇਖਾਂ ਵਿੱਚ ਸੁਰਿੰਦਰ ਧੰਜਲ ਦੀ ਸ਼ਖ਼ਸੀਅਤ, ਕਾਵਿ-ਕਲਾ, ਅਤੇ ਸਿਆਸੀ ਨਜ਼ਰੀਏ ਦੀ ਗੂੜ੍ਹੀ ਤਸਵੀਰ ਉੱਘੜਦੀ ਹੈ।

ਤੀਜਾ ਇਸ ਪੁਸਤਕ ਦੀ ਦਿੱਖ ਅਤੇ ਸਮਗਰੀ ਨੂੰ ਦੇਖਦਿਆਂ, ਇਸ ਕਿਤਾਬ ਵਿੱਚ ਸੰਪਾਦਨ-ਕਲਾ ਦੇ ਕਈ ਅਹਿਮ ਹੁਨਰ




ਉਜਾਗਰ ਹੁੰਦੇ ਹਨ। ਭੂਪਿੰਦਰ ਦੀ ਸੰਪਾਦਨ-ਕਲਾ ਦਾਜਿਹੜਾ ਵਿਲੱਖਣ ਗੁਣ ਮੇਰੀ ਨਜ਼ਰ ਵਿੱਚ ਇਕ ਦਮ ਉੱਭਰਿਆ, ਉਹ ਹੈ ਇਸ ਕਿਤਾਬ ਦੀ ਖੰਡ-ਵੰਡ: ਇਹ ਕਿਤਾਬ, ਸੁਰਿੰਦਰ ਧੰਜਲ ਨੂੰ ਅਤੇ ਉਸਦੀ ਕਾਵਿ-ਪੁਸਤਕਕਵਿਤਾ ਦੀ ਲਾਟ ਨੂੰ ਪੰਜ ਅਹਿਮ ਪੱਖਾਂ ਤੋਂ ਦੇਖਦੀ ਹੈ:

1) ਸ਼ਖ਼ਸੀਅਤ
2) ਕਾਵਿ-ਲੋਕ
3) ਵਿਸ਼ੇਸ਼ ਸੰਦਰਭ
4) ਭਾਸ਼ਾ ਦੇ ਆਰ-ਪਾਰ ਅਤੇ
5) ਸ਼ੁੱਭ ਇੱਛਾਵਾਂ।

ਜਿਵੇਂ ਖੰਡ-ਵੰਡ ਦੇ ਸਿਰਲੇਖਾਂ ਤੋਂ ਹੀ ਜ਼ਾਹਰ ਹੋ ਜਾਂਦਾ ਹੈ, ਪੰਜੇ ਭਾਗ ਲੇਖਕ ਧੰਜਲ ਦੀ ਸ਼ਖ਼ਸੀਅਤ ਅਤੇ ਕਾਵਿ-ਕਲਾ ਦਾ ਵਿਸਥਾਰਤ ਵਿਸ਼ਲੇਸ਼ਣ ਪੇਸ਼ ਕਰਦੇ ਹਨ।

ਇਸ ਕਿਤਾਬ ਦਾ ਅਗਲਾ ਗੁਣ ਇਹ ਹੈ ਕਿ ਇਸ ਵਿੱਚ ਭੂਪਿੰਦਰ ਨੇ ਉਹ ਲੇਖ ਹੀ ਸ਼ਾਮਲ ਕੀਤੇ ਹਨ ਜਿਹੜੇ ਆਮ ਪਾਠਕ ਦੀ ਸਮਝ ਵਿੱਚ ਆਉਣ ਵਾਲ਼ੀ ਸਰਲ ਭਾਸ਼ਾ ਵਿੱਚ ਲਿਖੇ ਹੋਏ ਹਨ। ਪੰਜਾਬੀ ਅਲੋਚਨਾਤਮਕ ਲੇਖਾਂ ਦੀ ਵੱਡੀ ਕਮਜ਼ੋਰੀ ਇਹ ਹੁੰਦੀ ਹੈ ਕਿ ਇਹ ਜਿਸ ਓਪਰੀ-ਔਖੀ ਭਾਸ਼ਾ ਵਿੱਚ ਲਿਖੇ ਹੁੰਦੇ ਹਨ ਉਸਨੂੰ, ਅਕਾਦਮਿਕ ਪੜ੍ਹਾਈ ਦੀਆਂ ਡਿਗਰੀਆਂ ਲੈਣ ਲਈ ਥੀਸਸ ਲਿਖਣ ਵਾਲੇ ਵਿਦਿਆਰਥੀ ਵੀ ਮਜਬੂਰੀ ਅਧੀਨ ਹੀ ਪੜ੍ਹਦੇ ਹਨ, ਅਤੇ ਅਜੇਹੀ ਲੇਖਣੀ ਆਮ ਪਾਠਕ ਦੇ ਹੱਥਾਂ ਵਿੱਚੋਂ ਐਵੇਂ ਦਸ ਪੰਦਰਾਂ ਸਫ਼ੇ ਪੜ੍ਹ ਕੇ ਹੀ ਖਿਸਕਣ ਲੱਗ ਜਾਂਦੀ ਹੈ। ਬਹੁਤੇ ਅਲੋਚਨਾਤਮਕ ਲੇਖਾਂ ਨੂੰ ਸਮਝਣ ਲਈ ਪਾਠਕ ਨੂੰ ਵਾਰ ਵਾਰ ਖਿਝਣਾ ਪੈਂਦਾ ਹੈ ਅਤੇ ਸ਼ਾਇਦ ਆਪਣੇ ਆਪ ਨੂੰ ਹੀਣਭਾਵਨਾ ਵਿੱਚੋਂ ਗੁਜ਼ਾਰਨਾ ਪੈਂਦਾ ਹੈ। ਪਰ ਭੂਪਿੰਦਰ ਦੁਆਰਾ ਸੰਪਾਦਤ ਕਿਤਾਬ, ਕਵਿਤਾ ਦੀ ਲਾਟ ਦਾ ਜਸ਼ਨ ਕਿਉਂਕਿ ਸਰਲ, ਸਮਝਣਯੋਗ ਭਾਸ਼ਾ ਵਿੱਚ ਲਿਖੇ ਲੇਖਾਂ ਦਾ ਗੁਲਦਸਤਾ ਹੈ, ਇਸ ਲਈ ਇਹ ਸੁਰਿੰਦਰ ਅਤੇ ਉਸਦੀ ਕਵਿਤਾ ਬਾਰੇ ਸਾਫ਼ ਸਪਸ਼ਟ ਅਕਸ ਉਸਾਰਨ ਵਿੱਚ ਪਾਠਕ ਨੂੰ ਆਪਣੇ ਨਾਲ਼ਨਾਲ਼ ਤੋਰਦੀ ਹੈ।

ਅਗਲੀ ਮਹੱਤਵਪੂਰਨ ਸਿਫ਼ਤ ਇਸ ਕਿਤਾਬ ਦੀ ਇਹ ਹੈ ਕਿ ਭੂਪਿੰਦਰ ਨੇ ਇਸ ਵਿੱਚ ਜਿੱਥੇ ਸਾਹਿਤ ਪਾਰਖੂਆਂ ਅਤੇ ਲੇਖਕਾਂ ਦਾ ਨਜ਼ਰੀਆ ਪੇਸ਼ ਕੀਤਾ ਹੈ, ਉਥੇ ਸੁਰਿੰਦਰ ਨੂੰ ਨੇੜਿਓਂ ਤੱਕਣ-ਸਮਝਣ ਵਾਲੇ ਉਸਦੇ ਦੋਸਤਾਂ, ਸਨੇਹੀਆਂ ਤੇ ਪਾਠਕਾਂ ਦੇ ਵਿਚਾਰਾਂ ਨੂੰ ਵੀ ਸ਼ਾਮਲ ਕੀਤਾ ਹੈ।ਇਸ ਕਿਤਾਬ ਵਿੱਚ ਨਾਮਵਰ ਲੇਖਕਾਂ, ਭਾਰਤ ਦੀਆਂ ਚਾਰ ਯੂਨੀਵਰਸਿਟੀਆਂ ਦੇ ਵਿਦਵਾਨ ਆਲੋਚਕਾਂ, ਸਾਹਿਤ ਅਕਾਡਮੀ ਪੁਰਸਕਾਰ ਨਾਲ਼ ਸਨਮਾਨਤ ਤਿੰਨ ਉੱਘੀਆਂ ਸ਼ਖ਼ਸੀਅਤਾਂ ਤੋਂ ਬਿਨਾਂ ਚੋਣਵੇਂ ਸਿਆਸੀ ਕਾਰਕੁੰਨ, ਰੇਡੀਓ ਟੀ ਵੀ ਮੀਡੀਆ ਅਖ਼ਬਾਰਾਂ ਮੈਗਜ਼ੀਨਾਂ ਦੇ ਪੱਤਰਕਾਰ ਵੀ ਸ਼ਾਮਲ ਹਨ। ਇਹਨਾਂ ਦੀ ਸ਼ਮੂਲੀਅਤ ਕਰ ਕੇ, ਭੂਪਿੰਦਰ ਨੇ ਇਸ ਪੁਸਤਕ ਨੂੰ ਵਧੇਰੇ ਰੌਚਿਕ ਅਤੇ ਬਹੁ-ਦਿਸ਼ਾਵੀ ਬਣਾ ਦਿੱਤਾ ਹੈ। ਕਿਸੇ ਲੇਖਕ ਅਤੇ ਉਸਦੇ ਹੁਨਰਾਂ ਬਾਰੇ ਜਾਣਨ ਲਈ ਸਾਹਿਤ ਵਿਸ਼ਲੇਸ਼ਕਾਂ ਤੋਂ ਇਲਾਵਾ ਉਸਦੇ ਨਜ਼ਦੀਕੀਆਂ ਦਾ ਨਜ਼ਰੀਆ ਉਜਾਗਰ ਹੋਣਾ ਵੀ ਤਾਂ ਜ਼ਰੂਰੀ ਹੁੰਦਾ ਹੈ ਕਿਉਂਕਿ ਇਹ ਲੋਕ ਹੀ ਲੇਖਕ ਦੇ ਸੁਭਾਅ, ਆਦਤਾਂ, ਅਤੇ ਵਿਵਹਾਰ ਦੇ ਪਹਿਲੂਆਂ ਬਾਰੇ ਸਹੀ ਜਾਣਕਾਰੀ ਰਖਦੇ ਹੁੰਦੇ ਹਨ।ਪੁਸਤਕ ਨੂੰ ਪੜ੍ਹਦਿਆਂ ਜਿੱਥੇ ਮੈਂ ਖ਼ੁਦ ਸੁਰਿੰਦਰ ਦੀ ਕਵਿਤਾ ਦੀਆਂ ਕਈ ਅਣਗੌਲ਼ੀਆਂ ਬਰੀਕੀਆਂ ਬਾਰੇ ਸੁਚੇਤ ਹੋਇਆ, ਓਥੇ ਮੈਂ ਭੂਪਿੰਦਰ ਨੂੰ ਇਸ ਗੱਲ ਦੀ ਦਾਦ ਵੀ ਦੇਂਦਾ ਹਾਂ ਕਿ ਉਸਨੇ ਭਾਰਤ ਦੇ ਲੇਖਕਾਂ/ਵਿਸ਼ਲੇਸ਼ਕਾਂ ਤੋਂ ਇਲਾਵਾ ਕਨੇਡਾ ਦੇ ਸਾਹਿਤ ਰਸੀਆਂ ਅਤੇ ਲੇਖਕਾਂ ਨੂੰ ਵੀ ਇਸ ਕਿਤਾਬ ਵਿੱਚ ਸ਼ਾਮਲ ਕੀਤਾ ਹੈ।

ਭੂਪਿੰਦਰ ਧਾਲੀਵਾਲ ਦੀ ਸੰਪਾਦਨ-ਕਲਾ ਦੇ ਜਲਵੇ ਪੁਸਤਕ ਦੇ ਸ਼ੁਰੂ ਵਿੱਚ ਹੀ ਦਿਸਣੇ ਸ਼ੁਰੂ ਹੋ ਜਾਂਦੇ ਹਨ। ਤਤਕਰੇ ਤੋਂ ਇਲਾਵਾ, ਦੋ ਲੇਖਕ ਸੂਚੀਆਂ (ਕ੍ਰਮਵਾਰ ਅਤੇ ਵਰਣਾਤਮਕ) ਦੇ ਕੇ, ਸੰਪਾਦਕ ਭੂਪਿੰਦਰ ਧਾਲੀਵਾਲ ਪਾਠਕ ਦਾ ਧਿਆਨ ਤੁਰਤ ਸਮੁੱਚੀ ਪੁਸਤਕ ਪੜ੍ਹਨ ਨਾਲ਼ ਜੋੜ ਲੈਂਦਾ ਹੈ। ਭੂਪਿੰਦਰ ਦੀ ਸੰਪਾਦਨ-ਕਲਾ ਦੇ ਜੌਹਰ ਦੇਖਣ ਲਈ ਮੈਂ ਉਸਦੇ ਤਿੰਨਾਂ ਲੇਖਾਂ, ਸੰਪਾਦਕੀ ਟਿੱਪਣੀਆਂ, ਅਤੇ ਪੁਸਤਕ ਦੀ ਬਣਤਰ ਦਾ ਡੂੰਘਾ ਮੁਤਾਲਿਆ ਕੀਤਾ।

ਧਾਲੀਵਾਲ ਦੀ ਚੋਣਵੇਂ ਕਥਨ ਨਾਮ ਦੀ ਰਚਨਾ ਜਿੱਥੇ ਪਾਠਕ ਨੂੰ ਪੂਰੀ ਪੁਸਤਕ ਫਰੋਲਣ ਤੋਂ ਬਗੈਰ ਹੀ ਢੇਰ ਸਾਰੀ ਪਾਏਦਾਰ ਸਮੱਗਰੀ ਦੇ ਰੂਬਰੂ ਕਰਦੀ ਹੈ, ਓਥੇ ਮੈਂ ਉਸਦੇ ਏਸ ਕਥਨ ਨਾਲ਼ ਸਹਿਮਤ ਹਾਂ ਕਿ ਇਹ ਪੁਸਤਕ ਮਿੱਤਰਾਂ, ਪਾਠਕਾਂ, ਲੇਖਕਾਂ, ਕਲਾਕਾਰਾਂ, ਅਲੋਚਕਾਂ ਤੋ ਇਲਾਵਾ, ਖੋਜ ਵਿਦਿਆਰਥੀਆਂ ਲਈ ਵੀ ਲਾਭਮਈ ਤੇ ਅਨੰਦਮਈ ਹੋਵੇਗੀ। ਭੂਪਿੰਦਰ ਦੇ ਇਕ ਹੋਰ ਬਿਆਨ ਮੁਤਾਬਿਕ, ਜ਼ਿਆਦਾ ਸਤਰਾਂ ਨੂੰ ਵਾਰ ਵਾਰ ਕੱਟਣ ਵੱਢਣ ਲੱਗਿਆਂ, ਉਸਨੂੰ ਆਪਣੇ ਅੰਦਰਲੇ ਸੰਪਾਦਕ ਦਾ ਜੱਲਾਦ ਵਾਲਾ ਸਰੂਪ ਚੰਗਾ ਨਹੀਂ ਸੀ ਲੱਗਿਆ:

"ਕਿਤਾਬ ਦੇ ਬੈਕ-ਟਾਈਟਲ 'ਤੇ ਛਾਪਣ ਲਈ ਕੁਝ ਚੋਣਵੀਆਂ ਟਿੱਪਣੀਆਂ ਦੀ ਚੋਣ ਕਰਨ ਬੈਠਿਆ, ਤਾਂ ਕਾਫ਼ੀ ਖਿਲਾਰਾ ਪੈ ਗਿਆ। ਥਾਂ ਥੋੜ੍ਹਾ ਅਤੇ ਸਤਰਾਂ ਜ਼ਿਆਦਾ! ਜ਼ਿਆਦਾ ਸਤਰਾਂ ਨੂੰ ਵਾਰ-ਵਾਰ ਕੱਟਣ-ਵੱਢਣ ਲੱਗਿਆ ਤਾਂ ਮੈਨੂੰ ਆਪਣੇ ਅੰਦਰਲੇ ਸੰਪਾਦਕ ਦਾ ਇਹ ਜੱਲਾਦ ਵਾਲ਼ਾ ਸਰੂਪ ਚੰਗਾ ਨਾ ਲੱਗਿਆ। ਸੋਚਿਆ, ਕਿਉਂ ਨਾ ਕਿਤਾਬ ਦੇ ਪਿਛਲੇ ਸਫ਼ੇ ਵਾਸਤੇ ਮਿਹਨਤ ਨਾਲ਼ ਛਾਂਟੇ ਚੋਣਵੇਂ ਕਥਨਾਂ ਨੂੰ ਇੱਕ ਨਵੇਂ ਆਰਟੀਕਲ ਦੇ ਰੂਪ ਵਿੱਚ ਜਿਓਂ ਦਾ ਤਿਓਂ ਰਹਿਣ ਦਿੱਤਾ ਜਾਵੇ। ਇਓਂ ਕਾਂਟ-ਛਾਂਟ ਤੇ ਕੀਤੀ ਗਈ ਮਿਹਨਤ ਵੀ ਅਜਾਈਂ ਬਰਬਾਦ ਹੋਣ ਤੋਂ ਬਚ ਜਾਵੇਗੀ ਅਤੇ ਪਾਠਕ (ਖ਼ਾਸ ਕਰਕੇ ਖੋਜ-ਵਿਦਿਆਰਥੀ) ਇਨ੍ਹਾਂ ਚੋਣਵੇਂ ਕਥਨਾਂ ਦਾ ਲਾਭ ਉਠਾਉਂਦੇ ਹੋਏ ਪੂਰਾ ਅਨੰਦ ਵੀ ਮਾਣਨਗੇ" (ਸਫ਼ਾ 20)।

ਬੱਸ, ਜੱਲਾਦ ਵਾਲੇ ਸਰੂਪ ਵਿੱਚ ਅਤੇ ਸੰਪਾਦਕ ਵਾਲੇ ਸਰੂਪ ਵਿੱਚ ਸੰਤੁਲਨ ਕਾਇਮ ਕਰਨਾ ਹੀ ਇਕ ਪਾਏਦਾਰ ਸੰਪਾਦਕ ਦੀ ਸਭ ਤੋਂ ਪਹਿਲੀ ਉੱਘੜਵੀਂ ਨਿਸ਼ਾਨੀ ਹੁੰਦੀ ਹੈ।

ਲੇਖਕ (ਸੁਰਿੰਦਰ ਧੰਜਲ) ਅਤੇ ਸੰਪਾਦਕ (ਭੂਪਿੰਦਰ ਧਾਲੀਵਾਲ) ਦੀ ਗੂੜ੍ਹੀ ਅਤੇ ਹੰਢਣਸਾਰ ਨੇੜਤਾ ਤੋਂ ਬਗ਼ੈਰ ਏਨੀ ਜਾਨਦਾਰ ਸੰਪਾਦਨਾ ਸੰਭਵ ਹੀ ਨਹੀ ਹੋ ਸਕਦੀ ਸੀ। ਭੂਪਿੰਦਰ ਦੇ ਹਲਫੀਆ ਬਿਆਨ ਅਨੁਸਾਰ, ਹਰਫ਼ਾਂ ਦੇ ਜਾਦੂ ਦੀ ਸਾਂਝ ਸਦਕਾ ਇਹ ਦੋਵੇਂ 1970ਵਿਆਂ ਤੋਂ ਲੈ ਕੇ ਹੁਣ ਤੀਕ ਹਮਸਫ਼ਰ ਹਨ:

"ਹਰਫ਼ਾਂ ਦਾ ਜਾਦੂ ਹੀ ਹੈ ਜਿਸ ਸਦਕਾ ਅਸੀਂ ਹੈਵਾਨ ਤੋਂ ਇਨਸਾਨ ਬਣੇ ਹਾਂ। ਹਰਫ਼ ਹੀ ਹਨ ਜੋ ਮੁਰਦਾ ਰੂਹਾਂ ਵਿੱਚ ਨਵੀਂ ਰੂਹ ਫੂਕਦੇ ਹਨ। ਹਰਫ਼ਾਂ ਸਦਕਾ ਹੀ ਇਨਸਾਨ ਅਸਮਾਨੀ ਉਡਾਣ ਭਰ ਜਾਂਦਾ ਹੈ, ਉਸਦੀਆਂ ਅੱਖਾਂ ਵਿੱਚ ਤਾਰੇ ਉੱਗ ਆਉਂਦੇ ਹਨ ਅਤੇ ਬੰਜਰ ਦਿਲ ਜ਼ਮੀਨ ਵਿੱਚ ਬਸੰਤ ਖਿੜ ਉੱਠਦੀ ਹੈ। ਹਰਫ਼ਾਂ ਦਾ ਜਾਦੂ ਹੀ ਸਭ ਰੰਗੀਨੀਆਂ ਰਾਖ ਕਰਕੇ ਮਿੱਟੀ ਵਿੱਚ ਮਿਲਾ ਦਿੰਦਾ ਹੈ। ਸੁਰਿੰਦਰ ਧੰਜਲ ਦੀ ਕਵਿਤਾ ਦੇ ਹਰਫ਼ਾਂ ਨਾਲ਼ ਮੇਰੀ ਸਾਂਝ 70ਵਿਆਂ ਵਿੱਚ ਉਸਦੀ ਪਹਿਲੀ ਕਿਤਾਬ ਸੂਰਜਾਂ ਦੇ ਹਮਸਫ਼ਰ ਰਾਹੀਂ ਪਈ। ਹਰਫ਼ਾਂ ਦੀ ਸਾਂਝ ਸਦਕਾ ਸੂਰਜਾਂ ਦੇ ਹਮਸਫ਼ਰ ਤੋਂ ਲੈ ਕੇ ਹੁਣ ਤੱਕ ਅਸੀਂ ਹਮਸਫ਼ਰ ਹਾਂ"(ਸਫ਼ਾ 18)।

ਇਤਿਫ਼ਾਕਨ ਮੈਂ ਵੀ 1970 ਤੋਂ 75 ਤੀਕ ਖ਼ਾਲਸਾ ਕਾਲਜ ਗੁਰੂਸਰ ਸੁਧਾਰ ਵਿੱਚ ਅੰਗਰੇਜ਼ੀ ਦਾ ਲੈਕਚਰਾਰ ਸੀ, ਜਦੋਂ ਇਹ ਦੋਵੇਂ ਗੁਰੂਸਰ ਸੁਧਾਰ ਅਤੇ ਲੁਧਿਆਣਾ ਵਿੱਚ ਆਪੋ ਆਪਣੀਆਂ ਡਿਗਰੀਆਂ ਪੂਰੀਆਂ ਕਰ ਰਹੇ ਸਨ। ਓਦੋਂ ਹੀ ਦੋਹਾਂ ਵਿੱਚ ਇਕ-ਦੂਸਰੇ ਪ੍ਰਤੀ ਸਤਿਕਾਰਯੋਗ ਸੰਬੰਧ ਸਥਾਪਤ ਹੋ ਗਏ ਜਿਹੜੇ ਭੂਪਿੰਦਰ ਦੇ ਇੱਕ ਹੋਰ ਹਲਫੀਆ ਬਿਆਨ ਮੁਤਾਬਿਕ 41 ਸਾਲ ਉਤਰਾਵਾਂ-ਚੜ੍ਹਾਵਾਂ ਵਿਚਦੀ ਲੰਘ ਕੇ ਦੋਸਤੀ ਦਾ ਗਹਿਰਾ ਰਿਸ਼ਤਾ ਬਣ ਚੁੱਕੇ ਹਨ:

"ਸੁਰਿੰਦਰ ਧੰਜਲ ਕੈਮਪੂਲਸ ਦੀ ਯੂਨੀਵਸਿਟੀ ਵਿੱਚ ਕੰਪਿਊਟਰ ਵਿਗਿਆਨ ਦਾ ਪ੍ਰੋਫ਼ੈਸਰ ਹੈ। ਉਹ ਕਵੀ ਹੈ, ਸੰਪਾਦਕ, ਆਲੋਚਕ, ਸਟੇਜ ਦਾ ਕਲਾਕਾਰ, ਨਿਰਦੇਸ਼ਕ, ਅਤੇ ਇੱਕ ਵਧੀਆ ਪ੍ਰਬੰਧਕ ਵੀ। ਸੁਰਿੰਦਰਨਾਲ਼ ਮੇਰੀ ਤਕਰੀਬਨ 41 ਸਾਲਾਂ ਦੀ ਜਾਣ-ਪਹਿਚਾਣ ਹੈ ਜੋ ਕਈ ਉਤਰਾਵਾਂ-ਚੜ੍ਹਾਵਾਂ ਵਿਚਦੀ ਲੰਘ ਕੇ ਦੋਸਤੀ ਦਾ ਗਹਿਰਾ ਰਿਸ਼ਤਾ ਬਣ ਚੁੱਕੀ ਹੈ। ਇਹ ਕਹਿਣਾ ਵੀ ਠੀਕ ਹੋਵੇਗਾ ਕਿ ਸੁਰਿੰਦਰ ਦੀ ਕਵਿਤਾ ਅਤੇ ਸਾਡੀ ਦੋਸਤੀ ਦਾ ਸਫ਼ਰ ਤਕਰੀਬਨ ਸਾਥ ਸਾਥ ਚੱਲਿਆ ਹੈ"(ਸਫ਼ਾ 244)।

ਖ਼ਾਲਸਾ ਕਾਲਜ ਗੁਰੂਸਰ ਸੁਧਾਰ ਵਿੱਚ ਭੂਪਿੰਦਰ ਦੇ ਯੂਥ ਫੈਸਟੀਵਲ ਇਨਾਮ ਜੇਤੂ ਭੰਗੜਾ ਕਲਾਕਾਰ ਹੋਣ ਕਰਕੇ, ਕਾਲਜ ਮੈਗਜ਼ੀਨ ਦਾ ਸੰਪਾਦਕ ਹੋਣ ਕਰਕੇ, ਸਾਊ ਅਤੇ ਮਿਹਨਤੀ ਵਿਦਿਆਰਥੀ ਹੋਣ ਕਰਕੇਉਸ ਦੀ ਕਲਾ ਅਤੇ ਹਰਮਨਪਿਆਰਤਾ ਦੀ ਖ਼ੁਸ਼ਬੋ ਤਾਂ ਓਦੋਂ ਤੋਂ ਹੀ ਮੇਰੇ ਤੱਕ ਪਹੁੰਚੀ ਹੋਈ ਸੀ, ਪਰ ਉਸ ਦੀ ਸੰਪਾਦਨ-ਕਲਾ ਅਤੇ ਹਰਫ਼ਾਂ ਦੀ ਜਾਦੂਗਰੀ ਕਵਿਤਾ ਦੀ ਲਾਟ ਦਾ ਜਸ਼ਨ ਦੀ ਪ੍ਰਕਾਸ਼ਨਾ ਨਾਲ਼ ਹੀ ਉੱਘੜਕੇ ਸਾਹਮਣੇ ਆਈ ਹੈ।

ਭੂਪਿੰਦਰ ਦੇ ਲੇਖਾਂ ਵਿੱਚ ਉਸਦੇ ਆਪਣੇ ਹਰਫ਼ਾਂ ਦੇ ਜਾਦੂ ਨਾਲ਼ ਭਰਪੂਰ ਵਾਰਤਕ ਤੋਂ ਇਲਾਵਾ ਉਹਦੀਆਂ ਕਈ ਉੱਭਰਵੀਆਂ ਦਾਰਸ਼ਨਿਕ ਧਾਰਨਾਵਾਂ ਵੀ ਸਾਹਮਣੇ ਆਉਂਦੀਆਂ ਹਨ ਜਿਹੜੀਆਂ ਉਸਦੇ ਇਕ ਪ੍ਰਭਾਵਮਈ ਚਿੰਤਕ ਹੋਣ ਦੀ ਟੋਹ ਦਿੰਦੀਆਂ ਹਨ। ਨਾਲ਼ ਦੀ ਨਾਲ਼, ਸੁਰਿੰਦਰ ਧੰਜਲ ਦੀ ਕਵਿਤਾ ਦੇ ਕਈ ਅਣਦੇਖੇ ਜਾਂ ਅਣਗੌਲੇ ਪਹਿਲੂ ਵੀ ਨਜ਼ਰ ਆਉਂਦੇ ਹਨ। ਭੂਪਿੰਦਰ ਦੇ ਲੇਖਾਂ/ਟਿੱਪਣੀਆਂ ਵਿੱਚੋਂ ਅਜਿਹੀਆਂ ਕੁਝ ਉਦਾਹਰਣਾਂ ਮੋਟੇ ਅੱਖਰਾਂ ਵਿੱਚਹਾਜ਼ਰ ਹਨ:

"ਅਸੀਂ ਪੰਜਾਬੀ ਜਾਂ ਤਾਂ ਜਿਉਂਦਿਆਂ ਨੂੰ ਅਣਡਿੱਠ ਕਰਨ ਅਤੇ ਬੇਕਦਰੀ ਕਰਨ ਲਈ ਮਸ਼ਹੂਰ ਹਾਂ, ਜਾਂ ਮੋਇਆਂ ਦੀ ਯਾਦ ਵਿੱਚ ਮਗਰਮੱਛੀ ਹੰਝੂ ਵਹਾਉਣ ਲਈ ਅਤੇ ਸ਼ਰਧਾ ਦੇ ਫੁੱਲ ਚੜ੍ਹਾਉਣ ਲਈ ਮਸ਼ਹੂਰ ਹਾਂ।ਮਾਰਚ 2009 ਵਿੱਚ ਹਾਰਟ ਅਟੈਕ ਕਾਰਨ ਮੌਤ ਦੇ ਮੂੰਹੋਂ ਮਸਾਂ ਬਚੇ ਸੁਰਿੰਦਰ ਦੀ ਅਤੇ ਉਸ ਵਰਗੇ ਹੋਰ ਵਧੀਆ ਲੇਖਕਾਂ/ਕਲਾਕਾਰਾਂ ਦੀ ਜਿਉਂਦੇ ਜੀਅ ਕਦਰਦਾਨੀ ਹੋਣੀ ਚਾਹੀਦੀ ਹੈ" (ਬੈਕ ਟਾਇਟਲ)।

"ਸੁਰਿੰਦਰ ਨੂੰ ਕਵੀ ਦੇ ਰੂਪ ਵਿੱਚ ਨਕਸਲਬਾੜੀ ਲਹਿਰ ਦੀ ਪੈਦਾਵਾਰ ਕਹਿ ਕੇ

# ਇਕਬਾਲ ਰਾਮੂਵਾਲੀਆ ਨੂੰ ਸੇਜਲ ਅੱਖਾਂ ਨਾਲ ਮੋਹ ਭਰੀ ਵਿਦਾਇਗੀ







ਬਰੈਂਪਟਨ, (25 ਜੂਨ 2017 ) ਅੱਜ ਇਥੇ ਸੈਂਕੜੇ ਸੇਜਲ ਅੱਖਾਂ ਨੇ ਆਪਣੇ ਪਿਆਰੇ ਇਕਬਾਲ ਨੂੰ ਮੋਹ ਭਿੱਜੀ ਵਿਦਾਇਗੀ ਦਿੰਦਿਆਂ ਉਹਨਾਂ ਦੇ ਸਰੀਰ ਨੂੰ ਬਰੈਂਪਟਨ ਕਰੀਮੇਟੋਰੀਅਮ ਐਂਡ ਵਿਜ਼ੀਟੇਸਨ ਸੈਂਟਰ ਵਿਚ ਅਗਨ ਭੇਟ ਕੀਤਾ ਗਿਆ। ਸਤਾਰਾਂ ਜੂਨ ਦਿਨ ਸ਼ਨੀਚਰਵਾਰ ਨੂੰ ਸਵੇਰੇ 7 : 10 ਤੇ ਆਖਰੀ ਸਾਹ ਲੈਣ ਵਾਲੇ ਪੰਜਾਬੀ ਦੇ ਹਰਮਨ ਪਿਆਰੇ ਅਦੀਬ ਇਕਬਾਲ ਗਿੱਲ (ਰਾਮੂਵਾਲੀਆ) ਲੰਬੇ ਸਮੇਂ ਤੋਂ ਕੈਂਸਰ ਦੀ ਬਿਮਾਰੀ ਤੋਂ ਪੀੜਤ ਸਨ। ਦ੍ਰਿੜ ਇਰਾਦੇ ਨਾਲ ਇਸ ਬਿਮਾਰੀ ਦਾ ਟਾਕਰਾ ਕਰਦਿਆਂ ਤੇ ਮੈਡੀਕਲ ਸਾਇੰਸ ਵਿਚ ਹੋਈ ਤਰੱਕੀ ਦਾ ਲਾਹਾ ਲੈਂਦਿਆਂ ਉਹਨਾਂ ਇਸ ਬਿਮਾਰੀ 'ਤੇ ਲੰਬਾ ਸਮਾਂ ਕਾਬੂ ਪਾਈ ਰੱਖਿਆ ਅਤੇ ਲੋਕਾਂ ਨੂੰ ਵੀ ਇਸ ਬਾਰੇ ਆਪਣੀਆਂ ਲਿਖਤਾਂ ਰਾਹੀਂ ਸੁਚੇਤ ਕੀਤਾ।

ਤਰਕਸ਼ੀਲ ਵਿਚਾਰਾਂ ਦੇ ਧਾਰਨੀ ਇਕਬਾਲ ਦੀ ਆਖਰੀ ਇੱਛਾ ਅਨੁਸਾਰ ਪਰਿਵਾਰ ਨੇ ਅੰਤਿਮ ਵਿਦਾਇਗੀ ਸਮਾਹੋਹ 'ਚ ਕੋਈ ਧਾਰਮਿਕ ਰਸਮ ਨਹੀਂ ਕੀਤੀ।

ਚੇਤੇ ਰਹੇ ਇਕਬਾਲ ਗਿੱਲ ਨੇ ਆਪਣੀ ਸਾਰੀ ਉਮਰ ਲੋਕਾਂ ਨੂੰ ਧਾਰਮਿਕ ਅਡੰਬਰਾਂ, ਵਹਿਮਾਂ -ਭਰਮਾਂ ਤੇ ਕਰਮ ਕਾਂਡਾਂ 'ਚੋਂ ਕੱਢਣ ਲਈ ਲਗਾਈ। ਤਰਕਸ਼ੀਲ ਲਹਿਰ ਨਾਲ ਜੁੜੇ ਇਕਬਾਲ ਦਾ ਮੰਨਣਾ ਸੀ ਕਿ ਇਸ ਸੰਸਾਰ ਨੂੰ ਕੋਈ ਗੈਬੀ-ਸ਼ਕਤੀ ਨਹੀਂ ਚਲਾ ਰਹੀ। ਕੁਦਰਤ ਸਵੈ-ਚਾਲਕ ਹੈ। ਆਪਣੇ ਇਹਨਾਂ ਵਿਚਾਰਾਂ ਨੂੰ ਉਹ ਸਮੇਂ-ਸਮੇਂ ਟੀ ਵੀ, ਰੇਡੀਓ ਤੇ ਅਖ਼ਬਾਰਾਂ ਰਹਿਣ ਪ੍ਰਗਟ ਕਰਦੇ ਰਹਿੰਦੇ।

ਇਕਬਾਲ ਗਿੱਲ ਇੱਕ ਗੰਭੀਰ ਚਿੰਤਕ, ਕਵੀ, ਲੇਖਕ, ਕਵੀਸ਼ਰ ਤੇ ਸਫ਼ਲ ਅਧਿਆਪਕ ਸਨ। ਆਪਣੀ ਮਾਂ- ਬੋਲੀ ਦੀ ਝੋਲੀ 12 ਕਿਤਾਬਾਂ ਪਾਉਣ ਵਾਲੇ ਇਕਬਾਲ ਨੇ 2 ਨਾਵਲ ਅੰਗਰੇਜ਼ੀ 'ਚ ਵੀ ਲਿਖੇ। ਪੰਜਾਬੀ 'ਚ ਉਹਨਾਂ ਦੀ ਸਵੈ - ਜੀਵਨੀ 'ਸਾੜਦੇ ਸਾਜ਼ ਸਰਗਮ' ਪੰਜਾਬੀ ਵਾਰਤਕ ਦਾ ਸ਼ਾਹਕਾਰ ਨਮੂਨਾ ਹੈ।

ਲੋਕਾਂ ਦੀ ਮਦਦ ਲਈ ਹਮੇਸ਼ਾ ਹੀ ਤਤਪਰ ਰਹਿਣ ਵਾਲੇ ਇਸ ਇਨਸਾਨ ਨੇ ਅਨੇਕਾਂ ਵਿਦਿਆਰਥੀਆਂ ਦੀ ਮਦਦ ਕਰਕੇ ਉਹਨਾਂ ਨੂੰ ਸਹੀ ਰਾਹ ਪਾਇਆ। ਬਹੁਤ ਸਾਰੇ ਪਰਿਵਾਰਾਂ ਨੂੰ ਸਹੀ ਸਲਾਹ ਦੇ ਕੇ ਵੱਖ-ਵੱਖ ਖੇਤਰਾਂ 'ਚ ਨਿਪੁੰਨ ਬਣਾਇਆ।

ਉਹਨਾਂ ਦੇ ਅੰਤਿਮ ਵਿਦਾਇਗੀ ਸਮਾਹੋਹ ਨੂੰ ਉਹਨਾਂ ਦੀਆਂ ਜੋੜੀਆਂ ਬੇਟੀਆਂ ਸੁਖੀ ਤੇ ਕਿਨੂੰ ਗੋਦ ਲਏ ਬੇਟੇ ਨਵਰਾਜ ਗਿੱਲ, ਇੰਦਰਜੀਤ ਸਿੰਘ ਬੱਲ, ਮੀਡੀਆ ਗਰੁੱਪ 'ਹਮਦਰਦ' ਦੇ ਅਮਰ ਸਿੰਘ ਭੁੱਲਰ, ਸੁਪ੍ਰਸਿੱਧ ਸਾਹਿਤਕਾਰ ਵਰਿਆਮ ਸੰਧੂ, ਇਕਬਾਲ ਦੇ ਕਰੀਬੀ ਮਿੱਤਰ ਸੁਰਿੰਦਰ ਧੰਜਲ ਤੇ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਵੱਲੋਂ ਚਰਨਜੀਤ ਬਰਾੜ ਨੇ ਸੰਬੋਧਨ ਕੀਤਾ।



Surinder Dhanjal: Iqbal Ramuwalia, Ajmer Aulakh, Dr. Surinder Dhanjal and Harbans Buttar in Edmonton, Alberta (Canada) in a literary program



Surinder Dhanjal: Bhupinder Dhaliwal, Dr. Surinder Dhanjal, Iqbal Ramuwalia and Sadhu Binning in Surrey, BC, Canada



Dr. Paramjit Gill, Iqbal Ramuwalia, Surinder Dhanjal and Bhupinder Dhaliwal at the Ghadhar memorial function in Kelowna, BC (Oct 13, 2013)

---

ਸਤਿਕਾਰਿਆ ਜਾਂਦਾ ਹੈ। ਸੁਰਿੰਦਰ ਦੀ ਇੱਕ ਗੱਲ, ਜੋ ਉਸ ਵੇਲ਼ੇ ਦੇ ਕ੍ਰਾਂਤੀਕਾਰੀ ਕਵੀਆਂ ਨਾਲ਼ ਬਹੁਤ ਵੱਖਰੀ ਹੈ, ਉਹ ਹੈ: ਜੋਸ਼ ਅਤੇ ਹੋਸ਼ ਵਿੱਚ ਸਪਸ਼ਟ ਵਖਰੇਵਾਂ। ਜੋਸ਼ ਅਤੇ ਹੋਸ਼ ਨਾਮੀ ਕਵਿਤਾ ਵਿੱਚ ਪਹਿਨ ਲਈਏ ਜੋਸ਼ ਦੇ ਨਾਲ਼ ਹੋਸ਼ ਨੂੰ ਵਾਲ਼ੇ ਬੰਦ ਵਿੱਚ ਸੁਰਿੰਦਰ ਨੇ ਇਹ ਗੱਲ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਪੇਸ਼ ਕੀਤੀ ਹੈ। ਜੇ ਇਸ ਲਹਿਰ ਨੇ ਜੋਸ਼ ਦੇ ਨਾਲ਼ ਹੋਸ਼ ਨੂੰ ਪਹਿਨਿਆਂ ਹੁੰਦਾ, ਤਾਂ ਸ਼ਾਇਦ ਅੱਜ ਸਮੁੱਚੇ ਭਾਰਤ ਦੀ ਰੂਪ-ਰੇਖਾ ਵੱਖਰੀ ਹੋਣੀ ਸੀ" (ਸ.ਫ਼ਾ 245)।

"ਸੱਤਰਵਿਆਂ ਦੇ ਨੇੜੇ ਤੇੜੇ ਜਦ ਨਕਸਲਬਾੜੀ ਲਹਿਰ ਪੂਰੇ ਜ਼ੋਰਾਂ 'ਤੇ ਸੀ, ਪੰਜਾਬ ਦੇ ਕਾਲਜਾਂ ਦੇ ਬਹੁਤੇ ਵਿਦਿਅਰਥੀ ਆਪਣੇ ਸਿਰ੍ਹਾਣੇ ਹੇਠ ਲਾਲ ਕਿਤਾਬ ਰੱਖ ਕੇ ਸੌਂਦੇ ਹਨ। ਲਾਲ ਕਿਤਾਬ ਉਹਨਾਂ ਲਈ ਅਗਾਂਹਵਧੂ, ਯੁਗ-ਪਲਟਾਊ, ਆਜ਼ਾਦ ਖਿਆਲੀ, ਅਤੇ ਚੇਤਨ ਮਨ ਦੀ ਨਿਸ਼ਾਨੀ ਸੀ, ਅਤੇ ਕਿਸੇ ਹੱਦ ਤੀਕਰ ਫ਼ੈਸ਼ਨ ਵੀ ਬਣ ਗਈ ਸੀ। ਉਹਨਾਂ ਵਿੱਚੋਂ ਕੁਝ ਜਿਨ੍ਹਾਂ ਵਿੱਚ ਚਿਣਗ ਸੀ, ਇਸ ਲਹਿਰ ਦੇ ਸੱਚੇ ਫੌਜੀ ਬਣ ਗਏ, ਪਰ ਬਹੁਤੇ ਲਹਿਰ ਦੀ ਚੜ੍ਹਤ ਵਿੱਚ ਗੜੂੰਦ ਹੋ ਕੇ ਫ਼ੈਸ਼ਨ-ਪ੍ਰਸਤੀ ਵਜੋਂ ਵੀ ਇਸ ਲਹਿਰ ਨਾਲ਼ ਆ ਜੁੜੇ। ਸੁਰਿੰਦਰ ਨੂੰ ਕੇਵਲ ਅਤੇ ਕੇਵਲ ਜੋਸ਼ ਦੀ ਸੀਮਾ ਦਾ, ਬਾਈ ਕੁ ਸਾਲ ਦੀ ਉਮਰ ਵਿੱਚ ਵੀ ਪੂਰਾ ਅਹਿਸਾਸ ਸੀ। ਅਜਿਹੇ ਅਹਿਸਾਸ ਸਦਕਾ ਸੁਰਿੰਦਰ ਕ੍ਰਾਂਤੀ ਭਾਗ ਦੀ ਹਰ ਨਜ਼ਮ ਵਿੱਚ ਦਿਲਕਸ਼ ਝੀਲ ਦੇ ਨਿੱਤਰੇ ਹੋਏ ਪਾਣੀ ਦੀ ਨਿਰਮਲਤਾ ਵਰਗਾ ਅਹਿਸਾਸ ਸਿਰਜਦਾ ਹੈ। ਖ਼ੂਬਸੂਰਤੀ ਇਹ ਹੈ ਕਿ ਉਹ ਵਿਗਿਆਨੀ ਵਾਂਗ ਸਮੱਸਿਆ ਦੀ ਜੜ੍ਹ ਨੂੰ ਛੂੰਹਦਾ ਹੈ; ਫਿਰ ਸਵਾਲ ਖੜ੍ਹਾ ਕਰਦਾ ਹੈ, ਜਿਸ ਨਾਲ਼ ਜਵਾਬ ਜਾਂ ਹੱਲ ਢੂੰਡਣਾ ਸੌਖਾ ਹੋ ਜਾਂਦਾ ਹੈ। ਕਵਿਤਾ ਕੀ ਤੂੰ ਵਿੱਚ ਇਸ ਫ਼ੈਸ਼ਨ ਅਤੇ ਜੋਸ਼ ਦੀ ਸਮੱਸਿਆ ਨੂੰ ਸਾਹਮਣੇ ਲਿਆਉਂਦਿਆਂ ਹੋਇਆਂ ਸੁਰਿੰਦਰ ਇਸ ਅਹਿਸਾਸ ਦੀ ਸੂਖ਼ਮਤਾ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਦਿਲ-ਟੁੰਬਵੇਂ ਅੰਦਾਜ਼ ਵਿੱਚ ਇਕੱਠੇ ਕਰਦਾ ਹੈ"(ਸ.ਫ਼ਾ 248)।

"ਪੰਜਾਬੀ ਦੀ ਕ੍ਰਾਂਤੀਕਾਰੀ ਕਵਿਤਾ ਵਿੱਚ ਮੁਹੱਬਤ ਦੇ ਜਜ਼ਬੇ ਨੂੰ ਖੁੱਲ੍ਹ ਕੇ ਪੇਸ਼ ਨਹੀਂ ਕੀਤਾ ਗਿਆ। ਕਵੀਆਂ ਦੇ ਸਿਰ ਕਮਿਊਨਿਸਟ ਪਾਰਟੀਆਂ ਦੇ ਅਨੁਸਾਸ਼ਨ ਦੀ ਤਲਵਾਰ ਲਟਕਦੀ ਸੀ। (ਇੱਥੇ ਮੈਨੂੰ ਇਹ ਲਿਖਣ ਵਿੱਚ ਕੋਈ ਝਿਜਕ ਨਹੀਂ ਕਿ ਧਾਰਮਿਕ ਕੱਟੜਵਾਦ ਅਤੇ ਫਿਰਕੂ ਜਨੂੰਨ ਦੀ ਸਹੀ ਵਿਰੋਧਤਾ ਕਰਦੀ ਕਰਦੀ ਕਮਿਊਨਿਸਟ ਪਾਰਟੀਆਂ ਦੀ ਬਹੁ-ਸੰਮਤੀ ਲੀਡਰਸ਼ਿਪ, ਮੁਹੱਬਤ ਦੀ ਕਵਿਤਾ ਦੇ ਮਾਮਲੇ ਵਿੱਚ ਖ਼ੁਦ ਏਨੀ ਕੱਟੜਵਾਦੀ ਹੋ ਗਈ ਕਿ ਕ੍ਰਾਂਤੀ ਨੂੰ ਪਿਆਰ ਕਰਨ ਵਾਲ਼ੇ ਮੇਰੇ ਵਰਗੇ ਬਹੁਤ ਸਾਰੇ ਹਮਦਰਦ ਹਾਸ਼ੀਏ 'ਤੇ ਚਲੇ ਗਏ। ਵਧੀਆ ਗੱਲ ਇਹ ਹੈ ਕਿ ਆਪਣੀ ਧੁਨ ਵਿਚ ਪਰਪੱਕ ਸੁਰਿੰਦਰ, ਅਜਿਹੀ ਅਖੌਤੀ ਲੀਡਰਸ਼ਿਪ ਦੇ ਢਹੇ ਚੜ੍ਹਨ ਤੋਂ ਵਾਲ਼ ਵਾਲ਼ ਬਚ ਗਿਆ, ਅਤੇ ਕ੍ਰਾਂਤੀ ਭਾਗ ਦੀਆਂ ਸਹੀ ਕ੍ਰਾਂਤੀਕਾਰੀ ਸੇਧ ਦੇਣ ਵਾਲੀਆਂ ਕਵਿਤਾਵਾਂ ਦੀ ਸਿਰਜਣਾ ਤੱਕ ਪਹੁੰਚ ਗਿਆ)"(ਸ.ਫ਼ਾ 251)।

"ਕਵਿਤਾ, ਕ੍ਰਾਂਤੀ, ਅਤੇ ਮੁਹੱਬਤ ਵਿੱਚ ਇੱਕ ਮਾਣਮੱਤਾ ਕਾਵਿਕ-ਸੰਤੁਲਨ ਕਾਇਮ ਕਰਨਾ ਕਵਿਤਾ ਦੀ ਲਾਟ ਦੀ ਇੱਕ ਵਿਸ਼ੇਸ਼ ਪ੍ਰਾਪਤੀ ਹੈ ਸੁਰਿੰਦਰ ਦੀ ਕਵਿਤਾ ਵਿੱਚ ਦੁਲਹਨ ਮੁਹੱਬਤ ਦੇ ਜਜ਼ਬੇ ਦਾ ਪ੍ਰਤੀਕ ਹੈ। ਮੁਹੱਬਤ ਦੇ ਜਜ਼ਬੇ ਨੂੰ ਮਨੁੱਖੀ ਜ਼ਿੰਦਗੀ ਦਾ ਪ੍ਰਮੁੱਖ ਜਜ਼ਬਾ ਪਿਆਰ ਕਹਿੰਦਿਆਂ, ਦੁਲਹਨ ਨਾਮੀ ਗ਼ਜ਼ਲ ਵਿੱਚ ਸੁਰਿੰਦਰ ਨੇ ਕਵਿਤਾ ਅਤੇ ਦੁਲਹਨ ਦੇ ਹੁਸਨ ਨੂੰ ਇੱਕ ਦੂਜੇ ਦੇ ਬਰਾਬਰ ਗੌਰਵ ਦਿੱਤਾ ਹੈ। ਕ੍ਰਾਂਤੀ ਭਾਗ ਦੀ ਕਵਿਤਾ ਬੰਦੂਕ, ਮੌਤ ਅਤੇ ਜ਼ਿੰਦਗੀ ਵਿੱਚ ਉਸ ਨੇ ਕਵਿਤਾ ਅਤੇ ਕ੍ਰਾਂਤੀ ਨੂੰ ਇਸੇ ਤਰ੍ਹਾਂ ਬਰਾਬਰ ਦਾ ਮਹੱਤਵ ਦਿੱਤਾ ਹੈ। ਦੁਲਹਨ ਭਾਗ ਦੀ ਆਖ਼ਰੀ ਕਵਿਤਾ ਵਿੱਚ ਕਵਿਤਾ ਦੀ ਪਰਿਭਾਸ਼ਾ ਨੂੰ ਸਿਰਜਦਿਆਂ ਉਸਨੇ ਕਵਿਤਾ, ਕ੍ਰਾਂਤੀ, ਅਤੇ ਦੁਲਹਨ ਨੂੰ ਬਰਾਬਰ ਦਾ ਮਾਣ ਬਖ਼ਸ਼ਿਆ ਹੈ। ਦੁਲਹਨ ਭਾਗ ਦੀਆਂ ਨੌਂ ਪਿਆਰ-ਕਵਿਤਾਵਾਂ ਕਵਿਤਾ ਦੀ ਲਾਟ ਦੀ ਹੀ ਨਹੀਂ, ਪੰਜਾਬੀ ਕ੍ਰਾਂਤੀਕਾਰੀ ਕਵਿਤਾ ਦੀ ਅਤੇ ਪਰਵਾਸੀ ਪੰਜਾਬੀ ਸਾਹਿਤ ਦੀ ਮਾਣਮੱਤੀ ਪ੍ਰਾਪਤੀ ਹਨ"(ਸ.ਫ਼ਾ 251)।

"ਅੰਤ ਵਿੱਚ ਸੁਰਿੰਦਰ ਦੁਆਰਾ ਕਵਿਤਾ ਦੀ ਲਾਟ ਨੂੰ ਸੱਤ ਭਾਗਾਂ ਵਿਚ ਵੰਡਣ ਬਾਰੇ ਕੁਝ ਕਹਿਣਾ ਬਹੁਤ ਜ਼ਰੂਰੀ ਸਮਝਦਾ ਹਾਂ ਕਿ ਜੇ ਸੁਰਿੰਦਰ ਇਹ ਸੱਤ ਭਾਗਾਂ ਦੇ ਸਿਰਲੇਖਾਂ (ਕ੍ਰਾਤੀ, ਵਿਗਿਆਨ/ਆਧੁਨਿਕਤਾ, ਪਰਵਾਸ, ਦੁਲਹਨ, ਸ਼ਬਦਾਂ ਦੀ ਵਿੱਥਿਆ, ਪਰਿਭਾਸ਼ਾ, ਜੋਸ਼ ਅਤੇ ਹੋਸ਼) ਵਿੱਚ ਨਾ ਵੰਡਦਾ ਤਾਂ ਬਹੁਤ ਸਾਰੀਆਂ ਕਵਿਤਾਵਾਂ ਦੀ ਵਿਲੱਖਣਤਾ ਪੰਜਾਬੀ ਸਾਹਿਤ ਦੀ ਆਪ-ਹੁਦਰੀ ਭੀੜ ਵਿੱਚ ਗੁਆਚ ਜਾਣੀ ਸੀ। ਹੁਣ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਇਸ ਵੰਡ ਕਾਰਨ ਅਤੇ ਆਪਣੀ ਕਲਾਤਮਕ ਸ਼ਕਤੀ ਕਾਰਨ ਕਵਿਤਾ ਦੀ ਲਾਟ ਦੀਆਂ ਬਹੁ-ਗਿਣਤੀ ਰਚਨਾਵਾਂ (ਵਿਸ਼ੇਸ਼ ਕਰ ਕੇ ਕ੍ਰਾਂਤੀ ਅਤੇ ਦੁਲਹਨ ਭਾਗ ਦੀਆਂ ਰਚਨਾਵਾਂ) ਸਮੁੱਚੇ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਗੌਰਵਮਈ ਅੰਗ ਬਣਨਗੀਆਂ"(ਸ.ਫ਼ਾ 251)।

ਕਵਿਤਾ ਦੀ ਲਾਟ ਦਾ ਜਸ਼ਨ ਵਰਗੀ ਬਹੁ-ਦਿਸ਼ਾਵੀ ਅਤੇ ਤਕਰੀਬਨ ਪੌਣੇ ਤਿੰਨ ਸੌ ਸਫ਼ਿਆਂ ਦੀ ਪਾਏਦਾਰ ਜਾਣਕਾਰੀ ਭਰਪੂਰ ਸੰਪਾਦਤ ਪੁਸਤਕ ਘੱਟੋ ਘੱਟ ਕਨੇਡਾ ਦੇ ਕਿਸੇ ਸੰਪਾਦਕ ਵੱਲੋਂ ਕਨੇਡਾ ਦੇ ਕਿਸੇ ਇੱਕੋ ਲੇਖਕ ਬਾਰੇ ਸੰਪਾਦਤ ਕੀਤੀ ਮੇਰੀ ਨਿਗਾਹ ਵਿੱਚੋਂ ਨਹੀਂ ਗੁਜ਼ਰੀ। ਸਮੁੱਚੇ ਪੰਜਾਬੀ ਸਾਹਿਤ ਵਿੱਚ ਵੀ ਅਜੇਹੇ ਜਲਵੇ ਕਦੇ-ਕਦਾਈਂ ਹੀ ਨਜ਼ਰ ਆਉਂਦੇ ਹਨ। ਭੂਪਿੰਦਰ ਧਾਲੀਵਾਲ ਦੀ ਸੰਪਾਦਨਾ 'ਤੇ ਕੀਤੀ ਏਨੀ ਮਿਹਨਤ, ਦਾਰਸ਼ਨਿਕ ਲਗਨ, ਦੂਰ-ਅੰਦੇਸ਼ ਸੋਚ, ਅਤੇ ਗੂੜ੍ਹੀ ਮਿੱਤਰਤਾ ਨਾਲ਼ ਲਬਰੇਜ਼ ਭਾਵਨਾਵਾਂ ਸਦਕਾ ਇਹ ਪੁਸਤਕ ਰੰਗੀਨ ਤਸਵੀਰਾਂ ਵਾਲੀ ਵੱਡ-ਅਕਾਰੀ ਪੁਸਤਕ ਵਜੋਂ ਨਹੀਂ, ਸਗੋਂ ਇਕ ਵੱਡ-ਮਿਆਰੀ ਪੁਸਤਕ ਵਜੋਂ ਲੰਮਾ ਸਮਾਂ ਸਾਡੇ ਚੇਤਿਆਂ ਵਿੱਚ ਵਸਦੀ ਰਹੇਗੀ।

ਪੰਜਾਬੀ ਵਿੱਚ, ਭੂਪਿੰਦਰ ਧਾਲੀਵਾਲ ਵੱਲੋਂ ਸੰਪਾਦਤ ਕਵਿਤਾ ਦੀ ਲਾਟ ਦਾ ਜਸ਼ਨ ਵਰਗੀਆਂ ਪੁਸਤਕਾਂ ਦੀ ਘਾਟ ਹੈ। ਸਾਹਿਤ ਦਾ ਜਸ਼ਨ ਮਨਾਉਣ ਵਿੱਚ ਸਾਡੇ ਲੇਖਕਾਂ-ਪਾਠਕਾਂ ਨੇ ਸ਼ਾਇਦ ਹਾਲੇ ਬਹੁਤੀ ਦਿਲਚਸਪੀ ਹੀ ਪੈਦਾ ਨਹੀਂ ਕਰੀ। ਭੂਪਿੰਦਰ ਧਾਲੀਵਾਲ ਦੀ ਪੁਸਤਕ, ਸਾਹਿਤ ਦਾ ਜਸ਼ਨ ਮਨਾਉਣ ਦੀ ਰਵਾਇਤ ਕਾਇਮ ਕਰਨ ਵਿੱਚ ਸਾਡੇ ਲੇਖਕਾਂ-ਪਾਠਕਾਂ ਲਈ ਰਾਹ-ਦਸੇਰੀ ਬਣਨੀ ਚਾਹੀਦੀ ਹੈ।



ਇਕਬਾਲ ਰਾਮੂਵਾਲੀਆ 'ਸਰੋਕਾਰਾਂ ਦੀ ਆਵਾਜ਼' ਦੇ ਮੈਨੇਜਿੰਗ ਡਾਇਰੈਕਟਰ ਦੇਵਿੰਦਰ ਤੂਰ ਅਤੇ ਸੰਪਾਦਕ ਹਰਬੰਸ ਸਿੰਘ ਬੀਤੇ ਦਿਨੀਂ ਵਿਚਾਰ-ਵਟਾਂਦਰਾ ਕਰਦੇ ਹੋਏ।













# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਸਿਹਤ ਸਬੰਧੀ ਸੈਮੀਨਾਰ

**ਕੈਲਗਰੀ/ਮਾ. ਭਜਨ**

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 'ਹੈਲਦੀ ਭੋਜਨ ਅਤੇ ਕਸਰਤ ਦਾ ਜੀਵਨ 'ਚ ਮਹੱਤਵ' ਵਿਸ਼ੇ 'ਤੇ ਇਥੋਂ ਦੇ ਕੋਸੋ ਹਾਲ ਵਿਖੇ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਹੈਲਦੀ ਲਾਈਫ਼ ਸਟਾਈਲ ਫਾਊਂਡੇਸ਼ਨ ਦੇ ਪ੍ਰਧਾਨ ਡਾ. ਸੁਖਵਿੰਦਰ ਸਿੰਘ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਉਨ੍ਹਾਂ ਆਪਣੀ ਲੰਮੀ ਅਤੇ ਸਾਰਥਿਕ ਰੀਸਰਚ ਦੇ ਆਧਾਰ 'ਤੇ ਸਲਾਈਡ ਸ਼ੋਅ ਰਾਹੀਂ ਮਰਦਾਂ ਅਤੇ ਔਰਤਾਂ ਦੇ ਭਰਵੇਂ ਇਕੱਠ ਨੂੰ ਹੈਲਦੀ ਭੋਜਨ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੇਰੀ ਜਾਣਕਾਰੀ ਦਾ ਆਧਾਰ ਸਾਇੰਟੇਫਿਕ ਹੈ ਅਤੇ ਇਹ ਤਰਕਪੂਰਨ ਹੈ। ਉਨ੍ਹਾਂ ਪ੍ਰਚਲਤ ਭੋਜਨ ਤੋਂ ਹਟਵੀਂ ਗੱਲ ਕਰਦਿਆਂ ਬਹੁਤ ਸਾਰੀ ਨਵੀਂ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਜਨੈਟੀਕਲੀ ਮੌਡੀਫਾਈਡ ਕਣਕ ਅਤੇ ਹੋਰ ਅਨਾਜ ਖਾਣ ਨਾਲ ਮਨੁੱਖ ਅਨੇਕਾਂ ਤਰ੍ਹਾਂ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਨਾਰਥ ਅਮਰੀਕਾ ਵਿਚ ਗਾਵਾਂ ਤੋਂ ਤਿਆਰ ਕੀਤਾ ਦੁੱਧ ਸਾਡੀ ਸਿਹਤ 'ਤੇ ਬਹੁਤ ਮਾੜਾ ਅਸਰ ਕਰ ਰਿਹਾ ਹੈ। ਚਿੱਟੀ ਚੀਨੀ ਦੇ ਸਰੀਰ 'ਤੇ ਮਾੜੇ ਪ੍ਰਭਾਵਾਂ ਬਾਰੇ ਵੀ ਦੱਸਿਆ। ਭਾਵੇਂ ਨਵੀਂ ਜਾਣਕਾਰੀ ਕਾਰਨ ਇਕਦਮ ਤਾਂ ਸਾਰਿਆਂ ਨੂੰ ਓਪਰਾ ਜਿਹਾ ਮਹਿਸੂਸ ਹੋਇਆ ਪ੍ਰੰਤੂ ਡਾ. ਸਾਹਿਬ ਨੇ ਜਦੋਂ ਇਸ ਦਾ ਬਦਲ ਪੇਸ਼ ਕੀਤਾ ਤਾਂ ਸਰੋਤਿਆਂ ਦੀ ਕਾਫ਼ੀ ਤਸੱਲੀ ਹੋਈ। ਉਪਰੰਤ ਸਰੋਤਿਆਂ ਦੇ ਸਵਾਲਾਂ ਦੀ ਸ਼ੰਕਾ ਨਵਿਰਤੀ ਕਰਦਿਆਂ ਡਾ. ਸਾਹਿਬ ਨੇ ਤਸੱਲੀਬਖਸ਼ ਜਵਾਬ ਦਿੱਤੇ। ਹਰਨੇਕ ਬੱਧਨੀ, ਤਰਲੋਚਨ ਦੂਹਰਾ, ਗੁਰਿੰਦਰਪਾਲ ਬਰਾੜ (ਟੀਨੂੰ), ਜਰਨੈਲ ਸਿੰਘ ਤੱਗੜ, ਮੇਜਰ ਸਿੰਘ ਧਾਲੀਵਾਲ, ਸਵਰਨ ਧਾਲੀਵਾਲ, ਜੀਤਇੰਦਰਪਾਲ, ਮਾ. ਭਜਨ ਸਿੰਘ, ਜਗਦੇਵ ਸਿੰਘ ਸਿੱਧੂ ਆਦਿ ਨੇ ਸਵਾਲ ਕੀਤੇ।

ਦੂਜੇ ਸੈਸ਼ਨ ਵਿਚ ਪਰਮਿੰਦਰ ਗਰੇਵਾਲ ਨੇ ਬੋਲਦਿਆਂ ਕਿਹਾ ਕਿ ਭਾਵੇਂ ਅਸੀਂ ਖੁਰਾਕ ਜਿੰਨੀ ਮਰਜੀ ਵਧੀਆ ਖਾ ਲਈਏ, ਜੇ ਅਸੀਂ ਕਸਰਤ ਨੂੰ ਰੋਜ਼ਾਨਾ ਜੀਵਨ ਜਾਚ ਨਹੀਂ ਬਣਾਉਂਦੇ ਤਾਂ ਸਰੀਰ ਨਕਾਰਾ ਹੋ ਜਾਂਦਾ ਹੈ। ਕਸਤਰ ਕਿਵੇਂ ਕਰਨੀ ਹੈ? ਇਸ ਬਾਰੇ ਕਾਫ਼ੀ ਜਾਣਕਾਰੀ ਦਿੱਤੀ ਇਥੋਂ ਤੱਕ ਕਿ ਉਨ੍ਹਾਂ ਕਈ ਐਕਸਰਸਾਈਜ਼ਾਂ ਕਰਕੇ ਵੀ ਦਿਖਾਈਆਂ। ਉਨ੍ਹਾਂ ਕਿਹਾ ਕਿ ਜੇ ਅਸੀਂ ਰੈਗੂਲਰ ਕਸਤਰ ਕਰਦੇ ਹਾਂ ਤਾਂ ਅਸੀਂ ਦਵਾਈਆਂ ਤੋਂ ਬਚੇ ਰਹਾਂਗੇ। ਖੁਸ਼ੀ ਭਰਪੂਰ ਲੰਮਾ ਜੀਵਨ ਜਿਊਣ ਦਾ ਇਹੀ ਰਾਜ਼ ਹੈ। ਸਟੇਜ ਸੰਚਾਲਨ ਚਲਾ ਰਹੇ ਮਾ. ਭਜਨ ਨੇ ਕੁਝ ਪ੍ਰੋਗਰਾਮਾਂ ਦੀ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕਰਦਿਆਂ ਦੱਸਿਆ ਕਿ 8ਵਾਂ ਤਰਕਸ਼ੀਲ ਨਾਟਕ ਸਮਾਗਮ 9 ਸਤੰਬਰ ਸ਼ਨੀਵਾਰ ਜੈਨਸਸ ਸੈਂਟਰ ਦੇ ਵੱਡੇ ਹਾਲ ਵਿਚ ਹੋਵੇਗਾ। ਹੈਲਦੀ ਲਾਈਲਫ਼ ਸਟਾਈਲ ਫਾਊਂਡੇਸ਼ਨ ਵਲੋਂ 24 ਜੂਨ ਜੈਨਸਸ ਸੈਂਟਰ 2 ਤੋਂ 5 ਵਜੇ ਤੱਕ ਸਿਹਤ ਬਾਰੇ ਵੱਡੇ ਪ੍ਰੋਗਰਾਮ 'ਚ ਪੁੱਜਣ ਦਾ ਸੱਦਾ ਹੈ।

'ਸਿੱਖ ਵਿਰਸਾ' ਮੈਗਜ਼ੀਨ ਅਤੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ 16 ਜੁਲਾਈ ਟੈਂਪਲ ਕਮਿਊਨਿਟੀ 1.30 ਤੋਂ 4 ਵਜੇ ਤੱਕ 'ਜੋਤਿਸ਼ ਝੂਠ ਬੋਲਦਾ' ਦੇ ਸੰਪਾਦਕ ਮਨਜੀਤ ਸਿੰਘ ਬੋਪਾਰਾਏ (ਆਸਟ੍ਰੇਲੀਆ) ਦਾ ਭਾਸ਼ਣ ਅਤੇ ਹੋਰ ਬੁਲਾਰੇ ਸੰਬੋਧਨ ਕਰਨਗੇ। ਕੈਲਗਰੀ ਵਾਸੀਆਂ ਵਲੋਂ 8 ਮਾਰਚ ਔਰਤ ਦਿਵਸ, 2 ਅਪ੍ਰੈਲ ਨੂੰ ਪ੍ਰੋ. ਜਗਮੋਹਣ ਸਿੰਘ ਦੇ ਲੈਕਚਰ (ਐਕਸ ਸਰਵਿਸਮੈਨ ਸੁਸਾਇਟੀ), 11 ਮਈ ਨੂੰ ਇਨਕਲਾਬ ਦੀ 100ਵੀਂ ਵਰ੍ਹੇਗੰਢ, ਮਈ ਦਿਵਸ ਅਤੇ ਕਰਨੈਲ ਪਾਰਸ ਦੇ 100ਵੇਂ ਜਨਮ ਦਿਨ ਅਤੇ 21 ਮਈ ਨੂੰ ਸਿੱਖ ਵਿਰਸਾ ਮੈਗਜ਼ੀਨ ਅਤੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਡਾਊਨ ਟਾਊਨ ਪਬਲਿਕ ਲਾਇਬ੍ਰੇਰੀ ਦੇ ਡਟਨ ਥੀਏਟਰ 'ਚ ਨਾਟਕ ਸਮਾਗਮ 'ਚ ਮਿਲੇ ਭਰਵੇਂ ਹੁੰਗਾਰੇ ਲਈ ਸਭ ਦਾ ਧੰਨਵਾਦ ਕੀਤਾ। ਸਭ ਪ੍ਰੋਗਰਾਮਾਂ ਲਈ ਫੋਟੋਗ੍ਰਾਫੀ, ਰਿਕਾਰਡਿੰਗ ਅਤੇ ਸੋਸਲ ਮੀਡੀਆ ਤੇ ਹਰਚਰਨ ਪਰਹਾਰ ਵਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਅਤੇ ਧੰਨਵਾਦ ਕੀਤਾ ਗਿਆ। ਮੀਡੀਆ ਵਲੋਂ ਰਿਸ਼ੀ ਨਾਗਰ ਰੈਡ ਐਫ.ਐਮ. ਵੀ ਸੈਮੀਨਾਰ ਵਿਚ ਹਾਜ਼ਰ ਸਨ। ਸਾਰੇ ਪ੍ਰੋਗਰਾਮਾਂ ਦੀ ਮੀਡੀਆ ਕਰਵੇਜ ਲਈ ਸਭ ਦਾ ਧੰਨਵਾਦ ਕੀਤਾ ਗਿਆ। ਸਭ ਨੂੰ ਅਗਲੇ ਮਹੀਨੇ 2 ਜੁਲਾਈ ਨੂੰ 2-5 ਵਜੇ ਤੱਕ ਕੋਸੋ ਹਾਲ ਵਿਖੇ ਹੋ ਰਹੀ ਮੀਟਿੰਗ 'ਚ ਪੁੱਜਣ ਦਾ ਸੱਦਾ ਦਿੱਤਾ ਗਿਆ ਹੈ। ਹੋਰ ਜਾਣਕਾਰੀ ਲਈ ਮਾ. ਭਜਨ ਨੂੰ ਫੋਨ 403-455-4220 ਕਰ ਸਕਦੇ ਹੋ।




























# ਹੈਲਥੀ ਲਾਈਫ਼ਸਟਾਈਲ ਫਾਊਂਡੇਸ਼ਨ ਵੱਲੋਂ ਔਰਤਾਂ ਦੀਆਂ ਬਿਮਾਰੀਆਂ ਸਬੰਧੀ ਕਰਵਾਇਆ ਸੈਮੀਨਾਰ



ਕੈਲਗਰੀ : ਹੈਲਥੀ ਲਾਈਫ਼ਸਟਾਈਲ ਫਾਊਂਡੇਸ਼ਨ ਨੇ ਬੀਤੇ ਦਿਨੀ ਜੈਨੇਸਿਸ ਸੈਂਟਰ ਦੇ ਖਚਾ-ਖਚ ਭਰੇ ਹਾਲ ਕਮਰੇ ਵਿਚ ਔਰਤਾਂ ਦੇ ਰੋਗਾਂ ਸਬੰਧੀ ਸੈਮੀਨਾਰ ਦਾ ਆਯੋਜਨ ਸੁਖਵਿੰਦਰ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਔਰਤਾਂ ਦੇ ਰੋਗ ਜਿਵੇਂ ਕਿ ਪੀ ਐਮ ਐਸ, ਪੀ ਸੀ ਓ ਐਸ, ਮੀਨੋਪਾਜ਼ ਸਬੰਧੀ ਭਰਪੂਰ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ ਗਈ।

ਸੁਖਵਿੰਦਰ ਸਿੰਘ ਬਰਾੜ ਨੇ ਪੋਲੀਸਿਸਟਿਕ ਓਵੇਰੀਅਨ ਸਿੰਡਰੋਮ ਸਬੰਧੀ ਬੋਲਦਿਆਂ ਦੱਸਿਆ ਕਿ ਇਹ ਰੋਗ ਪੀਰੀਅਡ ਸ਼ੁਰੂ ਹੋਣ ਤੋਂ ਬਾਅਦ ਕਿਸੇ ਵੀ ਉਮਰ ਵਿਚ ਹੋ ਸਕਦਾ ਹੈ। ਇਸ ਰੋਗ ਵਿਚ ਸੈਕਸ ਹਾਰਮੋਨਜ਼ ਦਰਮਿਆਨ ਅਸੰਤੁਲਨ ਵਧ ਜਾਂਦਾ ਹੈ ਜਿਸ ਕਾਰਨ ਓਵਰੀ ਚ ਅੰਡਾ ਪੂਰੀ ਤਰ੍ਹਾਂ ਨਹੀਂ ਬਣਦਾ ਅਤੇ ਇੱਕ ਗੱਠ ਦੀ ਸ਼ਕਲ ਧਾਰਨ ਕਰ ਲੈਂਦਾ ਹੈ ਜਿਸ ਨੂੰ ਸਿਸਟ ਕਹਿੰਦੇ ਹਨ। ਜਦੋਂ ਅਸੀਂ ਜ਼ਿਆਦਾ ਅਤੇ ਜਲਦੀ ਸੁਗਰ ਬਨਾਉਣ ਵਾਲੇ ਭੋਜਨ ਇਸਤੇਮਾਲ ਕਰਦੇ ਹਾਂ ਤਾਂ ਸਾਡਾ ਪੈਨਕਰੀਆ ਅਧਿਕ ਮਾਤਰਾ ਵਿਚ ਇਨਸੂਲਿਨ ਪੈਦਾ ਕਰਦਾ ਹੈ ਜਿਸ ਕਾਰਨ ਸਾਡੇ ਸਰੀਰ ਦਰਮਿਆਨ ਹਾਰਮੋਨ ਅਸੰਤੁਲਨ ਤੋਂ ਇਲਾਵਾ ਹੋਰ ਅਨੇਕਾਂ ਰਸਾਇਣਕ ਪ੍ਰੀਵਰਤਨ ਹੁੰਦੇ ਹਨ। ਗਾਂ ਦੇ ਦੁੱਧ ਵਿਚ ਪਾਏ ਜਾਣ ਵਾਲੇ ਸ਼ਕਤੀਸ਼ਾਲੀ ਐਸਟਰੋਜਨ ਬਲਦੀ ਅੱਗ ਤੇ ਤੇਲ ਪਾਉਣ ਦਾ ਹੀ ਕੰਮ ਕਰਦੇ ਹਨ।

ਇਸ ਰੋਗ ਦਾ ਜੇਕਰ ਸਮੇ ਤੇ ਨਾ ਇਲਾਜ ਕਰਵਾਇਆ ਜਾਵੇ ਤਾਂ ਸ਼ੂਗਰ ਰੋਗ ਵਿਚ ਤਬਦੀਲ ਹੋਣ ਦੇ ਆਸਾਰ ਵਧ ਜਾਂਦੇ ਹਨ। ਚੇਹਰੇ ਅਤੇ ਛਾਤੀ ਤੇ ਮਰਦਾਂ ਵਾਂਗ ਵਾਲ ਆਉਣਾ, ਆਵਾਜ਼ ਦਾ ਭਾਰੀ ਹੋਣਾ, ਮਰਦਾਂ ਵਾਂਗ ਸਿਰ ਦਾ ਗੰਜਾਪਣ ਅਤੇ ਪੇਟ ਤੇ ਫੈਟ ਦਾ ਵਧ ਜਾਣਾ ਆਦਿ ਇਸ ਰੋਗ ਦੇ ਲੱਛਣ ਹਨ। ਬਾਅਦ ਵਿਚ ਲੜਕੀਆਂ ਚ ਬਾਂਝਪਣ ਦੇ ਰੋਗ ਕਾਰਨ ਬੱਚੇ ਪੈਦਾ ਕਰਨ ਦੀ ਸਮਰੱਥਾ ਘਟ ਜਾਂਦੀ ਹੈ। ਘੱਟ ਮਾਤਰਾ ਵਿਚ ਮਿੱਠਾ ਅਤੇ ਕਾਰਬੋਹਾਈਡਰੇਟ ਸੇਵਨ ਕਰਨ ਤੋਂ ਇਲਾਵਾ ਰੋਜ਼ਾਨਾ ਕਸਰਤ, ਭਾਰ ਘਟਾਉਣਾ ਤੇ ਜੜੀਆਂ ਬੂਟੀਆਂ ਜਿਵੇਂ ਕਿ ਸਾਅ ਪਾਮੈਟੋ ਦੇ ਇਸਤੇਮਾਲ ਕਰਨ ਨਾਲ ਇਸ ਰੋਗ ਤੇ ਮੁਕੰਮਲ ਕਾਬੂ ਪਾਇਆ ਜਾ ਸਕਦਾ ਹੈ।

ਡਾਕਟਰ ਅਮਨਦੀਪ ਖਟੌੜ ਨੇ ਔਰਤਾਂ ਦੇ ਰੋਗਾਂ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕਰਦਿਆਂ ਜੰਕ ਫੂਡ, ਕੋਕ ਅਤੇ ਅਧਿਕ ਮਾਤਰਾ ਵਿਚ ਮਿੱਠਾ ਭਰਪੂਰ ਭੋਜਨ ਦੇ ਪ੍ਰਯੋਗ ਕਰਨ ਤੋਂ ਵਰਜਿਆ।

ਸੁਖਵਿੰਦਰ ਕੁੰਡੂ ਨੇ ਯੋਗਾ ਕਿਰਿਆਵਾਂ ਸਬੰਧੀ ਪ੍ਰਦਰਸ਼ਨੀ ਕਰਦਿਆਂ ਸਰੋਤਿਆਂ ਨੂੰ ਉਚੇਚੇ ਤੌਰ ਤੇ ਮਾਂਹਵਾਰੀ ਸਬੰਧੀ ਰੋਗਾਂ ਬਾਰੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਯੋਗ ਇੱਕ ਪੰਜ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੀ ਇਲਾਜ ਪ੍ਰਣਾਲੀ ਹੈ ਜੋ ਕਿ ਔਰਤਾਂ ਦੇ ਅਨੇਕਾਂ ਪ੍ਰਕਾਰ ਦੇ ਰੋਗ ਨਿਵਾਰਨ ਲਈ ਕਾਰਗਰ ਸਿੱਧ ਹੋ ਸਕਦੀ ਹੈ।

ਡਾਕਟਰ ਸਤਿੰਦਰ ਸੋਹੀ ਨੇ ਚਿੱਟੀ ਖੰਡ ਪ੍ਰਯੋਗ ਕਰਨ ਨਾਲ ਸਰੀਰ ਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਸਬੰਧੀ ਖੁੱਲ੍ਹ ਕੇ ਬਿਆਨ ਕਰਦਿਆਂ ਦੱਸਿਆ ਕਿ ਇਸ ਵਿਚ ਕੋਈ ਵੀ ਜ਼ਰੂਰੀ ਖੁਰਾਕੀ ਤੱਤ ਨਹੀਂ ਹੁੰਦਾ ਬਲਕਿ ਖਾਲੀ ਕੈਲਰੀਜ਼ ਹੀ ਹਨ। ਖੰਡ ਤਾਂ ਉਲਟ ਸਾਡੇ ਸਰੀਰ ਦੇ ਰੀਜ਼ਰਵ ਖਣਿਜ ਭੰਡਾਰ ਨੂੰ ਵੀ ਖ਼ਤਮ ਕਰਦੀ ਹੈ। ਇਸ ਦਾ ਸੇਵਨ ਕਰਨ ਨਾਲ ਅਨੇਕਾਂ ਰੋਗ ਜਿਵੇਂ ਕਿ ਕੈਂਸਰ, ਸ਼ੂਗਰ ਤੋਂ ਇਲਾਵਾ ਸਾਡੀਆਂ ਅੰਤੜੀਆਂ ਵਿਚ ਪਾਏ ਜਾਣ ਵਾਲੇ ਹਾਨੀਕਾਰਕ ਬੈਕਟੀਰੀਆ ਦਾ ਭੋਜਨ ਹੀ ਬਣਦੀ ਹੈ।

ਪਰਮਿੰਦਰ ਗਰੇਵਾਲ ਨੇ ਬਹੁਤ ਹੀ ਮਹੱਤਵਪੂਰਨ ਹੈਲਥੀ ਟਿਪਸ ਸਰੋਤਿਆਂ ਨਾਲ ਸਾਂਝੇ ਕੀਤੇ। ਉਹਨਾਂ ਦੱਸਿਆ ਕਿ ਜੇਕਰ ਤੁਸੀਂ ਹੈਲਥੀ ਭੋਜਨ ਖਾ ਕਿ ਸਾਰਾ ਦਿਨ ਸੋਫੇ ਤੇ ਹੀ ਬਿਤਾਉਣਾ ਹੈ ਤਾਂ ਕੀ ਫ਼ਾਇਦਾ । ਭੋਜਨ ਨੂੰ ਪਚਾਉਣਾ ਇਸ ਤੋਂ ਵੀ ਜ਼ਰੂਰੀ ਹੈ । ਉਹਨਾਂ ਰੋਜ਼ਾਨਾ ਕਸਰਤ, ਸੈਰ ਤੇ ਹੈਲਥੀ ਲਾਈਫ਼ਸਟਾਈਲ ਅਪਨਾਉਣ ਤੇ ਜ਼ੋਰ ਦਿੱਤਾ।

ਸਟੇਜ ਦੀ ਜ਼ਿੰਮੇਵਾਰੀ ਬਾਖ਼ੂਬੀ ਨਾਲ ਨਿਭਾਉਂਦਿਆਂ ਨਵਪਰੀਤ ਰੰਧਾਵਾ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਆਪਣੇ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਅੰਦਾਜ਼ ਨਾਲ ਸਰੋਤਿਆਂ ਦਾ ਧਿਆਨ ਬੁਲਾਰਿਆਂ ਨਾਲ ਜੋੜੀ ਰੱਖਣ ਵਿਚ ਭਰਪੂਰ ਸਫ਼ਲ ਰਹੇ। ਸਮਾਪਤ ।।






# ਕੈਨੇਡਾ ਭਰ 'ਚ ਫੀਲਡ ਹਾਕੀ ਦੀਆਂ ਗਤੀਵਿਧੀਆਂ ਜ਼ੋਰਾਂ ਤੇ



ਕੈਨੇਡਾ ਭਰ ਵਿੱਚ ਖੇਡੇ ਗਏ ਵੱਖ ਵੱਖ ਟੂਰਨਾਮੈਂਟਾਂ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲ਼ੀਆਂ ਟੀਮਾਂ।

- ਸੁਖਵੀਰ ਗਰੇਵਾਲ -

ਕੈਨੇਡਾ ਭਾਵੇਂ ਆਈਸ ਹਾਕੀ ਦਾ ਮੁਲਕ ਹੈ ਪਰ ਪੰਜਾਬੀਆਂ ਦੀ ਕੌਮੀ ਖੇਡ ਹਾਕੀ ਵੀ ਇੱਥੇ ਵੱਡੇ ਪੱਧਰ ਤੇ ਖੇਡੀ ਜਾਂਦੀ ਹੈ। ਭਾਰਤੀ ਹਾਕੀ ਨੂੰ ਭਾਵੇਂ ਇੱਥੇ ਫੀਲਡ ਹਾਕੀ ਦੇ ਨਾਲ਼ ਜਾਣਿਆ ਜਾਂਦਾ ਹੈ ਪਰ ਮਈ ਤੋਂ ਸ਼ੁਰੂ ਹੋ ਕੇ ਸਤੰਬਰ ਤੱਕ ਫੀਲਡ ਹਾਕੀ ਦਾ ਗਰਮ ਰੁੱਤ ਦਾ ਸੀਜ਼ਨ ਪੂਰੇ ਜ਼ੋਰਾਂ ਤੇ ਚੱਲਦਾ ਹੈ। 18 ਜੁਲਾਈ ਤੋਂ 25 ਜੁਲਾਈ ਤੱਕ ਸਰੀ ਵਿੱਚ ਕੌਮੀ ਫੀਲਡ ਹਾਕੀ ਫੈਸਟੀਵਲ ਫੀਲਡ ਹਾਕੀ ਕੈਨੇਡਾ ਦੇ ਬੈਨਰ ਹੇਠ ਕਰਵਾਇਆ ਜਾਣਾ ਹੈ। ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਮੁੰਡੇ ਤੇ ਕੁੜੀਆਂ ਦੀਆਂ ਛੇ ਕੌਮੀ ਚੈਂਪੀਅਨਸ਼ਿਪਾਂ (ਅੰਡਰ-15,ਅੰਡਰ-18 ਅਤੇ ਅੰਡਰ-23) ਇੱਕੋ ਵਾਰ ਇੱਕ ਹੀ ਜਗ੍ਹਾ ਤੇ ਹੋਣਗੀਆਂ। ਫੀਲਡ ਹਾਕੀ ਬ੍ਰਿਟਿਸ਼ ਕੋਲੰਬੀਆ ਨੇ ਇਸ ਫੈਸਟੀਵਲ ਨੂੰ ਪੱਖੋਂ ਸਫਲ ਬਣਾਉਣ ਲਈ ਪੂਰੀ ਤਿਆਰੀ ਕੀਤੀ ਹੈ। ਇਹਨਾਂ ਚੈਂਪੀਅਨਸ਼ਿਪਾਂ ਲਈ ਸੂਬਾਈ ਟੀਮਾਂ ਭੇਜਣ ਲਈ ਕੈਨੇਡਾ ਭਰ ਸੂਬਾਈ ਟੀਮਾਂ ਰਾਜ ਪੱਧਰੀ ਸਿਖਲਾਈ ਕੈਂਪਾਂ ਵਿੱਚ ਪੂਰੀ ਤਿਆਰੀ ਕਰ ਰਹੀਆਂ ਹਨ।

**ਸੁਰਿੰਦਰ ਲਾਇਨਜ਼ ਨੇ ਬੀ.ਸੀ. ਕਲੱਬ ਚੈਂਪੀਅਨਸ਼ਿਪ ਜਿੱਤੀ** : ਫੀਲਡ ਹਾਕੀ ਬ੍ਰਿਟਿਸ਼ ਕੋਲੰਬੀਆ ਵਲੋਂ 17 ਅਤੇ 18 ਜੂਨ ਨੂੰ ਬੀ.ਸੀ. ਫੀਲਡ ਹਾਕੀ ਕਲੱਬ ਚੈਂਪੀਅਨਸ਼ਿਪ (ਅੰਡਰ-18) ਕਰਵਾਈ ਗਈ। ਦੋਵੇਂ ਦਿਨ ਸੂਬੇ ਦੀਆਂ ਨਾਮੀਂ ਟੀਮਾਂ ਨੇ ਭਾਗ ਲਿਆ। ਫਸਵੇਂ ਮੁਕਾਬਲਿਆਂ ਤੋਂ ਬਾਅਦ ਸੁਰਿੰਦਰ ਲਾਇਨਜ਼ ਕਲੱਬ ਦੀ ਟੀਮ ਪਹਿਲੇ ਸਥਾਨ ਤੇ ਰਹੀ। ਵੈਸਟ ਵੈਨਕੂਵਰ ਕਲੱਬ ਦੀ ਟੀਮ ਨੂੰ ਦੂਜਾ ਸਥਾਨ ਮਿਲਿਆ। ਫਾਈਨਲ ਮੈਚ ਵਿੱਚ ਸੁਰਿੰਦਰ ਲਾਇਨਜ਼ ਨੇ ਵੈਸਟ ਵੈਨਕੂਵਰ ਨੂੰ 3-0 ਦੇ ਫਰਕ ਨਾਲ਼ ਹਰਾ ਦਿੱਤਾ। ਜੇਤੂ ਟੀਮ ਵਲੋਂ ਜਸਮੀਤ ਬੜਿੰਗ, ਜੈਸਨ ਧਾਲੀਵਾਲ ਅਤੇ ਚਾਈਲਸ ਰੌਵਨ ਨੇ ਇੱਕ ਇੱਕ ਗੋਲ਼ ਕੀਤਾ। ਸੁਰਿੰਦਰ ਲਾਇਨਜ਼ ਦਾ ਜੈਸਨ ਧਾਲੀਵਾਲ ਟੂਰਨਾਮੈਂਟ ਦਾ ਟੌਪ ਸਕੋਰਰ (ਅੱਠ ਗੋਲ਼) ਬਣਿਆ। ਗੋਬਿੰਦ ਸਰਵਰ ਦੀ ਟੀਮ ਨੇ ਤੀਜਾ ਅਤੇ ਹਾਕਸ ਕਲੱਬ ਨੂੰ ਚੌਥਾ ਸਥਾਨ ਮਿਲਿਆ।

**ਕੈਨੇਡੀਅਨ ਫੀਲਡ ਹਾਕੀ ਐਂਡ ਕਲਚਰਲ ਟੂਰਨਾਮੈਂਟ** : ਕੈਨੇਡੀਅਨ ਫੀਲਡ ਹਾਕੀ ਐਂਡ ਕਲਚਰਲ ਕਲੱਬ ਦਾ ਜੀ.ਟੀ.ਏ.ਵਿੱਚ ਚੰਗਾ ਨਾਂ ਹੈ। ਇਸ ਕਲੱਬ ਵਲੋਂ 10 ਅਤੇ 11 ਜੂਨ ਨੂੰ ਅੱਠਵਾਂ ਸਲਾਨਾ ਟੂਰਨਾਮੈਂਟ ਕਰਵਾਇਆ ਗਿਆ। ਇਹ ਟੂਰਨਾਮੈਂਟ 4 ਗਰਾਊਂਡਾਂ ਵਿੱਚ ਕਰਵਾਇਆ ਗਿਆ। ਕੁੱਲ੍ਹ ਅੱਠ ਉਮਰ ਵਰਗਾਂ ਵਿੱਚ 53 ਟੀਮਾਂ ਨੇ ਭਾਗ ਲਿਆ। ਅੰਡਰ-10 (ਕੋ-ਐਡ) ਵਰਗ ਵਿੱਚ 1. ਕੈਨੇਡੀਅਨ ਫੀਲਡ ਹਾਕੀ ਐਂਡ ਕਲਚਰਲ ਕਲੱਬ 2. ਚੈਲਸੀਆ ਕਲੱਬ 3. ਮੈਕਸ ਟੈਕ (ਏ) 4. ਮੈਕਸ ਟੈਕ (ਬੀ)। ਅੰਡਰ-12 (ਕੋ-ਐਡ) ਵਰਗ ਵਿੱਚ 1. ਬ੍ਰਹਮਟਨ ਫੀਲਡ ਹਾਕੀ ਕਲੱਬ 2. ਚੈਲਸੀਆ ਕਲੱਬ, 3. ਕੈਨੇਡੀਅਨ ਫੀਲਡ ਹਾਕੀ ਐਂਡ ਕਲਚਰਲ ਕਲੱਬ। ਅੰਡਰ-14(ਲੜਕੇ) ਵਰਗ 'ਚੋਂ 1. ਕੈਨੇਡੀਅਨ ਫੀਲਡ ਹਾਕੀ ਐਂਡ ਕਲਚਰਲ ਕਲੱਬ 2. ਛੈਲਸੀਆ 3. ਨੈਪੀਅਨ। ਅੰਡਰ-14 (ਲੜਕੀਆਂ) 'ਚੋਂ 1. ਗੋਆ, 2. ਮੈਵਰਿਕਸ 3.ਚੈਲਸੀਆ।ਅੰਡਰ-16 (ਲੜਕੇ)1. ਬ੍ਰਹਮਟਨ ਫੀਲਡ ਹਾਕੀ ਕਲੱਬ 2. ਚੈਲਸੀਆ 3. ਨੈਪੀਅਨ ਅੰਡਰ-16 (ਲੜਕੀਆਂ) 1. ਓਟਾਰੀਓ ਖਾਲਸਾ ਦਰਬਾਰ 2. ਡੌਲਫਿਨਸ 3. ਹਾਲਟਨ। ਅੰਡਰ-18 (ਲੜਕੇ) 1. ਓਟਾਰੀਓ ਖਾਲਸਾ ਦਰਬਾਰ 2. ਨੈਪੀਅਨ 3. ਹਾਲਟਨ। ਅੰਡਰ-18 (ਲੜਕੀਆਂ) 1. ਏ. ਸੀ. ਅਕੈਡਮੀ (ਏ) 2. ਏ. ਸੀ. ਅਕੈਡਮੀ (ਬੀ) 3. ਡੌਲਫਿਨਜ਼।

**ਅਲਬਰਟਾ ਕਲੱਬ ਹਾਕੀ ਚੈਂਪੀਅਨਸ਼ਿਪ** : ਕੈਲਗਰੀ ਯੂਨੀਵਰਸਿਟੀ ਦੇ ਐਸਟਰੋਟਰਫ ਖੇਡ ਮੈਦਾਨ ਅਲਬਰਟਾ ਫੀਲਡ ਹਾਕੀ ਵਲੋਂ ਸਟੇਟ ਪੱਧਰ ਦੀ ਅੰਤਰ ਕਲੱਬ ਫੀਲਡ ਹਾਕੀ ਚੈਂਪੀਅਨਸ਼ਿਪ ਕਰਵਾਈ ਗਈ ਜਿਸ ਵਿੱਚ ਛੇ ਕਲੱਬਾਂ ਨੇ ਭਾਗ ਲਿਆ। ਗਰੀਨ ਐਂਡ ਗੋਲਡ ਫੀਲਡ ਹਾਕੀ ਕਲੱਬ ਨੇ ਸਾਰੀਆਂ ਟੀਮਾਂ ਨੂੰ ਪਛਾੜਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ।

ਗਰੀਨ ਐਂਡ ਗੋਲਡ ਕਲੱਬ ਨੇ ਪੂਲ ਦੇ ਮੈਚਾਂ ਵਿੱਚ ਚੰਗਾ ਪ੍ਰਦਰਸ਼ਨ ਕਰਦੇ ਹੋਏ ਸੈਮੀਫਾਈਨਲ ਵਿੱਚ ਦਾਖਲਾ ਪਾਇਆ। ਸੈਮੀਫਾਈਨਲ ਵਿੱਚ ਇਸ ਕਲੱਬ ਨੇ ਕਿੰਗਜ਼ ਇਲੈਵਨ ਕਲੱਬ ਕੈਲਗਰੀ ਨੂੰ 3-0 ਦੇ ਫਰਕ ਨਾਲ਼ ਹਰਾਇਆ। ਇਸ ਮੈਚ ਵਿੱਚ ਕੇਟ ਨੇ ਦੋ ਅਤੇ ਸਿਮਰਤ ਸਿਵੀਆ ਨੇ ਇੱਕ ਗੋਲ਼ ਕੀਤਾ। ਫਾਈਨਲ ਮੈਚ ਵਿੱਚ ਗਰੀਨ ਐਂਡ ਗੋਲਡ ਕਲੱਬ ਨੇ ਪਿਛਲੇ ਸਾਲ ਦੀ ਜੇਤੂ ਐਸਟਰੋਜ਼ ਕਲੱਬ ਕੈਲਗਰੀ ਨੂੰ 2-1 ਦੇ ਫਰਕ ਨਾਲ਼ ਹਰਾਇਆ। ਜੇਤੂ ਟੀਮ ਵਲੋਂ ਸਿਮਰਤ ਸਿਵੀਆ ਅਤੇ ਜਸਦੀਪ ਸਿਵੀਆ ਨੇ 1-1 ਗੋਲ਼ ਕੀਤਾ। ਪੂਰੇ ਟੂਰਨਾਮੈਂਟ ਵਿੱਚ ਚੰਗੀ ਕਾਰਗੁਜ਼ਾਰੀ ਲਈ ਜਸਦੀਪ ਸਿਵੀਆ ਨੂੰ ਐਮ. ਵੀ. ਪੀ. (ਬਿਹਤਰੀਨ ਖਿਡਾਰਨ) ਐਲਾਨਿਆ ਗਿਆ। ਟੀਮ ਦੇ ਕੋਚ ਦਿਲਬਾਗ ਸਿੰਘ ਡੋਗਰਾ ਨੇ ਟੀਮ ਦੀ ਕਾਰਗੁਜ਼ਾਰੀ ਤਸੱਲੀ ਪ੍ਰਗਟ ਕਰਦੇ ਹੋਏ ਖਿਡਾਰੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ। ਗਰੀਨ ਐਂਡ ਗੋਲਡ ਟੀਮ: ਹਰਸਿਮਰਨ ਡੋਗਰਾ, ਸਿਮਰਤ ਸਿਵੀਆ, ਜਸਦੀਪ ਸਿਵੀਆ, ਪ੍ਰਿਆ ਮੱਲ੍ਹੀ, ਜਸਲੀਨ ਕੌਰ, ਅਮਰੀਤ ਗਰੇਵਾਲ, ਹਰਲੀਨ ਗਰੇਵਾਲ, ਪ੍ਰਭਲੀਨ ਗਰੇਵਾਲ, ਰਵਜੋਤ ਕੌਰ ਬਾਂਬਰਾ, ਮਰੀਕਾ, ਸਲਿਨ, ਆਸ਼ੀਮਾ ਰਤਨ, ਨਮੇਸ਼ਵੀ ਕੰਵਰ, ਮੌਰਗਨ, ਬਰਿਗਨ ਬੇਲਾ ਅਤੇ ਸਲਿਨ।

**ਕੈਲਗਰੀ ਫੀਲਡ ਹਾਕੀ ਫੈਸਟੀਵਲ** : ਫੀਲਡ ਹਾਕੀ ਅਲਬਰਟਾ ਵਲੋਂ 17 ਜੂਨ ਨੂੰ ਕੈਲਗਰੀ ਯੂਨੀਵਰਸਿਟੀ ਵਿੱਚ ਕੈਲਗਰੀ ਫੀਲਡ ਹਾਕੀ ਫੈਸਟੀਵਲ ਕਰਵਾਇਆ ਗਿਆ। ਇਸ ਵਿੱਚ ਅੰਡਰ-10, ਅੰਡਰ-12 ਅਤੇ ਅੰਡਰ-14 ਵਰਗ ਦੇ ਮੈਚ ਕਰਵਾਏ ਗਏ। ਅੰਡਰ-10 ਉਮਰ ਵਰਗ ਵਿੱਚ ਸੱਤ, ਅੰਡਰ-12 ਉਮਰ ਵਰਗ ਵਿੱਚ ਨੌਂ ਅਤੇ ਅੰਡਰ-14 ਉਮਰ ਵਰਗ ਵਿੱਚ ਵੀ ਨੌਂ ਟੀਮਾਂ ਨੇ ਭਾਗ ਲਿਆ। ਹਾਕਸ ਦੀਆਂ ਟੀਮਾਂ ਨੇ ਇਸ ਟੂਰਨਾਮੈਂਟ ਵਿੱਚ ਪਹਿਲੀ ਵਾਰ ਭਾਗ ਲਿਆ ਅਤੇ ਤਿੰਨਾਂ ਉਮਰ ਵਰਗਾਂ ਵਿੱਚ ਟੀਮਾਂ ਭੇਜੀਆਂ। ਬੱਚਿਆਂ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ਼ ਕਰਵਾਏ ਗਏ ਇਸ ਟੂਰਨਾਮੈਂਟ ਵਿੱਚ ਭਾਵੇਂ ਕਿਸੇ ਵੀ ਟੀਮ ਨੂੰ ਜੇਤੂ ਨਹੀਂ ਐਲਾਨਿਆ ਗਿਆ ਪਰ ਹਾਕਸ ਦੀਆਂ ਤਿੰਨੇ ਟੀਮਾਂ ਨੇ ਸਾਰੇ ਦੇ ਸਾਰੇ ਮੈਚ ਜਿੱਤ ਕੇ ਮੇਲਾ ਲੁੱਟ ਲਿਆ। ਅੰਡਰ-10 ਅਤੇ ਅੰਡਰ-12 ਉਮਰ ਵਰਗ ਦੀਆਂ ਹਾਕਸ ਟੀਮਾਂ ਨੇ ਸਭ ਦਾ ਮਨ ਮੋਹ ਲਿਆ। ਇਸ ਮੌਕੇ ਬਲਜਿੰਦਰ ਸਿੰਘ ਢੁੱਡੀਕੇ, ਕੰਵਰ ਪੰਨੂ, ਜਸਵੰਤ ਸਿੰਘ ਭਾਂਬਰਾ, ਕਮਲਜੀਤ ਸਿੰਘ ਗਰਚਾ ਹਾਜ਼ਰ ਸਨ। ਕਲੱਬ ਵਲੋਂ ਇਸ ਪ੍ਰਾਪਤੀ ਖਿਡਾਰੀਆਂ ਅਤੇ ਕੋਚਾਂ ਦਿਲਪਾਲ ਸਿੰਘ, ਮਨਦੀਪ ਸਿੰਘ ਅਤੇ ਸੁਰਿੰਦਰ ਸਿੰਘ ਨੂੰ ਹਾਰਦਿਕ ਵਧਾਈ ਦਿੱਤੀ ਗਈ।

# ਏਅਰਪੋਰਟ ਸਪੋਰਟਸ ਰੱਨਰਜ਼ ਕਲੱਬ ਦੇ ਵਧਦੇ ਕਦਮ



**ਬਰੈਂਪਟਨ/ਹਰਜੀਤ ਬੇਦੀ**

ਅੱਜ ਤੋਂ ਕੋਈ ਛੇ ਕੁ ਸਾਲ ਪਹਿਲਾ ਸੰਨ 2011 ਵਿੱਚ ਸੰਧੂਰਾ ਸਿੰਘ ਬਰਾੜ ਨੂੰ ਏਅਰਪੋਰਟ ਟੈਕਸੀ ਕੈਬ ਦੇ ਪ੍ਰਧਾਨ ਬਲਵਿੰਦਰ ਸਿੰਘ ਤੋਂ ਜਾਣਕਾਰੀ ਮਿਲੀ ਕਿ ਇੱਕ ਈਵੈਂਟ ਵਿੱਚ ਟੋਰਾਂਟੋ ਦੇ ਸੀ ਐਨ ਟਾਵਰ ਉੱਤੇ ਭਾਰੀ ਗਿਣਤੀ ਵਿੱਚ ਲੋਕ ਪੌੜੀਆਂ ਰਾਹੀਂ ਚੜ੍ਹਾਈ ਕਰਦੇ ਹਨ। ਉਸੇ ਸਾਲ ਅਕਤੂਬਰ ਵਿੱਚ ਹੋਏ ਈਵੈਂਟ ਵਿੱਚ ਸੰਧੂਰਾ ਸਿੰਘ ਬਰਾੜ ਨੇ ਆਪਣੇ ਦੋ ਸਾਥੀਆਂ ਰਾਕੇਸ਼ ਸ਼ਰਮਾ ਅਤੇ ਕੇਸਰ ਸਿੰਘ ਬੜੈਚ ਸਮੇਤ ਇਹ ਚੜ੍ਹਾਈ ਪੂਰੀ ਕੀਤੀ। ਇਸ ਤੋਂ ਅਗਲੇ ਸਾਲ 2012 ਵਿੱਚ ਇਸ ਟੀਮ ਵਿੱਚ 20 ਵਿਅਕਤੀ ਸ਼ਾਮਲ ਹੋਏ ਜਿਸ ਦੀ ਸਪਾਂਸਰਸ਼ਿੱਪ ਗਰੇਟਰ ਟੋਰਾਂਟੋ ਮਾਰਗੇਜ ਦੇ ਬਲਜਿੰਦਰ ਲੇਲਣਾ, ਜਸਪਾਲ ਧਾਲੀਵਾਲ ਅਤੇ ਉਹਨਾਂ ਦੀ ਟੀਮ ਨੇ ਕੀਤੀ। ਇਸ ਤੋਂ ਪਿੱਛੋਂ ਇਹਨਾਂ ਨੇ ਮੁੜ ਕੇ ਪਿੱਛੇ ਨਹੀਂ ਦੇਖਿਆ। ਹਰ ਸਾਲ ਇਸ ਟੀਮ ਦੇ ਮੈਂਬਰਾਂ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ।

ਸੰਨ 2014 ਵਿੱਚ ਭਿੰਦਰ ਸਿੰਘ ਸੇਖੋਂ ਦੀ ਸੂਚਨਾ ਤੇ ਸੰਧੂਰਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਦੇ ਇੰਨਸਪਾਈਰੇਸ਼ਨ ਸਟੈਂਪਸ ਮੈਰਾਥੋਨ ਈਵੈਂਟ ਵਿੱਚ ਹਰਭਜਨ ਸਿੰਘ ਗਿੱਲ, ਹਜ਼ੂਰਾ ਸਿੰਘ ਬਰਾੜ, ਜਸਵੀਰ ਸਿੰਘ ਪਾਸੀ ਅਤੇ ਪਰਦੀਪ ਕੌਰ ਪਾਸੀ ਸਮੇਤ ਪੰਜ ਮੈਂਬਰੀ ਟੀਮ ਰਜਿਸਟਰਡ ਕਰਵਾਈ। ਜੈਪਾਲ ਸਿੱਧੂ ਅਤੇ ਸਾਥੀਆਂ ਦੇ ਸਹਿਯੋਗ ਨਾਲ ਇਹ ਗਿਣਤੀ 2016 ਤੱਕ 100 ਤੋਂ ਉੱਪਰ ਹੋ ਗਈ। ਸਪੋਰਟਸ ਰੱਨਰਜ਼ ਕਲੱਬਦੀ ਟੀਮ ਨੇ ਇਸ ਸਾਲ ਇਸ ਈਵੈਂਟ ਲਈ ਖਾਣ ਪੀਣ ਅਤੇ ਪਾਣੀ ਦਾ ਪਰਬੰਧ ਕੀਤਾ। ਇਸ ਕਲੱਬ ਦੇ ਸਪਾਂਸਰਾਂ ਅਤੇ ਸਹਾਇਕਾਂ ਵਿੱਚ ਗਰੇਟਰ ਟੋਰਾਂਟੋ ਮਾਰਗੇਜ ਤੋਂ ਬਿਨਾਂ, ਬੀ ਬੀ ਆਟੋ, ਬਰੈਂਪਟਨ ਪੇਟਿੰਗ, ਹਾਈਲੈਂਡ ਆਟੋ, ਸਬ-ਵੇਅ, ਜੀਤ ਆਟੋ ਸ਼ਾਮਲ ਹਨ। ਇਸ ਸਾਲ ਪੀਅਰਸਨ ਏਅਰਪੋਰਟ ਸਪੋਰਟਸ ਰੱਨਰਜ਼ ਕਲੱਬ ਵਲੋਂ ਇਸ ਦੇ 30 ਤੋਂ ਵੱਧ ਮੈਂਬਰਾਂ ਦੁਆਰਾ ਸੀ ਐਨ ਟਾਵਰ ਤੇ ਪੌੜੀਆਂ ਰਾਹੀਂ ਸਫਲਤਾ ਪੂਰਬਕ ਚੜ੍ਹਾਈ, ਸਕੋਸ਼ੀਆ ਬੈਂਕ ਮੈਰਾਥੌਨ ਵਿੱਚ ਧਿਆਨ ਸਿੰਘ ਸੋਹਲ ਵਲੋਂ ਬੋਸਟਨ ਮੈਰਾਥੌਨ ਲਈ ਕੁਆਲੀਫਾਈਡ ਕਰਨਾ ਅਤੇ ਗੁਰੂ ਗੋਬਿੰਦ ਸਿੰਘ ਚਿਲਡਰਨ ਮੈਰਾਥੌਨ ਵਿੱਚ 150 ਤੋਂ ਵੱਧ ਮੈਂਬਰਾਂ ਦਾ ਭਾਗ ਲੈਣ ਤੇ ਪੁਜੀਸ਼ਨਾਂ ਹਾਸਲ ਕਰਨਾ ਇਸ ਕਲੱਬ ਦੇ ਵਧਦੇ ਹੋਏ ਕਦਮਾਂ ਦੀ ਨਿਸ਼ਾਨੀ ਹੈ। ਇਸ ਦੇ ਮੈਂਬਰਾਂ ਵਿੱਚ ਇੰਟਰਨੈਸ਼ਨਲ ਮੈਰਾਥੋਰੀਅਨ ਸੂਰਤ ਸਿੰਘ ਚਾਹਲ, ਸਵਰਨ ਸਿੰਘ, ਬਲਜਿੰਦਰ ਸੇਖੋਂ, ਕਰਮਜੀਤ ਸਿੰਘ,ਜਸਵੀਰ ਖਹਿਰਾ, ਸੁਖਦੇਵ ਸਿੱਧਵਾਂ, ਈਸ਼ਰ ਸਿੰਘ, ਮਨਜੀਤ ਸਿੰਘ, , ਹਰਬੰਸ ਸਿੰਘ ਬਰਾੜ, ਸੁਖਦੇਵ ਸੰਧੂ, ਬਲਕਾਰ ਸਿੰਘ ਹੇਅਰ, ਮਨਜਿੰਦਰ ਸੰਧੂ, ਗੁਰਮੇਜ ਰਾਏ, ਰੈਮੀ ਪੂਨੀਆਂ, ਮੁਖਤਿਆਰ ਸਿੰਘ ਮਹਿੰਦਰ ਸਿੰਘ ਘੁੰਮਣ, ਸ਼ੇਰੀ ਗਿੱਲ, ਬਿੰਦਰ ਰਾਏ, ਤਰਕਸ਼ੀਲ ਆਗੂ ਬਲਦੇਵ ਰਹਿਪਾ, ਸਿੱਖ ਸਪੋਕਸਮੈਨ ਦੇ ਮਾਲੂਕ ਕਾਹਲੋਂ ਸਮੇਤ 150 ਤੋਂ ਵੱਧ ਮੈਂਬਰ ਜਿੰਨ੍ਹਾ ਵਿੱਚ ਹਰ ਉਮਰ ਵਰਗ ਦੇ ਮੇਲ ਤੇ ਫੀਮੇਲ ਸ਼ਾਮਲ ਹਨ। ਇਹਨਾਂ ਨੂੰ ਡਾ: ਸੁਖਦੇਵ ਜੰਡ, ਪ੍ਰਿ: ਸਰਵਣ ਸਿੰਘ, ਪ੍ਰੋ: ਜੰਗੀਰ ਸਿੰਘ ਕਾਹਲੋਂ, ਪੰਜਾਬੀ ਚੈਨਲ ਦ ਰਾਜਬੀਰ ਦੀ ਅਗਵਾਈ ਵਿੱਚ ਚਮਕੌਰ ਮਾਛੀਕੇ ਦੀ ਕੈਮਰਾ ਟੀਮ, ਸਰੋਕਾਰਾਂ ਦੀ ਆਵਾਜ ਦੇ ਹਰਬੰਸ ਅਤੇ ਦਵਿੰਦਰ ਤੂਰ ਤੋਂ ਬਿਨਾਂ ਸਮੁੱਚੇ ਮੀਡੀਏ ਦਾ ਸਮਰਥਨ ਹਾਸਲ ਹੈ। ਏਅਰਪੋਰਟ ਰੱਨਰ ਕਲੱਬ ਦਾ ਇੰਨੇ ਘੱਟ ਸਮੇਂ ਵਿੱਚ ਅਜਿਹਾ ਮੁਕਾਮ ਹਾਸਲ ਕਰਨਾ ਇਸ ਦੇ ਆਗੂਆਂ ਦੀ ਦਿਆਨਤਦਾਰੀ, ਦੂਜਿਆਂ ਨੂੰ ਨਾਲ ਲੈ ਕੇ ਚੱਲਣ ਦੀ ਯੋਗਤਾ, ਹਾਊਮੇ ਰਹਿਤ ਹੋਣਾ, ਸਾਰੇ ਮੈਂਬਰਾਂ ਲਈ ਬਰਾਬਰ ਦਾ ਸਨਮਾਨ ਅਤੇ ਨਿਰਸਵਾਰਥ ਸੇਵਾ ਭਾਵਨਾ ਹੈ। ਅੱਜ ਕੱਲ ਇਸ ਸਪੋਰਟਸ ਕਲੱਬ ਵਲੋਂ ਅਕਤੂਬਰ ਵਿੱਚ ਹੋਣ ਵਾਲੀ ਮੈਰਾਥੋਨ ਲਈ ਤਿਆਰੀਆਂ ਜੋਰ ਸ਼ੋਰ ਨਾਲ ਚੱਲ ਰਹੀਆਂ ਹਨ। ਅਕਤੂਬਰ ਵਿੱਚ ਹੋਣ ਵਾਲੀ ਸਕੋਸ਼ੀਆ ਬੈਂਕ ਮੈਰਾਥੌਨ ਲਈ ਰਜਿਸਟਰੇਸ਼ਨ ਕਰਵਾਉਣ ਜਾਂ ਕਲੱਬ ਸਬੰਧੀ ਵਧੇਰੇ ਜਾਣਕਾਰੀ ਲਈ ਸੰਧੂਰਾ ਸਿੰਘ ਬਰਾੜ ਫੋਨ 416-275-9337, ਜੈਪਾਲ ਸਿੰਘ ਸਿੱਧੂ ਫੋਨ 416-837-1562, ਜਾਂ ਰਾਕੇਸ਼ ਸ਼ਰਮਾ ਫੋਨ 416-918-6858 ਤੇ ਫੋਨ ਕੀਤਾ ਜਾ ਸਕਦਾ ਹੈ।



# ਕੈਨੇਡਾ ਦੇ ਹਾਕੀ ਜਗਤ ਦੀ ਸੰਸਾਰਪੁਰੀ ਮਹਿਕ ਸੀ ਜੱਸੀ ਕੁਲਾਰ



ਪਿਛਲੇ ਦਿਨੀਂ ਟੋਰਾਂਟੋ ਵਿੱਚ ਇੱਕ ਮਹਾਨ ਖੇਡ ਹਸਤੀ ਜਗਜੀਤ ਸਿੰਘ ਕੁਲਾਰ ਸਾਡੇ ਕੋਲੋਂ ਵਿਛੜ ਗਈ। ਇਸ ਖਿਡਾਰੀ ਬਾਰੇ ਇੱਕ ਬਹੁਤ ਹੀ ਦਿਲਚਸਪ ਗੱਲ ਇਹ ਪਤਾ ਲੱਗੀ ਕਿ ਉਹਨਾਂ ਦਾ ਤਿੰਨ ਮੁਲਕਾਂ ਕੀਨੀਆ, ਭਾਰਤ ਅਤੇ ਕੈਨੇਡਾ ਨਾਲ਼ ਸੰਬੰਧ ਰਿਹਾ। ਇਹ ਪਰਿਵਾਰ ਹਾਕੀ ਦੇ ਮੱਕੇ ਸੰਸਾਰਪੁਰ ਨਾਲ਼ ਸੰਬਧਿਤ ਸੀ ਪਰ ਜਗਜੀਤ ਕੁਲਾਰ ਦਾ ਪਰਿਵਾਰ 1920 ਦੇ ਕਰੀਬ ਪੰਜਾਬ ਤੋਂ ਕੀਨੀਆ ਆ ਗਿਆ ਸੀ ਜਿੱਥੇ ਮੁੰਬਾਸਾ ਸ਼ਹਿਰ ਵਿੱਚ ਉਹਨਾਂ ਦਾ ਜਨਮ ਹੋਇਆ। ਜਗਜੀਤ ਸਿੰਘ ਦੇ ਪਿਤਾ ਬਚਿੱਤਰ ਸਿੰਘ ਕੁਲਾਰ ਖ਼ੁਦ ਚੰਗੇ ਖਿਡਾਰੀ ਸਨ ਅਤੇ ਉਹਨਾਂ ਨੂੰ ਹਾਕੀ ਨਾਲ਼ ਡੂੰਘਾ ਲਗਾਓ ਸੀ ਜਿਸ ਕਰਕੇ ਉਹਨਾਂ ਨੇ ਆਪਣੇ ਤਿੰਨੋਂ ਬੱਚਿਆਂ ਹਰਦਿਆਲ,ਜਗਜੀਤ ਅਤੇ ਹਰਦੇਵ ਨੂੰ ਹਾਕੀ ਖੇਡਣ ਵੱਲ ਪ੍ਰੇਰਿਆ। ਇਹ ਤਿੰਨੋਂ ਭਰਾ ਕੀਨੀਆ ਵਲੋਂ ਅੰਤਰਰਾਸ਼ਟਰੀ ਪੱਧਰ ਤੇ ਖੇਡੇ। ਕੀਨੀਆ ਵਿੱਚ ਸਕੂਲ ਪੱਧਰ ਤੇ ਹਾਕੀ ਖੇਡਣ ਤੋਂ ਬਾਅਦ ਜਗਜੀਤ ਨੇ ਆਪਣੇ ਪੁਰਖਿਆਂ ਦੀ ਧਰਤੀ ਪੰਜਾਬ ਵੱਲ ਰੁਖ਼ ਕਰ ਲਿਆ। ਲਾਇਲਪੁਰ ਖਾਲਸਾ ਕਾਲਜ ਵਿੱਚ ਉਹਨਾਂ 1964 ਵਿੱਚ ਦਾਖਲਾ ਲਿਆ। 1969 ਤੱਕ ਉਹ ਇਸ ਕਾਲਜ ਵਿੱਚ ਪੜ੍ਹਾਈ ਦੇ ਨਾਲ਼-ਨਾਲ਼ ਹਾਕੀ ਦੇ ਚੋਟੀ ਦੇ ਖਿਡਾਰੀ ਬਣ ਗਏ। 1968 ਵਿੱਚ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਹਾਕੀ ਟੀਪ ਕਪਤਾਨ ਵੀ ਰਹੇ। ਇਸੇ ਸਾਲ ਉਹਨਾਂ ਨੂੰ ਰੈਸਟ ਆਫ ਇੰਡੀਆ ਦੀ ਟੀਮ ਲਈ ਚੁਣਿਆ ਗਿਆ ਜਿਸ ਨੇ ਭਾਰਤੀ ਟੀਮ ਨਾਲ਼ ਟੈਸਟ ਮੈਚ ਵੀ ਖੇਡੇ। 1969 ਵਿੱਚ ਉਹਨਾਂ ਕੀਨੀਆ ਵਾਪਿਸ ਆ ਕੇ ਨੈਰੋਬੀ ਯੂਨੀਵਰਸਿਟੀ ਵਿੱਚ ਦਾਖਲਾ ਲਿਆ ਅਤੇ ਸਭ ਤੋਂ ਸਿਖਰਲੇ ਹਾਕੀ ਕਲੱਬ ਸਿੱਖ ਯੂਨੀਅਨ ਵਲੋਂ ਖੇਡਣਾ ਸ਼ੁਰੂ ਕੀਤਾ। ਇਸੇ ਸਾਲ ਕੀਨੀਆ ਦੀ ਟੀਮ ਭਾਰਤ ਦੇ ਦੌਰੇ ਤੇ ਗਈ ਤਾਂ ਜਗਜੀਤ ਦੀ ਚੋਣ ਵੀ ਇਸ ਟੀਮ ਲਈ ਹੋਈ ਅੰਮ੍ਰਿਤਸਰ ਵਿੱਚ ਉਹਨਾਂ ਭਾਰਤ ਵਿਰੁੱਧ ਆਪਣਾ ਪਹਿਲਾ ਕੌਮਾਂਤਰੀ ਮੈਚ ਖੇਡਿਆ। ਇਹ ਸਮਾਂ ਉਹਨਾਂ ਦੀ ਖੇਡ ਵਿੱਚ ਨਿਖਾਰ ਦਾ ਦੌਰ ਸੀ। ਇਸੇ ਨਿਖਾਰ ਦੇ ਸਦਕਾ ਹੀ ਉਹ ਚੋਣਕਾਰਾਂ ਦੀ ਨਜ਼ਰੇ ਚੜ੍ਹ ਗਏ ਅਤੇ 1968 ਦੀ ਮੈਕਸੀਕੋ ਉਲੰਪਿਕ ਲਈ ਉਹਨਾਂ ਦੀ ਚੋਣ ਕੀਨੀਆ ਦੀ ਟੀਮ ਲਈ ਹੋ ਗਈ। 1972 ਦੀ ਮਿਊਨਿਖ ਉਲੰਪਿਕ ਲਈ ਕੀਨੀਆ ਦੀ ਟੀਮ ਬਣਨ ਲੱਗੀ ਤਾਂ ਜਗਜੀਤ ਪਹਿਲੀ ਪਸੰਦ ਬਣਕੇ ਟੀਮ ਦਾ ਹਿੱਸਾ ਬਣੇ। ਇਹਨਾਂ ਦੋਵੇਂ ਉਲੰਪਿਕਾਂ ਤੋਂ ਇਲਾਵਾ ਉਹ 1971 ਅਤੇ 1973 ਦੇ ਵਿਸ਼ਵ ਕੱਪਾਂ ਲਈ ਵੀ ਕੀਨੀਆ ਵਲੋਂ ਖੇਡੇ। 1973 ਵਿੱਚ ਭਾਵੇਂ ਉਹ ਪਰਿਵਾਰ ਸਮੇਤ ਕੈਨੇਡਾ ਆ ਗਏ ਪਰ ਹਾਕੀ ਨਾਲ਼ ਪਿਆਰ ਉਹੀ ਰਿਹਾ। ਫੀਲਡ ਹਾਕੀ ਓਟਾਂਰੀਓ ਅਤੇ ਫੀਲਡ ਹਾਕੀ ਕਿਊਬਕ ਰਾਹੀਂ ਦੋਵੇਂ ਸੂਬਿਆਂ ਵਿੱਚ ਫੀਲਡ ਹਾਕੀ ਦੀਆਂ ਜੜ੍ਹਾਂ ਹੋਰ ਡੂੰਘੀਆਂ ਕਰਨ ਲਈ ਉਹਨਾਂ ਨੇ ਪੂਰੇ ਸਿਰੜ ਨਾਲ਼ ਕੰਮ ਕੀਤਾ। ਉਸ ਸਮੇਂ ਦੇ ਮਾਂਟਰੀਅਲ ਕੱਪ ਨੂੰ ਸਿਖਰ ਤੇ ਪਹੁੰਚਾਉਣ ਲਈ ਜਗਜੀਤ ਕੁਲਾਰ ਦਾ ਵਿਸ਼ੇਸ਼ ਯੋਗਦਾਨ ਸੀ। 1992 ਵਿੱਚ ਉਹਨਾਂ ਨੇ ਕੈਨੇਡਾ ਦੀ ਟੀਮ ਦਾ ਸਪੇਨ ਅਤੇ ਇਟਲੀ ਦਾ ਦੌਰਾ ਲਵਾਉਣ ਵਿੱਚ ਵੱਡਾ ਯੋਗਦਾਨ ਪਾਇਆ। 1999 ਵਿੱਚ ਫੀਲਡ ਹਾਕੀ ਓਟਾਂਰੀਓ ਵਿੱਚ ਉਹਨਾਂ ਨੂੰ ਟੈਕਨੀਕਲ ਡਾਇਰੈਕਟਰ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਅਹੁਦੇ ਉਪਰ ਰਹਿੰਦਿਆਂ ਉਹਨਾਂ ਨੇ ਅੰਪਾਇਰਿੰਗ, ਕੋਚਿੰਗ ਵਿੱਚ ਆਧੁਨਿਕ ਤਕਨੀਕਾਂ ਲਿਆਉਣ ਵਿੱਚ ਮੋਹਰੀ ਭੂਮਿਕਾ ਨਿਭਾਈ। 2001 ਵਿੱਚ ਫੀਲਡ ਹਾਕੀ ਓਟਾਂਰੀਓ ਵਿੱਚ ਜਗਜੀਤ ਕੁਲਾਰ ਨੂੰ ਐਗਜ਼ੀਕਿਊਟਿਵ ਡਾਇਰੈਕਟਰ ਦੇ ਅਹੁਦੇ ਦੀ ਤਰੱਕੀ ਦਿੱਤੀ ਗਈ ਜਿੱਥੋਂ ਉਹ 2005 ਵਿੱਚ ਸੇਵਾ ਮੁਕਤ ਹੋਏ। ਇਸੇ ਸਾਲ ਉਹਨਾਂ ਨੇ ਏ.ਕੇ. ਪਰੋ ਨਾਂ ਦਾ ਬਿਜ਼ਨੈਸ ਖੋਲ੍ਹਿਆ ਜਿਸ ਨੇ ਫੀਲਡ ਹਾਕੀ ਨੂੰ ਮਿਆਰੀ ਸਾਜ਼ੋ ਸਮਾਨ ਮੁਹੱਈਆ ਕਰਵਾਉਣ ਦੇ ਨਾਲ਼ ਨਾਲ਼ ਟੂਰਨਾਮੈਂਟਾਂ ਨੂੰ ਵੀ ਸਪਾਂਸਰ ਕੀਤਾ। ਹਾਕੀ ਜਗਤ ਵਿੱਚ 'ਜੱਸੀ', 'ਜੈਸੀ' ਅਤੇ 'ਜੀਤੀ' ਨਾਵਾਂ ਨਾਲ਼ ਜਾਣੇ ਜਾਂਦੇ ਇਸ ਮਹਾਨ ਖਿਡਾਰੀ ਨੇ ਸਿਰਫ ਖੇਡ ਮੈਦਾਨ ਵਿੱਚ ਪੈੜਾਂ ਪਾਉਣ ਦੇ ਨਾਲ਼-ਨਾਲ਼ ਹਾਕੀ ਨੂੰ ਇੱਕ ਇਸ਼ਕ ਵਾਂਗ ਹੰਢਾਇਆ। ਆਪਣੀ ਜ਼ਿੰਦਗੀ ਵਿੱਚ ਉਹ ਜਿੱਥੇ ਵੀ ਗਏ ਹਾਕੀ ਨੂੰ ਸੀਨੇ ਨਾਲ਼ ਲਾਈ ਰੱਖਿਆ। ਜਲੰਧਰ, ਕੀਨੀਆ ਅਤੇ ਕੈਨੇਡਾ ਦੇ ਹਾਕੀ ਗਲਿਆਰਿਆਂ ਵਿੱਚ ਉਹਨਾਂ ਦੀ ਫੇਰੀ ਦੀਆਂ ਯਾਦਾਂ ਦੇਰ ਤੱਕ ਤਾਜ਼ਾ ਰਹਿਣਗੀਆਂ। ਆਮੀਨ !

-ਸੁਖਵੀਰ ਗਰੇਵਾਲ

# ਖੇਡ, ਸਿਆਸਤ ਤੇ ਨਫਰਤ

**ਬਖਸ਼ੀਸ਼ ਅਜ਼ਾਦ**



ਭਾਰਤ ਤੇ ਪਾਕਿਸਤਾਨ ਦਾ ਕਿਕਟ ਮੈਚ ਹੋਇਆ। ਮੈਚ ਤੋਂ ਪਹਿਲਾਂ ਤੇ ਬਾਅਦ ਚ ਸਾਰੇ ਪਾਸੇ ਸਿਰਫ ਨਫਰਤ ਹੀ ਨਫਰਤ ਨਜ਼ਰ ਆਈ।

ਖੇਡ ਸਿਹਤਮੰਦੀ, ਸਦਭਾਵਨਾ, ਸਹਿਯੋਗ ਤੇ ਮਿਲਵਰਤਨ ਲਈ ਹੁੰਦੀ ਹੈ। ਪਰ ਜਦੋਂ ਦਾ ਲੋਕਾਂ ਦੀ ਮਾਨਸਿਕਤਾ ਤੇ ਖੇਡ ਨੂੰ ਪੂੰਜੀ, ਮੁਨਾਫਖੋਰ ਮੀਡੀਆ ਤੇ ਸੋੜੀ ਸਿਆਸਤ ਦੁਆਰਾ ਪੂਰੀ ਤਰ੍ਹਾਂ ਕੰਟਰੋਲ ਕੀਤਾ ਜਾ ਰਿਹੈ ਉਦੋਂ ਤੋਂ ਖੇਡਾਂ ਤੇ ਖੇਡ ਭਾਵਨਾ ਦਾ ਰੂਪ ਹੀ ਬਦਲ ਦਿੱਤਾ ਗਿਐ। ਸਾਮਰਾਜ ਤੇ ਮੁਨਾਫਾਖੋਰਾਂ ਦੀ ਰਖੇਲ ਸੋੜੀ ਸਿਆਸਤ ਜੋ ਆਪਣੀਆਂ ਪੂੰਜੀਪਤੀ ਤੇ ਮੁਨਾਫਾਖੋਰੀ ਪੱਖੀ ਲੋਕਮਾਰੂ ਨੀਤੀਆਂ ਨਾਲ ਜਨਤਾ ਦਾ ਬੂਰਾ ਹਾਲ ਕਰ ਚੁੱਕੀ ਹੈ, ਉਸ ਵੱਲੋਂ ਲੋਕਾਂ ਦਾ ਧਿਆਨ ਲੋਕਾਂ ਦੀ ਅਸਲੀ ਮੰਦੀ ਹਾਲਤ ਦੇ ਮੁਦਿਆਂ ਤੋਂ ਭਟਕਾ ਕੇ ਹੋਰ ਫਜ਼ੂਲ ਮੁੱਦਿਆਂ 'ਤੇ ਕੇਂਦਰਤ ਕਰਨ ਲਈ ਫਿਰਕਾਪ੍ਰਸਤੀ, ਜਾਤੀਵਾਦ, ਧਾਰਮਿਕ ਭਾਵਨਾਵਾਂ ਨੂੰ ਠੇਸ, ਅੰਨਾ ਰਾਸ਼ਟਰਵਾਦ, ਤੇ ਹੋਰ ਜਨੂੰਨੀ ਮੁੱਦਿਆਂ 'ਤੇ ਕੇਂਦਰਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਐ ਤੇ ਇਸ ਕੋਸ਼ਿਸ਼ ਵਿਚ ਇਹ ਸਿਆਸਤ ਪੁਰੀ ਤਰਾਂ ਸਫਲ ਵੀ ਹੋ ਰਹੀ ਐ। ਅਨਪੜ੍ਹ ਤੇ ਪੜੇ ਲਿਖੇ ਕਹਾਉਣ ਵਾਲੇ ਡਿਗਰੀਧਾਰਕ ਵੀ ਇਸ ਮਾਨਸਿਕਤਾ ਦੀ ਲਪੇਟ ਚ ਹਨ। ਕ੍ਰਿਕਟ ਦੀ ਖੇਡ ਨੂੰ ਵੀ ਮੀਡੀਆ ਸ਼ਕਤੀ ਰਾਹੀ ਇਕ ਨਫਰਤੀ ਜਨੂੰਨ ਵਿਚ ਬਦਲ ਦਿੱਤਾ ਗਿਆ ਹੈ। ਖੇਡ ਦੇ ਮਿਲਵਰਤਨ ਤੇ ਸਹਿਯੋਗ ਵਰਗੇ ਉਦੇਸ਼ ਖਤਮ ਕਰਕੇ ਜੰਗ ਜਾਂ ਲੜਾਈ ਵਾਂਗ ਪੇਸ਼ ਕੀਤਾ ਗਿਆ ਹੈ। ਲੋਕ ਚੰਗੇ ਖਿਡਾਰੀਆਂ ਦੀ ਖੇਡ ਦਾ ਆਨੰਦ ਮਾਨਣ ਲਈ ਨਹੀਂ ਸਗੋਂ ਸਿਆਸਤ ਦੀ ਸੋਚੀ ਸਮਝੀ ਸਕੀਮ ਦਾ ਸ਼ਿਕਾਰ ਹੋ ਕੇ ਮੀਡੀਆ ਦੀ ਪੈਦਾ ਕੀਤੀ ਝੂਠੀ ਤੇ ਅੰਨੀ ਰਾਸ਼ਟਰਵਾਦੀ ਨਫਰਤ ਦਾ ਪ੍ਰਗਟਾਵਾ ਕਰਨ ਲਈ ਮੈਚ ਦੇਖ ਰਹੇ ਸਨ। ਪਾਕਿਸਤਾਨ ਦੇ ਖਿਡਾਰੀ ਚੰਗਾ ਖੇਡੇ ਤੇ ਜਿੱਤ ਗਏ, ਪਰ ਮੀਡੀਆ ਦੀ ਪੈਦਾ ਕੀਤੀ ਮਾਨਸਿਕਤਾ ਵਾਲੇ ਲੋਕਾਂ ਨੂੰ ਖੇਡ ਦੀ ਇਕ ਟੀਮ (ਵਿਰਾਟ ਕੋਹਲੀ ਵਾਲੀ) ਦੀ ਹਾਰ ਦਾ ਜੱਗੋਂ ਤੇਰਵਾਂ ਤੇ ਅੰਤਾ ਦਾ ਦੱਖ ਹੋਇਆ। ਲੋਕ ਜਿਤਣ ਵਾਲੀ ਟੀਮ ਨੂੰ ਤੇ ਖਿਡਾਰੀਆਂ ਨੂੰ ਗਾਲ੍ਹਾਂ ਤੱਕ ਕੱਢ ਰਹੇ ਸਨ। .....ਐਨੀ ਨਫਰਤ.... ਬਸ ਪੁਛੋ ਨਾ...। ਐਨਾ ਦੁਖ ਇਨਾ ਲੋਕਾਂ ਨੂੰ ਭਾਰਤ ਦੇ ਸਰਕਾਰੀ ਨੀਤੀਆਂ ਨਾਲ ਹੋਈ ਬੁਰੀ ਹਾਲਤ ਨਾਲ ਰੋਜਾਨਾ ਖੁਦਕੁਸ਼ੀਆਂ ਕਰਕੇ ਮਰ ਰਹੇ ਕਿਸਾਨ ਮਜਦੂਰ ਵੇਖ ਕੇ, ਸਰਕਾਰੀ ਨੀਤੀਆਂ ਨਾਲ ਬੇਰੁਜਗਾਰੀ ਦੀ ਭੰਨੀ ਨੌਜਵਾਨ ਪੀੜ੍ਹੀ ਦੀ ਦਸ਼ਾ ਵੇਖ ਕੇ ਜਾਂ ਅੰਧ ਵਿਸ਼ਵਾਸ਼ ਪਾ ਕੇ ਲੁੱਟੀ ਜਾ ਰਹੀ ਜਨਤਾ ਦੀ ਹਾਲਤ ਵੇਖ ਕੇ ਜ਼ਾਂ ਮਹਿੰਗਾਈ ਨਾਲ ਜਨਤਾ ਦੀ ਕੀਤੀ ਜਾ ਰਹੀ ਲੁੱਟ ਦੇਖ ਕੇ ਜਾਂ ਹੋਰ ਹੋ ਰਹੇ ਧੱਕੇ, ਜੁਲਮ ਤੇ ਅਨਿਆਂ ਵੇਖ ਕੇ ਵੀ ਨਹੀਂ ਹੁੰਦਾ। ਲੋਕਾਂ ਦੀ ਇਹ ਮਾਨਸਿਕਤਾ ਬਨਾਉਣ ਲਈ ਸਿਰਫ ਤੇ ਸਿਰਫ ਮੁਨਾਫਾ ਕਮਾਉਣ ਲਈ ਕੰਮ ਕਰ ਰਿਹਾ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਇਸ ਕੰਮ ਲਈ ਪੈਸੇ ਧਨ ਦੇ ਕੇ ਸਭ ਤੋਂ ਵੱਡੇ ਹਥਿਆਰ ਦੇ ਰੂਪ ਵਿਚ ਵਰਤਿਆ ਜਾ ਰਿਹਾ ਐ। ਪੈਸੇ ਕਮਾਉਣ ਲਈ ਕੰਮ ਕਰਨ ਵਾਲਾ ਇਹ ਮੀਡੀਆ ਜਿਸ ਪਾਸੇ ਤੋਂ ਪੈਸੇ ਮਿਲ ਜਾਣ ਉਸ ਪਾਸੇ ਦੀ ਬੋਲੀ ਬੋਲਣ ਲੱਗ ਪੈਂਦਾ ਹੈ। ਇਸ ਲਈ ਆਮ ਲੋਕਾਂ ਨੂੰ ਮੁੱਦਿਆਂ ਦੀ ਅਸਲੀ ਹਕੀਕਤ ਤੋਂ ਉਲਟ ਹੀ ਜਾਣਕਾਰੀ ਪੇਸ਼ ਕੀਤੀ ਜਾਂਦੀ ਹੈ। ਲੋਕਾਂ ਦੀ ਮਾਨਸਿਕਤਾ ਨੂੰ ਮੀਡੀਆਂ ਦੀ ਸ਼ਕਤੀ ਰਾਹੀ ਕੰਪਨੀਆਂ ਦੁਆਰਾ ਚਲਾਈ ਜਾ ਰਹੀ ਸਿਆਸਤ ਦੁਆਰਾ ਮਨ ਚਾਹੇ ਢੰਗ ਨਾਲ ਆਪਣੇ ਮੁਨਾਫਾ ਹਿੱਤਾ ਲਈ ਉਸਾਰਿਆ ਜਾਦਾ ਹੈ। ਮੁੱਦਾ ਚਾਹੇ ਕਸ਼ਮੀਰ ਹੋਵੇ, ਚਾਹੇ ਦਲਿਤਾਂ ਨਾਲ ਹੋ ਰਹੇ ਜੁਲਮ ਦਾ ਹੋਵੇ, ਚਾਹੇ ਨੋਟਬੰਦੀ ਦਾ ਹੋਵੇ, ਚਾਹੇ ਇਲੈਕਸ਼ਨ ਸਮੇਂ ਵੋਟਾਂ ਪਾਉਣ ਲਈ ਹਵਾ ਬਣਾਉਣ ਦਾ ਹੋਵੇ,... ਲੋਕਾਂ ਦੀ ਸੋਚ ਸਮਝ ਤੇ ਮਾਨਸਿਕਤਾ ਨੂੰ ਵਿਕਾਊ ਮੀਡੀਆ ਸ਼ਕਤੀ ਨਾਲ ਸਚਾਈ ਤੋਂ ਕੋਹਾਂ ਦੂਰ ਮਨਮਾਨੇ ਢੰਗ ਨਾਲ ਤੈਅ ਕਰ ਦਿੱਤਾ ਜਾਂਦੈ।

ਖੇਡਾਂ ਦੇ ਟੂਰਨਾਮੈਂਟਾਂ ਨੂੰ ਸਾਮਰਾਜੀ ਪੂੰਜੀਵਾਦੀ ਕੰਪਨੀਆਂ ਸੰਚਾਲਿਤ ਕਰਦੀਆਂ ਹਨ ਜਿਹਨਾਂ ਦਾ ਮਕਸਦ ਆਪਣੇ ਮਾਲ ਦੀ ਮਸ਼ਹੂਰੀ ਕਰਕੇ ਮੁਨਾਫੇ ਕਮਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੁੰਦਾ। ਕ੍ਰਿਕਟ ਤਾਂ ਸਿਰਫ ਪੂੰਜੀਵਾਦੀ ਮੁਨਾਫੇ ਦੀ ਖੇਡ ਹੀ ਬਣ ਗਈ ਹੈ। ਕੰਪਨੀਆਂ ਨੂੰ ਮਾਲ ਦੀ ਮਸ਼ਹੂਰੀ ਲਈ ਕੁਝ ਲੋਕਾਂ ਚ ਮਕਬੂਲ ਹੋ ਚੁਕੇ ਚਿਹਰੇ ਚਾਹੀਦੇ ਹੁੰਦੇ ਹਨ, ਕ੍ਰਿਕਟ ਦੀ ਮਹਿੰਗੀ ਖੇਡ ਰਾਹੀ ਕੰਪਨੀਆਂ ਕੁਝ ਚਿਹਰਿਆਂ ਨੂੰ ਲੋਕ ਮਨਾਂ ਦੇ ਹੀਰੋ ਬਣਾਉਦੇ ਹਨ ਫਿਰ ਉਨਾਂ ਰਾਹੀ ਆਪਣੇ ਮਾਲ ਦੀ ਮਸ਼ਹੂਰੀ ਕਰਾਕੇ ਮੋਟੇ ਮੁਨਾਫੇ ਕਮਾਉਂਦੇ ਹਨ। ਇਸ ਤਰਾਂ ਸਿਆਸਤ ਲੋਕਾਂ ਦਾ ਧਿਆਨ ਲੋਕਮਾਰੂ ਨੀਤੀਆਂ ਤੇ ਮੁਦਿੱਆਂ ਤੋਂ ਪਾਸੇ ਹਟਾਉਣ ਲਈ ਤੇ ਕੰਪਨੀਆਂ ਆਪਣੇ ਮਾਲ ਦੀ ਮਸ਼ਹੂਰੀ ਲਈ ਖੇਡ ਨੂੰ ਵੀ ਇਕ ਸਾਜਿਸ਼ ਵਾਂਗ ਵਰਤ ਰਹੀਆਂ ਹਨ।

# ਸੁਰਿੰਦਰ ਧੰਜਲ ਬਣਿਆਂ ਪ੍ਰੋ.ਫੈਸਰ ਅਮੈਰੀਟਸ

ਮਾਲਵੇ ਦੇ ਇਕ ਦੂਰਦੁਰਾਡੇ ਪਿੰਡ ਚੱਕ ਭਾਈਕਾ (ਜ਼ਿਲਾਸੰਗਰੂਰ) ਦੇ ਕਿਰਤੀ ਰਲਾ ਸਿੰਘ ਮਿਸਤਰੀ ਦੇ ਘਰ ਜੰਮਿਆਂ ਤੇ ਦੁਸ਼ਵਾਰੀਆਂ ਤੇ ਆਰਥਕ ਚੁਣੌਤੀਆਂ ਨਾਲ ਜੂਝ ਕੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਤੋਂ ਅਲੈਕਰਟੀਕਲ ਇੰਜੀਨੀਅਰਿੰਗ ਦੀ ਡਿਗਰੀ ਲੈਣ ਵਾਲਾ ਸੁਰਿੰਦਰ ਧੰਜਲ! ਜਿਨ੍ਹਾਂ ਦਰਿਆਵਾਂ ਦੇ ਮੱਥਿਆਂ 'ਚ ਚੰਦਾਂ-ਤਾਰਿਆਂ ਦੀ ਪਰਕਰਮਾ ਕਰਨ ਦੀ ਜਗਿਆਸਾ ਹੋਵੇ, ਦੁਸ਼ਵਾਰੀਆਂ ਉਹਨਾਂ ਦੇ ਸਿਦਕ ਨੂੰ ਖੁੰਢਾ ਕਰਨ ਦੇ ਸਮਰੱਥ ਨਹੀਂ ਹੁੰਦੀਆਂ। ਧੰਜਲ ਦੇ ਸਾਹਾਂ 'ਚ ਬਾਪੂ ਰਲਾ ਸਿੰਘ ਦੇ ਉਸ ਪਸੀਨੇ ਦੀ ਨਮੀ ਸੀ ਜਿਹੜਾਭੱਠੀ 'ਚ ਦਗ਼ਦੇ ਕੋਲਿਆਂ 'ਚ ਲਾਲ ਹੋਏ ਫਾਲਿਆਂ ਨੂੰ ਚੰਡਣ ਵੇਲੇ ਬਾਪੂ ਦੇ ਮੱਥੇ ਤੋਂ ਤਿਲਕਦਾ ਹੋਇਆ ਉਸ ਦੇ ਸਾਰੇ ਸਰੀਰ ਨੂੰ ਸਿੰਜ ਦਿੰਦਾ ਸੀ।

ਸਾਈਕਲਾਂ ਦੀਆਂ ਚੇਨਾਂ 'ਚ ਫਾਂਟਾਂ ਵਾਲੇ ਪਜਾਮੇ ਦੀਆਂ ਮੂਹਰੀਆਂ ਦੇ ਨਾਲ ਨਾਲ ਆਪਣੇ ਗਿੱਟਿਆਂ ਨੂੰ ਜ਼ਖ਼ਮੀ ਕਰਾਉਣ ਵਾਲਾ ਧੰਜਲ 1972 ਵਿੱਚ ਕੈਨਡਾ ਆਇਆ; ਠੰਢੇ ਮੌਸਮ ਤੇ ਠੰਡੇ ਆਰਥਕ ਹਾਲਾਤ ਨਾਲ ਜੱਫੋਜੱਫੀ ਹੁੰਦਿਆਂ ਅਲੈਕਟਰੀਕਲ ਇੰਜੀਨੀਅਰਿੰਗਅਤੇ ਕੰਪਿਊਟਰ ਵਿਚ ਦੋ ਮਾਸਟਰਜ਼ ਡਿਗਰੀਆਂ ਕਰ ਕੇ ਕੈਮਲੂਪਸ ਸ਼ਹਿਰ ਦੀ ਟਾਮਸਨ ਰਿਵਰਜ਼ ਯੂਨੀਵਰਸਿਟੀ ਵਿੱਚ ਪ੍ਰ.ਫੈਸਰੀ ਕਰਨ ਲੱਗਾ। ਬੜਾ ਪੱਟੂ ਨਿੱਕਲਿਆ: ਇੱਕ ਪੈਰ ਕੰਪਿਊਟਰ ਦੇ ਤਲਾਅ ਵਿੱਚ ਤੇ ਦੂਸਰਾ ਸਾਹਿਤਦੇ ਟਿੱਬਿਆਂ ਵਿੱਚ! ਦੋ ਪੀ ਐਚਡੀਆਂ ਕਰ ਗਿਆ, ਇਕ ਆਪਣੇ ਵਿਸ਼ੇ ਕੰਪਿਊਟਰ ਵਿਗਿਆਨ ਨਾਲ ਸੰਬੰਧਤ ਤੇ ਦੂਸਰੀ ਪੰਜਾਬੀ ਸਾਹਿਤ ਨਾਲ।

ਪੰਜਾਬੀ ਵਿੱਚ ਖੂਬਸੂਰਤ ਸ਼ਾਇਰੀ ਕਰਨ ਵਾਲਾ ਮੇਰਾ ਇਹ ਅਜ਼ੀਜ਼ ਮਿੱਤਰ ਬੀਤੇ ਵਰ੍ਹੇ ਆਪਣੀ ਯੂਨੀਵਰਸਿਟੀ ਦੀ ਪ੍ਰੋ.ਫੈਸਰੀ ਤੋਂ ਰਟਾਇਰ ਹੋ ਗਿਆ ਸੀ, ਲੇਕਿਨ ਹੁਨਰੀ ਲੋਕਾਂ ਨੂੰ ਯੂਨੀਵਰਸਿਟੀਆਂ ਜੱਫਾ ਪਾ ਕੇ ਰਖਦੀਆਂ ਹਨ।

ਇਕ ਦਿਨ ਉਸਦਾ ਫੋਨ ਆਇਆ;ਕੈਮਲੈਪਸ ਵਿੱਚ ਸ਼ਾਮ ਦਾ ਵਕਤ ਸੀ, ਤੇ ਧੰਜਲ ਦੀ ਅਵਾਜ਼ ਵਿੱਚ ਮਿੱਠਾ ਮਿੱਠਾ ਸਰੂਰ ਛਲਕ ਰਿਹਾ ਸੀ। ਕਹਿੰਦਾ, ਤੇਰੇ ਨਾਲ਼ ਇਕ ਖੁਸ਼ੀ ਸਾਂਝੀ ਕਰਨੀ ਐ: ਯੂਨੀਵਰਸਿਟੀ ਨੇ ਮੈਨੂੰ ਪ੍ਰੋ.ਫੈਸਰ ਅਮੈਰੀਟਸ ਬਣਾ ਕੇ ਦੋਬਾਰਾ ਆਪਣੀ ਗਲਵੱਕੜੀ ਵਿੱਚ ਕੱਸ ਲਿਆ ਹੈ।

ਪ੍ਰੋ.ਫੈਸਰ ਅਮੈਰੀਟਸ ਦਾ ਮਤਲਬ ਹੇਠਾਂ ਲਿਖ ਰਿਹਾ ਹਾਂ:

emeritus: retired or honorably discharged from active professional duty, but retaining the title of one's office or position:

ਮੇਰਾ ਇਹ ਮਿੱਤਰ, ਅਣਗਿਣਤ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣਿਆਂ ਅਤੇ ਬਣੇਗਾ।

ਬਹੁਤ ਬਹੁਤ ਮੁਬਾਰਕਾਂ ਸੁਰਿੰਦਰ !ਰਿੰਦਰ ! !ਰਿੰਦਰ ! ਦਰ !

# ਮਸਲਾ ਦਲਿਤ ਕਾਰਕੁੰਨਾਂ ਅਤੇ ਨੇਤਾਵਾਂ 'ਤੇ ਰਾਜ-ਧ੍ਰੋਹ ਦੇ ਦੋਸ਼ ਲਗਾਉਣ ਦਾ



ਪੀਪਲਜ਼ ਯੂਨੀਅਨ ਫ਼ਾਰ ਸਿਵਲ ਰਾਈਟਸ (PUCR) ਹਰਿਆਣਾ ਵੱਲੋਂ ਵੱਖ-ਵੱਖ ਸੰਗਠਨਾਂ ਦੇ ਵਕੀਲਾਂ ਅਤੇ ਕਾਰਕੁੰਨਾਂ ਦੀ ਇੱਕ ਟੀਮ ਨੇ ਹਰਿਆਣਾ ਪੁਲਿਸ ਦੇ ਅਧਿਕਾਰੀਆਂ ਨਾਲ ਕਰਨਾਲ ਵਿੱਚ ਮੁਲਾਕਾਤ ਕੀਤੀ। ਟੀਮ, ਆਈ. ਪੀ. ਐੱਸ, ਪੁਲਿਸ ਸੁਪਰਡੈਂਟ (ਕਰਨਾਲ), ਜਸਦੀਪ ਸਿੰਘ ਰੰਧਾਵਾ ਅਤੇ ਡੀ.ਐੱਸ.ਪੀ. ਕਰਨਾਲ, ਸ਼੍ਰੀਮਤੀ ਸ਼ਕੁੰਤਲਾ ਯਾਦਵ ਨੂੰ ਮਿਲੀ ਅਤੇ ਆਪਣੀਆਂ ਮੰਗਾਂ ਦਾ ਪੱਤਰ ਉਨ੍ਹਾਂ ਸਾਹਮਣੇ ਪੇਸ਼ ਕੀਤਾ, ਉਨ੍ਹਾਂ ਨੇ ਦਲਿਤ ਕਾਰਕੁੰਨਾਂ ਅਤੇ ਨੇਤਾਵਾਂ 'ਤੇ ਰਾਜ-ਧ੍ਰੋਹ ਦੇ ਦੋਸ਼ ਲਗਾਉਣ ਅਤੇ ਐਫ.ਆਈ.ਆਰ. ਨੂੰ ਵਾਪਿਸ ਲੈਣ ਜਾਂ ਰੱਦ ਕਰਨ ਲਈ ਆਪਣੀ ਚਿੰਤਾ ਪ੍ਰਗਟ ਕੀਤੀ।

ਇਹ ਐਫ.ਆਈ.ਆਰ. ਪਿੰਡ ਪਤੇਰਹੇੜੀ, ਜ਼ਿਲਾ ਅੰਬਾਲਾ ਵਿਖੇ ਹੋਈ ਜਾਤੀਵਾਦਕ ਲੜਾਈ ਦੌਰਾਨ ਉਸ ਨਾਲ ਜੁੜੇ ਹੋਏ ਕੁਝ ਦਲਿਤ ਨੌਜਵਾਨਾਂ ਦੀ ਅਣ-ਉਚਿੱਤ ਗ੍ਰਿਫ਼ਤਾਰੀ ਤੋਂ ਬਾਅਦ (ਜਿਸਨੇ ਹਰਿਆਣਾ ਸਰਕਾਰ ਦੇ ਖਿਲਾਫ਼ ਰੋਸ ਦੀ ਚੰਗਿਆੜੀ ਜਗਾਈ) ਹੋਂਦ ਵਿੱਚ ਆਈ। ਦਲਿਤ ਭਾਈਚਾਰੇ ਅਤੇ ਕਈ ਅਧਿਕਾਰ ਸੰਗਠਨਾਂ ਦੇ ਮੈਂਬਰਾਂ ਨੇ ਮੁੱਖ ਮੰਤਰੀ ਦੇ ਸ਼ਹਿਰ ਕਰਨਾਲ ਵਿਖੇ ਰੋਸ ਕਰਨ ਦਾ ਸੱਦਾ ਦਿੱਤਾ ਅਤੇ ਉੱਥੇ 6 ਦਿਨਾਂ ਤੱਕ ਡੇਰਾ ਲਗਾਈ ਰੱਖਿਆ, ਇਸ ਤੋਂ ਪਹਿਲਾਂ ਹੀ ਮੁੱਖ ਮੰਤਰੀ ਨੇ 25 ਅਪ੍ਰੈਲ, 2017 ਨੂੰ ਉਨ੍ਹਾਂ ਨਾਲ ਮੁਲਾਕਾਤ ਕਰਨ ਲਈ ਸਹਿਮਤੀ ਪ੍ਰਗਟ ਕੀਤੀ ਅਤੇ ਉਨ੍ਹਾਂ ਨਾਲ ਮੁਲਾਕਾਤ ਕਰਨ ਲਈ ਉਨ੍ਹਾਂ ਦੇ ਇੱਕ ਪ੍ਰਤੀਨਿਧ/ਵਫ਼ਦ ਨੂੰ ਬੁਲਾਇਆ। ਫਿਰ ਵਫ਼ਦ ਵਾਲੀ ਉਸ ਟੀਮ ਦੇ ਸਾਰੇ 15 ਮੈਂਬਰਾਂ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਗਈ ਸੀ, ਜੋ ਮੁੱਖ ਮੰਤਰੀ ਨੂੰ ਮਿਲਣ ਲਈ ਗਏ ਸਨ। ਐਫ.ਆਈ.ਆਰ. ਵਿੱਚ ਨਾਮਜ਼ਦ ਵਿਅਕਤੀਆਂ ਵਿੱਚ ਅਸ਼ੋਕ ਕੁਮਾਰ, ਸਰਪੰਚ ਕ੍ਰਿਸ਼ਨ ਕੁਟੇਲ, ਮਲਖਾਨ ਲੰਬੜਦਾਰ, ਰਾਕੇਸ਼ ਉਰਫ ਰੌਕੀ, ਰਵੀ ਕੁਮਾਰ ਇੰਦਰੀ, ਅਮਰ ਮੁਨਕ, ਅਮਰ ਸਾਗਾ, ਮੁਲਖਰਾਜ, ਰਾਜ ਕੁਮਾਰ ਪਤੇਰਹੇੜੀ, ਮੋਨਿਕਾ, ਰਵਿੰਦਰ ਕੁਰੂਕਸ਼ੇਤਰ, ਧਰਮ ਸਿੰਘ ਕੁਰੂਕਸ਼ੇਤਰ, ਅਨਿਲ, ਸੰਜੂ, ਅਤੇ ਨਰੇਸ਼ ਪਤੇਰਹੇੜੀ ਸ਼ਾਮਿਲ ਹਨ।

ਦੋਵੇਂ ਅਫ਼ਸਰਾਂ ਨੇ ਬਗਾਵਤ ਦੇ ਦੋਸ਼ਾਂ ਨੂੰ ਸਹੀ ਠਹਿਰਾਇਆ। ਹਾਲੇ ਤੱਕ ਐਫ.ਆਈ.ਆਰ. ਜਨਤਕ ਨਹੀਂ ਕੀਤੀ ਗਈ ਹੈ ਅਤੇ ਪੁਲਿਸ ਵਿਭਾਗ ਨੇ ਇਸ ਨੂੰ ਵਫ਼ਦ ਨਾਲ ਸਾਂਝਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਇਹ ਵੀ ਕਿਹਾ ਕਿ ਟੀਮ ਨੂੰ ਉਸਦੀ ਕਾਪੀ ਪ੍ਰਾਪਤ ਕਰਨ ਦਾ ਕੋਈ ਹੱਕ ਨਹੀਂ ਹੈ। ਜਦੋਂ ਉਨ੍ਹਾਂ ਨੂੰ ਮਾਣਯੋਗ ਸੁਪਰੀਮ ਕੋਰਟ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ (ਯੂਥ ਬਾਰ ਐਸੋਸੀਏਸ਼ਨ ਆਫ ਇੰਡੀਆ ਬਨਾਮ ਯੂਨੀਅਨ ਆਫ਼ ਇੰਡੀਆ, 2016 SCC 914) ਦਾ ਮੁਲਾਂਕਣ ਕਰਨ ਲਈ ਕਿਹਾ ਜਿਸ ਵਿੱਚ ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਭਾਰਤ ਦੇ ਕਿਸੇ ਵੀ ਖ਼ੇਤਰ ਦੇ ਸਾਰੇ ਪੁਲਿਸ ਥਾਣਿਆਂ ਵਿੱਚ ਦਰਜ ਹਰੇਕ ਐਫ. ਆਈ. ਆਰ. ਨੂੰ ਸਾਰੇ ਸੂਬਿਆਂ ਦੀ ਪੁਲਿਸ ਦੀ ਸਰਕਾਰੀ ਵੈਬਸਾਈਟ 'ਤੇ ਅਪਲੋਡ ਕੀਤਾ ਜਾਵੇਗਾ, ਅਫਸਰਾਂ ਨੇ ਹਾਲੇ ਵੀ ਇਸ ਆਧਾਰ 'ਤੇ ਬੇਨਤੀ ਨੂੰ ਇਨਕਾਰ ਕਰ ਦਿੱਤਾ ਕਿ ਜੁਰਮ ਸੰਵੇਦਨਸ਼ੀਲ ਹੈ ਅਤੇ ਮਾਮਲਾ ਕੌਮੀ ਸੁਰੱਖਿਆ ਦਾ ਹੈ।

ਐਫ.ਆਈ.ਆਰ. ਦੀ ਸਮੱਗਰੀ ਬਾਰੇ ਪੁੱਛਣ 'ਤੇ ਪੁਲਿਸ ਸੁਪਰਡੈਂਟ ਨੇ ਕਿਹਾ ਕਿ ਧਰਨਾ ਬਿਨ੍ਹਾਂ ਕਿਸੇ ਆਗਿਆ ਦੇ ਕੀਤਾ ਗਿਆ ਸੀ ਅਤੇ ਸ਼ਾਂਤੀਪੂਰਨ ਨਹੀਂ ਸੀ। ਐਸ.ਪੀ. ਨੇ ਇਲਜ਼ਾਮ ਲਗਾਇਆ ਕਿ ਨੇਤਾਵਾਂ ਦੇ ਹੁਕਮਾਂ/ਉਕਸਾਉਣ 'ਤੇ ਸ਼ਹਿਰ 'ਚ ਆਵਾਜਾਈ ਪ੍ਰਭਾਵਿਤ ਹੋਈ ਹੈ, ਅਤੇ ਉਨ੍ਹਾਂ ਨੇ ਪੁਲਿਸ ਕਰਮਚਾਰੀਆਂ ਨਾਲ ਦੁਰਵਿਹਾਰ ਕੀਤਾ ਅਤੇ ਕੁਝ 'ਰਾਸ਼ਟਰ-ਵਿਰੋਧੀ' ਨਾਅਰੇ ਵੀ ਲਗਾਏ ਗਏ ਸਨ। ਨਾਹਰਿਆਂ ਦੇ ਤੱਤ ਬਾਰੇ ਪੁੱਛੇ ਜਾਣ 'ਤੇ, ਅਤੇ ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਦੇ ਫੈਸਲਿਆਂ ਬਾਰੇ ਦੱਸਿਆ ਗਿਆ, ਜਿੱਥੇ ਵਾਰ-ਵਾਰ ਮਾਨਯੋਗ ਸੁਪਰੀਮ ਕੋਰਟ ਨੇ ਮੁੜ ਦੁਹਰਾਇਆ ਅਤੇ ਪੁਲਿਸ ਨੂੰ ਰਾਜ-ਧ੍ਰੋਹੀ ਕਾਨੂੰਨਾਂ ਦੀ ਦੁਰਵਰਤੋਂ ਦੇ ਖਿਲਾਫ ਚੇਤਾਵਨੀ ਦਿੱਤੀ ਅਤੇ ਉਨ੍ਹਾਂ ਨੂੰ ਕਿਦਾਰ ਨਾਥ ਫੈਸਲੇ ਦੀ ਪਾਲਣਾ ਕਰਨ ਦਾ ਨਿਰਦੇਸ਼ ਦਿੱਤਾ ਅਤੇ ਇਹ ਮੰਨਿਆ ਗਿਆ ਸੀ ਕਿ ਸਿਰਫ਼ ਨਾਅਰੇਬਾਜ਼ੀ ਕਰਕੇ ਦੇਸ਼-ਧ੍ਰੋਹ ਨਹੀਂ ਲਗਾਇਆ ਜਾ ਸਕਦਾ, ਫਿਰ ਐੱਸ.ਪੀ. ਨੇ ਕਿਹਾ ਕਿ ਇਹ ਜਾਂਚ ਦਾ ਹਿੱਸਾ ਹੋਵੇਗਾ ਅਤੇ ਪੁਲਿਸ ਕੋਲ ਸਾਰੀ ਘਟਨਾ ਦੀ ਰਿਕਾਰਡਿੰਗ ਹੈ ਅਤੇ ਉਨ੍ਹਾਂ ਨੇ ਕਿਸੇ ਹੋਰ ਜਾਣਕਾਰੀ ਨੂੰ ਸਾਂਝਾ ਕਰਨ ਤੋਂ ਇਨਕਾਰ ਕਰ ਦਿੱਤਾ। ਹਾਲੇ ਤੱਕ (ਪ੍ਰੈੱਸ ਨੋਟ ਦੇ ਲਿਖੇ ਜਾਣ ਤੱਕ) ਕੋਈ ਗ੍ਰਿਫਤਾਰੀ ਨਹੀਂ ਹੋਈ ਪਰ ਪੁਲਿਸ ਇਸ ਅਸਪਸ਼ਟ, ਗੁਪਤ ਅਤੇ ਖੁੱਲ੍ਹੀ ਐਫ.ਆਈ.ਆਰ. ਨੂੰ ਦਲਿਤ ਆਗੂਆਂ ਦੇ ਵਿਰੁੱਧ ਉਨ੍ਹਾਂ ਨੂੰ ਬਲੈਕਮੇਲ ਕਰਨ ਲਈ ਵਰਤ ਸਕਦੀ ਹੈ।

**ਪਿਛੋਕੜ**

ਹੋਲੀ ਤੋਂ ਇੱਕ ਦਿਨ ਪਹਿਲਾਂ ਮਾਰਚ 12, 2017 ਸ਼ਾਮ ਨੂੰ, ਜ਼ਿਲ੍ਹਾ ਅੰਬਾਲਾ ਦੇ ਪਿੰਡ ਪਤੇਰਹੇੜੀ ਵਿੱਚ ਦਲਿਤ ਭਾਈਚਾਰੇ ਨੇ ਇੱਕ ਸਤਸੰਗ ਦਾ ਆਯੋਜਨ ਕੀਤਾ। ਰਾਜਪੂਤ ਭਾਈਚਾਰੇ ਦੇ ਕੁਝ ਸ਼ਰਾਰਤੀ ਅਨਸਰਾਂ ਨੇ ਸਤਸੰਗ ਵਿੱਚ ਰੁਕਾਵਟ ਪੈਦਾ ਕਰ ਦਿੱਤੀ ਅਤੇ ਜਦੋਂ ਦਲਿਤਾਂ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਕੁੱਟਿਆ ਗਿਆ। ਪੁਲਿਸ ਮੌਕੇ 'ਤੇ ਪਹੁੰਚੀ, ਪਰ ਬਦਸਲੂਕੀ ਕਰਨ ਵਾਲਿਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ, ਜਿਸਨੇ ਰਾਜਪੂਤਾਂ ਦੇ ਹੌਂਸਲੇ ਨੂੰ ਹੋਰ ਵਧਾਇਆ ਅਤੇ ਉਨ੍ਹਾਂ ਨੇ ਫਿਰ ਵੱਡੀ ਗਿਣਤੀ ਵਿੱਚ ਦਲਿਤ ਭਾਈਚਾਰੇ 'ਤੇ ਤਿੱਖੇ ਹਥਿਆਰਾਂ ਨਾਲ ਹਮਲਾ ਕੀਤਾ। ਇਸ ਦੌਰਾਨ ਦੋਵਾਂ ਭਾਈਚਾਰਿਆਂ ਦੇ ਬਹੁਤ ਸਾਰੇ ਲੋਕ ਸੰਜੀਦਾ ਅਤੇ ਗੰਭੀਰ ਜ਼ਖ਼ਮੀ ਹੋਏ ਸਨ ਅਤੇ ਘਟਨਾ ਦੇ 3 ਦਿਨਾਂ ਬਾਅਦ ਪੀ.ਜੀ.ਆਈ. ਚੰਡੀਗੜ੍ਹ ਵਿਖੇ ਰਾਜਪੂਤ ਭਾਈਚਾਰੇ ਦਾ ਇੱਕ ਵਿਅਕਤੀ ਇਲਾਜ ਦੌਰਾਨ ਲਾਗ ਕਾਰਨ ਮਰ ਗਿਆ।

ਇਸ ਤੋਂ ਬਾਅਦ ਅੰਬਾਲਾ ਪੁਲਿਸ ਨੇ 30-35 ਦਲਿਤਾਂ ਦੇ ਵਿਰੁੱਧ ਧਾਰਾ 302 ਦੇ ਤਹਿਤ ਐਫ.ਆਈ.ਆਰ. ਦਰਜ ਕੀਤੀ, ਜੋ ਅਸਲ ਵਿੱਚ ਆਈ.ਪੀ.ਸੀ. ਦੀ 323/24 ਧਾਰਾ ਦੇ ਨਾਮ 'ਤੇ ਦਰਜ ਸੀ। ਕਿਉਂਕਿ ਪੁਲਿਸ ਨੇ 20-25 'ਅਣਪਛਾਤੇ ਵਿਅਕਤੀਆਂ' ਦੇ ਖਿਲਾਫ ਐਫ.ਆਈ.ਆਰ ਦਰਜ ਕੀਤੀ ਸੀ, ਤਾਂ ਪੁਲਿਸ ਨੇ ਦਲਿਤ ਨੌਜਵਾਨਾਂ ਦਾ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਖੇਤਰ ਵਿੱਚ ਇੱਕ ਜਾਣੇ-ਪਛਾਣੇ ਦਲਿਤ ਜਥੇ ਅੰਬੇਡਕਰ ਯੁਵਾ ਮੰਚ (ਏ.ਵਾਈ.ਐਮ.) ਦੇ ਨੇਤਾ ਅਤੇ ਕਾਰਕੁੰਨਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਅਤੇ ਇਸ ਲਗਾਤਾਰ ਸ਼ਿਕਾਰ ਦੇ ਕਾਰਨ ਉਨ੍ਹਾਂ ਨੂੰ ਆਪਣੇ ਘਰ ਛੱਡਣ ਲਈ ਮਜ਼ਬੂਰ ਕੀਤਾ ਗਿਆ।

ਦਲਿਤ ਕਾਰਕੁੰਨਾਂ ਵਿਰੁੱਧ ਇਸ ਅੱਤਿਆਚਾਰ ਅਤੇ ਦਲਿਤਾਂ ਵਿਰੁੱਧ ਝੂਠੇ ਕੇਸਾਂ ਦੀ ਰਜਿਸਟ੍ਰੇਸ਼ਨ ਦੇ ਖਿਲਾਫ, ਵੱਖ-ਵੱਖ ਦਲਿਤ ਜਥੇਬੰਦੀਆਂ ਨੇ ਕਰਨਾਲ ਵਿੱਚ 6 ਦਿਨਾਂ (19 ਅਪ੍ਰੈਲ ਤੋਂ 25 ਅਪ੍ਰੈਲ ਤੱਕ) ਲਈ ਵਿਰੋਧ ਪ੍ਰਦਰਸ਼ਨ ਕੀਤਾ। ਕਰਨ ਪਾਰਕ ਦੇ ਇਸ ਬੈਠਕ ਰੋਸ ਪ੍ਰਦਰਸ਼ਨ ਤੋਂ ਬਾਅਦ 25 ਅਪ੍ਰੈਲ 2017 ਨੂੰ ਮਾਨਯੋਗ ਮੁੱਖ ਮੰਤਰੀ ਵਫ਼ਦ ਨਾਲ ਮੁਲਾਕਾਤ ਕਰਨ ਲਈ ਸਹਿਮਤ ਹੋ ਗਏ, ਜਿਸ ਵਿੱਚ ਵਿਦਿਆਰਥੀ, ਦਲਿਤ ਆਗੂ ਅਤੇ ਵਿਦਵਾਨ ਸ਼ਾਮਲ ਸਨ। ਜਦੋਂ ਇੱਕ 15 ਮੈਂਬਰੀ ਵਫ਼ਦ 25 ਅਪ੍ਰੈਲ, 2017 ਨੂੰ ਮਾਨਯੋਗ ਮੁੱਖ ਮੰਤਰੀ ਨੂੰ ਮਿਲਣ ਗਿਆ ਤਾਂ ਬਾਅਦ ਵਿੱਚ ਇਸੇ ਵਫ਼ਦ ਉੱਪਰ ਰਾਜ-ਧ੍ਰੋਹ ਦੇ ਦੋਸ਼ ਲਗਾ ਦਿੱਤੇ ਗਏ, ਜਿਸ ਵਿੱਚ ਐਫ.ਆਈ.ਆਰ. ਨੰਬਰ. 298 u/s/ 124-A/ 147/149/186/283/332/ 341/353/ IPC ਸਿਵਲ ਲਾਈਨਜ਼ ਕਰਨਾਲ।

**ਪਹਿਲੀ ਵਾਰ ਨਹੀਂ**

ਇੱਥੇ ਇਹ ਯਾਦ ਦਵਾਇਆ ਜਾਣਾ ਚਾਹੀਦਾ ਹੈ ਕਿ, ਹਰਿਆਣਾ ਪੁਲਿਸ ਦਾ ਸਮਾਜਿਕ ਕਾਰਕੁਨਾਂ ਅਤੇ ਦਲਿਤ ਭਾਈਚਾਰੇ ਦੇ ਮੈਂਬਰਾਂ ਉੱਪਰ ਰਾਜ-ਧ੍ਰੋਹ ਦੇ ਜਾਹਲੀ ਕੇਸ ਦਰਜ਼ ਕਰਨ ਦਾ ਇਤਿਹਾਸ ਹੈ। ਇਸ ਤੋਂ ਪਹਿਲਾਂ ਵੀ, ਦਲਿਤ ਦਾਅਵੇ ਦੇ ਸਾਰੇ ਤਰੀਕਿਆਂ ਨੂੰ ਰਾਜ-ਧ੍ਰੋਹ ਦੇ ਦੋਸ਼ਾਂ ਨਾਲ ਨਜਿੱਠਿਆ ਗਿਆ ਹੈ। ਹੁੱਡਾ ਸਰਕਾਰ ਨੇ ਭਗਾਣਾ ਕੇਸ ਵਿੱਚ ਰਾਜ-ਧ੍ਰੋਹ ਦੇ ਮਾਮਲੇ ਦਰਜ ਕੀਤੇ ਹਨ। 2007 ਵਿੱਚ, ਹਰਿਆਣਾ ਪ੍ਰਾਈਵੇਟ ਯੂਨੀਵਰਸਿਟੀ ਬਿਲ ਦਾ ਵਿਰੋਧ ਕਰ ਰਹੇ ਜਾਗਰੂਕ ਛਾਤਰ ਮੋਰਚਾ (ਜੇ.ਸੀ.ਐਮ) ਦੇ ਵਿਦਿਆਰਥੀਆਂ ਅਤੇ ਕਾਰਕੁੰਨਾਂ ਨੂੰ ਚੁੱਪ ਕਰਾਉਣ ਲਈ ਉਨ੍ਹਾਂ ਉੱਪਰ ਵੀ ਰਾਜ-ਧ੍ਰੋਹ ਦਾ ਕੇਸ ਪਾ ਦਿੱਤਾ ਸੀ ਅਤੇ ਉਨ੍ਹਾਂ ਵਿੱਚ ਵੀ ਜ਼ਿਆਦਾਤਰ ਵਿਦਿਆਰਥੀ ਦਲਿਤ ਭਾਈਚਾਰੇ ਦੇ ਸਨ। ਇਸਮਿਲਾਬਾਦ ਕੁਰੂਕਸ਼ੇਤਰ (2008) ਵਿੱਚ, ਰਿਹਾਇਸ਼ੀ ਪਲਾਟਾਂ ਦੀ ਵੰਡ ਦੀ ਮੰਗ ਲਈ ਵਿਰੋਧ ਕਰਨ ਵਾਲੇ ਦਲਿਤਾਂ ਉੱਪਰ ਵੀ ਰਾਜ-ਧ੍ਰੋਹ ਦੇ ਕੇਸ ਲਗਾਏ ਗਏ ਸਨ। ਸਿਰਫ਼ 2 ਸਾਲਾਂ ਭਾਵ 2007-09 ਦੇ ਦੌਰਾਨ, 50 ਤੋਂ ਵੱਧ ਕਾਰਕੁੰਨਾਂ ਨੂੰ ਚੁੱਕਿਆ ਗਿਆ ਅਤੇ IPC ਅਤੇ ਆਰਮਜ਼ ਐਕਟ ਦੀਆਂ ਕਈ ਧਾਰਾਵਾਂ ਸਮੇਤ ਰਾਜ-ਧ੍ਰੋਹ ਦਾ ਦੋਸ਼ ਵੀ ਲਗਾਇਆ ਗਿਆ। ਇਨ੍ਹਾਂ ਕਾਰਕੁੰਨਾਂ ਅਤੇ ਵਿਦਿਆਰਥੀਆਂ ਦੁਆਰਾ ਕੀਤੀਆਂ ਗਈਆਂ ਗਤੀਵਿਧੀਆਂ ਇਸ ਤਰ੍ਹਾਂ ਨਹੀਂ ਸਨ ਕਿ ਅਜਿਹੀਆਂ ਧਾਰਾਵਾਂ ਉਨ੍ਹਾਂ ਉੱਪਰ ਵਰਤੀਆਂ ਜਾਂਦੀਆਂ ਕਿਉਂਕਿ ਉਹ ਜ਼ਿਆਦਾਤਰ ਲੋਕ-ਪੱਖੀ ਗਤੀਵਿਧੀਆਂ ਨਾਲ ਸੰਬੰਧ ਰੱਖਦੇ ਸਨ ਅਤੇ ਜ਼ਿਆਦਾਤਰ ਗ੍ਰਿਫ਼ਤਾਰੀਆਂ ਅਣ-ਉਚਿੱਤ ਅਤੇ ਸਿਆਸਤ ਤੋਂ ਪ੍ਰੇਰਿਤ ਸਨ। ਫਿਰ ਇਹ ਕਾਨੂੰਨੀ ਕੇਸ ਅਦਾਲਤ ਵਿੱਚ ਮੂਧੇ ਮੂੰਹ ਡਿੱਗੇ ਅਤੇ ਸੱਤਾ ਰਾਜ-ਧ੍ਰੋਹ ਅਧੀਨ ਇੱਕ ਵੀ ਦੋਸ਼ੀ ਨੂੰ ਸਜ਼ਾ ਕਰਵਾਉਣ ਵਿੱਚ ਅਸਮਰੱਥ ਸੀ। ਇੱਥੇ ਇਹ ਦੱਸਣਾ ਜਾਇਜ਼ ਹੈ ਕਿ ਦੇਸ਼ ਦੇ ਕਾਨੂੰਨ ਦੀ ਪੂਰੀ ਅਣਦੇਖੀ ਵਿੱਚ, ਜਿਨ੍ਹਾਂ ਕੇਸਾਂ ਵਿੱਚ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਸਨ ਉਨ੍ਹਾਂ ਵਿੱਚੋਂ ਬਹੁਤੇ ਕੇਸਾਂ ਵਿੱਚ ਕਾਰਕੁੰਨਾਂ ਉੱਪਰ ਪੁਲਿਸ ਹਿਰਾਸਤ ਵਿੱਚ ਤਸ਼ੱਦਦ ਕੀਤਾ ਗਿਆ ਸੀ।

ਅਸੀਂ ਆਈ.ਪੀ.ਸੀ. ਦੀ ਧਾਰਾ 124 - 1 ਦੇ ਤਹਿਤ ਦੋਸ਼ਾਂ ਦੀ ਰਜਿਸਟ੍ਰੇਸ਼ਨ ਦਾ ਵਿਰੋਧ ਕਰਦੇ ਹਾਂ। ਮੌਜੂਦਾ ਸਮੇਂ ਵਿੱਚ, ਸਰਕਾਰ ਅਤੇ ਇਸ ਦੀਆਂ ਨੀਤੀਆਂ ਦੇ ਖਿਲਾਫ਼ ਕੋਈ ਇਤਰਾਜ਼/ਅਸਹਿਮਤੀ ਨੂੰ ਭਾਰਤ ਦੀ 'ਪ੍ਰਭੂਤਾ' ਅਤੇ 'ਅਖੰਡਤਾ' ਲਈ ਖ਼ਤਰਾ ਸਮਝਿਆ ਜਾਂਦਾ ਹੈ ਅਤੇ ਬਿਨ੍ਹਾਂ ਦਿਮਾਗ ਦਾ ਇਸਤੇਮਾਲ ਕੀਤੇ ਤੋਂ ਰਾਜ-ਧ੍ਰੋਹ ਦੇ ਦੋਸ਼ ਲਗਾਉਣਾ ਫੈਸ਼ਨਯੋਗ ਹੋ ਗਿਆ ਹੈ, ਇੱਥੋਂ ਤੱਕ ਕਿ ਅਜਿਹੇ ਮਾਮਲੇ ਵਿੱਚ ਵੀ ਜਿੱਥੇ ਲੋਕਾਂ ਦਾ ਵਫ਼ਦ ਸਿਰਫ਼ ਮੁੱਖ ਮੰਤਰੀ ਨੂੰ ਮਿਲਣ ਜਾ ਰਿਹਾ ਹੋਵੇ। ਮੌਜੂਦਾ ਐਫ. ਆਈ. ਆਰ. ਆਰ. ਐਸ. ਐਸ. ਪੱਖੀ ਹਿੰਦੂਤਵ-ਵਾਦੀ ਏਜੰਡਾ ਵੀ ਸਾਬਤ ਕਰਦੀ ਹੈ ਜਿਸ 'ਤੇ ਖੱਟਰ ਸਰਕਾਰ ਕੰਮ ਕਰ ਰਹੀ ਹੈ, ਅਤੇ ਪ੍ਰਧਾਨ ਮੰਤਰੀ ਮੋਦੀ ਦੇ ਬਿਆਨ ਦਲਿਤ ਦੀ ਬਜਾਏ ਮੈਨੂੰ ਮਾਰ ਦਓ ਦੀ ਨਿਰਾਸ਼ਾ ਵਿਖਾਉਂਦੀ ਹੈ। ਮੋਦੀ ਸਰਕਾਰ ਦੇ 2014 ਤੋਂ ਸੱਤਾ 'ਚ ਆਉਣ ਤੋਂ ਬਾਅਦ ਦਲਿਤਾਂ ਉੱਪਰ ਜ਼ੁਲਮਾਂ ਦੀਆਂ ਘਟਨਾਵਾਂ 'ਚ ਕਈ ਗੁਣਾ ਵਾਧਾ ਹੋਇਆ ਹੈ। ਸਿਰਫ਼ 2016 ਵਿੱਚ ਹੀ ਦਲਿਤਾਂ ਦੇ ਖਿਲਾਫ਼ 47000 ਤੋਂ ਵੱਧ ਹਮਲੇ ਹੋਏ ਹਨ, ਰੋਜ਼ਾਨਾ ਦੋ ਦਲਿਤ ਮਾਰੇ ਜਾਂਦੇ ਹਨ ਅਤੇ 5 ਦਲਿਤ ਔਰਤਾਂ ਨਾਲ ਬਲਾਤਕਾਰ ਕੀਤਾ ਜਾ ਰਿਹਾ ਹੈ। ਇੱਕ ਹੋਰ ਅੰਦਾਜ਼ੇ ਮੁਤਾਬਕ ਹਰ 18ਵੇਂ ਮਿੰਟ ਵਿੱਚ ਦਲਿਤਾਂ ਦੇ ਖਿਲਾਫ਼ ਅਪਰਾਧ ਹੁੰਦਾ ਹੈ ਅਤੇ ਇੱਕ ਹਫਤੇ ਵਿੱਚ 13 ਦਲਿਤ ਮਾਰੇ ਜਾਂਦੇ ਹਨ, 6 ਦਲਿਤ ਅਗਵਾ ਕੀਤੇ ਜਾਂਦੇ ਹਨ ਅਤੇ ਹਰ ਦਿਨ ਜਾਤ ਅਧਾਰਤ ਅੱਤਿਆਚਾਰਾਂ ਦੀਆਂ 27 ਤੋਂ ਵੱਧ ਘਟਨਾਵਾਂ ਹੁੰਦੀਆਂ ਹਨ। ਹਰਿਆਣਾ ਸਰਕਾਰ ਯੂ.ਪੀ. ਦੇ ਯੋਗੀ ਵਾਲੇ ਤਰੀਕੇ ਨਾਲ ਜਾ ਰਹੀ ਹੈ, ਅਤੇ ਅਜਿਹੇ ਹਲਾਤਾਂ ਵਿੱਚ, ਦਲਿਤਾਂ ਦੁਆਰਾ ਵਿਰੋਧ ਦੀ ਲੋੜ ਬਣ ਜਾਂਦੀ ਹੈ। ਪੀ.ਯੂ.ਸੀ.ਆਰ. ਸਾਰੀਆਂ ਜਮਹੂਰੀ ਤਾਕਤਾਂ ਨੂੰ ਇਕੱਠੇ ਹੋ ਕੇ ਹਰਿਆਣਾ ਸਰਕਾਰ ਦੇ ਇਸ ਜ਼ਬਰ ਅਤੇ ਦੁਰਵਿਹਾਰ ਦਾ ਵਿਰੋਧ ਕਰਨ ਲਈ ਸੱਦਾ ਦਿੰਦੀ ਹੈ।

**ਮੰਗਾਂ**

ਪੀ.ਯੂ.ਸੀ.ਆਰ. ਮੁੜ ਦੁਹਰਾਉਂਦਾ ਹੈ ਕਿ ਇਹ ਦਲਿਤ ਦਾਅਵੇ ਅਤੇ ਉਨ੍ਹਾਂ ਦੇ ਨਿਆ ਲੈਣ ਦੇ ਸੰਘਰਸ਼ ਲਈ ਉਨ੍ਹਾਂ ਦੇ ਸੰਘਰਸ਼ ਨਾਲ ਇੱਕਮੁਠਤਾ ਰੱਖਦਾ ਹੈ। ਪੀ.ਯੂ.ਸੀ.ਆਰ. ਪੂਰੀ ਤਰ੍ਹਾਂ ਨਾਲ ਹਰਿਆਣਾ ਸਰਕਾਰ ਦੇ ਇਸ ਦੁਰਵਿਹਾਰ ਦੀ ਨਿੰਦਾ ਕਰਦਾ ਹੈ ਜੋ ਦਲਿਤਾਂ ਨੂੰ ਅਧਿਕਾਰਾਂ ਤੋਂ ਵਾਂਝਾ ਕਰਦੀ ਹੈ ਅਤੇ ਦਲਿਤ ਆਗੂਆਂ ਦਾ ਸ਼ਿਕਾਰ ਕਰਦੀ ਹੈ। ਅਸੀਂ ਸਿਆਸਤ ਤੋਂ ਪ੍ਰੇਰਿਤ ਇਸ ਕੇਸ ਨੂੰ ਗਲਤ ਢੰਗ ਨਾਲ ਵਰਤਣ ਦੀ ਨਿੰਦਾ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਇਸ ਜ਼ਾਲਮਾਨਾਂ ਰਾਜ-ਧ੍ਰੋਹ ਦੇ ਕਾਨੂੰਨ ਦੇ ਤਹਿਤ ਕਾਰਕੁੰਨਾਂ ਅਤੇ ਵਿਅਕਤੀਆਂ ਦੇ ਖਿਲਾਫ਼ ਦਰਜ ਕੀਤੇ ਝੂਠੇ ਅਤੇ ਅਣ-ਉਚਿੱਤ ਕੇਸ ਵਾਪਿਸ ਲਏ ਜਾਣ।

ਇਸ ਲਈ, ਅਸੀਂ ਇਹ ਮੰਗ ਕਰਦੇ ਹਾਂ ਕਿ:

1. 15 ਦਲਿਤ ਕਾਰਕੁੰਨਾਂ ਦੇ ਵਿਰੁੱਧ ਝੂਠੇ ਅਤੇ ਅਣ-ਉਚਿਤ ਕੇਸਾਂ ਅਤੇ ਰਾਜ-ਧ੍ਰੋਹ ਦੇ ਦੋਸ਼ ਤੁਰੰਤ ਵਾਪਸ ਲਏ ਜਾਂ ਰੱਦ ਕੀਤੇ ਜਾਣ;
2. ਹਰਿਆਣਾ ਸਰਕਾਰ ਨੂੰ ਤੁਰੰਤ ਦਲਿਤ ਕਾਰਕੁੰਨਾਂ ਦੇ ਸ਼ਿਕਾਰ ਨੂੰ ਰੋਕਣਾ ਚਾਹੀਦਾ ਹੈ।
3. ਜਿਨ੍ਹਾਂ ਸਬੰਧਤ ਅਫਸਰਾਂ ਨੇ ਪਤੇਰਹੇੜੀ ਮਾਮਲੇ ਵਿੱਚ ਸਿਆਸਤ ਤੋਂ ਪ੍ਰੇਰਿਤ ਇਸ ਕੇਸ ਨੂੰ ਗਲਤ ਢੰਗ ਨਾਲ ਵਰਤਿਆ ਹੈ ਅਤੇ ਬਦਨੀਤੀ ਨਾਲ ਰਾਜ-ਧ੍ਰੋਹ ਜਿਹੀਆਂ ਗੰਭੀਰ ਧਾਰਾਵਾਂ ਦਾ ਦੁਰਉਪਯੋਗ ਕੀਤਾ ਹੈ, ਉਨ੍ਹਾਂ ਨੂੰ ਮੁਅੱਤਲ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰਨੀ ਚਾਹੀਦੀ ਹੈ।

**ਜਾਰੀ ਕਰਤਾ: ਵਕੀਲ ਪੰਕਜ ਤਿਆਗੀ,**
**ਕਨਵੀਨਰ, PUCR (ਹਰਿਆਣਾ)**
**ਵਕੀਲ ਅੰਕਿਤ ਗਰੇਵਾਲ, ਵਕੀਲ ਰਾਜੇਸ ਕਾਪੜੋ**
**ਵਕੀਲ ਮਨਦੀਪ ਸਿੰਘ ਮੈਂਬਰ ਲੋਕਾਯਤ (ਚੰਡੀਗੜ੍ਹ)**
**ਪਰਗਟ ਸਿੰਘ ਮੈਂਬਰ ਲੋਕਾ ਅਤੇ**
**ਅਨੁਵਾਦਕ: ਸਚਿੰਦਰਪਾਲ ਪਾਲੀ**

# ਪੰਜਾਬ ਅਤੇ ਪੰਜਾਬੀ ਕਦੇ ਵੀ ਨਹੀ ਭੁੱਲਣਗੇ, ਸਿਰਫ ਇਸ ਲਈ ਕਿਉਂਕਿ ਤੁਸੀਂ ਉਹਨਾਂ ਤੋਂ ਇਹ ਚਾਹੁੰਦੇ ਹੋ

## ਇਸ ਲਈ, "ਸੱਚਾਈ, ਇਨਸਾਫ ਅਤੇ ਮੁੜ ਭਰੋਸਗੀ ਕਮਿਸ਼ਨ" ਦੀ ਲੋੜ ਹੈ

**ਡਾਕਟਰੀ ਸਿੱਖਿਆ ਦਾ ਇੱਕ ਵਿਗਿਆਨਿਕ ਤੱਥ ਹੈ ਕਿ ਪੁਰਾਣੇ ਜਖਮ ਸੁੱਕੀਆਂ ਪੱਟੀਆਂ ਅਤੇ ਸਤਹੀ ਮਲ੍ਹਮਾਂ ਜਾਂ ਆਰਜੀ ਐਂਟੀਬਾਇਟਿਕ ਦੇਕੇ ਜਿੰਨਾ ਮਰਜੀ ਇਲਾਜ ਕਰ ਲਵੋ, ਠੀਕ ਨਹੀਂ ਹੁੰਦੇ। ਅਜਿਹੇ ਪੁਰਾਣੇ ਜਖਮ ਜੋ ਨਾਸੂਰ (ਸਾਈਨਸ) ਬਣ ਜਾਂਦੇ ਹਨ, ਉਹਨਾਂ ਦਾ ਸਿਰਫ ਬੇਕਿਰਕ ਸਰਜਰੀ ਰਾਹੀਂ ਇਲਾਜ ਸੰਭਵ ਹੁੰਦਾ ਹੈ। ਪੰਜਾਬ ਅਤੇ ਪੰਜਾਬੀ ਲੋਕਾਂ ਦੇ ਇਸ ਸੰਤਾਪ ਬਾਰੇ ਕੁਝ ਅਜਿਹਾ ਹੀ ਢੰਗ ਵਰਤਣਾ ਪਵੇਗਾ। ਸਾਡੇ ਅਨੁਸਾਰ ਉਹ ਢੰਗ ਹੈ "ਸੱਚਾਈ, ਇਨਸਾਫ ਅਤੇ ਮੁੜ-ਭਰੋਸਗੀ ਕਮਿਸ਼ਨ" ਦੀ ਸਥਾਪਨਾ ਕਰਨਾ।**

ਡਾ: ਧਰਮਵੀਰ ਗਾਂਧੀ, ਐਮ.ਪੀ.ਪਟਿਆਲਾ



**ਕਿਉ? ਅਤੇ ਹੁਣ ਹੀ ਕਿਉ?**

ਜੂਨ ਦਾ ਪਹਿਲਾ ਹਫਤਾ। ਪੰਜਾਬ ਦੇ ਸਾਰੇ ਸ਼ਹਿਰਾਂ ਦੇ ਚੌਂਕਾਂ ਵਿੱਚ ਪੰਜਾਬ ਪੁਲਿਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੇ ਜਵਾਨ ਤਾਇਨਾਤ ਹੋ ਜਾਂਦੇ ਹਨ। ਹਰ ਸਾਲ ਜੂਨ ਦੇ ਮਹੀਨੇ ਇਸ ਸਰਹੱਦੀ ਸੂਬੇ ਦੇ ਮਾਹੌਲ ਵਿੱਚ ਕੁਝ ਗਰਮੀ ਤੇ ਧੂੜ ਉੱਠਦੀ ਹੈ ਅਤੇ ਇਸ ਨੂੰ ਪੁਰਾਣੇ ਖਿਡਾਰੀਆਂ ਅਤੇ ਕੁਝ ਗਰਮ ਖਿਆਲੀ ਨੌਜਵਾਨਾਂ ਦੇ ਰਵਾਇਤੀ ਡਰਾਮੇ ਵਜੋਂ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ ਪਰ 2016 ਦੇ ਆਉਂਦਿਆਂ ਹੀ ਜੂਨ ਦੇ ਪ੍ਰਛਾਵੇਂ ਹੇਠ ਕੁਝ ਬੇਸ਼ਗਨੀਆਂ ਧਾਰੀਆਂ ਪ੍ਰਗਟ ਹੁੰਦੀਆਂ ਹਨ। ਪਹਿਲੀ ਜੂਨ 2015 ਤੋਂ ਬਰਗਾੜੀ ਤੋਂ ਸ਼ੁਰੂ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦੀਆਂ ਘਟਨਾਵਾਂ ਦੀ ਲੜੀ, ਪੁਲਿਸ ਦੀ ਕਥਿਤ ਗੈਰ ਹਰਕਤੀ ਵਿਰੁੱਧ ਰੋਸ ਪਰਗਟ ਕਰ ਰਹੇ ਲੋਕਾਂ ਤੇ ਜਿਸ ਦੇ ਸਿਖਰ ਵਜੋਂ ਪੁਲਿਸ ਦੁਆਰਾ ਗੋਲੀ ਚਲਾਉਣ ਨਾਲ ਦੋ ਸਿੱਖ ਨੌਜਵਾਨਾਂ ਦੀ ਮੌਤ ਦੇ ਨਾਲ ਹੀ ਸਰਕਾਰ ਨੂੰ ਨਰਮਾ ਪੱਟੀ ਦੇ ਕਿਸਾਨਾਂ ਦੇ ਖਾੜਕੂ ਸੰਘਰਸ਼ ਨੂੰ ਠੱਲ ਪਾਉਣ ਵਿੱਚ ਮੱਦਦ ਮਿਲੀ। 15 ਨਵੰਬਰ ਦਾ ਸਰਬੱਤ ਖਾਲਸਾ ਨੇ ਸਿੱਖ ਭਾਈਚਾਰੇ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਇਸ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ 'ਤੇ ਜਕੜ ਤੋਂ ਛੁਟਕਾਰਾ ਪਾਏ ਜਾਣ ਦੀ ਭਾਵਨਾ ਨੂੰ ਸਾਹਮਣੇ ਲਿਆਂਦਾ। ਸਰਬੱਤ ਖਾਲਸਾ ਦੁਆਰਾ ਪਾਸ ਕੀਤੇ 13 ਮਤਿਆਂ ਵਿੱਚੋਂ ਤਿੰਨ ਜਥੇਦਾਰਾਂ ਨੂੰ ਹਟਾਉਣਾ ਅਤੇ ਉਹਨਾਂ ਦੀ ਥਾਂ 'ਤੇ ਗਰਮ ਖਿਆਲੀਆਂ ਨੂੰ ਨਿਯੁਕਤ ਕਰਨਾ ਸ਼ਾਮਲ ਸੀ, ਜਿਸ ਨਾਲ ਇੱਕ ਵਾਰ ਫਿਰ ਖਾੜਕੂਵਾਦ ਦਾ ਡਰ ਵਧਦਾ ਜਾਪਿਆ। 'ਦੇਸ਼ ਧਰੋਹ' ਦੇ ਦੋਸ਼ਾਂ ਹੇਠ ਸਰਬੱਤ ਖਾਲਸਾ ਦੁਆਰਾ ਨਿਯੁਕਤ ਕੀਤੇ ਜਥੇਦਾਰਾਂ ਦੀ ਗ੍ਰਿਫਤਾਰੀ ਅਤੇ ਨਜਰਬੰਦੀ ਦੇ ਸਖਤ ਕਦਮਾਂ ਅਤੇ ਮੁੱਖ ਮੰਤਰੀ ਦੁਆਰਾ ਪੰਜਾਬ ਵਿੱਚ ਸ਼ਾਂਤੀ ਲਈ ਉਸ ਵਿੱਚ ਭਰੋਸਾ ਰੱਖਣ ਦਾ ਵਿਸ਼ਵਾਸ਼, ਪਿਛਲੇ ਦਿਨੀਂ ਸ਼ਿਵ ਸੈਨਾ ਅਤੇ ਗਰਮ ਖਿਆਲੀ ਸਿੱਖਾਂ ਵਿੱਚ ਪੈਦਾ ਹੋਏ ਤਣਾਅ ਨਾਲ ਖਿੰਡ-ਖੁੰਡ ਗਿਆ। 25 ਮਈ ਦੀ ਤਜਵੀਜ ਲਲਕਾਰ ਰੈਲੀ ਦੀ ਸ਼ਾਬਦਿਕ ਜੰਗ ਨਾਲ ਸਮੁੱਚੇ ਪੰਜਾਬ ਤੇ ਵਿਸ਼ੇਸ਼ ਕਰਕੇ ਹਿੰਦੂ ਭਾਈਚਾਰੇ ਵਿੱਚ ਡਰ ਦੀ ਇੱਕ ਭਾਵਨਾ ਪੈਦਾ ਹੋ ਚੁੱਕੀ ਹੈ। ਇਹਨਾਂ ਘਟਨਾਵਾਂ ਦੇ/ ਚੋਣ ਰਾਜਨੀਤੀ ਨਾਲ ਰਲਗੱਡ ਹੋਕੇ ਪੰਜਾਬ ਦਾ ਸਿਆਸੀ ਸਮਾਜਿਕ ਮਾਹੌਲ ਗਰਮਾ ਦਿੱਤਾ ਹੈ। ਭਾਵੇਂ ਕਿ ਪੰਜਾਬ ਦੇ ਦ੍ਰਿਸ਼ 'ਤੇ ਇੱਕ ਨਵੀਂ ਸਿਆਸੀ ਧਿਰ, ਆਮ ਆਦਮੀ ਪਾਰਟੀ, ਇੱਕ ਬਦਲਾਅ ਦੀ ਪਾਰਟੀ ਵਜੋਂ ਉੱਤਰੀ ਅਤੇ ਜਿਸਦੇ, ਪਿਛਲੀਆਂ ਲੋਕ ਸਭਾ ਦੌਰਾਨ ਧਮਾਕੇਦਾਰ ਦਾਖਲੇ ਨੇ ਪਿਛਲੇ ਸਾਰੇ ਸਮਾਜਿਕ-ਸਿਆਸੀ ਸਮੀਕਰਨਾਂ ਨੂੰ ਬਦਲ ਕੇ ਰੱਖ ਦਿੱਤਾ। ਬਦ-ਕਿਸਮਤੀ ਨਾਲ ਰਾਜਨੀਤੀ ਵਿੱਚ ਅਨਾੜੀ ਹੋਣ ਕਰਕੇ ਅਤੇ ਸੰਗਠਨਾਤਮਕ ਅਸੂਲਾਂ ਅਤੇ ਰਾਜਾਂ ਦੇ ਆਪਣੀ ਸਿਆਸੀ ਵਿਸਾਤ ਖੁਦ ਵਿਛਾਉਣ ਦੇ ਅਧਿਕਾਰ ਤੇ ਫੈਡਰਲ ਢਾਂਚੇ ਦੀ ਭਾਵਨਾ ਨਾਲ ਖਿਲਵਾੜ ਕਰਨ ਕਰਕੇ ਇਹ, ਪੰਜਾਬ ਦੇ ਮੁੱਦਿਆਂ ਨੂੰ ਸਮਝਣ ਤੇ ਪਕੜ ਬਨਾਉਣ ਵਿੱਚ ਅਸਫਲ ਹੋਣ ਨਾਲ, ਸਿਆਸੀ ਯੁੱਧ ਦੇ ਮੈਦਾਨ ਵਿੱਚ ਘੜੀਸੀ ਗਈ, ਜਿੱਥੇ ਸਥਾਪਤ ਪਾਰਟੀਆਂ ਇਸ ਦੀਆਂ ਕੰਮਜੋਰੀਆਂ ਦਾ ਲਾਹਾ ਲੈ ਕੇ ਸਿਆਸੀ ਖੇਤਰ ਵਿੱਚ ਇਸ ਨੂੰ, ਮਹਿਜ ਇੱਕ ਹੋਰ, ਨਾ ਕਿ ਇੱਕ ਵੱਖਰੀ ਕਿਸਮ ਦੀ ਪਾਰਟੀ ਵਜੋਂ ਸਾਬਤ ਕਰਨ ਵਿੱਚ ਹੌਲੀ-ਹੌਲੀ ਕਾਮਯਾਬ ਹੋ ਰਹੀਆਂ ਹਨ। ਇਸ ਲਈ ਪੰਜਾਬ ਦੇ ਲੋਕਾਂ ਨੇ, ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਤਬਦੀਲੀ ਦੀ ਜੋ ਕਿਰਨ ਦੇਖੀ ਸੀ, ਉਸਦਾ ਵੀਹਵੀਂ ਸਦੀ ਦੇ ਅਖੀਰਲੇ ਦਹਾਕਿਆਂ ਦੇ ਕਾਲੇ ਵਰ੍ਹਿਆਂ ਵਾਂਗ ਪਿਛਾਂਹ ਨੂੰ ਖਿਸਕਣ ਦੀਆਂ ਸੰਭਾਵਨਾਵਾਂ ਬਣਦੀਆ ਜਾ ਰਹੀਆਂ ਹਨ।

ਅੱਜ ਪੰਜਾਬ ਦੀ ਚਲੰਤ ਸਿਆਸਤ ਅੰਦਰ ਸੱਠਵਿਆਂ ਅਤੇ ਸੱਤਰਵਿਆਂ ਦੀਆਂ ਉਹ ਸਾਰੀਆਂ ਉਲਝਣਾਂ ਦਿਖਾਈ ਦੇ ਰਹੀਆਂ ਹਨ, ਜਿਹਨਾਂ ਨੇ ਪੰਜਾਬੀ ਸੂਬੇ ਅਤੇ ਦਰਿਆਈ ਪਾਣੀਆਂ ਵਰਗੇ ਮੁੱਦਿਆਂ ਨੂੰ ਫਿਰਕੂ ਤੰਗ-ਨਜਰੀ ਸੰਘਰਸ਼ਾਂ ਵਿੱਚ ਬਦਲ ਦਿੱਤਾ ਸੀ।

ਸੱਠਵਿਆਂ ਅਤੇ ਸੱਤਰਵਿਆਂ ਦੇ ਇਸ ਭੂਤ ਤੋਂ ਖਹਿੜਾ ਕਿਵੇਂ ਛੁਡਾਇਆ ਜਾਵੇ? ਇਕੋ ਇੱਕ ਹੱਲ ਹੈ।

**"ਸੱਚਾਈ, ਇਨਸਾਫ ਅਤੇ ਮੁੜ-ਭਰੋਸਗੀ ਕਮਿਸ਼ਨ"**

ਕੇਵਲ ਅਜਿਹਾ ਇੱਕ ਕਮਿਸ਼ਨ ਹੀ ਮਹਿਜ ਪ੍ਰਸ਼ਾਸ਼ਨਿਕ, ਗੁਪਤ ਕਾਨੂੰਨੀ ਤੇ ਸ਼ਾਸ਼ਨਵਾਦੀ ਪਹੁੰਚ ਤੋਂ ਖਹਿੜਾ ਛੁਡਾਉਣ ਵਿੱਚ ਮੱਦਦ ਕਰ ਸਕਦਾ ਹੈ। ਇਸ ਲਈ ਲੋੜ ਹੈ ਕਿ ਸਾਰੀਆਂ ਪ੍ਰਭਾਵਿਤ ਧਿਰਾਂ ਯਾਨੀ ਕਿ ਸਾਰੇ ਭਾਈਚਾਰਿਆਂ, ਜਮਾਤਾਂ, ਸੰਸਥਾਵਾਂ ਚਾਹੇ ਉਹ ਸਰਕਾਰ,ਸਿਆਸੀ ਪਾਰਟੀਆਂ ਅਤੇ ਧਾਰਮਿਕ ਕੋਈ ਵੀ ਹੋਣ, ਨੂੰ ਧਿਰ ਬਣਾਕੇ ਅਤੇ ਸਾਰੇ ਮੁੱਦਿਆਂ ਅਤੇ ਘਟਨਾਵਾਂ ਨੂੰ ਲੇਖੇ ਜੋਖੇ ਵਿੱਚ ਸ਼ਾਮਲ ਕੀਤਾ ਜਾਵੇ ਤਾਂ ਕਿ ਇਤਿਹਾਸ ਦੇ ਇਸ ਦੁਖਦ ਅਧਿਆਏ ਨੂੰ ਸਹੀ ਤਰੀਕੇ ਨਾਲ ਬੰਦ ਕੀਤਾ ਜਾ ਸਕੇ।

ਸੰਨ 1947 ਵਿੱਚ, ਹੋਂਦ ਵਿੱਚ ਆਇਆ ਭਾਰਤੀ ਗਣਤੰਤਰ, ਜੋ ਅਰਧ-ਧਾਰਮਿਕ ਰਾਜ ਪਾਕਿਸਤਾਨ ਨੂੰ ਤਸਲੀਮ ਕਰਕੇ ਆਪਣੇ ਮੱਥੇ ਉੱਤੇ ਫਿਰਕੂ ਵੰਡ ਦਾ ਅਜਿਹਾ ਇਤਿਹਾਸਿਕ ਬਦਨੁਮਾ ਦਾਗ ਲੈ ਕੇ ਜੰਮਿਆ ਹੈ, ਸਮੁੱਚੇ ਉਪ ਮਹਾਂਦੀਪ ਵਿੱਚ ਇੱਕ ਖੂਨੀ ਇਤਿਹਾਸ ਤੇ ਕੁੜੱਤਣ ਭਰੇ ਮਾਹੌਲ ਤੋਂ ਅਜੇ ਤੱਕ ਖਹਿੜਾ ਨਹੀਂ ਛੁਡਾ ਸਕਿਆ। ਭਾਰਤ ਦੀ ਵੰਡ ਲਈ ਸਹਿਮਤ ਹੋਣ ਤੱਕ ਹਿੰਦੂ, ਮੁਸਲਿਮ ਅਤੇ ਸਿੱਖ ਤਿੰਨੋਂ ਭਾਈਚਾਰਿਆਂ ਨੇ ਬਰਤਾਨਵੀ ਸ਼ਾਸ਼ਕਾਂ ਨਾਲ ਅਤੇ ਆਪਸ ਵਿੱਚ ਲਮਕਵੀਂ ਅਤੇ ਕਈ ਵਾਰ ਤਲਖ ਗੱਲਬਾਤ ਚਲਾਈ। ਭਾਵੇਂ ਕਿ ਹਿੰਦੂ ਅਤੇ ਸਿੱਖਾਂ ਦੇ ਇੱਕਠੇ ਰਹਿਣ ਦੇ ਫੈਸਲੇ ਨੇ ਨਵੇਂ ਗਣਤੰਤਰ ਨੂੰ ਧਰਮ ਨਿਰਪੱਖ ਅਤੇ ਜਮਹੂਰੀ ਕਿਰਦਾਰ ਮੁਹੱਈਆ ਕਰਵਾਇਆ ਅਤੇ ਇਹ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਵੱਲੋਂ ਖੁਦ ਇਹ ਯਕੀਨ ਦਵਾਉਣ ਨਾਲ ਮਿਲਿਆ ਕਿ "ਸਿੱਖਾਂ ਨੂੰ ਇੱਕ ਅਰਧ ਖੁਦ-ਮੁਖਤਿਆਰ ਇਕਾਈ ਵਜੋਂ ਵਿਚਰਨ ਦੀ ਇਜਾਜਤ ਹੋਵੇਗੀ ਤਾਂ ਕਿ ਉਹਨਾਂ ਵਿੱਚ ਅਜਾਦੀ ਦੀ ਭਾਵਨਾ ਦਾ ਅਹਿਸਾਸ ਹੋਵੇ"। ਇਸ ਤੋਂ ਬਾਅਦ ਸੰਵਿਧਾਨ ਘੜਨੀ ਸਭਾ ਦੁਆਰਾ 9 ਦਸੰਬਰ 1946 ਨੂੰ ਪਾਸ ਕੀਤੇ ਮਤੇ ਵਿੱਚ ਭਾਰਤੀ ਸੰਘ ਨੂੰ "ਆਵੰਡੀਆਂ ਸ਼ਕਤੀ ਵਾਲੀਆਂ ਖੁਦ-ਮੁਖਤਿਆਰ ਇਕਾਈਆਂ ਵਾਲੇ ਇੱਕ ਅਜਾਦ ਪ੍ਰਭੁਸੱਤਾ ਸੰਪੂਰਨ ਗਣਤੰਤਰ" ਵਜੋਂ ਚਿਤਵਿਆ ਗਿਆ ਸੀ। ਪੰਜਾਬ ਅੰਦਰ ਪਿਛਲੇ ਸਦੀ ਦੇ ਅੰਤਲੇ ਦਹਾਕਿਆਂ ਦੇ ਕਾਲੇ ਦੌਰ ਦੌਰਾਨ ਵਾਪਰੇ ਰਾਜਨੀਤਿਕ ਘਟਨਾਕਰਮ ਨੇ, ਭਾਰਤੀ ਗਣਤੰਤਰ ਦੇ ਇਸ ਅਕਸ ਨੂੰ ਬੁਰੀ ਤਰਾਂ ਢਾਅ ਲਾਈ ਹੈ ਅਤੇ ਇੰਞ ਨਾ ਹੋਵੇ ਕਿ ਵਰਤਮਾਨ ਹਾਲਤਾਂ ਕਾਰਨ, ਭਾਰਤ ਦੀ 'ਹੋਣੀ ਨਾਲ ਮਿਲਣੀ' ਵੀ ਇੱਕ ਵਾਰ ਫਿਰ ਖਟਾਸ ਵਾਲੀ ਹੋ ਜਾਵੇ। ਇਸ ਲਈ ਅਤਿਅੰਤ ਲੋੜ ਹੈ ਇੱਕ "ਸੱਚਾਈ ਇਨਸਾਫ ਅਤੇ ਮੁੜ ਭਰੋਸਗੀ ਕਮਿਸ਼ਨ" ਦੀ। ਇਹ ਇਤਿਹਾਸਕ ਤੇ ਸਮਕਾਲੀਨ ਰਾਜਨੀਤਿਕ ਤੇ ਸਿਆਸੀ ਪ੍ਰਸੰਗ ਹੀ 'ਸੱਚ,ਇਨਸਾਫ ਤੇ ਮੁੜ ਭਰੋਸਗੀ ਕਮਿਸ਼ਨ' ਦੀ ਮੰਗ ਲਈ ਲੋੜ ਤੇ ਆਧਾਰ ਮੁਹੱਈਆ ਕਰ ਰਿਹਾ ਹੈ।

ਸੱਚਾਈ! ਕੋਈ ਆਦਰਸ਼ ਜਾਂ ਪੂਰਨ ਸੱਚ ਨਹੀਂ। ਸਗੋਂ ਕਾਲੇ ਦਹਾਕੇ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਜੋ ਕੁਝ ਵਾਪਰਿਆ, ਇਸ ਸਾਰੇ ਘਟਨਾਕਰਮ ਵਿੱਚ ਹਰ ਇੱਕ ਧਿਰ ਦੇ ਰੋਲ ਨੂੰ ਉਜਾਗਰ ਕਰਨ ਵਾਲਾ ਸੱਚ। ਸਮੂਹ ਭਾਈਚਾਰਿਆਂ ਦੇ ਪੂਜਣਯੋਗ ਹਰਿਮੰਦਰ ਸਾਹਿਬ 'ਤੇ ਹੋਏ ਬਲਿਉ ਸਟਾਰ ਅਪ੍ਰੇਸ਼ਨ ਨੇ ਸਾਰੇ ਪੰਜਾਬੀਆਂ ਦੀ ਰੂਹ ਨੂੰ ਝੰਜੋੜਿਆ। ਬੱਸਾਂ ਅਤੇ ਗੱਡੀਆਂ ਵਿੱਚ ਯਾਤਰਾ ਕਰਦੇ ਨਿਰਦੋਸ਼ ਹਿੰਦੂਆਂ ਦੇ ਕੀਤੇ ਕਤਲਾਂ, ਅਪ੍ਰੇਸ਼ਨ ਬਲਿਉ ਸਟਾਰ ਦੌਰਾਨ ਮਾਰੇ ਗਏ ਸ਼ਰਧਾਲੂਆਂ ਦੇ ਨਾਂ ਤੇ ਗਿਣਤੀ, ਜਾਂ 1984 ਵਿੱਚ ਦਿੱਲੀ ਅਤੇ ਹੋਰ ਥਾਵਾਂ 'ਤੇ ਕੀਤੀ ਸਿੱਖਾਂ ਦੀ ਨਸਲਕੁਸ਼ੀ ਦੌਰਾਨ ਮਾਰੇ ਗਏ ਹਜਾਰਾਂ ਸਿੱਖਾਂ ਜਾਂ ਫਿਰ ਗੈਰ ਕਾਨੂੰਨੀ ਢੰਗ ਨਾਲ ਕਤਲ ਕਰਕੇ ਅਤੇ ਅਣਪਛਾਤੇ ਕਹਿ ਕੇ ਖਪਾ ਦਿੱਤੇ ਗਏ ਸਿੱਖ ਨੌਜਵਾਨਾਂ ਅਤੇ ਪੁਲਿਸ ਵਾਲਿਆਂ ਦੇ ਬੇਗੁਨਾਹ ਪਰਿਵਾਰਕ ਮੈਂਬਰਾਂ ਨੂੰ ਮੌਤ ਦੇ ਘਾਟ ਉਤਾਰੇ ਜਾਣ ਦਾ ਸੱਚ ਕੀ ਸੀ? ਸਭ ਤੋਂ ਸ਼ਾਜਸ਼ਾਨਾ-ਸ੍ਰ ਜਸਵੰਤ ਸਿੰਘ ਖਾਲੜਾ ਦਾ ਨਿਰਦਈ ਕਤਲ ਸੀ ਜੋ ਕਿ ਝੂਠੇ ਮੁਕਾਬਲਿਆਂ ਵਿੱਚ ਮਾਰੇ ਗਏ ਨੌਜਵਾਨਾਂ ਦੀ ਗਿਣਤੀ ਦਾ ਹਿਸਾਬ ਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਕੋਈ ਵੀ ਵਿਅਕਤੀ, ਜਿਸ ਪਾਸ ਦੱਸਣ ਲਈ ਕੋਈ ਕਹਾਣੀ ਹੋਵੇ ਜਾਂ ਇਸ ਭੈੜੇ ਦੁਖਾਂਤ ਦੇ ਕਿਸੇ ਪੱਖ ਤੋਂ ਪਰਦਾ ਚੁੱਕ ਸਕਦਾ ਹੋਵੇ, ਉਸਦੀ ਅਜਿਹਾ ਕਰਨ ਵਿੱਚ ਅਵੱਸ਼ ਮਦਦ ਕੀਤੀ ਜਾਣੀ ਚਾਹੀਦੀ ਹੈ। ਇਹਨਾਂ ਘਟਨਾਵਾਂ ਦੇ ਰਹੱਸ ਤੇ ਪਰਦਾ ਪਾਉਣ ਨਾਲ ਇਹ ਗੱਲ ਛੁੱਪ ਜਾਂਦੀ ਹੈ ਕਿ ਇਹ ਘਟਨਾਵਾਂ ਕਿਉਂ ਤੇ ਕਿਵੇਂ ਵਾਪਰੀਆਂ ਸਨ। ਜਦ ਤੱਕ ਸੱਚ-ਕੁੱਲ ਲਿਖਤਾਂ, ਸਰਕਾਰ ਜਾਂ ਸਰਕਾਰੀ ਏਜੰਸੀਆਂ ਤੇ ਦੁਖਾਂਤ ਵਿੱਚ ਸ਼ਾਮਿਲ ਧਿਰਾਂ ਦੇ ਸਮੁੱਚੇ ਰਿਕਾਰਡ ਤੇ ਦਸਤਾਵੇਜਾਂ ਅਤੇ ਹਿੰਸਾ ਦਾ ਸ਼ਿਕਾਰ ਹੋਏ ਵਿਅਕਤੀਆਂ ਦੀਆਂ ਖੁੱਲ ਕੇ ਬਿਆਨੇ ਬਿਰਤਾਂਤਾਂ ਰਾਹੀਂ ਉਜਾਗਰ ਨਹੀਂ ਹੁੰਦਾ, ਇਤਿਹਾਸ ਦੁਆਰਾ ਪੈਦਾ ਕੀਤੇ ਅਜੇ ਵੀ ਅੱਲ੍ਹੇ ਜਖ਼ਮਾਂ ਨੂੰ ਬਿਨਾ ਢੁੱਕਵੀਂ ਦਵਾ ਜਾਂ ਮਲ੍ਹਮ ਲਾਏ ਬਗੈਰ, ਸੁੱਕੀ ਪੱਟੀ ਬੰਨ ਕੇ ਠੀਕ ਨਹੀਂ ਕੀਤਾ ਜਾ ਸਕਦਾ।

**ਇਨਸਾਫ਼** : ਤਿੰਨ ਦਹਾਕੇ ਬੀਤ ਗਏ ਹਨ। ਕੁੱਝ ਕੇਸਾਂ ਨੂੰ ਛੱਡਕੇ ਇਨਸਾਫ਼ ਦੀ ਸੰਘੀ ਘੁੱਟੀ ਗਈ ਹੈ। ਸਾਰੇ ਨਾਟਕ ਦੇ ਦੁਆਲੇ ਗੁਪਤਤਾ ਦੀ ਦੀਵਾਰ ਹੀ ਨਹੀਂ ਖੜੀ ਕੀਤੀ ਗਈ, ਸਗੋਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਮੁਕੰਮਲ ਅਸਫ਼ਲਤਾ ਵੀ ਉਜਾਗਰ ਹੁੰਦੀ ਹੈ, ਜਿਵੇਂ ਦਿੱਲੀ ਕਤਲੇਆਮ ਵਿੱਚ ਹੋਇਆ ਅਤੇ ਜਿਵੇਂ ਕਿ ਹੁਣੇ ਪੀਲੀਭੀਤ ਕਾਂਡ ਨੇ ਸਾਹਮਣੇ ਲਿਆਂਦਾ ਹੈ, ਜਿੱਥੇ ਬਾਅਦ ਦੀਆਂ ਸਾਰੀਆਂ ਸਰਕਾਰਾਂ ਨੇ ਇਨਸਾਫ਼ ਵਿੱਚ ਰੋੜਾ ਅਟਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਬੱਸਾਂ ਅਤੇ ਗੱਡੀਆਂ ਵਿੱਚ ਸਫ਼ਰ ਕਰਨ ਵਾਲੇ ਹਿੰਦੂ ਮੁਸਾਫ਼ਰ ਕਦੇ ਵੀ ਇਹ ਗੱਲ ਜਾਣ ਨਹੀਂ ਸਕਣਗੇ ਕਿ ਉਹਨਾਂ ਦਾ ਕਤਲ ਕਿਉਂ ਕੀਤਾ ਗਿਆ। ਸਾਰੇ ਭਾਈਚਾਰਿਆਂ ਦੇ ਪਰਿਵਾਰਾਂ ਦੇ ਪਰਿਵਾਰ ਖਤਮ ਕਰ ਦਿੱਤੇ ਗਏ, ਸਭ ਤੋਂ ਵੱਧ ਦੁੱਖ ਔਰਤਾਂ ਨੇ ਭੋਗੇ, ਚਾਹੇ ਉਹਨਾਂ ਦੇ ਬਲਾਤਕਾਰ ਹੋਏ ਹੋਣ ਜਾਂ ਕਤਲ, ਜਾਂ ਫਿਰ ਦੋਵੇਂ ਹੀ। ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਦੇ ਬੇਗੁਨਾਹ ਅਤੇ ਅਚੇਤ ਮੈਂਬਰਾਂ ਨੂੰ ਉਹਨਾਂ ਦਾ ਕੋਈ ਦੋਸ਼ ਨਾ ਹੋਣ ਦੇ ਬਾਵਜੂਦ ਵੀ ਮੌਤ ਦੇ ਘਾਟ ਕਿਉਂ ਉਤਾਰਿਆ ਗਿਆ?

ਮਨੁੱਖ ਦੀ ਵਿਅਕਤੀਗਤ ਅਤੇ ਮਨੁੱਖਤਾ ਦੀ ਸਮੂਹਿਕ ਲੋੜ ਹੈ ਅਤੇ ਅੱਗੇ ਵਧਣ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਜਿਵੇਂ ਅਸੀਂ ਹਰ ਮਨੁੱਖ ਦਾ ਇਕ ਇੱਜ਼ਤ ਨਾਲ ਸੰਸਕਾਰ ਕਰਦੇ ਹਾਂ ਅਤੇ ਭੋਗ ਪਾਉਂਦੇ ਹਾਂ, ਇਸੇ ਤਰ੍ਹਾਂ ਇਸ ਕਾਲੇ ਅਧਿਆਏ ਦਾ ਸਹੀ ਢੰਗ ਨਾਲ ਭੋਗ ਪਾਇਆ ਜਾਵੇ। ਪਹਿਲਾਂ ਹੀ ਤਿੰਨ ਤੋਂ ਵੱਧ ਦਹਾਕੇ ਬੀਤ ਚੁੱਕੇ ਹਨ ਅਤੇ ਉਹਨਾਂ ਨੂੰ ਜੋ ਮਾਰੇ ਗਏ, ਸਾੜੇ ਗਏ,ਅਪਾਹਜ ਕੀਤੇ ਗਏ ਜਾਂ ਅਪਮਾਨਤ ਕੀਤੇ ਗਏ, ਨੂੰ ਇਨਸਾਫ਼ ਮਿਲਣਾ ਜਰੂਰੀ ਹੈ, ਤਾਂ ਹੀ ਰੂਹਾਂ? ਨੂੰ ਸ਼ਾਂਤੀ ਮਿਲ ਸਕਦੀ ਹੈ।

**ਮੁੜ-ਭਰੋਸਗੀ** : ਕੇਵਲ ਮੁੜ-ਭਰੋਸਗੀ ਹੀ ਭਾਈਚਾਰਿਆਂ ਅਤੇ ਵਿਅਕਤੀਆਂ ਵਿਚਕਾਰ ਫਿਰਕੂ ਵੰਡ ਨੂੰ ਮੇਟ ਸਕਣ, ਉਨ੍ਹਾਂ ਨੂੰ ਇਕ ਦੂਜੇ ਦੇ ਨਜਦੀਕ ਲਿਆ ਕੇ ਆਪਸੀ ਮਿਲਵਰਤਣ ਤੇ ਸਹਿਹੋਂਦ ਦਾ ਵਾਤਾਵਰਨ ਪੈਦਾ ਕਰਕੇ ਉਜੱਲ ਭਵਿੱਖ ਵੱਲ ਲਿਜਾਣ ਦੀ ਦਿਸ਼ਾ ਵੱਲ ਤੋਰ ਸਕਦੀ ਹੈ। ਮੁੜ-ਭਰੋਸਗੀ ਵਿੱਚ ਪਸ਼ਚਾਤਾਪ, ਮਾਫ਼ ਕਰਨਾ, ਭੁੱਲ ਜਾਣਾ ਅਤੇ ਇਸ ਤੋਂ ਅਗਾਂਹ ਇੱਕ ਨਵੀਂ ਸ਼ੁਰੂਆਤ ਕਰਨਾ ਸ਼ਾਮਲ ਹੁੰਦਾ ਹੈ ਅਤੇ ਇਸ ਸਭ ਨੂੰ ਹਾਸਲ ਕਰਨ ਲਈ ਦਰਿਆਦਿਲੀ ਅਤੇ ਖੁੱਲ ਦਿਲੀ ਨੂੰ ਅਪਨਾਉਣਾ ਪਵੇਗਾ । ਇਹਨ੍ਹਾਂ ਗੁਣਾਂ ਨੂੰ ਅਪਨਾਉਣਾ ਕੋਈ ਪਹਿਲੀ ਵਾਰ ਨਹੀਂ ਹੋਵੇਗਾ। ਦਹਿ-ਸਦੀਆਂ ਦੌਰਾਨ, ਵਿਅਕਤੀਆਂ ਅਤੇ ਨੀਤੀਵਾਨਾਂ ਨੇ ਅਜਿਹੇ ਕਾਰਜਾਂ ਰਾਹੀਂ ਹੀ ਮਨੁੱਖੀ ਸਮਾਜਾਂ ਨੂੰ ਅੱਗੇ ਤੋਰਿਆ ਹੈ।

ਅਸੀਂ ਇੱਥੇ ਮੋਟੇ ਤੌਰ 'ਤੇ ਨਸਲੀ ਵਿਤਕਰੇ ਤੋਂ ਬਾਅਦ ਦੱਖਣੀ ਅਫਰੀਕਾ ਵਿੱਚ ਬਣਾਏ ਗਏ ਸਚਾਈ ਅਤੇ ਮੁੜ-ਭਰੋਸਗੀ ਕਮਿਸ਼ਨ ਦੀ ਤਰਜ਼ ਤੇ ਇਕ ਸੱਚਾਈ, ਇਨਸਾਫ਼ ਅਤੇ ਮੁੜ-ਭਰੋਸਗੀ ਕਮਿਸ਼ਨ? ਬਣਾਉਣ ਦੀ ਮੰਗ ਕਰਦੇ ਹਾਂ, ਪਰੰਤੂ ਇਸ ਵਿੱਚ ਇਨਸਾਫ਼ ਦੀ ਮਦ ਜੋੜ ਕੇ, ਪੰਜਾਬ ਵਿੱਚ ਜਾਂ ਪੰਜਾਬ ਤੋਂ ਬਾਹਰ ਵਾਪਰੀਆਂ ਅਜਿਹੀਆਂ ਘਟਨਾਵਾਂ ਦੀ ਸਚਾਈ ਨੂੰ ਉਜਾਗਰ ਕਰਨ ਲਈ ਕੁੱਝ ਹੋਰ ਜਰੂਰੀ ਧਰਾਵਾਂ ਦੇ ਵਾਧੇ ਦੀ ਮੰਗ ਕਰਦੇ ਹਾਂ।

ਕਿਉਂਕਿ ਪਹਿਲਾਂ ਸੇਵਾ ਮੁਕਤ ਜੱਜ ਜਸਟਿਸ ਕੁਲਦੀਪ ਸਿੰਘ ਦੀ ਅਗਵਾਈ ਹੇਠ ਸਥਾਪਤ ਕੀਤੇ ਲੋਕ ਕਮਿਸ਼ਨ ਦਾ ਹਾਈ ਕੋਰਟ ਵਿੱਚ ਕਾਨੂੰਨੀ ਕਾਰਵਾਈ ਰਾਹੀਂ ਅੱਧ ਵਿਚਾਲੇ ਭੋਗ ਪਾ ਦਿੱਤਾ ਗਿਆ ਸੀ, ਇਹ ਕਮਿਸ਼ਨ ਸਿਆਸੀ ਅਤੇ ਸੰਵਿਧਾਨਕ ਕਾਰਜ ਰਾਹੀਂ ਕਾਇਮ ਕੀਤਾ ਜਾਣਾ ਚਾਹੀਦਾ ਹੈ।

1) ਕਮਿਸ਼ਨ ਸਰਕਾਰੀ ਤੌਰ ਤੇ ਸੰਸਦ ਰਾਹੀਂ ਕਾਨੂੰਨ ਪਾਸ ਕਰਕੇ ਸਥਾਪਤ ਕੀਤਾ ਜਾਵੇ।

2) ਇਸ ਵਿੱਚ ਸਾਰੇ ਪ੍ਰਭਾਵਿਤ ਵਰਗਾਂ ਦੇ ਉਘੇ ਵਿਅਕਤੀਆਂ ਅਤੇ ਵੱਖ-ਵੱਖ ਪੀੜਤਾਂ ਦੇ ਪ੍ਰਤੀਨਿਧ ਸ਼ਾਮਲ ਕੀਤੇ ਜਾਣ।

3) ਸਾਰੇ ਸਰਕਾਰੀ ਦਸਤਾਵੇਜ਼ ਸਮੇਤ ਏਜੰਸੀਆਂ ਦੇ ਰਿਕਾਰਡ ਜਰੂਰੀ ਤੌਰ ਤੇ ਉਪਲਬਧ ਹੋਣ, ਜਨਤਕ ਕੀਤੇ ਜਾਣ ਅਤੇ ਕਮਿਸ਼ਨ ਦੁਆਰਾ ਘੋਖੇ ਜਾਣ।

4) ਇਹ ਹਰੇਕ ਰਾਜਨੀਤਕਾਂ, ਨੀਤੀਵਾਨਾ, ਪ੍ਰਸ਼ਾਸ਼ਨਿਕ ਅਧਿਕਾਰੀਆਂ ਅਤੇ ਭਾਈਚਾਰਿਆਂ ਦੀ ਅਸਫਲਤਾਵਾਂ, ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਬਾਰੇ ਸਚਾਈ ਨੂੰ ਉਜਾਗਰ ਕਰਨ ਵਾਲਾ ਹੋਵੇ ਅਤੇ ਅਫਵਾਹਾਂ ਦੇ ਬਜਾਰ ਵਿੱਚ ਚਲਦੀਆਂ ਸ਼ਾਜਿਸ਼ਾਂ ਬਾਰੇ ਸੱਚ ਨੂੰ ਸਥਾਪਤ ਕਰੇ।

5) ਇਹ ਕੁੱਝ ਦਿਸ਼ਾ ਨਿਰਦੇਸ਼ਾ ਦਾ ਖਰੜਾ ਤਿਆਰ ਕਰੇ ਅਤੇ ਵਿਗਿਆਨ, ਤਕਨੀਕ, ਸੰਚਾਰ, ਵਿਸ਼ਵੀਕਰਨ ਅਤੇ ਇਸ ਨਾਲ ਜੁੜੀਆਂ ਸਮਾਜਕ ਤਬਦੀਲੀਆਂ ਵਿੱਚ ਹੋਏ ਵਿਕਾਸ ਨੂੰ ਨਿਗ੍ਹਾ ਗੋਚਰੇ ਰੱਖਦੇ ਹੋਏ ਸੁਧਾਰਾਂ ਦੀਆਂ ਸਿਫਾਰਸ਼ਾਂ ਕਰੇ।

ਸਾਨੂੰ ਪੂਰਨ ਭਰੋਸਾ ਹੈ ਕਿ ਸੰਵਾਦ ਤੇ ਗੋਸ਼ਟੀਆਂ ਨਫ਼ਰਤ ਦੀਆਂ ਕੰਧਾਂ ਨੂੰ ਢਾਹੁਣ ਵਿੱਚ ਅਤੇ ਭਾਈਚਾਰੇ ਅਤੇ ਦੋਸਤੀ ਨੂੰ ਪ੍ਰਫੁੱਲਤ ਕਰਨ ਵਿੱਚ ਇਕ ਬਹੁਤ ਵੱਡਾ ਸਾਧਨ ਹਨ। ਇਸੇ ਤਰ੍ਹਾਂ ਇਹ ਲੋਕਤੰਤਰ ਦੀਆਂ ਨੀਹਾਂ ਵੀ ਬਣਦੀਆਂ ਹਨ। ਜਿਵੇਂ ਕਿ ਗੋਸ਼ਟੀਆਂ ਅਤੇ ਵਿਚਾਰਾਂ ਦੇ ਖੁੱਲੇਪਣ ਦੇ ਮਹੱਤਵ ਬਾਰੇ ਬਾਬਾ ਨਾਨਕ ਠੀਕ ਹੀ ਜੋਰ ਦਿੰਦੇ ਹਨ

ਜਬ ਲਗਿ ਦੁਨੀਆ ਰਹੀ ਹੈ।
ਨਾਨਕ ਕੁਛ ਸੁਣੀ ਹੈ ਕੁਝ ਕਹੀ ਹੈ।

ਅਰਥਾਤ ਜਦ ਤੱਕ ਇਸ ਸੰਸਾਰ ਦੀ ਹੋਂਦ ਹੈ, ਹੇ ਨਾਨਕ! ਆਓ ਕੁੱਝ ਸੁਣੀਏ ਅਤੇ ਆਓ ਕੁੱਝ ਕਹੀਏ।)

ਲੋਕਤੰਤਰੀ ਵਿਚਾਰਾਂ ਦੀ ਸਥਾਪਤੀ ਤੇ ਪਕਿਆਈ ਹੋਵੇ।

ਪੰਜਾਬ ਵਿੱਚ ਭਾਈਚਾਰਾ ਤੇ ਏਕਤਾ ਕਾਇਮ ਰਹੇ।

ਮਨੁੱਖਤਾ ਦੀ ਭਾਵਨਾ ਦੀ ਜਿੱਤ ਹੋਵੇ।।

## ਸ਼ਰਧਾਂਜਲੀ

(ਮਰਹੂਮ ਪ੍ਰੋ. ਅਜਮੇਰ ਔਲਖ ਦੇ ਨਾਂ)

ਅਵਾਮੀ ਕਲਾਕਾਰ ਅਜਮੇਰ ਔਲਖ,
ਸੀ ਗੁਫਤਾਰ, ਕਿਰਦਾਰ ਦਾ ਪੂਰਾ।

ਮੈਂ ਅਪਣੇ ਸਮੇਂ ਵਿਚ ਇਕ ਦੋ ਹੀ ਨੇ ਵੇਖੇ,
ਜਿੰਨਾ ਦਾ ਨਹੀਂ ਹੈ ਸੀ ਕਿਰਦਾਰ ਦੂਹਰਾ।

ਉਹ ਇਕ ਭਾਅ ਸੀ ਗੁਰਸ਼ਰਨ ਦੂਜਾ ਸੀ ਔਲਖ,
ਤੁਲੇ ਇਸ ਤਰਾਜੂ ਤੇ ਜਿਹੜੇ ਨੇ ਪੂਰਾ।

ਕਲਾ ਸ਼ਬਦ ਅੱਜ ਜਦ ਨੇ ਵਿਉਪਾਰ ਬਣ 'ਗੇ।
ਵਪਾਰੀ ਤੇ ਤਾਜਰ ਨੇ ਲਿਖਿਆ ਬਣ 'ਗੇ।

ਕਿ ਦਰਬਾਰੀ ਤਮਗ਼ੇ, ਇਨਾਮਾਂ ਦੇ ਪਿੱਛੇ,
ਭਿਖਾਰੀ, ਜੁਗਾੜੀ ਨੇ ਫਨਕਾਰ ਬਣ 'ਗੇ।

ਸੁਨੇਹੇ ਜੋ ਦਿੰਦੇ ਨੇ ਅਪਣੀ ਕਲਾ ਵਿਚ,
ਸੁਨੇਹੇ ਉਲਟ ਪਰ ਨੇ ਕਿਰਦਾਰ ਬਣ 'ਗੇ।

ਕਿ ਦੌਲਤ ਤੇ ਸ਼ੋਹਰਤ ਦੀ ਖਾਤਰ ਐ ਯਾਰੋ,
ਅਠੱਨਵੇਂ ਵਿਕੀ ਜਾਂਦੇ ਜ਼ਮੀਰ।

ਅਜੇਹੇ ਸਮੇਂ ਭਾਅ ਜੀ, ਅਜਮੇਰ ਔਲਖ,
ਕਲਾ ਦੇ ਸਿਦਕ ਦੀ ਸੀ ਯਾਰੋ ਅਖੀਰ।

ਉਹ ਹਮਦਰਦ ਲੋਕਾਂ ਦੇ ਦੁੱਖ ਦਰਦ ਦਾ ਸੀ,
ਸੀ ਲੋਕਾਂ ਦੇ ਦੁਖ ਦਾ ਉਹ ਲਭਦਾ ਇਲਾਜ।

ਅਵਾਮੀ ਸੀ, ਜਜ਼ਬੇ ਦੀ ਯਾਰੋ ਜ਼ੁਬਾਂ ਉਹ,
ਸੀ ਮਜ਼ਲੂਮ ਲੋਕਾਂ ਦੀ ਬਣਦਾ ਆਵਾਜ।

ਕੁਲਹਿਣੀ ਨੀ ਮੌਤੇ ! ਇਹ ਕੀਤਾ ਕੀ ਕਾਰਾ,
ਕਿ ਪਿਆਰੇ ਤੂੰ ਔਲਖ ਨੂੰ ਖੋਹ ਕੇ ਹੈਂ ਲੈ ਗਈ।

ਕਲਾ ਓਸ ਦੀ ਤੂੰ ਮਿਟਾਅ ਨਾ ਸਕੇਂਗੀ,
ਭਲਾ ਰਾਖ ਹੋ ਕੇ ਉਹਦੀ ਦੇਹ ਹੈ ਰਹਿ ਗਈ।

ਹਜਾਰਾਂ ਦਿਲਾਂ 'ਤੇ ਹੈ ਛਾਈ ਉਦਾਸੀ।
ਹਜਾਰਾਂ ਹੀ ਨੇਤਰ ਨੇ ਹੰਝੂਆਂ 'ਚ ਭਿੱਜੇ।

ਸਦੀਵੀ ਤੇਰੀ ਅਲਵਿਦਾ ਨੂੰ ਐ ਔਲਖ,
ਸਲਾਮ ਸਾਡਾ ਆਖਰੀ ਇਹ ਪੁੱਜੇ ।

ਮੇਰੇ ਪਿਆਰੇ ਔਲਖ ਨੂੰ ਸ਼ਰਧਾਂਜਲੀ ਹੈ,
ਮੈਂ ਦੁਹਰਾਅ ਰਿਹਾ ਹਾਂ ਉਹਦੇ ਹੀ ਅਹਿਦ ਨੂੰ,

ਕਲਮ ਦਾ ਸਿਪਾਹੀ ਲੜੂੰ ਹਕ ਤੇ ਸਚ ਲਈ,
ਮੈਂ ਜਾਰੀ ਰੱਖਾਂ ਉਹਦੀ ਜੱਦੋ ਜਹਿਦ ਨੂੰ।

- ਮਹਿੰਦਰ ਸਾਥੀ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਇੱਕ ਇਹ ਵੀ ਧੀ ਪੰਜਾਬ ਦੀ

ਨਾਂਅ ਜਿਸਦਾ ਅਮਨਪ੍ਰੀਤ
ਜੀਹਨੂੰ ਖਾ ਗਏ ਰਾਖੇ ਅਮਨ ਦੇ
ਉਹਨੇ ਅੰਬਰ ਵਾਹੀ ਲੀਕ

ਉਹਦਾ ਬਾਬਲ ਤੇ ਫਿਰ ਅੰਮੜੀ
ਉਹ ਦੋਵੇ ਪੁਲਸ ਚ ਮਰ ਗਏ
ਉਹ ਪੁਲਸ ਦੀ ਵਰਦੀ ਅਮਨ ਦੇ
ਸੀ ਸਿਰ ਤੇ ਲੋਕੋ ਧਰ ਗਏ

ਉਹਦੀ ਵਰਦੀ ਥਾਣੇ ਵਿਚ ਹੀ
ਅੱਜ ਕੀਤੀ ਲੀਰੋ ਲੀਰ
ਉਹਦੇ ਅੱਜ ਸਟਾਰ ਨੇ ਪੁੱਛਦੇ
ਤੇ ਨੈਣੋਂ ਵਗਦਾ ਨੀਰ

ਮੈਂ ਵਾਰ ਵਾਰ ਸੀ ਦੱਸਦੀ
ਮੇਰੀ ਪੱਤ ਤੇ ਹੋਵਣ ਵਾਰ
ਅੱਜ ਚੋਰ ਤੇ ਕੁੱਤੀ ਰਲ ਗਈ
ਬਿਨ ਖੱਫਣ ਮਰੀ ਸਰਕਾਰ

ਅਮਨ ਕਹੇ ਏਥੇ ਅਮਨ ਨਹੀਂ
ਏਥੇ ਹੈ ਹਿੰਸਾ ਦੀ ਮਾਰ
ਅੱਜ ਅਮਨ ਅਸਾਨੂੰ ਪੁੱਛਦੀ
ਕਿਉਂ ਰਹੇ ਘੁਰਾੜੇ ਮਾਰ

ਬਣੀਂ ਸੁਆਲੀਆ ਚਿੰਨ੍ਹ ਹੈ
ਅੱਜ ਅਮਨਦੀਪ ਦੀ ਲਾਸ਼
ਇਹਨਾ ਗਿਰਝਾਂ ਕਦ ਤੱਕ ਖਾਵਣਾਂ
ਸਾਡੀ ਗੈਰਤ, ਇੱਜਤ, ਮਾਸ

ਵੇ ਚਾਨਣ ਦੇ ਵਣਜਾਰਿਓ
ਹੋਈ ਕਾਲਖ ਹੈ ਮੂੰਹ ਜੋਰ
ਪਾਵੋ ਜੋਟੀ ਚੱਲੀਏ
ਅੱਜ ਨਵੇਂ ਸਮੇਂ ਦੀ ਤੋਰ

ਮੁੱਢੋਂ ਪੈਣਾ ਬਦਲਣਾ
ਇਹ ਜੋ ਗੁੰਡਾ ਰਾਜ
ਜੇ ਰਾਖੀ ਕਰਨੀ 'ਅਮਨਾਂ' ਦੀ
ਤਾਂ ਦੇਵੋ ਬਦਲ ਸਮਾਜ।

- ਅਮੋਲਕ ਸਿੰਘ

## ਸੰਪੂਰਨ ਹੋਣਾ

ਸੰਪੂਰਨ ਕੁਝ ਨਹੀਂ ਹੁੰਦਾ

ਬਰੀਕ ਤਾਰ ਜਿੰਨਾ
ਏਕਮ ਦਾ ਚੰਨ
ਲਿਸ਼ਕਦਾ ਹੈ ਕਾਲੀ ਰਾਤ ਦੇ ਸਿਰ 'ਤੇ
ਵਧਦਾ ਜਾਂਦਾ ਹੈ
ਪੂਰਨਮਾਸ਼ੀ ਤੱਕ
ਸੰਪੂਰਨ ਤਾਂ ਸਿਰਫ ਨਿਮਖ ਭਰ ਲਈ ਹੁੰਦਾ

ਸੰਪੂਰਨ ਹੋਣਾ ਮਹੱਤਵਪੂਰਨ ਨਹੀਂ

ਮਹੱਤਵਪੂਰਨ ਹੁੰਦਾ ਹੈ
ਸੰਪੂਰਨ ਹੋਣ ਦੇ ਅਮਲ 'ਚ ਹੋਣਾ

- ਕੁਲਵਿੰਦਰ ਬੱਛੋਆਣਾ

## ਅਸੀਂ ਹਰ ਦਿਨ ਹੰਭ ਕੇ ਮਰਦੇ ਹਾਂ

ਅਸੀਂ ਹਰ ਦਿਨ ਹੰਭ ਕੇ ਮਰਦੇ ਹਾਂ
ਸਾਹ ਲੰਬੇ ਛੋਟੇ ਭਰਦੇ ਹਾਂ
ਇੱਕ ਰੋਟੀ ਖਾਤਿਰ ਸੌ ਵਾਰੀ
ਕਪਾਲ ਭਾਤੀਆਂ ਕਰਦੇ ਹਾਂ
ਕੰਮ ਛੱਡ ਕੇ ਬੈਠੀਏ ਆਸਣ ਤੇ...
ਸਾਡਾ ਸਰ ਸਕਦਾ ਮੋਦੀ ਜੀ
ਥੋਡਾ ਯੋਗਾ ਢਿੱਡ ਘਟਾ ਸਕਦੈ
ਪਰ ਭਰ ਨੀ ਸਕਦਾ ਮੋਦੀ ਜੀ
ਥੋਡੇ ਲਾਣੇ ਨੂੰ ਝੰਬ ਚੜ੍ਹਿਆ ਏ
ਹਰ ਇੱਕ ਨੇ ਝਾੜੂ ਫੜਿਆ ਏ
ਖਿੱਚ ਖਿੱਚ ਸੈਲਫੀਆਂ ਪਾਉਣੇ ਦਾ
ਆਹ ਨਵਾਂ ਟੋਟਕਾ ਘੜਿਆ ਏ
ਆਪੇ ਗੰਦ ਪਾਕੇ ਫਿਰ ਸਾਫ਼ ਕਰੋਂ
ਕੀ ਸਰ ਸਕਦਾ ਮੋਦੀ ਜੀ
ਥੋਡਾ ਯੋਗਾ ਢਿੱਡ ਘਟਾ ਸਕਦੈ
ਪਰ ਭਰ ਨੀ ਸਕਦਾ ਮੋਦੀ ਜੀ
ਕਿੰਞ ਮੇਕ ਇਨ ਇੰਡੀਆ ਗਾਈਏ ਜੀ
ਕਿੰਞ ਕਾਲਾ ਧਨ ਭੁਲਾਈਏ ਜੀ
ਇਹ ਜਨ ਧਨ ਵਾਲੇ ਖਾਤੇ ਨੂੰ
ਕੀ ਰਗੜ੍ਹ ਫੋੜ੍ਹੇ ਤੇ ਲਾਈਏ ਜੀ
ਦੋ ਲੱਖ ਬੀਮਾ ਲੈਣ ਲਈ
ਕੋਈ ਮਰ ਸਕਦਾ ਮੋਦੀ ਜੀ
ਥੋਡਾ ਯੋਗਾ ਢਿੱਡ ਘਟਾ ਸਕਦੈ
ਪਰ ਭਰ ਨੀ ਸਕਦਾ ਮੋਦੀ ਜੀ
ਕਦ ਪਾਜ ਪਾਲੀਏ ਉਧੜਨਗੇ
ਹਾਲਾਤ ਕਦੋਂ ਤੱਕ ਸੁਧਰਨਗੇ
ਅੱਛੇ ਦਿਨਾਂ ਦੀ ਆਸ ਦੇ ਵਿੱਚ
ਹਾਲੇ ਹੋਰ ਕਿੰਨੇ ਦਿਨ ਗੁਜ਼ਰਨਗੇ
ਕੋਈ ਸੌ ਦਿਨ ਤੋਂ ਪੱਚੀ ਸਾਲਾਂ ਤੱਕ
ਰੱਖ ਸਬਰ ਨੀ ਸਕਦਾ ਮੋਦੀ ਜੀ
ਥੋਡਾ ਯੋਗਾ ਢਿੱਡ ਘਟਾ ਸਕਦੈ
ਪਰ ਭਰ ਨੀ ਸਕਦਾ ਮੋਦੀ ਜੀ

- ਸਤਨਾਮ ਪਾਲੀਆ

## ਸ਼ਾਹੀ ਮਹਿਲਾਂ ਵਾਲ਼ੀ ਦੇ ਨਾਮ

ਤੇਰੀਆਂ ਜੁਲਫਾਂ ਦੀ ਤਾਰੀਫ ਕਿਵੇਂ ਕਰਾਂ
ਮੇਰੀ ਬੇਬੇ ਤੇ ਬਾਪੂ ਦੇ ਵਾਲ ਸਦਾ
ਗਰਨਿਆਂ 'ਚੋਂ ਕੱਢੀ ਸਣ ਵਾਗੂੰ
ਕਰਜੇ ਵਿੱਚ ਉਲ਼ਝੇ ਰਹੇ...।
ਤੈਨੂੰ ਫੁੱਲਾਂ ਦੇ "ਬੁੱਕੇ" ਕਿੰਞ ਦਿਆਂ
ਸਾਡੇ ਨਰਮੇਂ ਦੇ ਫੁੱਲਾਂ ਨੂੰ
ਅਮਰੀਕਨ ਸੁੰਡੀ ਨੇ ਖਾ ਲਿਆ ੩।
ਤੂੰ "ਵਾਲਮਾਰਟ" ਦੇ "ਪੌਪ ਕੌਰਨ"
"ਕਾਸਕੋ" ਦਾ ਲੂਣ ਭੁੱਕਕੇ ਖਾਂਦੀ ਰਹਿ
ਸਾਡੇ ਪਿੰਡ ਤਾਂ ਪੰਜਾਬੋ ਝਿਉਰੀ ਦੀ ਭੱਠੀ
ਰਾਤੀਂ ਕੋਈ ਢਾਹ ਗਿਆ੩।
"ਕੋਕਾ-ਕੋਲਾ" ਤੇ "ਪੈਪਸੀ"
ਤੈਨੂੰ ਭਾਉਂਦੇ ਨੇ
ਤੇਰੇ ਮੰਤਰੀ ਅੰਕਲ ਦੀ
ਫੈਕਟਰੀ ਦਾ ਪ੍ਰਦੂਸ਼ਤ ਪਾਣੀ
ਸਾਡੇ ਪਿੰਡ ਦਾ ਪਾਣੀ
ਜ਼ਹਿਰ ਬਣਾ ਗਿਆ...।
ਕੌਮੀ ਝੰਡਾ ਲਹਿਰਾਉਣ ਵਾਲੇ ਮਲਕ ਭਾਗੋ
ਯਾਰ ਨੇ ਤੇਰੇ ਡੈਡੀ ਦੇ
ਭਾਈ ਲਾਲੋ ਮਿੱਤਰ ਹੈਨ
ਮੇਰੇ ਬਾਪੂ ਦੇ...।
ਲਾਲ ਕਿਲਾ ਜਿੰਨਾ ਚਿਰ
ਰਾਵਣਾਂ ਨੂੰ ਵਜ਼ੀਰ ਬਣਾਉਂਦਾ ਰਹੂ
ਦੇਗ ਵਿੱਚ ਉਬਾਲਦਾ ਰਹੂ
ਦਿਆਲਿਆਂ ਨੂੰ
ਸਾਡਾ ਰਿਸ਼ਤਾ ਉਦੋਂ ਤੱਕ
ਨਹੀਉਂ ਪੁੱਗਣਾ... ਨਹੀਉਂ ਪੁੱਗਣਾ...।

- ਗੁਰਮੇਲ ਬੀਰੋਕੇ

## ਜ਼ਿੰਦਗੀ ਵਿਚ ਆਪਣੇ ਔਲਖ ਨੂੰ ਸਾਕਾਰਾਂਗੇ ਅਸੀਂ

ਧੜਕਦਾ ਦਿਲ ਚੁੱਪ ਹੋ ਕੇ
ਤੇਜ਼ ਹੋਈਆਂ ਧੜਕਣਾਂ ਵਿਚ ਲਹਿ ਗਿਆ
'ਬਹਿਕਦੇ ਰੋਹ' ਦਾ ਚਿਤੇਰਾ
'ਬਹਿਕਦੇ' ਰੋਹ ਦੇ ਫਿਕਰ
ਸੀਨੇ 'ਚ ਲੈ ਕੇ ਸੌਂ ਗਿਆ

ਰੋਹ ਦਿਆਂ ਬੀਜਾਂ ਲਈ
ਜ਼ਿੰਦਗੀ ਤੋਂ ਸਦਾ ਹੀ
ਉਸਨੇ ਸੁਲੱਖਣੀ ਕੁੱਖ ਮੰਗੀ
ਇਸ ਦੇ ਲਹੂ ਦੀ, ਭਟਕਣਾਂ ਦੇ
ਖਤਰਿਆਂ ਤੋਂ, ਸੁੱਖ ਮੰਗੀ

ਸੌਂ ਰਿਹਾ ਹੈ
'ਬਹਿਕਦੇ ਰੋਹ' ਦਾ ਚਿਤੇਰਾ
ਰੋਹ ਅਜੇ ਵੀ 'ਬਹਿਕਦਾ' ਹੈ
ਆਪਣੇ ਰਾਹ ਤੇ ਦਿਸ਼ਾ ਦੀ
ਥਾਹ ਪਾਉਣ ਖਾਤਰ
ਸਹਿਕਦਾ ਹੈ
ਕੂਕਦਾ ਹੈ, 'ਢਾਅ ਦਿਆਂ ਦਿੱਲੀ ਦੇ ਕਿੰਗਰੇ'
ਪਰ ਅਜੇ ਟੁੱਟੇ ਨਹੀਂ, ਪੂਰੀ ਤਰ੍ਹਾਂ
ਸੋਚਾਂ ਦੇ ਜਿੰਦਰੇ
ਘੇਰ ਲੈਂਦੇ ਨੇ ਅਜੇ
ਹੋਸ਼ਾਂ ਨੂੰ ਪਿੰਜਰੇ
ਜ਼ਿੰਦਗੀ ਨੇ ਅਜੇ ਰੋਹ ਨੂੰ
ਖੰਭ ਲਗਦੇ ਵੇਖਣੇ ਹਨ
ਕਾਫ਼ਲੇ ਨੇ ਇਸ ਰੋਹ ਏ
ਵਹਿਣ ਸੰਗ ਵਰ ਮੇਚਣੇ ਹਨ
ਅਜਮੇਰ ਦੇ ਰੰਗਮੰਚ 'ਤੇ
ਜ਼ਿੰਦਗੀ ਦੇ ਰਹਿਬਰਾਂ ਦੀ ਪਰਖ ਦੇ
ਸਮਿਆਂ ਦੀ ਸੈਨਤ ਜਗ ਰਹੀ ਹੈ
ਤੇ ਸਰੋਕਾਰਾਂ ਦੀਆਂ
ਨੁੱਕਰਾਂ ਨੂੰ ਰੌਸ਼ਨ ਕਰਰਹੀ ਹੈ

ਅਜੇ ਤਖ਼ਤਾਂ ਦੌਲਤਾਂ ਮਿਲਖਾਂ
ਦੁਨੀਆਂ, ਘਰੋ ਘਰ
'ਇਕ ਰਮਾਇਣ ਹੋਰ' ਦੀ ਲੀਲਾ ਰਚਾਵੇ
ਏਸੇ ਕਰਕੇ ਮੰਚ 'ਤੇ 'ਸੀਤੋ' ਅਜੇ,
ਅਣਵਿਆਹੇ ਜੇਠ ਲਈ ਹੱਥੀਂ ਪਰੋਸੀ
'ਰੋਟੀ ਦੀ ਥਾਲੀ' ਜਿਹਾ ਜੀਵਨ ਹੰਢਾਵੇ
'ਘਰ' ਦੇ 'ਲਛਮਣ' ਦੀ ਤਹਿਸ਼ਨਾ ਦੀ 'ਫਿਜ਼ਾ' 'ਚੋਂ
ਕਿਹੜੇ ਖੰਭਾਂ ਨਾਲ ਉਡਕੇ ਬਾਹਰ ਜਾਵੇ ?
ਦੱਸਦੀ ਹੈ ਸਦੀਆਂ ਦੀ ਬੁੱਢੀ 'ਸਿਆਣਪ'
ਜ਼ਿੰਦਗੀ ਕਿਥੇ ਖੜ੍ਹੀ ਹੈ
ਤੀਵੀਆਂ ਦੀ ਦੇਹ ਤਾਂ ਐਵੇਂ
ਜੱਗ-ਰਵੀਰੇ ਦੀ ਰਜ਼ਾ ਵਿਚ
ਰੋਜ਼ ਬਲਕੇ ਰਾਖ ਹੁੰਦੀ ਫੁਲਝੜੀ ਹੈ
'ਸੀਤੋ' ਚਾਵਾਂ ਨੇ ਨਹੀਂ
ਖੁਰਦੇ ਸਿਆੜਾਂ ਨੇ ਵਰੀ ਹੈ

ਸਾਂਭਕੇ ਰੱਖਾਂਗੇ ਤੇਰੇ ਨਾਟਕਾਂ 'ਚੋਂ
ਦਿਲਾਂ ਵਿਚ ਉਤਰੀ ਉਦਾਸੀ ਦੇ ਫੁਹਾਰੇ
ਸੰਸਕਾਰਾਂ ਦੀ, ਰੂਹਾਂ ਤੋਂ ਮੈਲ ਧੋ ਕੇ,
ਉਜਲੇ ਉਜਲੇ ਉਡਣ ਮੁਕਤੀ ਦੇ ਗੁਬਾਰੇ

ਆਪਣੇ ਔਲਖ ਦੇ ਨਾਂ 'ਤੇ
ਜ਼ਿੰਦਗੀ ਦੇ ਜਸ਼ਨ ਦੀ
ਰਚਨਾਕਰਾਂਗੇ
'ਬਹਿਕਦੇ ਰੋਹ' ਦੀ ਤਲੀ 'ਤੇ
ਉਜਲੇ ਕੱਲ੍ਹ ਦੇ,
ਟਹਿਕਦੇ ਵਿਸ਼ਵਾਸ ਦੇ,
ਦੀਵੇ ਧਰਾਂਗੇ

"ਆਪਣੇ ਵਿਹੜੇ,
ਬੋਹੜ ਆਪਣੇ, ਆਪਣੇ ਛਾਂ"
ਏਸ ਸੁਪਨੇ ਨਾਲ ਜੁੜਿਆ ਰਹੇਗਾ
ਔਲਖ ਦਾ ਨਾਂ
ਮੰਚ ਤੋਂ ਸੁਪਨੇ ਨੂੰ
ਧਰਤੀ 'ਤੇ ਉਤਾਰਾਂਗੇ ਅਸੀਂ
ਜ਼ਿੰਦਗੀ ਵਿਚ ਆਪਣੇ ਔਲਖ ਨੂੰ
ਸਾਕਾਰਾਂਗੇ ਅਸੀਂ।

ਜਸਪਾਲ ਜੱਸੀ

# ਜਾਤ ਪਾਤ ਦੇ ਨਾਮ ਦੇ ਗੁਰਦੁਆਰੇ ਕਿਵੇਂ ਬਣੇ

ਬਹੁਤ ਛੋਟੇ ਘੱਟ ਆਬਾਦੀ ਵਾਲੇ ਪਿੰਡ ਜਿਸ ਚ ਕੁਝ ਸਾਲਾਂ ਚ ਬਹੁਤ ਸਾਰੇ ਗਰੀਬ ਘਰਾਂ ਵਿੱਚ ਵੀ ਜਮੀਨਾਂ ਦੇ ਰੇਟ ਵੱਧਣ ਕਾਰਣ ਪੈਸੇ ਆ ਚੁੱਕੇ ਹਨ ਐਸ ਸੀ ਮੁਹੱਲੇ ਚ ਦੋ ਗੁਰਦੁਆਰੇ ਜਿਸ ਵਿੱਚੋਂ ਇੱਕ ਦੀ ਸੁੰਦਰ ਇਮਾਰਤ ਬਣਾਉਣ ਲਈ ਉਸਾਰੀ ਜਾਰੀ ਹੈ। ਪੜ੍ਹੇ ਲਿੱਖੇ ਰਿਟਾਇਰਡ ਬਜ਼ੁਰਗਾਂ ਨਾਲ ਗੱਲਬਾਤ ਸ਼ੁਰੂ ਹੋਈ। ਸਿੱਖ ਧਰਮ ਵੱਲੋ ਜਾਤਪਾਤ ਆਦਿ ਕੁਰੀਤੀਆਂ ਖਿਲਾਫ ਖੜ੍ਹੇ ਹੋਣ ਬਾਰੇ ਚਰਚਾਂ ਹੋਈ ਤੇ ਪੁੱਛਿਆ ਗਿਆ ਕਿ ਪਿੰਡ 'ਚ ਸ਼ਮਸ਼ਾਨ ਘਰ ਤੇ ਗੁਰਦੁਆਰੇ ਅਲੱਗ ਅਲੱਗ ਕਿਉਂ ? ਸ਼ਮਸ਼ਾਨ ਘਾਟ ਹਿੰਦੂ ਧਰਮ ਦੀ ਕੁਰੀਤੀਆਂ ਦੀ ਦੇਣ ਹੈ ਇਸਦੀ ਸਭ ਨੂੰ ਸਮਝ ਆਉਂਦੀ ਹੈ। ਪਰ ਗੁਰੂਘਰਾਂ ਬਾਰੇ ਇੱਕ ਬਜ਼ੁਰਗ ਦੇ ਬਿਆਨ ਸਨ ਕਿ ਜਦੋਂ ਉਹ ਛੋਟੇ ਹੁੰਦੇ ਸਨ ਤੇ ਸਕੂਲ ਪੜ੍ਹਦੇ ਹੁੰਦੇ ਸਨ ਤਾਂ ਤਿਉਹਾਰਾਂ ਦੇ ਦਿਨਾਂ ਚ ਬਣਦੇ ਲੰਗਰਾਂ ਤੇ ਕੜਾਹ ਪ੍ਰਸਾਦ ਵੰਡਣ ਸਮੇ ਜਾਤ ਪਾਤ ਦੇ ਨਾਮ ਦੇ ਉੱਚੀ ਜਾਤ ਵਾਲਿਆ ਦੇ ਗੁਰੂ ਘਰਾਂ ਚ ਉਹਨਾਂ ਨਾਲ ਵਿਤਕਰਾ ਇਸ ਹੱਦ ਤੱਕ ਹੁੰਦਾ ਸੀ ਕਿ ਸਾਡੇ ਤੋਂ ਫੁਟ ਦੂਰ ਰਹਿ ਕੇ ਪ੍ਰਸਾਦ ਵੰਡਣ ਵਾਲਾ ਭਾਈ ਜੀ ਆਪਣੇ ਹੱਥ ਬਹੁਤ ਉੱਚੇ ਰੱਖ ਕੇ (ਲਗਭਗ ਇੱਕ ਫੁਟ) ਪ੍ਰਸਾਦ ਪ੍ਰਸਾਦ ਦਿੰਦਾ ਸੀ। ਅਜਿਹੇ ਹੋਰ ਬਹੁਤ ਸਾਰੇ ਵਿਤਕਰੇ ਵੀ ਉਹਨਾਂ ਬਿਆਨ ਕੀਤੇ।

**ਫੇਰ ਗੁਰਦਵਾਰੇ ਅਲੱਗ ਕਦੋਂ ਬਣੇ ?**

ਕਹਿੰਦੇ ਕੇ 35 ਕੁ ਸਾਲ ਪੁਰਾਣੀ ਗੱਲ ਹੈ। ਐਸ ਸੀ ਘਰਾਂ ਚ ਇੱਕ ਕੁੜੀ ਦੀ ਬਰਾਤ ਆ ਗਈ। ਉਦੋਂ ਟੈਂਟ ਆਦਿ ਲੱਗਾ ਕਿ ਹੀ ਆਨੰਦ ਕਾਰਜ ਕਰਵਾਏ ਜਾਂਦੇ ਸਨ। ਉਸ ਲੋੜਵੰਦ ਪਰੀਵਾਰ ਨੂੰ ਆਨੰਦ ਕਾਰਜ ਕਰਵਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇਣ ਤੋਂ ਰੋਕਣ ਲਈ ਪ੍ਰਬੰਧਕਾਂ ਨੇ ਗੁਰਦਵਾਰੇ ਨੂੰ ਤਾਲਾ ਲਗਾ ਦਿੱਤਾ ਤੇ ਕਈ ਘੰਟੇ ਤਾਲੇ ਦੀ ਚਾਬੀ ਕਦੇ ਇੱਕ ਕੋਲ ਤੇ ਕਦੇ ਦੂਜੇ ਫੇਰ ਤੀਜੇ ਕੋਲ ਹੋਣ ਦੇ ਬਹਾਨੇ ਲਗਾਏ ਗਏ ਤੇ ਜਾਣਬੁਝ ਕੇ ਅਨੰਦ ਕਾਰਜ ਲਟਕਾਏ ਗਏ ਜਿਸ ਕਾਰਨ ਬਰਾਤ ਬਹੁਤ ਲੇਟ ਹੋ ਗਈ। ਫੇਰ ਪਿੰਡ ਦੇ ਲੋਕਾਂ ਨੇ ਨਾਲ ਦੇ ਪਿੰਡ ਵਿੱਚੋ ਗੁਰੂ ਗ੍ਰੰਥ ਸਾਹਿਬ ਲਿਆ ਕੇ ਆਪਣਾ ਕੰਮ ਚਲਾਇਆ।

ਕਹਿੰਦੇ ਫੇਰ ਦੂਜੇ ਦਿਨ ਮੁਹੱਲੇ ਵਾਲਿਆ ਨੇ ਇਕੱਠ ਕਰ ਕੇ ਫੈਸਲਾ ਕੀਤਾ ਕਿ ਇਹ ਵਿਤਕਰਾ ਬਰਦਾਸ਼ਤ ਕਰਨ ਯੋਗ ਨਹੀਂ ਸੀ ਪਰ ਪਿੰਡ ਦੇ ਉੱਚੀ ਜਾਤ ਵਾਲੇ ਰੱਜੇ ਪੁੱਜੇ ਜਥੇਦਾਰਾਂ ਨਾਲ ਲੜਾਈ ਝਗੜਾ ਤੇ ਵਿਚਾਰ ਚਰਚਾ ਕਰਨ ਦੀ ਹਿੰਮਤ ਲਿਤਾੜੇ ਹੋਏ ਵਰਗ ਵੱਲੋਂ ਨਹੀਂ ਕੀਤੀ ਜਾ ਸਕਦੀ ਸੀ। ਫੈਸਲਾ ਇਹ ਹੋਇਆ ਕੇ ਪਿੰਡ ਚ ਨੀਵੀਂ ਸਮਝੀ ਜਾਂਦੀ ਜਾਤ ਵਾਲੇ ਆਪਣਾ ਗੁਰੂ ਘਰ ਅਲੱਗ ਬਣਾ ਲੈਣ ਤੇ ਉਹ ਬਾਅਦ ਚ ਬਣ ਵੀ ਗਿਆ। ਉਹਨਾਂ ਦੀ ਦੇਖਾ ਦੇਖੀ ਦੂਜੀ ਨੀਵੀਂ ਸਮਝੀ ਜਾਂਦੀ ਜਾਤ ਵਾਲਿਆ ਨੇ ਵੀ ਇੱਕ ਹੋਰ ਗੁਰੂ ਘਰ ਬਣਾ ਲਿਆ।

ਮੇਰੀ ਸਮਝ ਮੁਤਾਬਿਕ ਇਸਤਰ੍ਹਾਂ ਦੇ ਵਿਤਕਰੇ ਹਰ ਪਿੰਡ ਚ ਹੋਏ ਹੋਣਗੇ ਜਾ ਹੁਣ ਵੀ ਹੁੰਦੇ ਹੋਣਗੇ ਇਹੋ ਇਸ ਕ੍ਰਾਂਤੀਕਾਰੀ ਸੋਚ ਵਾਲੇ ਧਰਮ ਦਾ ਪਤਨ ਵੱਲ ਨੂੰ ਜਾਣ ਦਾ ਕਾਰਨ ਬਣਿਆ ਹੋਵੇਗਾ। ਕਈ ਡੇਰੇਦਾਰਾਂ ਦੇ ਗੁਰਦੁਆਰੇ ਅੱਜ ਵੀ ਐਸ ਸੀ ਵਰਗ ਦੇ ਗ੍ਰੰਥੀਆਂ ਨੂੰ ਸੇਵਾ ਤੇ ਨਾ ਰੱਖਣ ਦੀਆਂ ਗੱਲਾਂ ਆਮ ਹੀ ਸੁਣਨ ਨੂੰ ਮਿਲਦੀਆਂ ਹਨ। ਮੇਰੇ ਪਿੰਡ ਵੀ ਅਜਿਹੀ ਸੋਚ ਕਾਰਨ ਹੀ ਹੁਣੇ ਕੁਝ ਸਾਲ ਪਹਿਲਾਂ ਇੱਕ ਦਲਿਤਾਂ ਨੇ ਗੁਰੂ ਘਰ ਬਣਾਇਆ ਹੈ।

ਇਹੋ ਕਾਰਨ ਹੈ ਕੇ ਗਰੀਬ ,ਦਲਿਤ ਪੰਜਾਬੀਆਂ ਨਾਲ ਹੁੰਦੇ ਇਸ ਵਿਤਕਰੇ ਨੂੰ ਡੇਰੇ ਵਾਲੇ ਬਾਬੇਆ ਨੇ ਪਛਾਣ ਲਿਆ ਸੀ ਤੇ ਉਹਨਾਂ ਨੇ ਆਰਥਿਕ ਤੌਰ ਤੇ ਪਛੜੇ ਤੇ ਲਿਤਾੜੇ ਹੋਏ ਵਰਗ ਨੂੰ ਮਾਣ ਸਨਮਾਨ ਦੇ ਕੇ ਆਪਣੇ ਪੈਰੋਕਾਰ ਬਣਾ ਲਿਆ ਸੀ ਜੋ ਅੱਜ ਵੀ ਜਾਰੀ ਹੈ। ਜਿਸ ਕਾਰਨ ਵੱਡੇ ਵੱਡੇ ਡੇਰਿਆਂ ਚ ਸਾਰੀਆਂ ਜਾਤਾ ਦੇ ਲੋਕ ਜੁੜ ਚੁੱਕੇ ਹਨ। ਇਸ ਤਰ੍ਹਾਂ ਦੇ ਵਿਤਕਰੇ ਦਾ ਲਾਹਾ ਲੈ ਕੇ ਹੀ ਈਸਾਈ ਧਰਮ ਪੰਜਾਬ ਚ ਆਪਣਾ ਫੈਲਾ ਕਰ ਰਿਹਾ ਹੈ। ਜਿਸਤਰ੍ਹਾਂ ਦੇਸ ਨੂੰ ਖ਼ਤਰਾ ਇੱਕ ਖਾਸ ਧਰਮ ਦੇ ਫੈਲਾ ਵਾਲੀ ਸੋਚ ਦਾ ਹੈ ਉਸ ਤਰ੍ਹਾ ਦਾ ਵੱਡਾ ਖਤਰਾ ਸਿੱਖ ਧਰਮ ਨੂੰ ਤੇ ਪੰਜਾਬੀ ਸਮਾਜ ਨੂੰ ਇਸ ਕਥਿਤ ਉੱਚੀ ਜਾਤ ਵਾਦੀ ਸੋਚ ਤੋਂ ਹੈ।

**ਸਤਨਾਮ ਦਾਊਂ**

**ਜਾਣਕਾਰੀ ਦਾ ਸਰੋਤ:- ਪਿੰਡ ਭੜੋਜੀਆ ਮੋਹਾਲੀ ਨਵਾਂ ਚੰਡੀਗੜ੍ਹ ਦੇ ਕੁਝ 70 ਤੋਂ 80 ਸਾਲਾਂ ਦੇ ਬਜ਼ੁਰਗਾਂ ਦੀ ਜ਼ੁਬਾਨੀ ਮਿਤੀ 17 ਜੂਨ ਸਾਮੀ**

# ਬੁੱਧੀਜੀਵੀਆਂ ਨੇ ਕੀਲੇ ਸਿਖਿਆਰਥੀ : ਚੇਤਨਾ ਦੇ ਚਾਨਣ ਦਾ ਛੱਟਾ



ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਦੇ 'ਤੇ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਸਿਖਿਆਰਥੀਆਂ ਨੇ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਲੱਗੇ ਸਿਖਿਆਰਥੀ ਚੇਤਨਾ ਕੈਂਪ 'ਚ ਚਿੰਤਨ, ਚੇਤਨਾ, ਅਧਿਐਨ, ਸਿਧਾਂਤ ਅਤੇ ਅਮਲ ਦੇ ਸੁਮੇਲ ਨੂੰ ਜਾਨਣ ਅਤੇ ਅਪਨਾਉਣ ਲਈ ਬਹੁਤ ਹੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

ਸਿਖਿਆਰਥੀ ਚੇਤਨਾ ਕੈਂਪ ਦੀ ਸ਼ੁਰੂਆਤ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਨਾਮਵਰ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਨੂੰ ਸੰਗਰਾਮੀ ਸ਼ਰਧਾਂਜ਼ਲੀ ਭੇਂਟ ਕਰਨ ਨਾਲ ਹੋਈ। ਪ੍ਰੋ. ਅਜਮੇਰ ਸਿੰਘ ਔਲਖ ਦੀ ਯਾਦ 'ਚ ਉਹਨਾਂ ਦੇ ਪਰਿਵਾਰ, ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਲੋਕ ਕਲਾ ਮੰਚ ਮਾਨਸਾ ਵੱਲੋਂ 25 ਜੂਨ ਸਵੇਰੇ 11 ਵਜੇ ਨਵੀਂ ਦਾਣਾ ਮੰਡੀ, ਮਾਨਸਾ ਵਿਖੇ ਹੋ ਰਹੇ ਸ਼ਰਧਾਂਜ਼ਲੀ ਸਮਾਗਮ 'ਚ ਸ਼ਿਰਕਤ ਕਰਨ ਲਈ ਸਮੂਹ ਸੰਸਥਾਵਾਂ ਨੂੰ ਅਪੀਲ ਕੀਤੀ ਗਈ।

ਇਸ ਤੋਂ ਇਲਾਵਾ ਕਵੀ ਇਕਬਾਲ ਰਾਮੂਵਾਲੀਆ, ਦਰਸ਼ਨ ਖਟਕੜ ਦੇ ਭਰਾ ਜੋਗਾ ਸਿੰਘ ਮੰਗੂਵਾਲ, ਦਰਸ਼ਨ ਸਿੰਘ ਕੈਨੇਡੀਅਨ ਦੀ ਜੀਵਨ ਸਾਥਣ ਹਰਬੰਸ ਕੌਰ, ਇਨਕਲਾਬੀ ਕਾਮੇ ਮਦਨ ਲਾਲ, ਕਾਮਰੇਡ ਗੰਧਰਵ ਸੇਨ ਕੋਛੜ ਦੇ ਭਰਾ ਰਾਜਿੰਦਰ ਕੁਮਾਰ ਅਮਰੀਕਾ, ਪੱਤਰਕਾਰ ਹੁਕਮ ਚੰਦ ਸ਼ਰਮਾ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕੈਂਪ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਹਾਨ ਇਨਕਲਾਬੀ ਵਿਰਾਸਤ ਦੀ ਅਲੰਬਰਦਾਰ ਗ਼ਦਰ ਪਾਰਟੀ ਦੇ ਇਤਿਹਾਸ, ਵਿਚਾਰਧਾਰਾ ਅਤੇ ਉਦੇਸ਼ ਦੀ ਪੂਰਤੀ ਲਈ ਨਿਰੰਤਰ ਯੋਗਦਾਨ ਪਾ ਰਹੀ ਦੇਸ਼ ਭਗਤ ਯਾਦਗਾਰ ਕਮੇਟੀ ਸਿਖਿਆਰਥੀਆਂ ਨੂੰ ਜੀ ਆਇਆਂ ਆਖਦੀ ਮਾਣ ਮਹਿਸੂਸ ਕਰਦੀ ਹੈ, ਜਿਹੜੇ ਹਰ ਵੰਨਗੀ ਦੀ ਧੁੰਦ ਨੂੰ ਚੀਰਦੇ ਹੋਏ ਵਿਗਿਆਨਕ ਅਤੇ ਜਮਾਤੀ ਸੂਝ-ਬੂਝ ਦੇ ਮੰਥਨ ਕੈਂਪ ਵਿੱਚ ਸ਼ਾਮਲ ਹੋਏ ਹਨ।

ਉਦਘਾਟਨੀ ਭਾਸ਼ਣ ਦਿੰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਗੰਧਰਵ ਸੇਨ ਕੋਛੜ ਨੇ ਕਿਹਾ ਕਿ ਅਜੋਕੇ ਸਮੇਂ ਦੀਆਂ ਤਿੱਖੀਆਂ ਚੁਣੌਤੀਆਂ ਉਪਰ ਜਿੱਤ ਹਾਸਲ ਕਰਨ ਲਈ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਚੇਤਨਾ ਨਾਲ ਲੈਸ ਹੋਣਾ ਹੈ।

ਉਹਨਾਂ ਕਿਹਾ ਕਿ ਅਜੋਕਾ ਪ੍ਰਬੰਧ, ਨੰਗੇ ਚਿੱਟੇ ਤੌਰ 'ਤੇ ਗਰੀਬਾਂ ਮਿਹਨਤਕਸ਼ ਲੋਕਾਂ ਕੋਲੋਂ ਖੋਹ ਕੇ, ਵਿਹਲੜ ਜਮਾਤਾਂ ਦੀਆਂ ਝੋਲੀਆਂ ਭਰ ਰਿਹਾ ਹੈ। ਇਸ ਨੂੰ ਸਮਝਣ ਲਈ ਸਿਆਣੇ ਬਣਨ ਦੀ ਲੋੜ ਹੈ। ਉਹਨਾਂ ਕਿਹਾ ਕਿ ਚੇਤਨਾ ਕੈਂਪ ਦੀ ਲੜੀ ਵਧਾਉਣ ਅਤੇ ਨਿਰੰਤਰਤਾ ਬਣਾਈ ਰੱਖਣ ਦੀ ਲੋੜ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਕਬੀਰ ਚੇਅਰ ਦੇ ਸਾਬਕਾ ਮੁਖੀ ਅਤੇ ਵਿਦਵਾਨ ਡਾ. ਸੇਵਾ ਸਿੰਘ ਨੇ ਚੇਤਨਾ ਕੈਂਪ ਦੇ ਪਹਿਲੇ ਸੈਸ਼ਨ 'ਚ 'ਭਾਰਤੀ ਸਮਾਜ 'ਚ ਵਰਗ ਵੰਡ ਦਾ ਇਤਿਹਾਸ ਅਤੇ ਅਜੋਕਾ ਦੌਰ' ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਵਰਗ ਵੰਡ ਸਾਡੇ ਭਾਰਤੀ ਸਮਾਜ ਅੰਦਰ ਅਜੇਹਾ ਕੋਹੜ ਹੈ ਜਿਹੜਾ ਮਿਹਨਤਕਸ਼ ਸਮਾਜ ਨੂੰ ਨਿਭਾਣਾ, ਬੇ-ਦਿਲ ਕਰਕੇ ਸਦੀਵੀ ਗੁਲਾਮੀ ਦੀਆਂ ਬੇੜੀਆਂ ਵਿੱਚ ਜਕੜਕੇ ਰੱਖਣਾ ਚਾਹੁੰਦਾ ਹੈ।

ਡਾ. ਸੇਵਾ ਸਿੰਘ ਨੇ ਇਤਿਹਾਸਕ, ਸਮਾਜਕ, ਵਿਗਿਆਨਕ ਠੋਸ ਤੱਥਾਂ ਸਹਿਤ ਵਰਗ ਅਤੇ ਵਰੁਣ ਵੰਡ ਦੀ ਵਿਵਸਥਾ ਉਪਰ ਟਿਕਾਕੇ ਚੋਟਾਂ ਮਾਰੀਆਂ।

ਉਹਨਾਂ ਕਿਹਾ ਕਿ ਦੱਬੇ ਕੁਚੱਲੇ ਲੋਕ, ਆਰਥਕ ਅਤੇ ਸਮਾਜਕ ਦਾਬਾ ਸਦਾ ਲਈ ਹੰਢਾਉਂਦੇ ਨਹੀਂ ਰਹਿਣਗੇ ਉਹ ਚੇਤਨ ਹੋ ਕੇ ਉਠਣਗੇ, ਕਿਰਤ ਅਤੇ ਜਿਹਨੀ ਗ਼ੁਲਾਮੀ ਦੇ ਸੰਗਲ ਚੂਰ ਚੂਰ ਕਰ ਦੇਣਗੇ। ਉਹ ਕਿਸਮਤਾਂ/ ਲੇਖਾਂ ਦੇ ਤੰਦੂਆਂ ਜਾਲ ਤੋਂ ਮੁਕਤ ਹੋ ਕੇ ਕਿਰਤ ਦੀ ਸਰਧਾਰੀ ਵਾਲਾ ਨਵਾਂ ਸਮਾਜ ਸਿਰਜਣਗੇ।

ਡਾ. ਸੇਵਾ ਸਿੰਘ ਨੇ ਸਿਖਿਆਰਥੀਆਂ ਵੱਲੋਂ ਆਏ ਢੇਰਾਂ ਸੁਆਲਾਂ ਦੇ ਬਹੁਤ ਹੀ ਸਾਰਥਕ ਅਤੇ ਬੌਧਿਕ ਪੱਧਰ ਤੋਂ ਤਸੱਲੀਬਖ਼ਸ਼ ਜਵਾਬ ਦਿੱਤੇ। ਡਾ. ਸੇਵਾ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਡਾ. ਅੰਬੇਦਕਰ ਸਮੇਤ ਕਿੰਨੇ ਹੀ ਵਿਚਾਰਧਾਰਕ ਚਿੰਤਕ ਸਾਡੀ ਰਾਹ ਤਲਾਸ਼ਣ 'ਚ ਮਦਦ ਤਾਂ ਕਰ ਰਿਹਾ ਹੈ ਪਰ ਸਾਡੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਅਤੇ ਨਵੇਂ ਸਮਾਜ ਦੀ ਸਿਰਜਣਾ ਦਾ ਮਾਰਗ-ਦਸੇਰਾ ਸਿਰਫ਼ ਮਾਰਕਸਵਾਦੀ ਵਿਚਾਰਧਾਰਾ ਹੀ ਹੈ।

ਕੈਂਪ ਦੇ ਦੂਜੇ ਸੈਸ਼ਨ 'ਚ "ਸਮਾਜਕ ਤਬਦੀਲੀ ਵਿੱਚ ਨੌਜਵਾਨ ਵਰਗ ਦੀ ਭੂਮਿਕਾ" ਵਿਸ਼ੇ ਉਪਰ ਬੋਲਦਿਆਂ ਉੱਘੇ ਵਿਦਵਾਨ ਲੇਖਕ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕਿਹਾ ਕਿ ਸਾਡੇ ਸਮਾਜ ਅੰਦਰ ਵਿਸ਼ੇਸ਼ ਕਰਕੇ ਨੌਜਵਾਨ ਵਰਗ ਉਪਰ ਸੈਲਫੀ ਮੋਬਾਇਲ ਕਲਚਰ ਦਾ ਹੱਲਾ ਬੋਲਕੇ ਉਸ ਨੂੰ ਸਮਾਜਕ ਸਰੋਕਾਰਾਂ ਨਾਲੋਂ ਤੋੜਿਆ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਕਿਸਾਨਾਂ ਮਜ਼ਦੂਰਾਂ ਦੇ ਨਾਲ ਨਾਲ ਨੌਜਵਾਨ ਵਰਗ ਅੰਦਰ ਵਧ ਰਹੀ ਖੁਦਕੁਸ਼ੀ ਦੀ ਪ੍ਰਵਿਰਤੀ ਸਾਡੇ ਲਈ ਗੰਭੀਰ ਗੌਰ ਫ਼ਿਕਰ ਦਾ ਮੁੱਦਾ ਹੈ। ਸਮਾਜਕ ਤਬਦੀਲੀ ਅੰਦਰ ਨੌਜਵਾਨ ਵਰਗ ਦੀ ਗੁਣਾਤਮਕ ਭੂਮਿਕਾ ਫੇਰ ਹੀ ਸੰਭਵ ਹੈ ਜੇ ਅਸੀਂ ਸਿਹਤਮੰਦ ਸੱਭਿਆਚਾਰ ਸਿਰਜਾਂਗੇ।

ਇਸ਼ਤਿਹਾਰਬਾਜ਼ੀ ਅਤੇ ਬਾਜ਼ਾਰੂ ਸੱਭਿਆਚਾਰ ਰਾਹੀਂ ਸਾਡੇ ਅਮੀਰ ਸਭਿਆਚਾਰ ਦਾ ਘਾਣ ਕੀਤੇ ਜਾਣ ਦੀਆਂ ਉਦਾਹਰਣਾਂ ਸਹਿਤ ਉਹਨਾਂ ਦੱਸਿਆ ਕਿ ਅਨੈਤਿਕਤਾ ਸਾਡੀ ਚੇਤਨਾ 'ਚ ਠੋਸੀ ਜਾ ਰਹੀ ਹੈ।

ਪੀਪਲਜ਼ ਵਾਇਸ ਵੱਲੋਂ ਕੈਂਪ 'ਚ ਸ਼ਾਮ ਨੂੰ ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ ਦਸਤਾਵੇਜ਼ੀ ਫ਼ਿਲਮ "ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ" ਅਤੇ "ਟੂ ਸਤਿਆਜੀਤ ਰੇਅ" ਫ਼ਿਲਮਾਂ ਵਿਖਾਈ ਜਿਸਦਾ ਸਿਖਿਆਰਥੀਆਂ 'ਤੇ ਅਮਿੱਟ ਪ੍ਰਭਾਵ ਪਿਆ। ਡਾ. ਸੈਲੇਸ਼ ਨੇ ਪੀਪਲਜ਼ ਵਾਇਸ ਦੇ ਉਦੇਸ਼ ਬਾਰੇ ਗੱਲ ਕੀਤੀ।

ਕੈਂਪ 'ਚ ਮੰਚ ਸੰਚਾਲਨ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ। ਇਸ ਮੌਕੇ ਕਮੇਟੀ ਪ੍ਰਧਾਨ ਗੁਰਮੀਤ ਸਿੰਘ ਢੱਡਾ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਡਾ. ਰਘਬੀਰ ਕੌਰ, ਇਤਿਹਾਸ ਕਮੇਟੀ ਦੇ ਕਨਵੀਨਰ ਨੌਨਿਹਾਲ ਸਿੰਘ, ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਜਗਰੂਪ, ਬਲਬੀਰ ਕੌਰ ਬੁੰਡਾਲਾ, ਚਰੰਜੀ ਲਾਲ ਕੰਗਣੀਵਾਲ, ਮਨਜੀਤ ਸਿੰਘ, ਸੀਤਲ ਸਿੰਘ ਸੰਘਾ ਅਤੇ ਦੇਵਰਾਜ ਨਯੀਅਰ ਹਾਜ਼ਰ ਸਨ।

# ਵਿਛੜੇ ਇਕਬਾਲ ਦੀ ਕਲਮ ਤੋਂ ਆਖਰੀ ਲਿਖਤ

'ਸਰੋਕਾਰਾਂ ਦੀ ਆਵਾਜ਼' ਦਾ ਅਦਾਰਾ ਇਕਬਾਲ ਦੁਆਰਾ ਤੁਰੰਤ ਲਿਖੇ ਹੋਏ ਕੁਝ ਸ਼ਬਦ ਤੁਹਾਡੇ ਸਨਮੁਖ ਕਰਦਾ ਹੈ ਜਿਹੜਾ ਕਿ ਇਕ ਸਚਾਈ ਦਾ ਪਾਤਰ ਹੈ। ਇਕਬਾਲ ਗਿੱਲ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਦੀਆਂ ਲਿਖਤਾਂ ਸਦਾ ਸਾਡੇ ਅੰਗ-ਸੰਗ ਰਹਿਣਗੀਆਂ।



ਕੈਨੇਡਾ ਵਿੱਚ ਮੈਂ ਬੀਤੇ ਚਾਲੀ ਸਾਲਾਂ ਤੋਂ ਨਿਵਾਸ ਕਰ ਰਿਹਾ ਹਾਂ। ਸਕੂਲ ਬੋਰਡਾਂ ਵਿੱਚ ਵਿੱਦਿਆਕਾਰ ਵਜੋਂ ਵਿਚਰਣ ਕਾਰਨ ਮੇਰਾ ਵਾਹ ਕੈਨੇਡਾ ਦੀ ਮੁੱਖ ਧਾਰਾ ਦੇ ਲੋਕਾਂ ਨਾਲ਼ ਬਹੁਤ ਨੇੜਿਓਂ ਰਿਹਾ ਹੈ।

ਇਹ ਲੋਕ ਨਾ ਟੂਣਾ ਟਾਮਣ ਕਰਦੇ ਹਨ, ਨਾ ਚੌਂਕੀਆਂ ਲਾਉਂਦੇ ਹਨ, ਨਾ ਜਲਧਾਰਾ, ਨਾ ਧੂਣੀਆਂ, ਨਾ ਆਪਣੇ ਗ੍ਰੰਥਾਂ ਦਾ ਸਹਿਜ ਪਾਠ ਜਾਂ ਅਖੰਡ ਪਾਠ, ਨਾ ਤੀਰਥ ਯਾਤਰਾ, ਨਾ ਮੱਸਿਆ ਪੁੰਨਿਆਂ ਨਹਾਉਣ, ਸਵੇਰੇ ਜਦੋਂ ਲੋਕ ਨੀਂਦ ਦਾ ਅਨੰਦ ਲੈ ਰਹੇ ਹੁੰਦੇ ਹਨ, ਇਹ ਲੋਕ ਲਾਊਡ ਸਪੀਕਰ ਉੱਪਰ ਆਪਣੀ ਬਾਈਬਲ ਦਾ 'ਪਾਠ' ਵੀ ਨਹੀਂ ਸੁਣਾਉਂਦੇ। ਨਾ ਹੀ ਮੰਦਰਾਂ ਵਿੱਚ ਤੜਕੇ ਤੜਕੇ ਲਾਊਡ ਸਪੀਕਰਾਂ ਰਾਹੀਂ ਭਜਨ ਗਾਉਣ ਵਾਂਗ ਇਹ ਲੋਕ ਬਾਈਬਲ ਦੇ ਭਜਨ ਗਾਉਂਦੇ ਹਨ, ਨਾ ਸਾਰੀ ਰਾਤ ਜਗਰਾਤੇ ਕਰਦੇ ਹੋਏ ਲੋਕਾਂ ਦੀ ਨੀਂਦ ਖਰਾਬ ਕਰਦੇ ਹਨ, ਨਾ ਇਹ ਗਊਆਂ ਦੇ ਨਾਮ ਤੇ ਦੰਗੇ ਕਰਦੇ ਹਨ, ਇਨ੍ਹਾਂ ਕੋਲ ਨਾ ਢੱਡਰੀਆਂ ਵਾਲਾ ਬਾਬਾ, ਨਾ ਕਲੇਰਾਂ ਵਾਲਾ, ਨਾ ਰਾੜੇਵਾਲਾ, ਨਾ ਅਸ਼ੂਤੋਸ਼, ਨਾ ਸਰਸਾ, ਨਾ ਰਾਮਪਾਲ, ਨਾ ਨਿਰਮਲ ਬਾਬਾ, ਨਾ ਹਨੂਮਾਨ ਚਾਲੀਸਾ, ਨਾ ਪੁਰੀ ਦਾ ਮੰਦਰ, ਨਾ ਅਮਰਨਾਥ ਦੀ ਯਾਤਰਾ, ਨਾ ਸੋਮਨਾਥ, ਨਾ ਅਜਮੇਰ ਸ਼ਰੀਫ਼, ਨਾ ਹੇਮਕੁੰਟ, ਤੇ ਨਾ ਹੀ ਉਹ ਸਾਰਾ ਕੁਛ ਜਿਹੜਾ ਅਸੀਂ ਹਿੰਦੂਆਂ ਸਿੱਖਾਂ ਨੇ ਮੰਦਰਾਂ ਮਸੀਤਾਂ ਗੁਰਦਵਾਰਿਆਂ 'ਚ ਆਪਣੇ ਆਪਣੇ "ਰੱਬਾਂ" ਦੇ ਨਾਮ 'ਤੇ ਰੱਖਿਆ ਹੋਇਆ ਹੈ।

ਇਹ ਨਾ ਕਿਸੇ ਖ਼ਾਸ ਕਿਸਮ ਦੀ ਮਰਿਆਦਾ ਦੇ ਪਾਬੰਦ ਹਨ। ਜੋ ਜੀ ਕਰੇ ਖਾਂਦੇ ਹਨ, ਜੋ ਜੀ ਕਰੇ ਪਹਿਨਦੇ ਹਨ। ਦਾਹੜੀ ਰੱਖਣੀ ਹੈ ਰੱਖ ਲਵੋ, ਕਟਣੀ ਹੈ ਕਟ ਲਵੋ। ਇਹ ਲੋਕ ਮੈਂ ਕਦੇ ਪਾਠਪੂਜਾ ਕਰਦੇ ਨਹੀਂ ਦੇਖੇ। ਨਾ ਹੀ ਇਹ ਕਿਸੇ ਧਰਮ ਨੂੰ ਮਾੜਾ ਕਹਿੰਦੇ ਨੇ, ਨਾ ਬਜ਼ਾਰ ਬੰਦ ਕਰਾਉਂਦੇ ਨੇ, ਨਾ ਹੀ ਧਰਮ ਨੂੰ ਅਧਾਰ ਮੰਨ ਕੇ ਬੰਦੇ ਪਰਖਦੇ ਨੇ ਸਾਡੇ ਹਰ ਘਰ ਵਿੱਚ ਪਾਠ ਪੂਜਾ, ਨਾਮਸਿਮਰਣ, ਦਾ ਪਰਵਾਹ ਚਲਦਾ ਹੈ। ਪਰ ਕਨੇਡਾ ਮੁਲਕ ਏਨਾ ਖੁਸ਼ਹਾਲ ਹੈ ਕਿ ਚੌਵੀ ਘੰਟੇ ਰੱਬ ਰੱਬ ਕਰਨ ਵਾਲੇ ਲੋਕ ਵੀ ਹਰ ਗੈਰ ਕਾਨੂੰਨੀ ਰਸਤਾ ਅਖਤਿਆਰ ਕਰ ਕੇ ਏਥੇ ਦਾਖ਼ਲ ਹੋਣਾ ਚਾਹੁੰਦੇ ਹਨ। ਹੁਣ ਮੈਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਜਿਹੜਾ ਰੱਬ ਘਟ ਘਟ 'ਚ ਵਸਦਾ ਹੈ, ਸਰਬਸ਼ਕਤੀਮਾਨ ਹੈ, ਉਹ ਚੌਵੀ ਘੰਟੇ ਪਾਠ ਪੂਜਾ ਵਾਲੇ ਮੁਲਕ ਦੀ ਬਜਾਏ ਉਸ ਮੁਲਕ ਤੇ 'ਦਿਆਲ' ਕਿਉਂ ਹੈ ਜਿੱਥੇ ਪਾਠ ਪੂਜਾ ਚੁੱਭੀ ਮਾਰਿਆਂ ਵੀ ਨਹੀਂ ਲਭਦੀ ? ਮੁਸਲਮਾਨਾਂ ਦੀ ਨਜ਼ਰ ਵਿਚ ਕਨੇਡਾ ਤਾਂ ਕਾਫ਼ਰਾਂ ਦਾ ਮੁਲਕ ਹੈ ਪਰ ਕਾਫ਼ਰਾਂ ਦੇ ਮੁਲਕਾਂ ਨੂੰ ਚਲਾਉਣ ਵਾਲਾ 'ਗਾਡ' ਕੀ ਸਾਡੇ ਪਰਮਾਤਮਾ, ਭਗਵਾਨ ਤੇ ਅੱਲਾ ਨਾਲੋਂ ਜ਼ਿਆਦਾ ਸ਼ਕਤੀ ਲਈ ਬੈਠਾ ਹੈ ਕਿ ਏਥੇ ਏਨੀ ਖ਼ੁਸ਼ਹਾਲੀ ਹੈ ?

**- ਇਕਬਾਲ**

# Little-known health benefits of beneficial bacteria.

We usually think bacteria as evil microbes ; their sole purpose is to make us sick. Taking antibiotics at the slight onset of cold or cough and incessantly washing our hands with antimicrobial soap has become the norm. It shouldn't be this way as ultra cleanliness and overuse of antibiotics weakens our immune system and make us susceptible to acute diseases.

Commercials want us to believe that the only good bacterium is a dead bacterium. Thus antimicrobial agents are often added to soaps, toothpaste, detergents and hand sanitizers. We should keep in mind that all mammals including humans have evolved in the close proximity of bacteria and hence developed strategies to keep bacteria under control. In contrast to what your mother taught you, soap is not essential to survive.

We are born sterile (bacteria free) but within hours we get colonized with abundance of our little tiny friends and develop a symbiotic relationship for rest of the life. We get sick and experience ill-health only when this healthy balance is disturbed often due to the overuse of antibiotics and other pharmaceuticals.

Without friendly bacteria we wouldn't survive. They help digest our foods, produce vitamins and occupy spaces in our body that would otherwise be available for competing pathogens(harmful bacteria). Bacteria were the first living organisms on Earth for a billion years inhabiting oceans, hot springs and deserts. Strictly speaking, the inside of our mouth, stomach, nose, and intestines are part of our outer surfaces because they are in direct contact with the outside world.

Bacteria were first observed by Antony Van Leeuwenhoek in the 17th century and later in the 19th century Louis Pasteur and Robert Koch studied them extensively. According to Hippocrates the "Father of Medicine" all disease begins in the gut, it is therefore logical to conclude that perhaps optimal health begins here as well. There are ten times the number of bacteria in the body as actual human cells and can weigh up to 3 pounds. They control 75% of our immune system and we depend heavily on them for health. The traditional diets around the world have typically included raw, fermented foods loaded with beneficial bacteria like yogurt, kefir, sauerkraut, fermented fish and pickled vegetables.

In our so called modern society we've effectively managed to sterilize our foods through pasteurization, irradiation and cooking techniques, eliminating harmful bacteria and of course the beneficial bacteria as well. At the same time we never forget to feed the harmful bacteria with processed starches, sugars and vegetable oils. On top of that , we sanitize our children from the moment they are born, afraid to ever let them face bacteria, good or bad which are more important for maturation of their immune system. Baby's digestive system begins to colonize bacteria based on the mother's existing bacteria and birth process (Natural v/s cesaerian).

The baby's bacteria further develops during breast feeding as several immune boosting strains of bacteria are only found in breast milk. The toddlers naturally add beneficial bacteria to their microbiome by putting everything, clean dirt included, into their mouths. Unfortunately this isn't the norm anymore now.

One of the best practices to keep bacterial population in balance is to avoid :

" Excessive use of antibiotics.

" Use of antimicrobial soap.

" Overuse of harsh cleaning chemicals to sanitize environment.

" Consumption of processed and refined foods.

" Consumption of sugars and excess of starches

" Any sources of stress on the body(Lack of sleep, over exertion etc)

Fortunately there are ways to increase and help balance the beneficial bacteria in your digestive system.

Tips to boost your probiotic balance:

" Don't consume refined sugars/ excess starch/ vegetable oils.

" Eat vegetables, fruits and real foods like raw nuts and seeds.

" Consume fermented foods and drinks like yogurt, kefir, sauerkraut, kimchi, aged cheeses, cultured vegetables and pickles etc.



" Use natural soap and water instead of antibacterial.

" Start gardening to replenish good bacteria.

" Don't overuse antibiotics.

" Take a high quality probiotic supplement with several strains.

HEALTH BENEFITS OF PROBIOTICS :

" Mineral absorption : Probiotics increase the bioavailability of calcium, zinc, phosphorous, iron, copper, magnesium and B vitamins.

" Type 2 Diabetes: Lactobacillus acidophilus has a positive effect on insulin sensitivity.

" Anxiety and Depression : Lactobacillus appears to tone down the stress response and improve anxiety & depression.

" Acne : Acne is associated with depression & anxiety, mood and further controlled by intestinal bacteria.

" Oral Health : Lactobacillus, Bifidobacterium help curb the growth of bacteria such as streptococcus mutans responsible for halitosis (bad breath), cavities and gums disease.

" Stomach Acid Production: Certain bacteria helps in the production of hydrochloric acid in the stomach thus preventing Helicobacter pylori responsible for ulcers.

" Cancer : In 2004 US research indicated that women who had taken large amounts of antibiotics had twice the risk of breast cancer. The beneficial bacteria can lower the level of an enzyme cox-2 known to cause pre-cancerous inflammation.

" Produces Vitamins : Probiotics ( beneficial bacteria) make B vitamins like biotin. folic acid, B12, vitamin K, small chain fatty acids.

" Breakdown harmful hormones : These bacteria breakdown harnful estrogen metabolites that cause cancer.

" Breakdown Fibres : Beneficial bacteria breakdown fibres to produce sodium butyrate and helps in healing the gut.

" Reduces Obesity : Obesity is directly related to gut bacteria. Obese children have different strains of bacteria than the bacteria inhabited by lean children.

" Autism & Dementia : The chemicals produced by gut bacteria enters your brain and affects your brain , mood and behavior.

" Prevention of Cancer : Cancer patients undergoing chemotherapy didn't ultimately succumb to cancer but to an infestation of Candida albicans.

" Reduces Harmful Bacteria: Beneficial bacteria help keep the pathogens in check.

Beneficial bacteria are always helpful in combating diseases like asthma, allergies, immune system deficiency, kidney stones, high cholesterol, hypertension, lactose intolerance, Inflammatory bowel disease, diarrhea, irritable bowel syndrome, Lupus, Crohn's Disease, Stomach Ulcers, Vaginosis, cystitis, Halitosis( bad breath), body odour, bad teeth, mouth ulcers, bloating, wind, indigestion, constipation, fatigue, frequent colds, thrush, yellow toenails, acne, psoriasis, and eczema.

Heartburn: Antacids are commonly prescribed to patients of heartburn without taking into consideration the concentration of stomach acid. The symptoms associated with low or high stomach acid are the same meaning heartburn. But most of the cases it is the low stomach acid that is the culprit as it weakens the lower esophageal sphincter (valve) and allows the undigested food particles into the esophagus ( Food pipe) and cause heartburn (burning in the food pipe). Start taking apple cider vinegar 5 minutes ( 2 teaspoons) before each meal and again after as needed. Beneficial bacteria increases the stomach acid production by secreting lactic acid.

Probiotic Supplements: You can replenish the balance of bacteria with a good quality probiotic supplement. Following precautions should be taken to make use of probiotics.

" Take the supplement about 30minutes after a meal to protect the bacteria from stomach acid.

" Ideally the meal should be carbohydrate rich meal.

" Take probiotics with cold or luke warm water only.

" Ensure a natural fibre rich diet.

" After opening keep the probiotic in the refrigerator.

" Use high quality reputable probiotic supplement with live strains.

Prebiotics : Prebiotics are the food containing indigestible fibres that bacteria needs to multiply. Prebiotic laced beverages are also big business in Japan. Skin of apples, green bananas, onion, garlic, jerusalem artichoke, chicory root, beans contain enough prebiotic fibre.

Increasingly, knowledgeable doctors are turning away from prescribing antibiotics. This is a good news. Children brought up on farms develop nearly a third of Asthma of those in towns. According to a research study, children who took antibiotics in the first year of their lives had a considerably higher risk of allergy by the age of seven.

I urge everybody to consume fresh green salad or any other fermented food with every meal to help digest the food and replenish healthy culture of beneficial bacteria. Raw vegetables and fruits contain live beneficial bacteria full of digestive enzymes needed for healthy digestive system. Such fermented foods are sauerkraut ( fermented cabbage), kimchi, yogurt, kefir( fermented drink from milk, coconut water), Kambucha tea, fermented vegetables and pickles, apple cider vinegar etc.

**Sukhwinder Brar**
**President,**
**Healthy Lifestyle**
**Knowledge Foundation**

ਗੁਰਮੇਲ ਸਿੰਘ ਬੌਡੇ

### ਪ੍ਰਦੇਸ਼ਾਂ 'ਚ ਹੁੰਦੇ ਕਤਲਾਂ ਦੇ ਨਾਂ

# ਚੋਗ ਤੋਂ ਸੋਗ ਭੋਗ ਤੱਕ

ਹਰ ਬੱਚੇ ਵਾਂਗ ਨਿੱਕੇ ਹੁੰਦਿਆਂ ਭੈਣਾਂ ਭਰਾਵਾਂ ਦੀ ਨਿੱਘੀ ਗਲਵਕੜੀ 'ਚ ਪਲਕੇ ਪ੍ਰਵਾਨ ਚੜ੍ਹਿਆ। ਸ੍ਰ. ਚੜ੍ਹਤ ਸਿੰਘ ਧਾਲੀਵਾਲ ਦੇ ਚਾਰ ਬੱਚੇ (ਸੁਰਜੀਤ ਕੌਰ, ਸ਼ਮਸ਼ੇਰ ਸਿੰਘ ਗੁਰਦੇਵ ਸਿੰਘ ਤੇ ਮੈਂ) ਸੀ। ਨਿੱਕੇ ਹੁੰਦਿਆਂ ਜਾਂ ਅੰਤਾਂ ਦਾ ਮੋਹ ਸਭ ਨੇ ਚੁੱਲ੍ਹੇ ਦੁਆਲੇ ਬੈਠ ਕੇ ਬੇਬੇ ਜਾਂ ਵੱਡੀ ਭੈਣ ਦੇ ਹੱਥਾਂ ਦੀ ਪੱਕੀ ਰੋਟੀ ਗੁਰਦੇਵ ਸਿੰਘ ਦੀਆਂ ਭੁੰਨੀਆਂ ਛੱਲੀਆਂ, ਛੋਲੀਏ ਦੀਆਂ ਹੋਲਾਂ, ਖੇਤੋਂ ਲਿਆਂਦੇ ਗੰਨੇ ਤੇ ਘੁਲਾੜੀ ਤੋਂ ਲਿਆਂਦਾ ਤੱਤਾ ਗੁੜ ਖਾਣਾ, ਪਿਆਰ ਇਤਫਾਕ ਮੋਹ ਦੀਆਂ ਤੰਦਾਂ 'ਚ ਬੱਝਿਆ ਉਹ ਪਰਿਵਾਰ ਅੱਜ ਜ਼ਿੰਦਗੀ ਦੇ ਛੇਵੇਂ ਦਹਾਕੇ ਦੇ ਅਖੀਰ (58-59) ਸਾਲ ਦਾ ਹੋ ਕੇ ਬੜਾ ਯਾਦ ਆਉਂਦਾ ਹੈ। ਅੱਜ ਵੀ ਇੰਜ ਲੱਗਦੈ ਜਿਵੇਂ ਕੱਲ ਦੀ ਗੱਲ ਹੋਵੇ। ਫਿਰ ਜਸਵੀਰ ਕੌਰ ਗੁੰਮਟੀ ਤੇ ਬੀਬੀ ਨਸੀਬ ਕੌਰ ਵੀ ਇਸ ਪਰਿਵਾਰ ਦੇ ਮੋਹ ਪਿਆਰ ਦਾ ਹਿੱਸਾ ਬਣ ਗਈਆਂ। ਫਿਰ ਘਰ ਦੇ ਨਵੇਂ ਪੈਦਾ ਹੋਏ ਸਭ ਬੱਚਿਆਂ ਦੇ ਤੋਤਲੇ ਬੋਲ ਇਸ ਘਰ ਦੀ ਮਹਿਕ ਬਣ ਗਏ। ਘਰ ਭਾਵੇਂ ਸਾਦਾ ਤੇਅੱਧ ਪੱਕਾ ਤੇ ਅਧ ਕੱਚਾ ਸੀ ਪਰ ਮੋਹ ਪਿਆਰ ਨਾਲ ਭਰਪੂਰ ਸੀ। ਕੋਈ ਤਲਖ-ਤਣਾਓ ਜਾਂ ਮਨ-ਮੁਟਾਵ ਜਾਂ ਦੂਰੀ ਦਾ ਕੋਈ ਮਸਲਾ ਹੀ ਨਹੀਂ ਸੀ। ਸ੍ਰ. ਚੜ੍ਹਤ ਸਿੰਘ ਦੇ ਘਰ ਜੋ ਤਿੰਨ ਨੋਹਾਂ ਆਈਆਂ ਤਾਂ ਮਾਂ-ਜਾਈ ਭੈਣ ਵੀ ਆਪਣੇ ਨਵੇਂ (ਸਹੁਰੇ) ਘਰ ਚਲੀ ਗਈ। ਸ਼ਮਸ਼ੇਰ ਸਿੰਘ ਤੇ ਗੁਰਦੇਵ ਸਿੰਘ ਘਰ ਦੇ ਆਰਥਿਕ ਧੋਣੇ ਧੋਣ ਲਈ ਪ੍ਰਵਾਸ ਦੇ ਰਾਹ ਤੁਰ ਗਏ। ਸਰੀਰਕ ਪੱਖੋਂ ਅਪਾਹਜ਼ ਹੋਣ ਤੋਂ ਬਾਅਦ ਪੜ੍ਹਾਈ ਕਰਕੇ ਅਧਿਆਪਨ ਕਾਰਜ ਵਿਚ ਪ੍ਰਵੇਸ਼ ਕਰਨ ਕਰਕੇ ਜਿਥੇ ਮੈਂ ਆਰਥਿਕ ਪੱਖੋਂ ਆਪਣੇ ਪੈਰਾਂ 'ਤੇ ਖੜ੍ਹਾ ਹੋਇਆ ਉਥੇ ਮੈਂ ਸਭ ਨਾਲੋਂ ਵੱਧ ਸਮਾਂ ਮਾਂ-ਬਾਪ ਕੋਲ ਰਿਹਾ।

ਇਸ ਘਰ ਦੇ ਪ੍ਰਵਾਸੀ ਪੁੱਤਰਾਂ ਨੂੰ ਜਦ ਵਰ੍ਹਿਆਂ ਬਾਅਦ ਬਾਪ ਦੀਆਂ ਦਹਿਲੀਜ਼ਾਂ ਤੇ ਆਪਣੀ ਆਮਦ ਦੀ ਦਸਤਕ ਦੇਣੀ ਤਾਂ ਘਰ ਵਿਚ ਚਾਅ ਤੇ ਹੁਲਾਸ ਭਰ ਜਾਣ। ਤੋਰੇ-ਫੇਰੇ ਦੇ ਨਵੇਂ ਰੁਝੇਵੇਂ ਵੱਧ ਜਾਣੇ। ਸਧਾਰਨ ਖਾਣ ਪੀਣ ਦੀ ਥਾਂ ਵਿਸ਼ੇਸ਼ ਪਕਵਾਨ ਬਣਨ ਲੱਗ ਜਾਣੇ। ਸ਼ਮਸ਼ੇਰ ਸਿੰਘ ਭਾਵੇਂ ਘਰ ਘੱਟ ਆਇਆ ਪਰ ਗੁਰਦੇਵ ਸਿੰਘ 1998-99 ਵਿਚ ਬੀਬੀ ਨਸੀਬ ਕੌਰ ਦੇ ਮਨੀਲਾ ਵਿਚ ਹੀ ਜੀਵਨ ਪੰਧ ਸਮਾਪਤ ਕਰ ਲੈਣ ਉਪਰੰਤ ਗੁਰਦੇਵ ਸਿੰਘ ਦਾ ਪਰਿਵਾਰਕ ਹੇਰਵਾਉਸ ਨੂੰ ਹਰ ਸਾਲ ਮਹੀਨੇ-ਡੇਢ ਮਹੀਨੇ ਲਈ ਘਰ ਲੈ ਆਉਂਦਾ ਤੇ ਇਹ ਸਮਾਂ ਇਕ ਪਿਕਨਿਕ ਵਾਂਗ ਲੰਘਦਾ ਤੇ ਪਤਾ ਹੀ ਨਾ ਲੱਗਦਾ ਕਿ ਇਹ ਸਮਾਂ ਐਨੀ ਜਲਦੀ ਕਿਵੇਂ ਲੰਘ ਜਾਂਦਾ ਸੀ। ਜਿਉਂ-ਜਿਉਂ ਉਨ੍ਹਾਂ ਦੇ ਵਾਪਸ ਮੁੜਨ ਦੇ ਦਿਨ ਨੇੜੇ ਆਉਣੇ ਤਾਂ ਦਿਲ ਨੂੰ ਡੋਬੂ ਪੈਣੇ ਕਿ ਇਹ ਹੁਲਾਸ ਭਰਿਆ ਵਕਤ ਕਦੇ ਵੀ ਖਤਮ ਨਾ ਹੋਵੇ। ਪਰ ਪ੍ਰਦੇਸ਼ਾਂ ਵਿਚ ਵੀ ਉਨ੍ਹਾਂ ਦਾ ਕਾਰੋਬਾਰ ਸੀ। ਜੋ ਕਿ ਸਿਰ ਖੜ੍ਹੇ ਦਾ ਖਾਲਸਾ ਵਾਂਗ ਧਿਆਨ ਮੰਗਦੇ ਸੀ। ਕਾਸ਼! ਸਾਡਾ ਮੁਲਕ ਵੀ ਐਨਾ ਅਮੀਰ ਤੇ ਖੁਸ਼ਹਾਲ ਹੁੰਦਾ ਕਿ ਜਿਵੇਂ ਅਸੀਂ ਪ੍ਰਵਾਸੀ ਜੂਨ ਹੰਢਾਉਂਦੇ ਹਾਂ। ਦੂਸਰੇ ਮੁਲਕਾਂ ਦੇ ਬਾਸ਼ਿੰਦੇ ਕੈਨੇਡਾ-ਅਮਰੀਕਾ ਵਾਂਗ ਇਥੇ ਕੰਮ ਕਰਨ ਲਈ ਆਉਂਦੇ ਉਹ ਸਾਡੇ ਖੇਤਾਂ 'ਚੋਂ ਮਜ਼ਦੂਰੀ ਲੈ ਕੇ ਆਲੂ ਪੁਟਦੇ, ਮਿਰਚਾਂ, ਮਟਰ ਤੇ ਸਬਜ਼ੀਆਂ ਤੋੜਦੇ, ਹਰ ਚੀਜ਼ ਸ਼ੁੱਧ ਹੁੰਦੀ। ਕਾਨੂੰਨ ਦਾ ਰਾਜ ਅਤੇ ਸਾਫ਼ ਸੁਥਰਾ ਪੌਣ ਪਾਣੀ ਹੁੰਦਾ। ਪਰ ਅਜ਼ਾਦੀ ਦੇ 70 ਸਾਲ ਬੀਤਣ 'ਤੇ ਵੀ ਸਾਡੇ ਹਿੱਸੇ ਘਰ ਪਰਿਵਾਰ ਤੇ ਬੱਚਿਆਂ ਨੂੰ ਛੱਡਕੇ ਪ੍ਰਵਾਸ ਹਿੱਸੇ ਆਇਆ ਹੈ। ਸਾਡਾ ਆਪਣਾ ਮੁਲਕ ਸਾਨੂੰ ਰੋਟੀ ਨਹੀਂ ਦੇ ਸਕਿਆ। ਅੱਧਿਓਂ ਵੱਧ ਪੰਜਾਬ ਦੀ ਰੋਟੀ ਰੋਜ਼ੀ ਪੱਛਮੀ ਮੁਲਕਾਂ ਤੇ ਖਾੜੀ ਮੁਲਕਾਂ 'ਤੇ ਟਿਕੀ ਹੋਈ ਹੈ। ਅੱਜ ਵੀ ਅਸੀਂ ਆਈਲੈਟਸ ਕਰਕੇ ਜਾਂ ਸੁਪਰ ਵੀਜ਼ੇ ਲੈ ਕੇ ਇਸ ਮੁਲਕ ਨੂੰ ਮੱਥਾ ਟੇਕ ਕੇ ਬਾਹਰ ਜਾਣ ਲਈ ਤਿਆਰ ਹਾਂ।

ਜਿਉਂ-ਜਿਉਂ ਮਨੁੱਖ ਉਮਰ ਵਿਚ ਵੱਡਾ ਹੁੰਦਾ ਜਾਂਦਾ ਹੈ ਤੇ ਉਸ ਕੋਲੋਂ ਜ਼ਿੰਦਗੀ ਦਾ ਪੰਧ ਖੁਸਦਾ ਜਾਂਦਾ ਹੇ ਭਾਵ ਵੱਡੇ ਹੋਣ ਨਾਲ ਜ਼ਿੰਦਗੀ ਘਟਦੀ ਜਾਂਦੀ ਹੈ ਤਾਂ ਉਸ ਵਿਚੋਂ ਬਚਪਨ ਵਾਲ ਮੋਹ ਪਿਆਰ-ਇਕ ਦੂਜੇ ਦਾ ਫ਼ਿਕਰ ਮਾਂ-ਬਾਪ ਦੇ ਦਿੱਤੇ ਸੰਸਕਾਰ ਸਾਡੀ ਜ਼ਿੰਦਗੀ 'ਚੋਂ ਮਨਫ਼ੀ ਹੁੰਦੇ ਜਾਂਦੇ ਹਨ। ਪਦਾਰਥਿਕ ਦੌੜ ਤੇ ਪੈਸੇ ਦੀ ਹਵਸ ਕਾਰਨ ਸੂਮਪੁਣਾ, ਲਾਲਚ ਅਤੇ ਚੌਂਕੇ ਚੌਂਕੀ ਤੋਂ ਚੋਂਹਟ ਕਰਨ ਦੀ ਬਿਰਤੀ ਭਾਰੂ ਹੁੰਦੀ ਹੈ। ਪੱਛਮ ਦੇ ਮੁਲਕਾਂ ਵਿਚ ਰਹਿ ਕੇ ਜੋ ਕਮਾਇਆ ਉਸ ਨਾਲ ਅਨੰਦ ਮਾਨਣਾ ਸਾਡੀ ਜ਼ਿੰਦਗੀ ਦਾ ਹਿੱਸਾ ਨਹੀਂ ਬਣਿਆ। ਚੰਗੇ ਮਾਂ ਬਾਪ ਬੱਚੇ ਨੂੰ ਪਿਤਾ-ਪੁਰਖੀ ਕਿਰਤ ਕਰਨ ਦੇ ਸਮਰੱਥ ਬਣਾਉਂਦੇ ਹਨ ਜਾਂ ਪੜ੍ਹਾ ਲਿਖਾ ਕੇ, ਖੁਦ ਔਖੇ ਹੋ ਕੇ ਆਪਣੇ ਬੱਚੇ ਨੂੰ ਕਿਸੇ ਮੁਰਾਤਬੇ ਤੇ ਪਹੁੰਚਾਉਣਾ ਲੋਚਦੇ ਹਨ ਤਾਂ ਜੋ ਉਹ ਵੀ ਕਿਸੇ ਫੌਜੀ ਅਫ਼ਸਰ, ਕਾਨੂੰਗੋ, ਪਟਵਾਰੀ ਅਧਿਆਪਕ, ਪ੍ਰੋਫੈਸਰ ਜਾਂ ਪ੍ਰਿੰਸੀਪਲ ਦੇ ਮਾਂ-ਬਾਪ ਹੋਣ 'ਤੇ ਮਾਣ ਕਰ ਸਕਣ।

ਸ੍ਰ. ਚੜ੍ਹਤ ਸਿੰਘ ਜੀ ਆਪਣੇ ਪੁੱਤਰਾਂ ਨੂੰ ਹੀ ਨਹੀਂ ਸਗੋਂ ਬੇਟੀ ਨੂੰ ਪੜ੍ਹਾ ਲਿਖਾਕੇ ਅਜਿਹਾ ਬਣਾਉਣਾ ਲੋਚਦੇ ਸਨ। ਸ਼ਮਸ਼ੇਰ ਵਿਚ ਪੜ੍ਹਾਈ ਕਰਨ 'ਚ ਸਾਧਨਾ ਦੀ ਘਾਟ ਹੋਣ ਕਰਕੇ ਬੇਰੁਖੀ ਪੈਦਾ ਹੋ ਗਈ। ਗੁਰਦੇਵ ਸਿੰਘ ਅਜ਼ਾਦ ਸੀ ਉਹ ਆਪਣੇ ਬਚਪਨ ਨੂੰ ਸਕੂਲ ਦੀਆਂ ਵਲਗਨਾ 'ਚ ਕੈਦ ਨਹੀਂ ਸੀ ਕਰਨਾ ਚਾਹੁੰਦਾ। ਬਾਪੂ ਜੀ ਦੀ ਇੱਛਾ ਸੀ ਕਿ ਉਹ ਵੀ ਚੰਗਾ ਪੜ੍ਹ ਲਿਖ ਕੇ ਉਸ ਵਰਗੀ ਖੇਤੀ ਕਰਕੇ ਨੰਗੇ ਪੈਰੀਂ ਜਾਂ ਹੱਥਾਂ ਵਿਚ ਕਹੀ, ਕਸੀਆ ਜਾਂ ਦਾਤੀ ਰੰਬਾ ਫੜ ਕੇ ਅੱਟਣਾ ਭਰੀ ਜੂਨ ਨਾ ਹੰਢਾਵੇ ਜੋ ਉਸਨੇ ਬਚਪਨ ਤੋਂ ਲੈ ਕੇ ਜਵਾਨੀ ਤੱਕ ਹੰਢਾਈਸੀ।

ਗੁਰਦੇਵ ਸਿੰਘ ਅਜ਼ਾਦ ਤਬੀਅਤ ਦਾ ਮਾਲਕ ਸੀ। ਬਾਪੂ ਜੀ ਉਸ ਨੂੰ ਖੇਤੀ ਦੇ ਸਖ਼ਤ ਤੋਂ ਸਖ਼ਤ ਕੰਮ 'ਤੇ ਲਗਾਉਂਦੇ ਤਾਂ ਜੋ ਉਹ ਖੇਤੀ ਛੱਡ ਕੇ ਸਕੂਲ ਦਾ ਰਾਹ ਫੜ ਲਵੇ। ਬਾਪੂ ਜੀ ਵਾਂਗ ਖੇਤੀ ਦੇ ਮਾਮਲੇ ਵਿਚ ਗੁਰਦੇਵ ਸਬਰ ਤੇ ਸਿਰੜ ਦਾ ਪੂਰਾ ਸੀ। ਉਸਨੇ ਖੇਤੀ ਦਾ ਹਰ ਤਸੀਹਾ ਗਰਮੀ-ਸਰਦੀ-ਹਲਟ ਹੱਕਣੇ-ਕੱਸੀ ਦੀਆਂ ਵਾਰੀਆਂ-ਖੇਤ ਵਾਹੁਣੇ ਤੇ ਬੀਜਣੇ ਸਭ ਕੁਝ ਆਪਣੀ ਦੇਹੀ ਤੇ ਹੰਢਾਏ। ਗਰਮੀਆਂ ਵਿਚ ਉਸਦੇ ਸਾਧਾਰਨ ਕੱਪੜਿਆਂ 'ਚੋਂ ਪਸੀਨੇ ਦੀ ਕਿਰਤ ਮਹਿਕ ਆਉਂਦੀ। ਅੱਜ ਵੀ ਮੇਰੀਆਂ ਅੱਖਾਂ ਸਾਹਮਣੇ ਹਲ਼ ਦੇ ਮੁੰਨੇ ਤੋਂ ਵੀ ਛੋਟਾ ਗੁਰਦੇਵ ਸਿੰਘ ਨਜ਼ਰ ਆਉਂਦਾ ਹੈ। ਸ਼ਮਸ਼ੇਰ ਸਿੰਘ ਮੈਟ੍ਰਿਕ ਕਰਕੇ ਫੌਜ ਵਿਚ ਜਾ ਕੇ ਪੈਂਟ ਸ਼ਰਟ ਪਹਿਨਣ ਲੱਗ ਪਿਆ ਜਦਕਿ ਅਸੀਂ ਦੋਵੇਂ ਭਰਾ ਖੱਦਰ ਦਾ ਕੁੜਤਾ ਪਜਾਮਾ ਪਹਿਨਦੇ। ਹਾਇਰ ਸੈਕੰਡਰੀ ਸਕੂਲ ਤੋਂ ਕਾਲਜ ਦੀ ਪੜ੍ਹਾਈ ਕਰਨ ਤੱਕ ਮੇਰਾ ਪਹਿਰਾਵਾ ਵੀ ਪੈਂਟ ਸ਼ਰਟ, ਕੋਟ ਪੈਂਟ ਤੇ ਟਾਈ ਤੱਕ ਪਹੁੰਚ ਗਿਆ। ਗੁਰਦੇਵ ਸਿੰਘ ਦੇ ਹੱਥਾਂ 'ਚ ਹਲ ਦੇ ਮੁੰਨੇ ਦੀ ਥਾਂ ਟਰੈਕਟਰ ਦਾ ਸਟੇਅਰਿੰਗ ਆ ਗਿਆ ਸੀ। ਹੁਣ ਪਹਿਲਾਂ ਜਿੰਨੀ ਸਰੀਰਕ ਮੁਸ਼ੱਕਤ ਨਹੀਂ ਸੀ ਕਰਨੀ ਪੈਂਦੀ।

ਸਰੀਰਕ ਪੱਖੋਂ ਅਪਾਹਜ ਹੋਣ ਕਰਕੇ ਪੜ੍ਹਨਾ ਮੇਰੀ ਮਜ਼ਬੂਰੀ ਬਣ ਗਈ ਤੇ ਮੇਰੀ ਸਭ ਤੋਂ ਪਹਿਲਾਂ ਪ੍ਰਵਾਸ ਕਰਨ ਦੀ ਰੀਝ ਜਾਂ ਸੁਪਨਾ ਟੁੱਟ ਗਿਆ। ਸ਼ਮਸ਼ੇਰ ਸਿੰਘ ਪਰਿਵਾਰਕ ਫਰਜ਼ਾਂ ਤੋਂ ਬੇਮੁੱਖ ਹੋ ਗਿਆ। ਮੇਰੇ ਮਨ 'ਚ ਆਇਆ ਕਿ ਗੁਰਦੇਵ ਸਿੰਘ ਵੀ ਸਾਰੀ ਜ਼ਿੰਦਗੀ ਕੁੜਤੇ-ਪਜਾਮੇ ਦੀ ਜੂਨ ਕਿਉਂ ਹੰਢਾਵੇ? ਉਹ ਵੀ ਸਾਡੇ ਵਾਂਗ ਪੜ੍ਹਿਆ ਲਿਖਿਆਂ ਵਾਂਗ ਪੈਂਟ ਸ਼ਰਟ ਪਹਿਨੇ। ਦੂਸਰਾ ਉਸ ਸਮੇਂ ਖਾੜਕੂ ਦੌਰ ਕਾਰਨ ਉਸਦੀ ਜ਼ਿੰਦਗੀ ਲਈ ਏਥੇ ਹਲਾਤ ਸਾਜਗਰ ਨਹੀਂ ਸਨ।



ਦੋਸਤਾਂ ਮਿੱਤਰਾਂ ਨੂੰ ਕਹਿ ਕਹਾ ਕੇ ਮੈਂ ਉਸਦੇ ਕਾਗਜ਼ ਪੱਤਰ ਮੰਗਵਾਕੇ ਪ੍ਰਵਾਸ ਦੇ ਰਾਹ ਤੋਰ ਦਿੱਤਾ। ਕੁਝ ਸਮੇਂ ਬਾਅਦ ਉਸਦੇ ਪ੍ਰਵਾਸ ਵਾਲਾ ਮੁਲਕ ਸੁੱਰਖਿਅਤ ਨਾ ਰਿਹਾ-ਕਈ ਖਤਰਿਆਂ 'ਚੋਂ ਲੰਘਣਾ ਪਿਆ। ਬੱਚੇ ਮਨੀਲਾ ਤੋਂ ਕੈਨੇਡਾ ਚਲੇ ਗਏ। ਅਸੀਂ ਉਸਦੇ ਪ੍ਰਵਾਸ ਵਾਲੇ ਮੁਲਕ ਦੇ ਹਲਾਤਾਂ ਡਰਦੇ ਉਸਨੂੰ ਬੱਚਿਆਂ ਕੋਲ ਕੈਨੇਡਾ ਜਾਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਪਰ ਲਗਾਤਾਰ 27-28 ਸਾਲ ਉਸ ਦੇਸ਼ ਵਿਚ ਰਹਿ ਕੇ ਉਸ ਨੂੰ ਉਹ ਮੁਲਕ ਉਹ ਸ਼ਹਿਰ ਆਪਣੇ ਹੀ ਪਿੰਡ ਵਰਗਾ ਲੱਗਣ ਲੱਗ ਪਿਆ।

ਵੰਡ ਛਕਣ ਦਾ ਸੁਭਾਓ ਗੁਰਦੇਵ ਸਿੰਘ ਨੂੰ ਕੁਦਰਤ ਵਲੋਂ ਜਾਂ ਮਾਂ ਬਾਪ ਵਲੋਂ ਵਿਰਾਸਤ ਵਿਚ ਮਿਲਿਆ ਹੋਇਆ ਸੀ। ਉਸ ਨੇ ਆਪਣਾ ਪੱਖ ਮਜ਼ਬੂਤ ਕਰਨ ਲਈ ਹਰ ਲੋੜਵੰਦ (ਗਰੀਬ ਨੂੰ) ਹਰ ਰਿਸ਼ਤੇਦਾਰ ਨੂੰ ਆਪਣੇ ਘਰ ਦਾ ਮੈਂਬਰ ਬਣਾਇਆ ਤੇ ਉਹ ਕੁਝ ਸਮਾਂ ਉਸਦੇ ਕੋਲ ਰਹਿ ਕੇ ਉਸ ਦੀ ਬਖਸ਼ੀ ਥਾਲੀ ਵਿਚ ਹੀ ਛੇਕ ਕਰਦੇ ਰਹੇ ਤੇ ਉਸਦੇ ਵਿਰੋਧੀ ਧਿਰਨਾਲ ਮਿਲਕੇ ਉਸਦੀਆਂ ਜਾਨੀ-ਮਾਲੀ ਮੁਸ਼ਕਿਲਾਂ 'ਚ ਵਾਧਾ ਕਰਦੇ ਰਹੇ। ਇੰਜ ਇਹ ਲੋਕ ਗੁਰਦੇਵ ਸਿੰਘ ਦਾ ਅਭਰੀ ਜਾਂ ਧਿਰ ਜਾਂ ਉਸਦਾ ਪਰਿਵਾਰਕ ਇਕੱਠ ਬਣਨ ਦੀ ਥਾਂ ਕਿਰਤ ਕਰੋ ਵੰਡ ਛਕੋ ਵਾਲੀ ਭਾਵਨਾ ਨੂੰ ਠੁਕਰਾ ਗਏ। ਇਸਦੇ ਬਾਵਜੂਦ ਵੀ ਗੁਰਦੇਵ ਸਿੰਘ ਚੜ੍ਹਦੀ ਕਲਾ 'ਚ ਰਿਹਾ। ਉਸਦੇ ਸ਼ੁਰੂ ਤੋਂ ਕਿਰਤੀ ਸੁਭਾਅ ਕਾਰਨ ਮੈਂ ਪਰਿਵਾਰ ਵਿਚ ਸਭ ਤੋਂ ਵੱਧ ਨੇੜੇ ਤੇ ਇੱਜ਼ਤ ਕਰਦਾ ਸੀ। ਉਸਦੀ ਇੱਜ਼ਤ 'ਤੇ ਮਾਣ ਨੂੰ ਵਧਾਉਣ ਲਈ ਮੈਂ ਉਸ ਵਲੋਂ ਜਜ਼ਬਾਤੀ ਹੋ ਕੇ ਗਲਤ ਪਾਸੇ ਜਾਣ ਤੋਂ ਰੋਕ ਦਿੰਦਾ ਸੀ। ਜਦ ਸਮਾਂ ਪਾ ਕੇ ਉਹ ਮੇਰੀ ਦਿੱਤੀ ਸਲਾਹ ਦੇ ਸਿੱਟੇ ਦੇਖਦਾ ਤਾਂ ਉਹ ਮੇਰੀ ਇੱਜ਼ਤ ਕਰਦਾ ਕਰਦਾ ਆਪਣੇ ਬੱਚਿਆਂ ਦੇ ਬਰਾਬਰ ਦਰਜਾ ਦਿੰਦਾ ਰਿਹਾ ਪਰ ਉਸਦੀ ਜਿੱਦ ਉਸ ਲਈ ਹਮੇਸ਼ਾ ਘਾਟੇ ਬੰਦ ਸਿੱਧ ਹੋਈ।

ਮਈ 1990 ਤੋਂ ਉਸਦੇ ਪ੍ਰਵਾਸ ਕਰਕੇ ਬਿਤਾਏ 27 ਸਾਲ ਵਿਚ ਅਸੀਂ 20-21 ਵਾਰ ਇਕੱਠੇ ਹੋਏ ਹੋਵਾਂਗੇ। ਪਿਛਲੇ ਸਾਲ ਮਾਰਚ 2016 ਵਿਚ ਉਹ ਘਰੇ ਮੇਰੇ ਕੋਲ ਤੇ ਪਰਿਵਾਰ ਵਿਚ ਆਏ ਹੋਏ ਸਨ ਤੇ ਮੇਰੇ ਬੇਟੇ ਦੇ ਵਿਆਹ ਦੇ ਪ੍ਰਬੰਧਾਂ 'ਚ ਮਸ਼ਰੂਫ ਸਨ। ਉਸ ਸਮੇਂ ਕਦੇ ਸੋਚਿਆ ਵੀ ਨਹੀਂ ਸੀ ਕਿ ਅਗਲੀ ਮਾਰਚ ਤੋਂ ਵੀ ਪਹਿਲਾਂ ਉਹ ਹੈ ਤੋਂ ਸੀ ਬਣ ਜਾਣਗੇ। ਛੇ ਅਕਤੂਬਰ ਨੂੰ ਜਿਸ ਗੱਲ ਦਾ ਡਰ ਸੀ ਉਹੀ ਹੋਈ ਤੇ ਮਨੀਲਾ 'ਚ ਹੁੰਦੇ ਅਣਗਿਣਤ ਕਤਲਾਂ ਵਾਂਗ ਉਸਦੇ ਕਤਲ ਹੋ ਜਾਣ ਦੀ ਖ਼ਬਰ ਸਿਰ 'ਚ ਹਥੌੜੇ ਵਾਂਗ ਵੱਜੀ। ਅੱਗੇ ਜਦ ਵੀ ਉਸ ਨੂੰ ਦਿੱਲੀ ਏਅਰਪੋਰਟ ਤੋਂ ਲੈਣ ਜਾਣਾ ਜਾਂ ਇੰਡੋ-ਕੈਨੇਡੀਅਨ ਬੱਸ ਤੇ ਆਉਣ ਤਾਂ ਮੇਰੇ ਧਰਤੀ ਤੇ ਪੈਰ ਨਾ ਲੱਗਣੇ। ਉਸ ਹਵਾਈ ਜਹਾਜ਼ ਚਲ ਕੇ ਦਿੱਲੀ ਉਤਰਨ ਤੱਕ ਤੇ ਫਿਰ ਬੱਸ ਦੇ ਜਾਂ ਕਾਰ ਦੇ ਸਫ਼ਰ ਦੌਰਾਨ ਮੈਂ ਏਥੇ ਆ ਗਿਆ ਹਾਂ। ਮੈਂ ਏਥੇ ਪਹੁੰਚ ਗਿਆ ਹਾਂ ਦੇ ਸੁਨੇਹੇ ਮੋਬਾਇਲ 'ਤੇ ਦੇਈ ਜਾਣੇ। ਜਾਣ ਸਮੇਂ ਵੀ ਉਸਨੇ ਅਜਿਹਾ ਕਰਨਾ। ਉਹ ਮੇਰੀ ਬੀਤੇ 28 ਸਾਲ ਦੀ ਵਫ਼ਾਦਾਰੀ ਦੇ ਕਾਇਲ ਸਨ। ਨੌਕਰੀ 'ਚ ਆ ਕੇ ਹੁਣ ਤੱਕ ਮੈਂ ਜੋ ਵੀ ਕਮਾਇਆ ਸਭ ਉਸਦੀ ਜਾਂ ਉਸਦੇ ਪਰਿਵਾਰ ਦੇ ਹੱਥਾਂ 'ਤੇ ਰੱਖਿਆ ਤੇ ਉਸ ਕੋਲੋਂ ਰੁਮਾਲ ਜਿੰਨਾ ਥਾਂ ਵੀ ਚੋਰੀ ਨਹੀਂ ਲਿਆ ਪਰ ਹਾਂ ਸਰਕਾਰ ਸਰਕਾਰੀ ਮੁਲਾਜ਼ਮ ਹੋਣ ਕਰਕੇ ਹਰ ਮਹੀਨੇ ਤਨਖਾਹ 'ਚੋਂ ਜਨਰਲ ਪ੍ਰੋਵੀਡੈਂਟ ਫੰਡ ਜਾਂ ਟੈਕਸ ਕੱਟਦੀ ਸੀ ਉਹ ਸਰਕਾਰੀ ਨਿਯਮਾਂ ਮੁਤਾਬਕ ਸੀ। ਜਦ ਹਾਰਟ ਦਾ ਮਰੀਜ਼ ਬਣਕੇ ਮੇਰੇ ਤੇ ਭੀੜ ਬਣੀ ਤਾਂ ਉਹ ਮੇਰੇ ਕੋਲ ਹਾਜ਼ਰ ਰਿਹਾ। ਦਸੰਬਰ 2012 ਵਿਚ ਜਦ ਉਸਦੀ ਹਾਰਟ ਦੀ ਬਾਈਪਾਸ ਸਰਜਰੀ ਹੋਈ ਤਾਂ ਅਸੀਂ ਉਸਦੇ ਸਿਰਹਾਣੇ ਖੜ੍ਹੇ ਤੇ ਘਰੇ ਉਸਦੀ ਦਵਾਈ ਤੇ ਅਰਾਮ ਦਾ ਖਿਆਲ ਰੱਖਦੇ ਰਹੇ ਇਸੇ ਤਰ੍ਹਾਂ ਹੀ ਅਸੀਂ ਬਾਪੂ ਜੀ ਦਾ ਬਿਰਧ ਅਵਸਥਾ ਦਾ ਖਿਆਲ ਰੱਖਿਆ ਸੀ। ਉਸ ਨੇ ਪਿੰਡ ਦੇ ਹਰ ਕੰਮ ਗੁਰਦੁਆਰਾ ਸਾਹਿਬ, ਸਕੂਲ ਤੇ ਪੰਚਾਇਤੀ ਚੋਣਾਂ ਜਾਂ ਹੋਰ ਸਾਂਝੇ ਕੰਮਾਂ ਲਈ ਦਿਲ ਖੋਲ੍ਹਕੇ ਫੰਡ ਦਿੱਤਾ। ਪਰ ਮੇਰੇ ਵਾਂਗ ਜੇ ਉਸਦਾ ਆਪਣਾ ਹੀ ਉਸ ਨਾਲ ਧੋਖਾ ਕਰਦਾ ਸੀ ਤਾਂ ਉਹ ਹਾਈਪਰ ਹੋ ਜਾਂਦੇ ਸਨ ਜਾਂ ਬਿਲਕੁਲ ਟੁੱਟ ਜਾਂਦੇ ਸਨ।

ਪਰ ਅੱਜ ਜਦ 13 ਅਕਤੂਬਰ ਨੂੰ ਪਿੰਡੋਂ ਟੈਂਪੂ ਟਰੈਵਲ ਦਿੱਲੀ ਗਈ ਤਾਂ ਅੱਖਾਂ 'ਚ ਅੱਥਰੂ ਸਨ। ਕਿਉਂਕਿ ਹੁਣ ਉਸਨੇ ਇਸ ਤੋਂ ਪਹਿਲਾਂ 21-22 ਵਾਰ ਆ ਕੇ ਪਾਈ ਗਲਵਕੜੀ ਵਾਂਗ ਸਭ ਨੂੰ ਇੰਜ ਨਹੀਂ ਸੀ ਮਿਲਣਾ। 14 ਅਕਤੂਬਰ 2016 ਨੂੰ ਉਸਦਾ ਮ੍ਰਿਤਕ ਸਰੀਰ ਤਾਬੂਤ ਵਿਚ ਬੰਦ ਹੋ ਕੇ ਆਇਆ ਜੋ ਉਪਰੋਂ ਸ਼ੀਸ਼ੇ ਨਾਲ ਬੰਦ ਸੀ। ਉਸਦੇ ਮੂੰਹ ਵੀ ਸੀ, ਉਸਦੇ ਕੰਨ ਵੀ ਸਨ, ਅੱਖਾਂ ਵੀ ਨਜ਼ਰ ਆ ਰਹੀਆਂ ਸਨ। ਉਸਦੇ ਪੁੱਤਰਾਂ, ਉਸਦੀ ਮਾਂ ਅਤੇ ਮੈਂ ਬਹੁਤ ਅਵਾਜ਼ਾਂ ਮਾਰੀਆਂ ਪਰਉਹ ਅਹਿਲ ਪਿਆ ਸੀ। ਉਸਦੇ ਕੰਨਾਂ ਤੱਕ ਕਿਸੇ ਵੀ ਆਪਣੇ ਦਾ ਰੁਦਨ ਨਹੀਂ ਸੀ ਪਹੁੰਚ ਰਿਹਾ ਤੇ ਨਾ ਹੀ ਉਹ ਜਵਾਬ ਦੇ ਰਿਹਾਸੀ। ਐਨਾ ਥੋੜ੍ਹਾ ਸਮਾਂ ਤਾਂ ਉਹ ਕਦੇ ਆਇਆ ਹੀ ਨਹੀਂ ਸੀ। ਪਹਿਲਾਂ ਉਹ ਦੋ-ਤਿੰਨ ਮਹੀਨੇ ਲਈ ਆਉਂਦੇ ਸਨ ਪਰ ਅੱਜ ਉਹ ਸਿਰਫ਼ ਤਿੰਨ ਘੰਟੇ (8.15 ਤੋਂ 11.15) ਤੱਕ ਦੇ ਸਮੇਂ ਲਈ ਆਏ ਤੇ ਜ਼ਿੰਦਗੀ ਦੀ ਪੂੰਜੀ ਮੁੱਕਣ ਤੇ ਉਨ੍ਹਾਂ ਰਾਹਾਂ ਦੀ ਪਾਂਧੀ ਬਣ ਗਏ ਜਿਥੋਂ ਕੋਈ ਵਾਪਸ ਨਹੀਂ ਪਰਤਦਾ, ਕੋਈ ਖਤ ਨਹੀਂ ਪਾਉਂਦਾ, ਕੋਈ ਸਿਰਨਾਵਾਂ ਨਹੀਂ ਹੁੰਦਾ, ਕੋਈ ਫੋਨ ਨਹੀਂ ਆਉਂਦਾ। ਸਮਾਜਿਕ ਰਹੁ-ਰੀਤਾਂ ਨਿਭਾਉਣ ਉਪਰੰਤ ਉਸਦੇ ਬੱਚੇ ਆਪਣੇ ਹਿੱਸੇ ਦੀ ਪ੍ਰਵਾਸ ਵਿਚ ਖਿਲਾਰੀ ਚੋਗ ਚੁਗਣ ਚਲੇ ਗਏ। ਪਰ ਗੁਰਦੇਵ ਸਿੰਘ ਦਾ ਖਲਾਅ ਕਦੇ ਨਹੀਂ ਭਰਨਾ। ਪੰਜਾਬ ਵਿਚ ਉਸ ਮੁਲਕ 'ਚ ਗਏ ਪੰਜਾਬੀਆਂ ਨਾਲ ਪਿਛਲੇ ਡੇਢ-ਦੋ ਦਹਾਕਿਆਂ (15-20) ਸਾਲ ਤੋਂ ਇਹ ਭਾਣੇ ਵਰਤ ਰਹੇ ਸਨ। ਅਖ਼ਬਾਰਾਂ ਵਿਚ ਲੇਖ ਵੀ ਛਪੇ ਪਰ ਭਾਰਤ ਸਰਕਾਰ ਦੇ ਲੋਕਤੰਤਰੀ ਲੀਡਰਾਂ ਦੇ ਕੰਨ 'ਤੇ ਜੂੰ ਨਹੀ ਸਰਕੀ। ਇਸ ਕਰਕੇ ਇਸ ਸਰਕਾਰ ਦਾ ਮੁਲਾਜ਼ਮ ਹੁੰਦੇ ਹੋਏ ਵੀ ਸਰਕਾਰ ਦੀ ਆਪਣੇ ਹੀ ਨਾਗਰਿਕਾਂ ਪ੍ਰਤੀ ਬੇਰੁਖੀ ਤੇ ਬਹੁਤ ਰੰਜੋ ਗਮ 'ਚ ਹਾਂ, ਖ਼ਫ਼ਾ ਹਾਂ। ਇਸ ਨੂੰ ਆਪਣਾ ਦੇਸ਼ ਕਹਿਣ ਵਿਚ ਵੀ ਸ਼ਰਮ ਆਉਂਦੀ ਹੈ ਜਿਸ ਕਾਰਨ ਉਥੇ ਇਸ ਦੇਸ਼ ਦੇ ਨਾਗਰਿਕ ਆਪਣਿਆਂ ਦੇ ਹੁੰਦੇ ਹੋਏ ਵੀ ਆਪਣਿਆਂ ਦੀ ਗੈਰ ਹਾਜ਼ਰੀ ਵਿਚ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਜਿਵੇਂ ਪੰਛੀ ਆਹਲਣੇ ਵਿਚ ਬੈਠੇ ਬੋਟਾਂ ਲਈ ਚੋਗ ਲੈਣ ਗਏ ਸ਼ਿਕਾਰੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਪੰਜਾਬ ਵਿਚ ਮਿਰਜ਼ੇ ਦੀ ਲੋਕ ਗਾਥਾ ਗਾਉਂਦਿਆਂ ਕਈ ਗਾਇਕਾਂ ਨੇ ਗਾਇਆ ਹੈ ਕਿ "ਮਿਰਜ਼ਾ ਬਾਝ ਭਰਾਵਾਂ ਮਾਰਿਆ ਤੇ ਕੋਈ ਨਾ ਮਿਰਜ਼ੇ ਸੰਗ" ਜਿਸ ਸਾਹਿਬਾਂ ਰੂਪੀ (ਪਦਾਰਥ ਪੈਸੇ ਲਈ) ਰਿਸ਼ਤੇ ਟੁੱਟਦੇ ਹਨ। ਪੈਸੇ ਦੇ ਰੂਪ ਵਿਚ ਉਹੀ ਪੈਸਾ ਰੂਪੀ ਸਾਹਿਬਾਂ ਅਣਗਿਣਤ ਮਿਰਜ਼ਿਆਂ ਨੂੰ ਖਾ ਰਹੀ ਹੈ।

ਜਦ ਉਸਦਾ ਅੰਤ ਹੋ ਰਿਹਾ ਹੋਵੇ ਤਾਂ ਉਸਦੇ ਦਿਮਾਗ ਵਿਚ ਮਾਂ-ਬਾਪ-ਬੱਚੇ ਭਰਾ ਯਾਦ ਤਾਂ ਆਏ ਹੋਣਗੇ। ਪਰ ਉਸ ਸਮੇਂ ਉਸ ਦੇ ਸੰਗ (ਨਾਲ) ਕੋਈ ਨਹੀਂ। ਇਥੋਂ ਤੱਕ ਕਿ ਉਸਦੇ ਆਪਣੇ ਹੱਥੀਂ ਸੱਦੇ ਹੋਏ ਵੀ ਇਕ ਪੱਖ ਜਾਂ ਸੁੱਰਖਿਆ ਪੱਖੋਂ ਨਾਲ ਨਹੀਂ ਸਨ। ਏਹੀ ਤਾਂ ਕੁਦਰਤੀ ਤੇ ਗੈਰ ਕੁਦਰਤੀ ਮੌਤ ਦਾ ਫਰਕ ਹੁੰਦਾ ਹੈ। ਬੁਢਾਪੇ ਸਮੇਂ ਉਮਰ ਵਹਾ ਕੇ ਮੌਤ ਦੇ ਆਗੋਸ਼ 'ਚ ਜਾਣ ਵਾਲੇ ਦੇ ਅੰਤ ਪ੍ਰਤੀ ਅਸੀਂ ਮਾਨਸਿਕ ਪੱਖੋਂ ਚੇਤੰਨ ਹੁੰਦੇ ਹਾਂ ਤੇ ਬਰਦਾਸ਼ਤ ਵੀ ਕਰ ਲੈਂਦੇ ਹਾਂ।' ਅਕਸਰ ਕਿਹਾ ਜਾਂਦਾ ਹੈ ਕਿ (ਡੈਥ ਕੀਪਸ ਨੋ ਕਲੈਂਡਰ) ਮੌਤ ਦੀ ਕੋਈ ਮਿਤੀ ਨਹੀਂ ਹੁੰਦੀ ਉਹ ਅਛੋਪਲੇ ਆਉਂਦੀ ਹੈ। ਭਾਵੇਂ ਮੌਤ ਹਕੀਕਤ ਹੈ। ਇਕ ਸੱਚ ਹੈ। ਰਾਜਾ-ਰੰਕ, ਰਿਸ਼ੀ ਮੁਨੀ ਗੁਰੂ ਸਾਹਿਬਾਨ ਸਭ ਇਸ ਰਾਹ ਹੀ ਜਾਂਦੇ ਹ ਪਰ ਗੈਰ ਕੁਦਰਤੀ ਮੌਤ ਜ਼ਿੰਦਗੀ 'ਚ ਹਮੇਸ਼ਾ ਰੜਕਦੀ ਰਹਿੰਦੀ ਹੈ। ਰੁਜ਼ਗਾਰ ਖਾਤਰ ਇਸ ਦੇਸ਼ ਦੇ ਧੀਆਂ ਪੁੱਤ ਆਖਰ ਕਿੰਨਾ ਕੁ ਚਿਰ ਘਰ ਪਰਿਵਾਰ ਲਈ ਆਰਥਿਕ ਫਰੰਟ 'ਤੇ ਆਪਣੀ ਜਾਨ ਦੀ ਆਹੂਤੀ ਦਿੰਦੇ ਰਹਿਣਗੇ। ਜਿੰਨਾ ਪ੍ਰਤੀ ਦੇਸ਼ ਦੇ ਲੀਡਰਾਂ ਨੂੰ ਭੋਰਾ ਭਰ ਵੀ ਅਫ਼ਸੋਸ ਨਹੀਂ। ਜੇ ਪੱਛਮੀ ਮੁਲਕ ਦੇ ਕਿਸੇ ਨਾਗਰਿਕ ਨਾਲ ਅਜਿਹਾ ਹੋ ਜਾਵੇ ਤਾਂ ਉਹ ਪੂਰੇ ਸੰਸਾਰ ਵਿਚ ਤਰਥੱਲੀ ਮਚਾ ਕੇ ਡਿਪਲੋਮੈਟਿਕ ਸਬੰਧ ਤੋੜ ਲੈਂਦੇ ਹਨ। ਸਾਲ ਦੇ 12 ਮਹੀਨਿਆਂ 'ਚ 8 ਮਹੀਨੇ ਹਵਾ 'ਚ ਰਹਿ ਕੇ ਵੱਖ-ਵੱਖ ਮੁਲਕਾਂ ਦਾ ਦੌਰਾ ਕਰਨ ਵਾਲੇ ਤੇ ਉਥੇ ਜਾ ਖੁਸਰਿਆਂ ਵਾਂਗ ਤਾੜੀ ਮਾਰ ਕੇ ਗੱਲਾਂ ਕਰਨ ਵਾਲੇ ਮੁਖੀ ਨੂੰ ਕੀ ਕਹੀਏ-ਜੇ ਉਹ ਨੋਟ ਬੰਦ ਕਰ ਸਕਦਾ ਹੈ ਤਾਂ ਇਹ ਬੇਦੋਸ਼ੇ ਹੁੰਦੇ ਕਤਲ ਕਿਉਂ ਨਹੀਂ ਬੰਦ ਕਰ ਜਾਂ ਕਰਵਾ ਸਕਦਾ। ਅਜੇ ਪਤਾ ਨਹੀਂ ਕਿੰਨੇ ਕੁ ਗੁਰਦੇਵ ਸਿੰਘ ਇਸ ਸਿੰਘ ਜਾਣੇ ਹਨ। ਅਜਿਹੇ ਵਰਤਾਰੇ ਵਾਲੇ ਮੁਲਕ ਨੂੰ ਲਾਹਣਤ ਪਾਉਣ ਨੂੰ ਜੀ ਕਰਦਾ ਹੈ। ਸੁਰਜੀਤ ਪਾਤਰ ਦੀਆਂ ਲਾਈਨਾਂ ਸ੍ਰ. ਗੁਰਦੇਵ ਸਿੰਘ ਨੂੰ ਸਮਰਪਿਤ ਕਰਕੇ ਅਣਫਰੋਲੇ ਵਰਕੇ ਵਿਚਲੇ ਜੋ ਹਰਫ਼ ਸੀਨੇ 'ਚ ਕਿੱਲ ਬਣਕੇ ਖੁੱਭੇ ਹੋਏ ਹਨ ਜਿੰਨ੍ਹਾਂ ਦੀ ਪੀੜ ਕਾਰਨ ਮੈਂ ਅੱਜ ਤੱਕ ਟੀ.ਵੀ. ਨਹੀਂ ਦੇਖਿਆ, ਉਨ੍ਹਾਂ ਦੀ ਦਿੱਤੀ ਘੜੀ ਗੁੱਟ 'ਤੇ ਨਹੀਂ ਬੰਨ੍ਹੀ। ਉਸਦੀ ਦਿੱਤੀ ਘੜੀ ਬੰਨ੍ਹਕੇ ਇੰਜ ਲਗਦਾ ਸੀ ਜਿਵੇਂ ਉਹ ਮੇਰਾ ਹੱਥ ਫੜਕੇ ਨਾਲ ਤੁਰ ਰਹੇ ਹੋਣ! ਫਿਲਹਾਲ ਇਨ੍ਹਾਂ ਦੀ ਸ਼ਬਦਾਂ ਨਾਲ ਰੱਤ ਭਿੱਜਿਆ ਇਹ ਅਣਫਰੋਲਿਆ ਵਰਕਾ ਇਨ੍ਹਾਂ ਲਾਈਨਾਂ ਨਾਲ ਖਤਮ ਕਰਦਾ ਹਾਂ।

"ਕਿਥੋਂ ਦਿਆਂ ਪੰਛੀਆਂ ਨੂੰ
ਕਿਥੇ ਚੋਗ ਲੱਭਿਆ
ਧੀਆਂ-ਪੁੱਤਾਂ ਦੇ ਵਸੇਬੇ ਲਈ
ਧੀਆਂ ਅਤੇ ਬਾਪੂਆਂ ਨੇ ਦੇਸ਼ ਛੱਡਿਆ।
ਕਿੱਡਾ ਹੈ ਮਹਾਨ ਦੇਸ਼
ਓਦੋਂ ਪਤਾ ਲੱਗਿਆ
ਕਾਤਲ ਦੀ ਗੋਲੀ ਵਾਂਗ
ਡੂੰਘਾ ਮੇਰੀ ਹਿੱਕ ਵਿਚ
ਤਿਰੰਗਾ ਗਿਆ ਗੱਡਿਆ
ਡੁੱਲੇ ਉਏ ਤਿਰੰਗਿਆ
ਤੂੰ ਤਾਂ ਸਾਡਾ ਗੈਰ ਏ
ਤੂੰ ਝੁੱਲ ਸਾਡੀ ਬੱਸ ਖੈਰ ਏ।

# ਕੈਨੇਡਾ ਦੇਸ਼ ਅੰਦਰ ਵੱਧ ਰਿਹਾ ਗਰੀਬ-ਅਮੀਰ ਦਾ ਪਾੜਾ

(ਸਫ਼ਾ 1 ਦੀ ਬਾਕੀ)

ਅਦਾਰੇ ਵਲੋਂ ਰਾਹਤ ਦਾ ਪੈਕੇਜ ਨਹੀਂ ਆਵੇਗਾ।

ਕੈਨੇਡਾ ਦੇ ਟੌਪ 20% ਲੋਕਾਂ ਕੋਲ ਕੈਨੇਡਾ ਦੀ 70% ਦੌਲਤ ਹੈ, ਬਾਕੀ 80% ਲੋਕਾਂ ਕੋਲ ਕੈਨੇਡਾ ਦੀ 30% ਦੌਲਤ ਹੈ। ਹੁਣ ਤੁਸੀਂ ਇਸ ਕਾਣੀ ਵੰਡ ਦਾ ਖੁਦ ਹੀ ਹਿਸਾਬ ਲਾ ਸਕਦੇ ਹੋ। ਹੁਣ ਤਾਂ ਬਹੁਤ ਸਾਰੇ ਕੈਨੇਡੀਅਨ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਉਚੀ ਆਮਦਨ ਵਾਲੇ ਲੋਕਾਂ ਦਾ ਟੈਕਸ ਰੇਟ ਵਧਾ ਦੇਣਾ ਚਾਹੀਦਾ ਹੈ ਅਤੇ ਹੇਠਲੇ ਵਰਗ ਨੂੰ ਥੋੜ੍ਹੀ ਬਹੁਤ ਰਾਹਤ ਮਿਲਣੀ ਚਾਹੀਦੀ ਹੈ। ਕੈਨੇਡਾ ਦੇ ਇਕ ਅਦਾਰੇ ਬਰੌਡਬੈਂਕ ਇੰਸਟੀਚਿਊਟ ਨੇ ਇਕ ਸਰਵੇ ਕਰਾਇਆ ਹੈ ਕਿ ਕੈਨੇਡਾ ਦੇ ਪੰਜ ਪਰਸੈਂਟ ਲੋਕਾਂ ਕੋਲ ਕੈਨੇਡਾ ਦੀ 55% ਦੌਲਤ ਹੈ ਅਤੇ ਬਾਕੀ 95% ਲੋਕਾਂ ਕੋਲ ਸਿਰਫ਼ 45% ਦੌਲਤ ਹੈ। ਜਾਣੀ ਕਿ ਸੌ ਵਿਚੋਂ ਪੰਜ ਲੋਕਾਂ ਕੋਲ ਇਕ ਡਾਲਰ 'ਚੋਂ 55 ਸੈਂਟ ਆਉਂਦੇ ਨੇ ਅਤੇ ਬਾਕੀ 95 ਲੋਕਾਂ ਨੂੰ ਡਾਲਰ ਵਿਚੋਂ 45 ਸੈਂਟ ਮਿਲਦੇ ਹਨ। ਕੈਨੇਡਾ ਦੇ 85% ਲੋਕ ਸੋਚਦੇ ਹਨ ਕਿ ਕੈਨੇਡਾ ਵਿਚ ਗਰੀਬੀ ਅਮੀਰੀ ਦਾ ਪਾੜਾ ਬਹੁਤ ਭਿਆਨਕ ਸ਼ਕਲ ਅਖਤਿਆਰ ਕਰ ਰਿਹਾ ਹੈ। ਪਰ ਫੇਰ ਵੀ ਬਹੁਤ ਲੋਕ ਰੋਜ਼ੀ ਰੋਟੀ ਦੇ ਚੱਕਰ ਵਿਚ ਇਸ ਤਰ੍ਹਾਂ ਘੁੰਮ ਰਹੇ ਹਨ ਕਿ ਉਨ੍ਹਾਂ ਕੋਲ, ਇਸ ਸਭ ਕਾਸੇ ਬਾਰੇ ਸੋਚਣ ਦਾ ਵਕਤ ਹੀ ਨਹੀਂ ਹੈ। ਤਦੇ ਹੀ ਸਰਕਾਰਾਂ ਜਦ ਕੋਈ ਲੋਕ ਵਿਰੋਧੀ ਕਾਨੂੰਨ ਪਾਸ ਕਰਦੀਆਂ ਹਨ ਤਾਂ ਵਿਰੋਧ ਕਰਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਇਸ ਪਾੜੇ ਦੀ ਕੰਬਣੀ ਤਾਂ ਸਰਮਾਏਦਾਰਾਂ ਨੂੰ ਵੀ ਛਿੜਦੀ ਹੈ ਪਰ ਲਾਲਚ ਵਿਚ ਅੰਨ੍ਹੇ ਪੂੰਜੀਪਤੀ ਕੋਈ ਵੀ ਰਾਹਤ ਬਾਰੇ ਨਹੀਂ ਸੋਚਦੇ। ਕੈਨੇਡਾ ਦੇ ਇਕ ਸਰਵੇ ਦੇ ਮੁਤਾਬਿਕ 75% ਕੰਜਰਵੇਟਿਵ ਵੀ ਇਹ ਸੋਚਣ ਲਈ ਮਜਬੂਰ ਹੋ ਗਏ ਹਨ ਕਿ ਇਸ ਪਾੜੇ ਨੂੰ ਘਟਾਉਣ ਲਈ ਕੁਝ ਕੀਤਾ ਜਾਣਾ ਚਾਹੀਦਾ ਹੈ। ਇਸ ਕਰਕੇ ਕਈ ਵਾਰ ਬੁਰੀ ਤਰ੍ਹਾਂ ਟੁੱਟ ਰਹੀ ਮਿਡਲ ਕਲਾਸ ਨੂੰ ਕੁਝ ਰਾਹਤਾਂ ਦਾ ਐਲਾਨ ਕੀਤਾ ਜਾਂਦਾ ਹੈ। ਪਰ ਇਸ ਸਰਮਾਏਦਾਰੀ ਸਿਸਟਮ ਵਿਚ ਲੋੜਾਂ ਨੇ ਲੋਕਾਂ ਦੇ ਹੱਥ ਬੰਨ੍ਹੇ ਹੋਏ ਹਨ। ਸੋਚਾਂ ਕੈਦ ਹਨ ਅਤੇ ਅੱਖਾਂ ਨੂੰ ਭੁਚਲਾਇਆ ਗਿਆ ਹੈ। ਪਿਛਲੀ ਹਾਰਪਰ ਸਰਕਾਰ ਦੇ ਅੱਠ ਸਾਲਾਂ ਵਿਚ ਵਰਕਿੰਗ ਕਲਾਸ ਦੀ ਆਮਦਨ ਕੀਮਤ ਸੂਚਕ ਅੰਕ ਦੇ ਹਿਸਾਬ 150% ਘਟੀ ਹੈ ਅਤੇ ਉਪਰਲੀ 20% ਕਲਾਸ ਦੀ ਆਮਦਨ 39% ਵਧੀ ਹੈ। ਫੇਰ ਵੀ ਹਾਰਪਰ ਨੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਕਾਰਪੋਰੇਸ਼ਨ ਟੈਕਸ ਨੂੰ 22% ਤੋਂ ਘਟਾ ਕੇ 15% ਕਰ ਦਿੱਤਾ ਜਦ ਹਾਰਪਰ ਨੇ ਇਹ ਕਾਰਪੋਰੇਸ਼ਨ ਟੈਕਸ ਦੀ ਦਰ ਘਟਾਈ ਤਾਂ ਕੋਈ ਰੌਲਾ ਨਹੀਂ ਪਿਆ ਕਿਸੇ ਵਿਰੋਧੀ ਪਾਰਟੀ ਨੇ ਐਜੀਟੇਸ਼ਨ ਦਾ ਸੱਦਾ ਨਹੀਂ ਦਿੱਤਾ। ਬਰੌਡਬੈਂਟ ਇੰਸਟੀਚਿਊਟ ਦੇ ਅਰਥ ਸ਼ਾਸਤਰੀ ਰਿੱਕ ਸਮਿਥ ਦੇ ਮੁਤਾਬਕ 1976 ਵਿਚ ਮਿਡਲ ਕਲਾਸ ਦੀ ਔਸਤ ਆਮਦਨ 45,800 ਡਾਲਰ ਸੀ ਅਤੇ 2009 ਵਿਚ 48,300 ਡਾਲਰ। ਯਾਨੀਕਿ ਵਰਕਿੰਗ ਕਲਾਸ ਦੀ ਆਮਦਨ ਤੇਤੀ ਸਾਲਾਂ ਵਿਚ 5.5% ਵਧੀ ਹੈ। ਇਹ ਵਾਧਾ ਆਮਦਨ ਅਤੇ ਰਹਿਣ ਸਹਿਣ ਦੇ ਖਰਚੇ ਨੂੰ ਮੁਕਾਬਲਤਨ ਕਰਕੇ ਕੱਢਿਆ ਗਿਆ ਹੈ। ਦੂਸਰੇ ਪਾਸੇ 24600 ਲੋਕਾਂ ਦੀ ਆਮਦਨ ਹਾਰਪਰ ਦੇ ਸਮੇਂ 39% ਵਧੀ ਹੈ ਯਾਨੀਕਿ ਉਨ੍ਹਾਂ ਦੀ ਔਸਤ ਆਮਦਨ ਟੈਕਸ ਭਰਕੇ ਵੀ ਚਾਰ ਲੱਖ ਪੰਜ ਹਜ਼ਾਰ ਡਾਲਰ ਬਣਦੀ ਹੈ। ਯਾਨੀਕਿ ਟੇਕ ਹੋਮ ਚਾਰ ਲੱਖ ਪੰਜ ਹਜ਼ਾਰ ਡਾਲਰ। ਇਹ ਲੋਕ 9 ਸਾਲਾਂ ਵਿਚ ਹੀ ਜਿਹੜੀ ਆਰਥਿਕ ਗਰੋਥ ਹੋਈ ਉਸਦਾ ਤੀਜਾ ਹਿੱਸਾ ਲੈ ਗਏ। ਹੁਣ ਪੂੰਜੀਪਤੀਆਂ ਦੇ ਵਕੀਲ ਇਹ ਦਲੀਲ ਦਿੰਦੇ ਹਨ ਕਿ ਕੈਨੇਡਾ ਦੀ ਔਸਤ ਆਮਦਨ 49000 ਡਾਲਰ ਹੈ ਜਿਹੜੀ ਕਿ ਦੂਜੇ ਮੁਲਕਾਂ ਦੇ ਮੁਕਾਬਲੇ ਬਹੁਤ ਉਚੀ ਹੈ। ਇਸ ਦੇ ਲਈ ਅਰਥ ਸ਼ਾਸਤਰੀ ਰਿੱਕ ਸਮਿੱਥ ਇਕ ਉਦਾਹਰਣ ਪੇਸ਼ ਕਰਦਾ ਹੈ ਕਿ ਫਰਜ਼ ਕਰੋ 10 ਵਿਅਕਤੀ ਹਨ ਜਿਨ੍ਹਾਂ ਵਿਚੋਂ ਪੰਜ ਦੀ ਆਮਦਨ 36000 ਡਾਲਰ ਸਲਾਨਾ ਹੈ ਅਤੇ ਪੰਜ ਵਿਅਕਤੀਆਂ ਦੀ ਆਮਦਨ 34000 ਡਾਲਰ ਸਲਾਨਾ ਹੈ ਤਾਂ ਫਿਰ ਉਨ੍ਹਾਂ ਦੀ ਔਸਤ ਆਮਦਨ ਪੈਂਤੀ ਹਜ਼ਾਰ ਡਾਲਰ ਸਲਾਨਾ ਬਣਦੀ ਹੈ। ਹੁਣ ਫਰਜ਼ ਕਰੋ ਕਿ ਉਨ੍ਹਾਂ ਵਿਚ ਆ ਕੇ ਬਿਲਗੇਟਸ ਬੈਠ ਗਿਆ। ਹੁਣ ਇਹ ਗਿਆਰਾਂ ਵਿਅਕਤੀ ਹੋ ਗਏ ਤੇ ਇਨ੍ਹਾਂ ਦੀ ਔਸਤ ਆਮਦਨ ਬਣ ਗਈ 191 ਮਿਲੀਅਨ ਡਾਲਰ ਸਲਾਨਾ। ਹੁਣ ਔਸਤ ਆਮਦਨ ਤੋਂ ਲੱਗਦਾ ਹੈ ਕਿ ਇਹ ਗਿਆਰਾਂ ਵਿਅਕਤੀ ਬਹੁਤ ਅਮੀਰ ਹਨ, ਪਰ ਅਸਲ ਅਮੀਰ ਤਾਂ ਇਕੋ ਹੀ ਹੈ ਬਿਲ ਗੇਟਸ ਬਾਕੀ ਦਸਦੀ ਹਾਲਤ ਤਾਂ ਪਹਿਲਾਂ ਵਰਗੀ ਹੀ ਹੈ। ਬਾਕੀ ਦਸਾਂ ਨੂੰ ਬਿਲ ਗਟੇਸ ਦੀ ਆਮਦਨ ਦਾ ਕੀ ਭਾਅ ਯਾਨੀ ਦੇਸੀ ਲਫਜ਼ਾਂ ਵਿਚ ਕੱਟੇ ਨੂੰ ਮਣ ਦੁੱਧ ਦਾ ਕੀ ਭਾਅ? ਕੈਨੇਡਾ ਦਾ ਜੋ ਪਾੜਾ ਵਧ ਰਿਹਾ ਹੈ ਸਾਡੇ ਲੋਕਾਂ ਨੂੰ ਬਹੁਤ ਘੱਟ ਦਿਸਦਾ ਹੈ। ਕਦੇ ਪਰਵਾਸੀਆਂ ਨੇ ਸੋਚਿਆ ਹੈ ਕਿ ਕੰਮ ਦਾ ਹਫ਼ਤਾ ਤਾਂ ਚਾਲੀ ਘੰਟਿਆਂ ਦਾ ਹੁੰਦਾ ਹੈ। ਅਸੀਂ ਸੱਤਰ ਘੰਟੇ ਹਫ਼ਤੇ ਦੇ ਕੰਮ ਕਰਕੇ ਆਪਣੇ ਆਪ ਨੂੰ ਅਮੀਰ ਨਾ ਸਮਝੀਏ। ਦੂਜੇ ਜਿੰਨੇ ਪਰਵਾਸੀ (ਸਾਰੇ ਨਹੀਂ) ਅਮੀਰ ਹੋਏ ਹਨ ਸਭ ਆਪਣਿਆਂ ਨੂੰ ਲੁੱਟ ਕੇ ਹੋਏ ਹਨ। ਇਹ ਕਿਵੇਂ ਹੁਣ ਆਪਾਂ ਰੈਸਟੋਰੈਂਟ ਜਾਂਦੇ ਹਾਂ, ਬੈਠ ਕੇ ਖਾਣਾ ਖਾ ਕੇ, ਚਟਖ਼ਾਰੇ ਲੈ ਕੇ ਮੁੜ ਆਉਂਦੇ ਕੀ ਕਦੇ ਆਪਾਂ ਵੇਟਰਾਂ ਨੂੰ ਪੁੱਛਿਆ ਹੈ ਕਿ ਉਨ੍ਹਾਂ ਨੂੰ ਕਿੰਨੇ ਪੈਸੇ ਮਿਲਦੇ ਹਨ। ਪਰਵਾਸੀਆਂ ਦੇ ਬਹੁਤ ਸਾਰੇ ਰੈਸਟੋਰੈਂਟਾਂ ਵਿਚ ਛੇ ਜਾਂ ਸੱਤ ਡਾਲਰ ਘੰਟੇ ਦੇ ਕਾਮਿਆਂ ਨੂੰ ਦਿੱਤੇ ਜਾਂਦੇ ਹਨ ਜਦਕਿ ਘੱਟੋ-ਘੱਟ ਉਜਰਤ 11 ਡਾਲਰ ਤੋਂ ਉਪਰ ਹੈ। ਇਨ੍ਹਾਂ ਰੈਸਟੋਰੈਂਟ ਕਾਮਿਆਂ ਦੀ ਲੁੱਟ ਕਰਕੇ ਅਗਲਾ ਰੈਸਟੋਰੈਂਟ ਖੋਲ੍ਹਣ ਦੀ ਤਿਆਰੀ ਹੋ ਜਾਂਦੀ ਹੈ। ਕੈਨੇਡਾ ਵਿਚ ਫਾਰਮ ਕਾਮਿਆਂ ਦੀ ਲੁੱਟ ਫਾਰਮਰ ਵੀ ਕਰਦੇ ਹਨ ਅਤੇ ਠੇਕੇਦਾਰ ਵੀ ਕਰਦੇ ਹਨ। ਬੇਰੁਜ਼ਗਾਰੀ ਭੱਤੇ ਦੇ ਲਾਲਚ ਦੇ ਕੇ ਖੇਤ ਮਜ਼ਦੂਰਾਂ ਨੂੰ ਚੂੰਪ ਕਰਾ ਦਿੱਤਾ ਜਾਂਦਾ ਹੈ। ਹੁਣ ਤਾਂ ਸੁਪਰ ਵੀਜ਼ਿਆਂ 'ਤੇ ਆਉਣ ਵਾਲੇ ਚਾਰ ਪੰਜ ਡਾਲਰ ਤੇ ਵੀ ਕੰਮ ਕਰੀ ਜਾਂਦੇ ਹਨ। ਟੈਂਪਰੇਰੀ ਫਾਰਨ ਵਰਕਰ ਦੀ ਜਿਸ ਤਰ੍ਹਾਂ ਕੈਨੇਡਾ ਵਿਚ ਸਾਡੇ ਲੋਕਾਂ ਨੇ ਲੁੱਟ ਕੀਤੀ ਹੈ ਜਾਂ ਪਰਵਾਸੀ ਕੰਪਨੀਆਂ ਨੇ, ਇਹ ਕਿਸੇ ਤੋਂ ਭੁੱਲੀ ਨਹੀਂ। ਵੀਹ ਵੀਹ ਹਜ਼ਾਰ ਡਾਲਰ ਬਾਹਰੋਂ ਮੰਗਵਾਉਣ ਦਾ ਅਤੇ ਇਥੇ ਸੱਦ ਕੇ ਦੂਜੇ ਵਰਕਰਾਂ ਦੇ ਮੁਕਾਬਲੇ ਘੱਟ ਤਨਖਾਹ ਤੇ ਗਾਲ੍ਹਾਂ ਵਾਧੂ ਦੀਆਂ। ਫੇਰ ਕੰਟਰੈਕਟ ਰੀਨਿਊ ਨਾ ਕਰਨ ਦਾ ਗੰਡਾਸਾ ਸਿਰ 'ਤੇ ਅਲਹਿਦਾ।

ਕੈਨੇਡਾ ਵਿਚ ਉਚੀ ਪੜ੍ਹਾਈ ਨੂੰ ਵੀ ਇਕ ਵਪਾਰਕ ਧੰਦਾ ਬਣਾ ਲਿਆ ਗਿਆ ਹੈ। ਪੜ੍ਹਾਈ ਵੀ ਸਿਰਫ਼ ਅਮੀਰ ਤਬਕੇ ਦੇ ਲੋਕਾਂ ਦੇ ਬੱਚਿਆਂ ਜੋਗੀ ਰਹਿ ਗਈ ਹੈ। ਅਮੀਰਾਂ ਦੇ ਬੱਚੇ ਹੀ ਡਾਕਟਰ, ਅਫ਼ਸਰ ਤੇ ਰਾਜਨੇਤਾ ਬਣਨਗੇ। ਉਹ ਉਚੀਆਂ ਪਦਵੀਆਂ 'ਤੇ ਜਾਣਗੇ ਅਤੇ ਹਕੂਮਤ 'ਚ ਭਾਗੀਦਾਰ ਬਣਨਗੇ। ਗਰੀਬਾਂ ਦੇ ਬੱਚੇ ਮਜ਼ਦੂਰੀ, ਸਰਵਿਸ ਇੰਡਸਟਰੀ ਜਾਂ ਬਲੂ-ਕਾਲਰ ਜੌਬਾਂ ਵਿਚ ਜਾਣਗੇ। ਇਸ ਤਰ੍ਹਾਂ ਹੌਲੀ ਹੌਲੀ ਇਹ ਦੋ ਜਮਾਤਾਂ ਦੀ ਹੋਂਦ ਜਾਤਾਂ ਦਾ ਰੂਪ ਵੀ ਧਾਰਨ ਕਰ ਸਕਦੀ ਹੈ ਕਿਉਂਕਿ ਉਚ ਕਲਾਸ ਆਪਦੇ ਸਬੰਧ ਉਚ ਕਲਾਸ ਨਾਲ ਹੀ ਰੱਖੇਗਾ ਅਤੇ ਗਰੀਬ ਜਮਾਤ ਨੂੰ ਪਰੇ ਹੀ ਰੱਖੇਗਾ।

ਨੇਟਿਵ ਮੂਲਨਿਵਾਸੀ ਲੋਕਾਂ 'ਚ ਗਰੀਬ : ਕੈਨੇਡਾ ਦੇ ਅਸਲ ਨਿਵਾਸੀ ਨੇਟਿਵ ਲੋਕ ਹਨ ਜਿਹੜੇ ਕਿ ਕੈਨੇਡਾ ਦੀ ਅਬਾਦੀ ਦਾ 4.3% ਹਨ। ਬਹੁਤ ਸਾਰੇ ਨੇਟਿਵ ਅੱਤ ਦੀ ਗਰੀਬੀ ਵਿਚ ਜਿਉਂਦੇ ਹਨ। ਨੇਟਿਵ ਲੋਕਾਂ ਦੇ 50% ਬੱਚੇ ਗਰੀਬੀ ਵਿਚ ਜਿਉਂਦੇ ਹਨ ਅਤੇ ਮੈਨੀਟੋਬਾ ਵਿਚ ਤਾਂ ਇਹ ਰੇਸ਼ੋ 62% ਹੈ। ਹੁਣ ਵੀ ਵੱਡੇ ਵੱਡੇ ਸ਼ਹਿਰਾਂ ਵਿਚ ਬੇਘਰੇ ਲੋਕਾਂ ਵਿਚ ਵੱਡੀ ਗਿਣਤੀ ਨੇਟਿਵ ਲੋਕਾਂ ਦੀ ਹੈ। ਹੋਰ ਤਾਂ ਹੋਰ ਨੇਟਿਵ ਲੋਕਾਂ ਦੀ ਬੋਲੀ ਵੀ ਖਤਮ ਹੋ ਗਈ ਹੈ। ਘਰੋਂ ਗਾਇਬ ਹੋਈਆਂ ਨੇਟਿਵ ਔਰਤਾਂ ਦਾ ਅੱਜ ਤੱਕ ਪਤਾ ਨਹੀਂ ਲੱਗ ਸਕਿਆ ਕਿ ਉਹ ਜਿੰਦਾ ਵੀ ਹਨ ਜਾਂ ਮਰ ਗਈਆਂ ਹਨ। ਕਿੰਨੀ ਵਾਰੀ ਹੀ ਗੁਆਚੀਆਂ ਔਰਤਾਂ ਦੀਆਂ ਫੋਟੋਆਂ ਲੈ ਕੇ ਨੇਟਿਵ ਲੋਕ ਮੁਜ਼ਾਹਰੇ ਕਰਦੇ ਦੇਖੇ ਜਾਂਦੇ ਹਨ। ਕੈਨੇਡਾ ਵਿਚ ਗਰੀਬਾਂ ਦੀ ਹੋਰ ਲੁੱਟ ਕਰਨ ਲਈ ਥਾਂ ਥਾਂ ਮਨੀਮਾਰਟ ਜਾਂ ਪਾਨ ਸ਼ੌਪਸ ਹਨ। ਇਹ ਮਨੀਮਾਰਟ ਇਸ ਤਰ੍ਹਾਂ ਕੰਮ ਕਰਦੇ ਹਨ ਕਿ ਫਰਜ਼ ਕਰੋ ਕਿ ਕਿਸੇ ਨੇ 300 ਡਾਲਰ ਦੀ ਚੈਕ ਕੈਸ਼ ਕਰਾਉਣੀ ਹੈ ਤਾਂ ਇਹ ਮਨੀਮਾਰਟ 10% ਕੱਟ ਕੇ ਚੈਕ ਕੈਸ਼ ਕਰ ਦਿੰਦੇ ਹਨ ਯਾਨੀਕਿ 300 ਡਾਲਰ ਦੀ ਚੈਕ ਦੇ ਮਨੀਮਾਰਟ ਵਾਲੇ 270 ਡਾਲਰ ਦਿੰਦੇ ਹਨ। ਹੈ ਨਾ ਅੰਨ੍ਹੀ ਲੁੱਟ। ਗਰੀਬ ਲੋਕ ਪਾਨ ਸ਼ਾਪ ਵਿਚ ਕਈ ਵਾਰ ਪੰਜ ਸੌ ਡਾਲਰ ਦੀ ਚੀਜ਼ ਪੰਜਾਹ ਡਾਲਰ ਵਿਚ ਗਹਿਣੇ ਰੱਖ ਦਿੰਦੇ ਹਨ ਤੇ ਬਹੁਤ ਵਾਰੀ ਉਹ ਗਹਿਣੇ ਦੀ ਰਕਮ ਨਹੀਂ ਮੋੜ ਸਕਦੇ ਤੇ 500 ਡਾਲਰ ਦੀ ਆਪਦੀ ਵਸਤ ਵੀ ਗੁਆ ਲੈਂਦੇ ਹਨ। ਇਹ ਸਭ ਕੁਝ ਸਾਡੀਆਂ ਰਾਜਨੀਤਕ ਪਾਰਟੀਆਂ ਦੀਆਂ ਅੱਖਾਂ ਸਾਹਮਣੇ ਹੋ ਰਿਹਾ ਹੈ। ਸਭ ਤੋਂ ਵੱਡੀਆਂ ਲੁਟੇਰੀਆਂ ਸਾਡੀਆਂ ਬੈਂਕਾਂ ਹਨ। ਬੈਂਕ ਆਫ਼ ਕੈਨੇਡਾ ਤੋਂ ਇਹ ਪਰਾਈਮ ਰੇਟ ਤੇ ਪੈਸੇ ਲੈਂਦੀਆਂ ਹਨ ਤੇ ਬਹੁਤ ਵਾਰ ਇਹ ਪਰਾਈਮ ਰੇਟ 1% ਹੀ ਹੁੰਦਾ ਹੈ ਫਿਰ ਇਹ ਇਸ ਪੈਸੇ ਨੂੰ ਮੌਰਗੇਜ ਦੇ ਰੂਪ 'ਚ, ਕਰੈਡਿਟ ਲਾਈਨ ਜਾਂ 9 ਪਰਸੈਂਟ ਅਤੇ ਕਰੈਡਿਟ ਕਾਰਡ 19% ਤੇ ਵਿਆਜ 'ਤੇ ਦਿੰਦੀਆਂ ਹਨ ਕੀ ਇਹ ਮੁਜਰਮਾਨਾਂ ਕਾਰਵਾਈ ਨਹੀਂ ਹੈ? ਜਿਹੜੀਆਂ ਬੈਂਕਾਂ ਸਾਲ ਦਾ ਦਸ ਦਸ ਬਿਲੀਅਨ ਡਾਲਰ ਨਫ਼ਾ ਕਮਾਉਂਦੀਆਂ ਨ ਤੇ ਲੋਕਾਂ ਨੂੰ ਭੋਰਾ ਵੀ ਰਾਹਤ ਨਹੀਂ ਦਿੰਦੀਆਂ ਕੀ ਇਹ ਬੈਂਕਾਂ ਨੂੰ ਗੌਰਮਿੰਟ ਨੂੰ ਟੇਕ ਓਵਰ ਨਹੀਂ ਕਰ ਲੈਣਾ ਚਾਹੀਦਾ ਹੈ? ਕਾਰਪੋਰੇਸ਼ਨਾਂ ਦੇ ਸੀ. ਈ. ਓ. ਜਿਹੜੇ ਪੰਜ ਹਜ਼ਾਰ ਡਾਲਰ ਘੰਟੇ ਦਾ ਲੈਂਦੇ ਹਨ ਤੇ ਮਿਨੀਮਮ ਵੇਜ (ਘੱਟੋ ਘੱਟ ਉਜਰਤ) ਵਧਾਉਣ ਤੇ ਤੜਫਦੇ ਹਨ, ਕੀ ਇਹ ਲੋਕ ਮੁਜਰਿਮ ਨਹੀਂ? ਇਨ੍ਹਾਂ ਪੂਰੀ ਲੁੱਟ ਦੀ ਖੁੱਲ੍ਹ ਸਾਡੀਆਂ ਸਰਕਾਰਾਂ ਨੇ ਦਿੱਤੀ ਹੋਈ ਹੈ ਤੇ ਸਾਡੀਆਂ ਸਰਕਾਰਾਂ ਨਹੀਂ ਇਨ੍ਹਾਂ ਕਾਰਪੋਰੇਸ਼ਨਾਂ ਦੀ ਨੁਮਾਇੰਦਗੀ ਕਰਦੀਆਂ ਹਨ। ਵੱਡੇ-ਵੱਡੇ ਅਮੀਰਾਂ ਨੇ ਵੀ ਗਰੁੱਪ ਬਣਾਏ ਹੋਏ ਹਨ ਕਿ ਉਹ ਵੀ ਘਰਾਂ ਨੂੰ ਫਾਈਨੈਂਸ ਕਰਦੇ ਹਨ ਬਹੁਤ ਹੀ ਉਚੀਆਂ ਦਰਾਂ 'ਤੇ। ਇਹ ਗਰੁੱਪ ਤਾਂ ਸ਼ਰਤਾਂ ਵੀ ਇਸ ਤਰ੍ਹਾਂ ਦੀਆਂ ਲਿਖਾ ਲੈਂਦੇ ਹਨ ਕਿ ਜੇਕਰ ਘਰ ਦੀ ਕਿਸ਼ਤ ਟੁੱਟ ਗਈ ਤਾਂ ਘਰ ਇਨ੍ਹਾਂ ਕੋਲ ਚਲਾ ਜਾਵੇਗਾ। ਟੈਕਸੀ ਕੰਪਨੀਆਂ ਟਰੱਕ ਕੰਪਨੀਆਂ 19% 'ਤੇ ਟੈਕਸੀਆਂ ਫਾਈਨੈਂਸ ਕਰਦੀਆਂ ਹਨ ਕੀ ਇਹ ਜੁਰਮ ਨਹੀਂ ਹੈ? ਸਾਡੇ ਚੁਣੇ ਹੋਏ ਨੁਮਾਇੰਦੇ ਕੀ ਇਨ੍ਹਾਂ ਲੋਕਾਂ ਬਾਰੇ ਸੋਚਦੇ ਹਨ? ਉਤਰ ਹੈ ਨਹੀਂ, ਕਿਉਂਕਿ ਉਹ ਸਾਡੀਆਂ ਵੋਟਾਂ ਲੈਂਦੇ ਹਨ ਸਾਡੀ ਪ੍ਰਤੀਨਿਧਤਾ ਨਹੀਂ ਕਰਦੇ।

ਰੈਂਟ ਕੰਟਰੋਲ : ਕੈਨੇਡਾ ਵਿਚ ਰੈਂਟ ਕੰਟਰੋਲ ਦਾ ਕੋਈ ਸਿਸਟਮ ਨਹੀਂ ਹੈ। ਜਦੋਂ ਵੀ ਉਛਾਲ ਆਉਂਦਾ ਤਾਂ ਅਪਾਰਟਮੈਂਟ ਜਿਹੜਾ ਕਿ 500 ਡਾਲਰ ਮਹੀਨਾ ਤੇ ਹੁੰਦਾ ਹੈ ਉਸਦਾ 1500 ਡਾਲਰ ਮਹੀਨਾ ਮੰਗਿਆ ਜਾਂਦਾ ਹੈ। ਕੀ ਕਿਰਾਏਦਾਰ ਦੀ ਆਮਦਨ ਤਿੰਨ ਗੁਣਾਂ ਵਧ ਗਈ ਹੈ ਜਿਹੜਾ ਰੈਂਟ ਤਿੰਨ ਗੁਣਾ ਕਰ ਦਿੱਤਾ ਗਿਆ ਹੈ। ਇਕ ਮਹੀਨੇ ਦਾ ਰੈਂਟ ਤੇ ਡੈਮਿਜ ਕੰਟਰੋਲ ਮਨੀ ਪਹਿਲਾਂ ਹੀ ਫੜ ਲਈ ਜਾਂਦੀ ਹੈ ਤੇ ਸਾਲ ਭਰ ਦੀ ਲੀਜ਼ ਲਿਖਾ ਲਈ ਜਾਂਦੀ ਹੈ ਤੇ ਕਿਰਾਏਦਾਰ ਨੂੰ ਕਿਹਾ ਜਾਂਦਾ ਹੈ ਜੇ ਨਹੀਂ ਕਿਰਾਇਆ ਦੇ ਸਕਦਾ ਤਾਂ ਜਾਂ ਉਹ ਵਿਚਾਰਾ ਇਕ ਮਹੀਨੇ ਦਾ ਰੈਂਟ ਅਤੇ ਡੈਮਿਜ ਡਿਪਾਜ਼ਟ ਦੀ ਰਕਮ ਵੀ ਗੁਆ ਬਹਿੰਦਾ ਹੈ। ਸਭ ਤੋਂ ਭੈੜੀ ਹਾਲਤ ਸਿੰਗ ਪੇਰੈਂਟ ਫੈਮਿਲੀਆਂ ਦੀ ਹੁੰਦੀ ਹੈ। ਬੁਢਾਪਾ ਪੈਨਸ਼ਨ ਵੀ ਮਹਿੰਗਾਈ ਦੇ ਦਰ ਨਾਲ ਨਹੀਂ ਵਧਦੀ ਇਸ ਕਰਕੇ ਆਰਥਿਕ ਤੌਰ 'ਤੇ ਤੰਗ ਬਜ਼ੁਰਗ 65 ਸਾਲ ਦੀ ਉਮਰ ਤੋਂ ਬਾਅਦ ਵੀ ਨਿੱਕੇ ਮੋਟੇ ਕੰਮ ਕਰਦੇ ਦੇਖੇ ਜਾ ਸਕਦੇ ਹਨ। ਪਰਵਾਸੀ ਬਜ਼ੁਰਗਾਂ ਦੀ ਹਾਲਤ ਇਸ ਤੋਂ ਵੀ ਭੈੜੀ ਹੈ। ਜਿਹੜੇ ਕਿ ਏਅਰਪੋਰਟਾਂ, ਵੱਡੀਆਂ-ਵੱਡੀਆਂ ਬਿਲਡਿੰਗਾਂ ਵਿਚ ਝਾੜੂ ਮਾਰਦੇ ਦੇਖੇ ਜਾ ਸਕਦੇ ਹਨ। ਕੈਨੇਡਾ ਵਿਚ 20% ਬੱਚੇ ਸਕੂਲਾਂ ਵਿਚ ਭੁੱਖੇ ਹੀ ਜਾਂਦੇ ਹਨ। ਕੈਲਗਰੀ ਵਿਚ ਇਕੱਲਾ ਫੈਨ ਸਾਲ ਵਿਚ 14000 ਸਕੂਲੀ ਬੱਚਿਆਂ ਨੂੰ ਖਾਣਾ ਮੁਹੱਈਆ ਕਰਦਾ ਹੈ। ਫੈਨ ਕਲੱਬ 180 ਪਬਲਿਕ ਜਾਂ ਪ੍ਰਾਈਵੇਟ ਸਕੂਲਾਂ ਵਿਚ ਲੰਚ ਭੇਜਦਾ ਹੈ। ਇਸ ਤੋਂ ਬਿਨਾਂ ਫਿਊਲ ਫਾਰ ਸਕੂਨ ਕਲੱਬ, ਕੈਲਗਰੀ ਬੋਰਡ ਆਫ਼ ਐਜੂਕੇਸ਼ਨ ਨਾਲ ਰਲ ਕੇ ਛੇ-ਸੱਤ ਹਜ਼ਾਰ ਬੱਚਿਆਂ ਨੂੰ ਖਾਣਾ ਪਹੁਚਾਉਂਦਾ।

ਅੰਤ ਵਿਚ: ਮਹਿੰਗੀਆਂ ਕਾਰਾਂ, ਮਿਲੀਅਨ ਡਾਲਰ ਦੇ ਘਰਾਂ ਤੇ ਵੱਡੇ-ਵੱਡੇ ਸੀ.ਈ.ਓ. ਦੀਆਂ ਰਿਹਾਇਸ਼ਗਾਹਾਂ ਤੋਂ ਬਿਨਾਂ ਵੀ ਇਕ ਹੋਰ ਕੈਨੇਡਾ ਹੈ ਜਿਹੜਾ ਸਲੱਮ ਵਿਚ ਰਹਿੰਦਾ ਹੈ, ਸੈਕਿੰਡ ਹੈਂਡ ਕੱਪੜੇ ਪਹਿਨਦਾ ਹੈ, ਟੁੱਟੀਆਂ ਭੱਜੀਆਂ ਕਾਰਾਂ ਰੱਖਦਾ ਹੈ ਜਾਂ ਨਹੀਂ ਵੀ ਰੱਖਦਾ, ਜਿਨ੍ਹਾਂ ਦੇ ਬੱਚੇ ਭੁੱਖੇ ਹੀ ਸਕੂਲ ਜਾਂਦੇ ਹਨ, ਜਿਥੇ ਨਸ਼ਾ ਤਸਕਰੀ, ਰੰਡੀਬਾਜ਼ੀ, ਲੜਾਈ ਝਗੜੇ ਦੀ ਭਰਮਾਰ ਹੈ। ਅਸੀਂ ਉਨ੍ਹਾਂ ਲੋਕਾਂ ਨੂੰ ਕੈਨੇਡਾ ਦੇ 150 ਸਾਲਾ ਜਨਮ ਦੀ ਵਧਾਈ ਕਿਸ ਤਰ੍ਹਾਂ ਦੇਵਾਂਗੇ?

# ਮਜ਼ਦੂਰਾਂ ਦੇ ਕਰਜ਼ਿਆਂ ਦਾ ਸਰਕਾਰ ਨੂੰ 'ਇਲਮ' ਨਹੀਂ

ਜ਼ਮੀਨ ਉੱਤੇ ਨਿਰਭਰਤਾ ਕਿਸਾਨ ਦੇ ਨਾਲ ਖੇਤ ਮਜ਼ਦੂਰ, ਛੋਟੇ ਦੁਕਾਨਦਾਰ, ਕਾਰੀਗਰ ਸਮੇਤ ਹੋਰ ਬਹੁਤ ਸਾਰੇ ਵਰਗਾਂ ਦੀ ਹੈ। ਇਸ ਹਕੀਕਤ ਨੂੰ ਪ੍ਰਵਾਨ ਕਰਦਿਆਂ ਹੀ ਜ਼ਮੀਨ ਗ੍ਰਹਿਣ ਕਰਨ ਲਈ ਦੇਸ਼ ਵਿੱਚ ਬਣੇ ਭੂਮੀ ਗ੍ਰਹਿਣ ਤੇ ਮੁੜ ਵਸੇਬਾ ਕਾਨੂੰਨ 2013 ਵਿੱਚ ਗ੍ਰਾਮ ਸਭਾ ਦੇ 80 ਫੀਸਦ ਮੈਂਬਰਾਂ ਦੀ ਸਹਿਮਤੀ ਜ਼ਰੂਰੀ ਕਰਾਰ ਦਿੱਤੀ ਗਈ ਹੈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਕਰਜ਼ਾ ਮੁਆਫ਼ੀ ਸਬੰਧੀ ਉੱਠ ਰਹੇ ਸਵਾਲਾਂ ਦੇ ਜਵਾਬ ਵਿੱਚ ਖੇਤ ਮਜ਼ਦੂਰਾਂ ਦਾ ਜ਼ਿਕਰ ਤਾਂ ਕੀਤਾ ਗਿਆ ਪਰ ਮਜ਼ਦੂਰਾਂ ਦੀ ਗਿਣਤੀ ਅਤੇ ਉਨ੍ਹਾਂ ਸਿਰ ਕਰਜ਼ੇ ਦੇ ਅੰਕੜੇ ਨਾ ਹੋਣ ਦੀ ਦਲੀਲ ਤਹਿਤ ਮਾਮਲੇ ਨੂੰ ਲਟਕਾ ਦਿੱਤਾ ਗਿਆ। ਉਧਰ ਸਰਕਾਰ ਦੇ ਆਪਣੇ ਅੰਕੜੇ ਅਤੇ ਮਾਹਿਰਾਂ ਦੀਆਂ ਦਲੀਲਾਂ ਮੁੱਖ ਮੰਤਰੀ ਦੀ ਦਲੀਲ ਨੂੰ ਖਾਰਜ ਕਰ ਰਹੀਆਂ ਹਨ।

ਦੇਸ਼ ਭਰ ਵਿੱਚ ਹਰ ਦਸ ਸਾਲ ਬਾਅਦ ਹੋਣ ਵਾਲੀ ਮਰਦਮਸ਼ੁਮਾਰੀ ਦੇ ਅੰਕੜਿਆਂ ਨੂੰ ਹੀ ਸਭ ਤੋਂ ਵੱਧ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਸ ਵਿੱਚ ਖੇਤ ਮਜ਼ਦੂਰਾਂ ਦੀ ਪਰਿਵਾਰ ਆਧਾਰਤ ਪੂਰੀ ਜਾਣਕਾਰੀ ਦਰਜ ਹੈ। 2011 ਦੀ ਮਰਦਮਸ਼ੁਮਾਰੀ ਵਿੱਚ ਖੇਤ ਮਜ਼ਦੂਰਾਂ ਦੇ ਵੱਖਰੇ ਸਿਰਲੇਖ ਹੇਠ ਪੰਜਾਬ ਦੇ ਖੇਤ ਮਜ਼ਦੂਰਾਂ ਦੀ ਗਿਣਤੀ 15,80,455 ਦਰਸਾਈ ਗਈ ਹੈ। ਇਨ੍ਹਾਂ ਵਿੱਚੋਂ 14,74,732 ਪੇਂਡੂ ਖੇਤਰ ਨਾਲ ਜੁੜੇ ਖੇਤ ਮਜ਼ਦੂਰ ਹਨ ਅਤੇ 1,13,723 ਅਜਿਹੇ ਮਜ਼ਦੂਰ ਹਨ, ਜੋ ਸ਼ਹਿਰ ਵਿੱਚ ਰਹਿੰਦੇ ਹਨ ਪਰ ਮੁੱਖ ਰੂਪ ਵਿੱਚ ਖੇਤੀ ਦੇ ਕੰਮ ਤੋਂ ਹੀ ਗੁਜ਼ਾਰਾ ਕਰਦੇ ਹਨ। ਪੰਜਾਬ ਵਿੱਚ ਲਗਪਗ ਸਾਢੇ ਸੱਤ ਲੱਖ ਤੋਂ ਵੱਧ ਖੇਤ ਮਜ਼ਦੂਰ ਪਰਿਵਾਰ ਹਨ। ਕਰਜ਼ੇ ਦਾ ਅਨੁਮਾਨ ਲਗਾਉਣ ਲਈ ਵੀ ਕਈ ਤਰ੍ਹਾਂ ਦੇ ਅਧਿਐਨ ਹੋ ਚੁੱਕੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਪ੍ਰੋ. ਸੁਖਪਾਲ ਸਿੰਘ ਦੇ ਅਧਿਐਨ ਮੁਤਾਬਿਕ ਹਰ ਖੇਤ ਮਜ਼ਦੂਰ ਪਰਿਵਾਰ ਸਿਰ ਔਸਤਨ 70 ਹਜ਼ਾਰ ਰੁਪਏ ਕਰਜ਼ਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋ. ਗਿਆਨ ਸਿੰਘ ਦੀ ਅਗਵਾਈ ਵਿੱਚ ਕੀਤੇ ਗਏ ਸਰਵੇਖਣ ਵਿੱਚ 301 ਮਜ਼ਦੂਰ ਪਰਿਵਾਰਾਂ ਦੇ ਵੱਖ ਵੱਖ ਪੱਖ ਸ਼ਾਮਲ ਕੀਤੇ ਗਏ ਸਨ। ਉਨ੍ਹਾਂ ਅਨੁਸਾਰ ਖੇਤ ਮਜ਼ਦੂਰ ਸਭ ਤੋਂ ਕਮਜ਼ੋਰ ਅਤੇ ਗਰੀਬ ਵਰਗ ਹੈ। ਭਾਰਤ ਸਰਕਾਰ ਵੱਲੋਂ ਬਣਾਏ ਮਾਹਿਰ ਗਰੁੱਪ ਅਨੁਸਾਰ 82.06 ਫ਼ੀਸਦ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਹਨ। ਮਾਹਿਰ ਗਰੁੱਪ ਨੇ ਪ੍ਰਤੀ ਵਿਅਕਤੀ ਸਾਲਾਨਾ ਆਮਦਨ 25,683.84 ਰੁਪਏ ਰੱਖੀ ਹੈ ਤੇ ਪੰਜਾਬ ਦੇ ਖੇਤ ਮਜ਼ਦੂਰਾਂ ਦੀ ਔਸਤਨ ਪ੍ਰਤੀ ਵਿਅਕਤੀ ਸਾਲਾਨਾ ਆਮਦਨ 18,675.84 ਰੁਪਏ ਹੈ। ਮਜ਼ਦੂਰ ਜੇਕਰ ਸੌ ਰੁਪਏ ਕਮਾਉਂਦਾ ਹੈ ਤਾਂ ਉਸ ਦਾ ਖਰਚ 112 ਰੁਪਏ ਹੋ ਜਾਂਦਾ ਹੈ। ਉਸ ਦਾ ਵੱਡਾ ਖਰਚਾ ਮੁੱਢਲੀਆਂ ਲੋੜਾਂ ਰੋਟੀ, ਕੱਪੜਾ, ਬਿਮਾਰੀ ਦੇ ਇਲਾਜ ਆਦਿ ਉੱਤੇ ਹੋ ਰਿਹਾ ਹੈ। ਇਸ ਖਰਚ ਦੀ ਪ੍ਰਤੀ ਵਿਅਕਤੀ ਸਾਲਾਨਾ ਔਸਤ 10,576 ਰੁਪਏ ਹੈ। ਰਿਪੋਰਟ ਮੁਤਾਬਕ ਕੋਈ ਵੀ ਚੀਜ਼ ਗਹਿਣੇ ਰੱਖਣ ਲਈ ਨਾ ਹੋਣ ਕਾਰਨ ਮਜ਼ਦੂਰ ਨੂੰ ਸੰਸਥਾਗਤ ਕਰਜ਼ਾ ਨਹੀਂ ਮਿਲਦਾ। ਖੇਤ ਮਜ਼ਦੂਰ ਪਰਿਵਾਰਾਂ ਨੂੰ ਕੇਵਲ 8.21 ਫ਼ੀਸਦ ਹੀ ਸੰਸਥਾਗਤ ਕਰਜ਼ਾ ਮਿਲਿਆ ਹੈ। ਬਾਕੀ 91.79 ਫ਼ੀਸਦ ਕਰਜ਼ਾ ਉਸ ਨੇ ਸ਼ਾਹੂਕਾਰਾਂ, ਵੱਡੇ ਕਿਸਾਨ ਜਾਂ ਹੋਰਾਂ ਸਾਧਨਾਂ ਤੋਂ ਲਿਆ ਹੋਇਆ ਹੈ। ਇਸ ਵਰਗ ਨੂੰ ਸਭ ਤੋਂ ਵੱਧ ਵਿਆਜ ਦਰ 22 ਤੋਂ 28 ਫ਼ੀਸਦ ਦੇ ਵਿਚਕਾਰ ਦੇਣੀ ਪੈ ਰਹੀ ਹੈ। ਸਰਵੇਖਣ ਤੋਂ ਅੰਦਾਜ਼ਾ ਲਗਾਇਆ ਗਿਆ ਹੈ ਕਿ ਇੱਕ ਮਜ਼ਦੂਰ ਪਰਿਵਾਰ ਵਿੱਚ ਔਸਤਨ ਪੰਜ (4.87) ਜੀਅ ਰਹਿ ਰਹੇ ਹਨ ਤੇ ਇਨ੍ਹਾਂ ਪਰਿਵਾਰਾਂ ਸਿਰ 68,329.88 ਰੁਪਏ ਔਸਤਨ ਕਰਜ਼ਾ ਹੈ। ਇੱਕ ਸੀਨੀਅਰ ਅਧਿਕਾਰੀ ਨੇ ਮੰਨਿਆ ਕਿ ਜੇ ਸਰਕਾਰ ਚਾਹੇ ਤਾਂ ਪਹਿਲੇ ਪੜਾਅ ਵਜੋਂ ਖੇਤ ਮਜ਼ਦੂਰਾਂ ਦਾ ਸੰਸਥਾਗਤ ਕਰਜ਼ਾ ਤਾਂ ਮੁਆਫ਼ ਕਰ ਹੀ ਸਕਦੀ ਹੈ। ਇਸ ਦੇ ਅੰਕੜੇ ਤਾਂ ਬੈਂਕਾਂ ਕੋਲ ਮੌਜੂਦ ਹਨ।

ਪੰਜਾਬ ਦੇ ਉੱਘੇ ਅਰਥ ਸ਼ਾਸਤਰੀ ਰਣਜੀਤ ਸਿੰਘ ਘੁੰਮਣ ਨੇ ਕਿਹਾ ਕਿ ਸਰਕਾਰ ਨੇ ਯੂਨੀਵਰਸਿਟੀਆਂ ਤੋਂ ਖ਼ੁਦ ਹੀ ਅਧਿਐਨ ਕਰਵਾਇਆ ਹੈ। ਕਰਜ਼ੇ ਕਾਰਨ ਖ਼ੁਦਕੁਸ਼ੀ ਕਰ ਗਏ ਵਿਅਕਤੀਆਂ ਦੇ 2000 ਤੋਂ 2010 ਤੱਕ ਸਾਹਮਣੇ ਆਏ ਕੁਲ 6,926 ਕੇਸਾਂ ਵਿੱਚ 37 ਫੀਸਦ ਖੇਤ ਮਜ਼ਦੂਰ ਸਨ। ਹੁਣ ਵੀ ਯੂਨੀਵਰਸਿਟੀਆਂ ਨੇ 2013 ਤੱਕ ਦਾ ਸਰਵੇਖਣ ਕੀਤਾ ਹੈ। ਸਰਕਾਰ ਚਾਹੇ ਤਾਂ ਬੈਂਕਾਂ ਤੋਂ ਸੰਸਥਾਗਤ ਕਰਜ਼ੇ ਦੇ ਅੰਕੜੇ ਲੈ ਸਕਦੀ ਹੈ ਅਤੇ ਜਿਹੜੇ ਵਿਅਕਤੀਆਂ ਨੇ ਮਜ਼ਦੂਰਾਂ ਤੋਂ ਪੈਸਾ ਲੈਣਾ ਹੈ, ਉਨ੍ਹਾਂ ਤੋਂ ਕਲੇਮ/ਦਾਅਵਾ ਮੰਗ ਸਕਦੀ ਹੈ। ਪ੍ਰਮਾਣਿਕਤਾ ਸਾਬਤ ਹੋ ਜਾਣ 'ਤੇ ਕਰਜ਼ੇ ਦਾ ਭੁਗਤਾਨ ਖ਼ੁਦ ਕਰ ਸਕਦੀ ਹੈ। ਗੌਰਤਲਬ ਹੈ ਕਿ ਦੋ ਸਾਲ ਪਹਿਲਾਂ ਸੁੰਡੀ ਨਾਲ ਮਾਲਵੇ ਵਿੱਚ ਨਰਮੇ ਦੀ ਫ਼ਸਲ ਤਬਾਹ ਹੋ ਗਈ ਤਾਂ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਲਗਪਗ 664 ਕਰੋੜ ਰੁਪਏ ਦੀ ਰਾਹਤ ਵਿੱਚ ਪਹਿਲੀ ਵਾਰ ਖੇਤ ਮਜ਼ਦੂਰਾਂ ਨੂੰ ਵੀ ਦਸ ਫ਼ੀਸਦ ਹਿੱਸਾ ਰਾਹਤ ਵਜੋਂ ਦੇਣਾ ਮੰਨਿਆ ਗਿਆ ਸੀ। ਇਹ 64 ਕਰੋੜ ਰੁਪਏ ਵੰਡਣ ਦਾ ਰੇੜਕਾ ਲੰਬਾ ਸਮਾਂ ਚੱਲਿਆ।

ਭਾਰਤੀ ਕਿਸਾਨ ਯੂਨੀਅਨ (ਏਕਤਾ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਉਸ ਵੇਲੇ ਮਜ਼ਦੂਰ ਪਰਿਵਾਰਾਂ ਦੀ ਪਛਾਣ ਕਰਨ ਲਈ ਪਿੰਡਾਂ ਵਿੱਚ ਗ੍ਰਾਮ ਸਭਾਵਾਂ ਦੇ ਜਨਰਲ ਇਜਲਾਸ ਸੱਦਣ ਦਾ ਤਰੀਕਾ ਅਪਣਾਇਆ ਗਿਆ ਸੀ। ਕਈ ਪਿੰਡਾਂ ਵਿੱਚ ਮਜ਼ਦੂਰਾਂ ਨੂੰ ਪੈਸਾ ਦਿੱਤਾ ਗਿਆ ਸੀ। ਹੁਣ ਵੀ ਕਰਜ਼ੇ ਬਾਰੇ ਅਰਜ਼ੀਆਂ ਮੰਗ ਕੇ ਇਨ੍ਹਾਂ ਦੀ ਪ੍ਰਮਾਣਿਕਤਾ ਗ੍ਰਾਮ ਸਭਾਵਾਂ ਦੇ ਇਜਲਾਸਾਂ ਵਿੱਚ ਪਰਖੀ ਜਾ ਸਕਦੀ ਹੈ।

- ਹਮੀਰ ਸਿੰਘ ਚੰਡੀਗੜ੍ਹ

# ਦਰਦਮੰਦੀ ਤੋਂ ਇਨਕਲਾਬ ਦੀ ਯਾਤਰਾ : ਮੋਟਰਸਾਈਕਲ ਡਾਇਰੀਜ਼

*ਮੇਰਾ ਖਿਆਲ ਹੈ ਕਿ ਜੋ ਲੋਕ ਆਪਣੀ ਅਜ਼ਾਦੀ ਲਈ ਲੜ ਰਹੇ ਹਨ, ਉਹਨਾਂ ਲਈ ਸਿਰਫ ਹਥਿਆਰਬੰਦ ਸੰਘਰਸ਼ ਹੀ ਇੱਕੋ-ਇੱਕ ਰਸਤਾ ਹੈ ਅਤੇ ਮੈਂ ਆਪਣੇ ਵਿਸ਼ਵਾਸ਼ 'ਤੇ ਪੱਕਾ ਹਾਂ। ਬਹੁਤ ਸਾਰੇ ਲੋਕ ਮੈਨੂੰ ਰੋਮਾਂਚਵਾਦੀ ਕਹਿਣਗੇ, ਜੋ ਕਿ ਮੈਂ ਹਾਂ; ਪਰ ਇੱਕ ਅਲੱਗ ਤਰਾਂ ਦਾ, ਉਹਨਾਂ ਵਿੱਚੋਂ ਇੱਕ ਜੋ ਸੱਚ ਨੂੰ ਪਰਖਣ ਲਈ ਆਪਣੀ ਚਮੜੀ ਵੀ ਦਾਅ 'ਤੇ ਲਾ ਦਿੰਦੇ ਨੇ। ਹੋ ਸਕਦਾ ਹੈ ਕਿ ਏਥੇ ਹੀ ਮੇਰਾ ਅੰਤ ਹੋ ਜਾਵੇ। ਮੈਂ ਇਸ ਬਾਰੇ ਨਹੀਂ ਸੋਚਦਾ, ਪਰ ਇਹ ਵੀ ਸੰਭਾਵਨਾਵਾਂ ਦੇ ਤਰਕਸੰਗਤ ਘੇਰੇ ਵਿੱਚ ਹੈ। ਜੇਕਰ ਅਜਿਹਾ ਹੀ ਹੋਣਾ ਹੈ ਤਾਂ ਮੈਂ ਤੁਹਾਨੂੰ ਆਪਣੀ ਆਖਰੀ ਗਲਵੱਕੜੀ ਭੇਜ ਰਿਹਾਂ ਹਾਂ। ਮੈਂ ਤੁਹਾਨੂੰ ਪਿਆਰ ਬਹੁਤ ਕੀ...ਤਾ ਹੈ, ਪਰ ਮੈਂ ਇਹ ਨਹੀ ਜਾਣ ਸਕਿਆ ਕਿ ਪਿਆਰ ਦਾ ਇਜ਼ਹਾਰ ਕਿਵੇਂ ਕੀਤਾ ਜਾਂਦਾ ਹੈ, ਮੈਂ ਆਪਣੀਆਂ ਕਾਰਵਾਈਆਂ ਵਿੱਚ ਬਹੁਤ ਦ੍ਰਿੜ ਹਾਂ ਅਤੇ ਸੋਚਦਾ ਹਾਂ ਕਿ ਤੁਸੀ ਮੈਨੂੰ ਕਦੇ-ਕਦੇ ਸਮਝਿਆ ਨਹੀਂ। ਬੇਸ਼ੱਕ ਮੈਨੂੰ ਸਮਝਣਾ ਸੌਖਾ ਨਹੀ ਸੀ, ਪਰ ਘੱਟ ਤੋਂ ਘੱਟ ਅੱਜ ਮੇਰੇ 'ਤੇ ਯਕੀਨ ਕਰੋ। ਹੁਣ, ਇੱਕ ਇੱਛਾ, ਜਿਸ ਨੂੰ ਮੈਂ ਇੱਕ ਕਲਾਕਾਰ ਦੀ ਤਰ੍ਹਾਂ ਸੰਵਾਰਿਆ ਹੈ, ਮੇਰੇ ਕਮਜ਼ੋਰ ਪੈਰਾਂ ਅਤੇ ਥੱਕੇ ਹੋਏ ਫੇਫੜਿਆ ਨੂੰ ਸੰਭਾਲ਼ੀ ਰੱਖੇਗੀ। ਮੈਂ ਇਸਨੂੰ ਪੂਰਾ ਕਰਾਗਾਂ, ਵੀਹਵੀ ਸਦੀ ਦੀ ਹੋਣੀ ਦੇ ਇਸ ਛੋਟੇ ਜਿਹੇ ਸਿਪਾਹੀ 'ਤੇ ਵਿਚਾਰ ਕਰਿਓ।*

*- ਜਾਦੂਮਈ ਜ਼ਿੰਦਗੀ, ਜਾਦੂਮਈ ਮੌਤ ਏਦੁਆਰਦੋ ਗਾਲਿਆਨੋ*



**ਜਤਿੰਦਰ ਮੌਹਰ**

ਕੋਹੜ ਦੇ ਰੋਗੀਆਂ ਦਾ ਇਲਾਜ ਕਰਨ ਤੁਰਿਆ ਅਰਜਨਟੀਨੀ ਡਾਕਟਰ ਮਨੁੱਖ ਨੂੰ ਚਿੰਬੜੇ ਵੱਡੇ ਕੋਹੜ ਦੀ ਜੜ੍ਹ ਵੱਢਣ ਤੁਰ ਪਿਆ ਜਿਸ ਨੂੰ ਪੰਜਾਬੀ ਇਨਕਲਾਬੀ ਭਗਤ ਸਿੰਘ ਨੇ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ' ਐਲਾਨਿਆ ਸੀ। ਡਾਕਟਰ ਅਰਨੈਸਟੋ ਗੁਵੇਰਾ ਨੂੰ ਮਨੁੱਖਤਾ 'ਚੀ ਗੁਵੇਰਾ' ਦੇ ਨਾਮ ਨਾਲ ਵਧੇਰੇ ਜਾਣਦੀ ਹੈ। ਚੀ ਨੇ ਚੌਵੀ ਸਾਲ ਦੀ ਉਮਰ 'ਚ ਆਪਣੇ ਮਿੱਤਰ ਪਿਆਰੇ ਐਲਬਰਟੋ ਨਾਲ ਲਾਤੀਨੀ ਅਮਰੀਕੀ ਦੀ ਦਸ ਹਜ਼ਾਰ ਦੋ ਸੌ ਚਾਲੀ ਕਿਲੋਮੀਟਰ ਲੰਬੀ ਯਾਤਰਾ ਕੀਤੀ। ਫ਼ਿਲਮ 'ਮੋਟਰਸਾਈਕਲ ਡਾਇਰੀਜ਼' ਇਸੇ ਯਾਤਰਾ ਨੂੰ ਪਰਦਾਪੇਸ਼ ਕਰਦੀ ਹੈ। ਇਸ ਯਾਤਰਾ ਦੌਰਾਨ ਹੰਢਾਏ ਤਜਰਬੇ ਬਾਰੇ ਚੀ ਦਾ ਕਹਿਣਾ ਹੈ, "ਮੈਂ ਜਿੰਨੀ ਬੇਇਨਸਾਫ਼ੀ ਅਤੇ ਦੁੱਖ ਮਹਿਸੂਸ ਕੀਤਾ। ਉਸ ਤੋਂ ਬਾਅਦ ਮੈਂ ਉਹ ਨਹੀਂ ਰਿਹਾ ਜੋ ਮੈਂ ਸੀ।" ਆਪਣੇ ਸ਼ਹਿਰ ਬਿਊਨਸ ਏਅਰਜ਼ ਤੋਂ ਬਾਹਰ ਨਿਕਲ ਕੇ ਮਾਂ ਨੂੰ ਭੇਜੇ ਖ਼ਤ 'ਚ ਲਿਖਦਾ ਹੈ, "ਅਸੀਂ ਬਿਊਨਸ ਏਅਰਜ਼ ਪਿੱਛੇ ਛੱਡ ਆਏ ਹਾਂ। ਪਿੱਛੇ ਛੱਡ ਆਏ ਹਾਂ, ਬਦਨਸੀਬ ਜ਼ਿੰਦਗੀ, ਨੀਰਸ ਭਾਸ਼ਣ, ਲੇਖ ਅਤੇ ਸਿਹਤ ਪੇਪਰ। ਹੁਣ ਸਾਰਾ ਲਾਤੀਨੀ ਅਮਰੀਕਾ ਸਾਡੇ ਅੱਗੇ ਹੈ। ਮੈਨੂੰ ਖ਼ੁਸ਼ੀ ਹੈ ਕਿ ਅਸੀਂ ਸੱਭਿਅਤਾ ਪਿੱਛੇ ਛੱਡ ਆਏ ਹਾਂ ਤੇ ਹੁਣ ਅਸੀਂ ਜ਼ਮੀਨ ਦੇ ਕੁਝ ਨੇੜੇ ਹਾਂ।" ਉਸ ਤੋਂ ਬਾਅਦ ਉਹ ਜ਼ਮੀਨ ਦੇ ਨੇੜੇ ਹੁੰਦਾ ਗਿਆ। ਗ਼ਰੀਬ ਸੇਵਾਦਾਰ ਦੀ ਬੀਮਾਰ ਮਾਂ ਨੂੰ ਦੇਖਣ ਗਿਆ ਮਨੁੱਖੀ ਦਰਦ ਦੀ ਥਾਹ ਪਾਉਂਦਾ ਹੈ। ਖ਼ਤ 'ਚ ਲਿਖਦਾ ਹੈ ਕਿ ਉਹ ਗ਼ਰੀਬ ਬੁੜੀ ਔਰਤ ਇਲਾਜ ਖੁਣੋ ਮਰ ਰਹੀ ਹੈ। ਮੈਂ ਉਹਦੇ ਕਿਸੇ ਕੰਮ ਨਹੀਂ ਆ ਸਕਦਾ। ਉਸ ਨੇ ਮਹੀਨਿਆਂ ਬਾਅਦ ਡਾਕਟਰ ਦੇਖਿਆ ਹੈ ਪਰ ਉਹ ਸ਼ਾਨ ਨਾਲ ਜਿਉਣ ਦਾ ਉਪਰਾਲਾ ਕਰ ਰਹੀ ਹੈ। ਉਸ ਦੀਆਂ ਨਜ਼ਰਾਂ 'ਚ ਮੁਆਫ਼ੀ ਤੇ ਸਬਰ-ਸੰਤੋਖ ਵਰਗਾ ਕੁਝ ਤੈਰਦਾ ਨਜ਼ਰ ਆਉਂਦਾ ਹੈ। ਜੋ ਹੁਣ ਖ਼ਤਮ ਹੋ ਰਿਹਾ ਹੈ। ਉਸ ਦਾ ਸਰੀਰ ਸਾਡੇ ਆਲੇ-ਦੁਆਲੇ ਫੈਲੇ ਮਹਾਨ ਭੇਦ 'ਚ ਗ਼ਾਇਬ ਹੋ ਜਾਵੇਗਾ।" ਮਨੁੱਖ ਦੀ ਸ਼ਾਨ ਨਾਲ ਜਿਉਣ ਦੀ ਰੀਝ ਨੂੰ ਚੈਨ ਨਾਲ ਮਰਨ ਦੀ ਮਜਬੂਰੀ ਤੱਕ ਪੁਚਾ ਦਿੱਤਾ ਗਿਆ। ਇਲਾਜ ਖੁਣੋ ਮਰਦੀ ਬਜ਼ੁਰਗ ਬੀਬੀ ਉਨ੍ਹਾਂ ਪੰਛੀਆਂ ਦਾ ਬਿੰਬ ਦਿਸਦੀ ਹੈ ਜੋ ਲੋਕ-ਕਵੀ ਪਾਸ਼ ਮੁਤਾਬਕ ਚੈਨ ਨਾਲ ਮਰਨਾ ਸਿੱਖ ਰਹੇ ਹਨ।

ਚਿੱਲੀ ਦੇ ਵੀਰਾਨ ਮਾਰੂਥਲ 'ਚ ਉਸ ਨੂੰ ਕਿਸਾਨ ਜੋੜਾ ਮਿਲਦਾ ਹੈ। ਜਿਨ੍ਹਾਂ ਨੂੰ ਡਾਹਢਿਆਂ ਨੇ ਜ਼ਮੀਨ ਤੋਂ ਉਜਾੜ ਕੇ ਫਾਕੇ ਕੱਟਣ ਲਈ ਮਜਬੂਰ ਕਰ ਦਿੱਤਾ ਹੈ। ਕਿਸਾਨ ਔਰਤ ਦੇ ਸ਼ਬਦਾਂ 'ਚ, "ਇਸੇ ਨੂੰ ਉਹ 'ਤਰੱਕੀ' ਕਹਿੰਦੇ ਹਨ।" ਕਿਸਾਨ ਜੋੜਾ ਕੰਮ ਲਈ ਦਰ ਦਰ ਭਟਕ ਰਿਹਾ ਹੈ। ਉਨ੍ਹਾਂ ਉੱਤੇ ਕਿਸਾਨ ਅਤੇ ਕਮਿਊਨਿਸਟ ਹੋਣ ਦਾ ਦੋਸ਼ ਹੈ। ਆਪਣੇ ਪੁੱਤ ਨੂੰ ਪਰਿਵਾਰ ਕੋਲ ਛੱਡ ਆਏ ਹਨ। ਪੁਲਿਸ ਤੇ ਭੁੱਖ ਦੋਵਾਂ ਦਾ ਡਰ ਹੈ। ਉਨ੍ਹਾਂ ਦੇ ਮਿੱਤਰਾਂ ਨੂੰ ਮੱਛੀਆਂ ਦੀ ਖ਼ੁਰਾਕ ਬਣਾ ਕੇ ਸਮੁੰਦਰ ਹੇਠ ਸੁਆ ਦਿੱਤਾ ਗਿਆ ਹੈ। ਡਾਹਢੇ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਤੁਸੀਂ ਕਿਸ ਪਾਰਟੀ ਨਾਲ ਸੰਬੰਧਤ ਹੋ? ਇਹੀ ਰੁਝਾਨ ਸਾਡੇ ਮੁਲਕ 'ਚ ਪਿਛਲੇ ਇੱਕੀ ਸਾਲਾਂ ਤੋਂ ਹੋਰ ਤੇਜ਼ੀ ਨਾਲ ਸਾਹਮਣੇ ਆਇਆ ਹੈ। ਬਹੁਕੌਮੀ ਕੰਪਨੀਆਂ 'ਤਰੱਕੀ' ਦੇ ਨਾਮ 'ਤੇ ਕਿਸਾਨਾਂ ਦੀ ਜ਼ਮੀਨ ਤੇ ਕੁਦਰਤੀ ਖਣਿਜਾਂ ਨੂੰ ਹੜੱਪਣ 'ਚ ਲੱਗੀਆਂ ਹੋਈਆਂ ਹਨ। ਆਵਾਮ ਦੇ ਹਰ ਹੱਕੀ ਅੰਦੋਲਨ ਨੂੰ ਅਤਿਵਾਦੀ, ਨਕਸਲਵਾਦੀ ਤੇ ਮਾਓਵਾਦੀ ਕਰਾਰ ਦੇ ਕੇ ਕੁਚਲਿਆ ਜਾ ਰਿਹਾ ਹੈ। ਜੋ ਕੁਝ ਲਾਤੀਨੀ ਅਮਰੀਕਾ ਨੇ ਪਿਛਲੀ ਸਦੀ 'ਚ ਹੰਢਾਇਆ ਹੈ। ਸਾਡੇ ਮੁਲਕ ਨੇ ਉਸ ਦੀ ਅਜੇ ਝਲਕ ਹੀ ਦੇਖੀ ਹੈ। ਇਸ ਝਲਕ ਨੂੰ ਸਾਡਾ 'ਈਮਾਨਦਾਰ ਪ੍ਰਧਾਨ ਮੰਤਰੀ' ਵਡਿਆਉਂਦਾ ਨਹੀਂ ਥੱਕਦਾ। ਅਸੀਂ 'ਤਰੱਕੀ' ਦੇ ਭੰਬੂਤਾਰੇ ਅਜੇ ਦੇਖਣੇ ਹਨ। ਭਾਵੇਂ ਆਵਾਮ ਦਾ ਦਿਮਾਗ ਹੁਣੇ ਹੀ ਚੱਕਰ ਖਾਣੇ ਸ਼ੁਰੂ ਕਰ ਚੁੱਕਿਆ ਹੈ। ਕਿਸਾਨ-ਜੋੜੇ ਦੇ ਪੁੱਛਣ 'ਤੇ ਚੀ ਦੱਸਦਾ ਹੈ ਕਿ ਸਾਡੀ ਯਾਤਰਾ ਸਿਰਫ਼ ਯਾਤਰਾ ਲਈ ਸੀ। ਜੋੜਾ ਹੈਰਾਨ ਰਹਿ ਜਾਂਦਾ ਹੈ ਕਿਉਂਕਿ ਉਨ੍ਹਾਂ ਦੀ ਯਾਤਰਾ ਰੋਟੀ ਲੱਭਣ ਦੀ ਹੈ। ਚੀ ਯਾਤਰਾ ਦੇ ਨਵੇਂ ਅਰਥ ਸਮਝਣੇ ਸ਼ੁਰੂ ਕਰਦਾ ਹੈ। ਉਹ ਲਿਖਦਾ ਹੈ ਕਿ ਕਿਸਾਨ-ਜੋੜੇ ਦੇ ਚਿਹਰੇ ਮੁਰਝਾਏ ਹੋਏ ਤੇ ਡਰਾਉਣੇ ਸਨ। ਉਹ ਰਾਤ ਮੇਰੀ ਜ਼ਿੰਦਗੀ ਦੀਆਂ ਸਭ ਤੋਂ ਠੰਢੀਆਂ ਰਾਤਾਂ 'ਚੋਂ ਸੀ। ਸਾਂਝੀ ਮਨੁੱਖੀ ਨਸਲ ਦਾ ਅਹਿਸਾਸ ਮੈਨੂੰ ਉਨ੍ਹਾਂ ਅਜਨਬੀਆਂ ਦੇ ਨੇੜੇ ਲੈ ਆਇਆ। ਦੂਜੇ ਦਿਨ ਚੀ ਹੋਰੀਂ ਕਿਸਾਨ ਜੋੜੇ ਨਾਲ ਖਾਣਾਂ 'ਤੇ ਕੰਮ ਲੱਭਣ ਜਾ ਪਹੁੰਚਦੇ ਹਨ। ਲੇਬਰ ਚੌਕ 'ਚ ਖੜੇ ਮਜ਼ਦੂਰਾਂ ਦੀ ਬੋਲੀ ਲੱਗਦੀ ਹੈ। ਕਿਸਾਨ ਔਰਤ ਨੂੰ ਕੰਮ ਨਾ ਮਿਲ ਸਕਿਆ। ਮਜ਼ਦੂਰ ਪਾਣੀ ਤੋਂ ਵੀ ਪਿਆਸੇ ਹਨ। ਉਨ੍ਹਾਂ ਨੂੰ ਐਨਾਕੌਂਡਾ ਖਾਣ ਕੰਪਨੀ ਦੇ ਟਰੱਕਾਂ 'ਚ ਤੂੜਿਆ ਗਿਆ। ਚੀ ਖਾਣ ਦੇ ਅਫ਼ਸਰ ਤੋਂ ਪਿਆਸੇ ਕਾਮਿਆਂ ਲਈ ਪਾਣੀ ਦੀ ਮੰਗ ਕਰਦਾ ਹੈ। ਖਾਣ ਮਾਲਕਾਂ ਨੂੰ ਕਾਮਿਆਂ ਦੀ ਪਿਆਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਨੂੰ ਤਾਂ ਸਸਤੇ ਭਾਅ 'ਤੇ ਕੰਮ ਕਰਨ ਵਾਲੇ ਹੱਥਾਂ ਦੀ ਲੋੜ ਹੈ। ਅਫ਼ਸਰ ਚੀ ਹੋਰਾਂ ਨੂੰ ਉਥੋਂ ਦਫ਼ਾ ਹੋ ਜਾਣ ਲਈ ਕਹਿ ਕੇ ਟਰੱਕ 'ਚ ਚੜ ਜਾਂਦਾ ਹੈ। ਮੂਹਰਲੀ ਸੀਟ 'ਤੇ ਬੈਠੇ ਜਾਂਦੇ ਅਫ਼ਸਰ ਨੂੰ ਵੱਟਾ ਮਾਰ ਕੇ ਚੀ ਗੁੱਸਾ ਠੰਢਾ ਕਰਦਾ ਹੈ। ਖਾਣ ਕੰਪਨੀ ਦਾ ਨਾਮ ਐਨਾਕੌਂਡਾ ਤੋਂ ਰੱਖਿਆ ਗਿਆ ਸੀ ਜੋ ਦੁਨੀਆਂ ਦਾ ਸਭ ਤੋਂ ਵੱਡਾ ਅਜਗਰ ਹੈ। ਉਹ ਵੱਡੇ ਵੱਡੇ ਜਾਨਵਰ ਸਾਬਤ ਨਿਗਲ ਜਾਂਦਾ ਹੈ। ਬਹੁਕੌਮੀ ਕੰਪਨੀਆਂ ਦਾ ਖ਼ਾਸਾ ਅਜਗਰ ਨਾਲ ਮੇਲ ਖਾਂਦਾ ਹੈ। ਪ੍ਰੇਮਿਕਾ ਦੇ ਦਿੱਤੇ ਪੈਸੇ ਨੂੰ ਚੀ ਦਮੇ ਦੇ ਹੱਲੇ ਵੇਲੇ ਇਲਾਜ ਲਈ ਵੀ ਨਹੀਂ ਵਰਤਦਾ। ਦੋਸਤ ਨਾਲ ਉਨ੍ਹਾਂ ਪੈਸਿਆਂ ਪਿੱਛੇ ਝਗੜਦਾ ਰਹਿੰਦਾ ਹੈ। ਉਹ ਸਾਰੇ ਪੈਸੇ ਕਿਸਾਨ ਜੋੜੇ ਨੂੰ ਦੇ ਜਾਂਦਾ ਹੈ।

ਚੀ ਤੇ ਐਲਬਰਟੋ ਦੀ ਯਾਤਰਾ ਜਾਰੀ ਰਹਿੰਦੀ ਹੈ। ਐਂਡੀਜ਼ ਪਰਬਤ ਵੱਲ ਵਧਦੇ ਹੋਏ ਮੂਲਵਾਸੀ ਕਿਸਾਨ ਜ਼ਿਆਦਾ ਗਿਣਤੀ 'ਚ ਦਿਸਣੇ ਸ਼ੁਰੂ ਹੋ ਜਾਂਦੇ ਹਨ। ਜਿਨ੍ਹਾਂ ਨੂੰ ਜ਼ਮੀਨ ਤੋਂ ਉਜਾੜਿਆ ਜਾ ਰਿਹਾ ਹੈ। ਪੇਰੂ ਪਹੁੰਚਣ 'ਤੇ ਸਪੇਨੀ ਬਸਤਾਨਾਂ ਦੇ ਖ਼ੂਨੀ ਕਾਰੇ ਪਤਾ ਲੱਗਣੇ ਸ਼ੁਰੂ ਹੁੰਦੇ ਹਨ। ਜਿਨ੍ਹਾਂ ਨੇ ਵਪਾਰਕ ਕਾਰਨਾਂ ਕਰਕੇ ਮੂਲਵਾਸੀਆਂ ਦੀ ਰਵਾਇਤੀ ਰਾਜਧਾਨੀ ਕੂਜ਼ਕੋ ਨੂੰ ਛੱਡ ਕੇ ਲੀਮਾ ਨੂੰ ਪੇਰੂ ਦੀ ਰਾਜਧਾਨੀ ਬਣਾਇਆ ਸੀ। ਧਰਮ ਦੇ ਨਾਂ 'ਤੇ ਚਲਦਾ ਵਪਾਰ ਅਜੇ ਤੱਕ ਜਾਰੀ ਹੈ। ਮੁਕਾਮੀ ਇੰਕਾ ਲੋਕ ਤਾਰਾ ਵਿਗਿਆਨ, ਦਿਮਾਗੀ ਸਰਜਰੀ, ਗਣਿਤ ਅਤੇ ਹੋਰ ਚੀਜ਼ਾਂ ਦਾ ਭਰਪੂਰ ਗਿਆਨ ਰੱਖਦੇ ਸਨ ਪਰ ਸਪੇਨੀਆਂ ਕੋਲ ਬਾਰੂਦ ਸੀ। ਸਪੇਨੀ ਬਸਤਾਨਾਂ ਨਾਲ ਆਏ ਚੇਚਕ ਰੋਗ ਨੇ ਮਾਚਾ-ਪਿਚੂ ਵਰਗਾ ਘੁੱਗ ਵਸਦਾ ਸ਼ਹਿਰ ਸਮਸ਼ਾਨਘਾਟ ਬਣਾ ਦਿੱਤਾ ਸੀ। ਚੇਚਕ ਨਾਲ ਲੜਨ ਦੀ ਕੁਦਰਤੀ ਅੰਦਰੂਨੀ ਸ਼ਕਤੀ ਮੁਕਾਮੀ ਇੰਕਾ ਲੋਕਾਂ ਵਿੱਚ ਨਹੀਂ ਸੀ। ਕਤਲੇਆਮ ਤੇ ਤਬਾਹੀ ਦੇ ਮੰਜ਼ਰ ਅੱਜ ਵੀ ਮਾਚਾ-ਪਿਚੂ ਦੇ ਖੰਡ੍ਹਰਾਂ ਦੇ ਰੂਪ 'ਚ ਦੇਖੇ ਜਾ ਸਕਦੇ ਹਨ। ਬਸਤਾਨਾਂ ਦੇ ਰੂਪ ਬਦਲੇ ਹਨ ਪਰ ਮੂਲਵਾਸੀਆਂ ਦੀ ਲੁੱਟ ਬੇਰੋਕ ਜਾਰੀ ਹੈ। ਪੇਰੂ ਦੀ ਘਰੇਲੂ ਸਨਅਤ ਨੂੰ ਤਬਾਹ ਕਰ ਦਿੱਤਾ ਗਿਆ। ਅਣਗਿਣਤ ਕਾਮੇ ਵਿਹਲੇ ਹੋ ਗਏ। ਮੁਕਾਮੀ ਔਰਤ ਮੁਤਾਬਕ ਬਸਤਾਨਾਂ ਦੀ ਲੁੱਟ ਲਗਾਤਾਰ ਲੋਕਾਂ 'ਤੇ ਅਸਰ-ਅੰਦਾਜ਼ ਹੋ ਰਹੀ ਹੈ। ਅਮੀਰ ਜਗੀਰਦਾਰ ਪੁਲਿਸ ਤੇ ਪ੍ਰਸ਼ਾਸਨ ਦੀ ਮਦਦ ਨਾਲ ਕਿਸਾਨਾਂ ਨੂੰ ਜ਼ਮੀਨ ਤੋਂ ਉਜਾੜ ਰਹੇ ਹਨ। ਕਿਸਾਨ ਜੱਥੇਬੰਦ ਹੋ ਕੇ ਉਜਾੜੇ ਦੇ ਖ਼ਿਲਾਫ਼ ਲੜ ਰਹੇ ਹਨ। ਮਾਚਾ-ਪਿਚੂ ਦੇ ਖੰਡਰਾਂ 'ਚ ਬੈਠੇ ਚੀ ਤੇ ਐਲਬਰਟੋ ਕਾਗਜ਼ਾਂ 'ਤੇ ਕੁਝ ਝਰੀਟੀ ਜਾ ਰਹੇ ਹਨ। ਐਲਬਰਟੋ ਮੁਤਾਬਕ ਉਹ ਮੂਲਵਾਸੀ ਔਰਤ ਨਾਲ ਵਿਆਹ ਕਰਵਾਏਗਾ ਤੇ ਮੁਕਾਮੀ ਲੋਕਾਂ ਨੂੰ ਜੱਥੇਬੰਦ ਕਰਕੇ ਵੋਟਾਂ ਦੇ ਢਾਂਚੇ ਰਾਹੀਂ ਇਨਕਲਾਬ ਕਰੇਗਾ। ਚੀ ਦਾ ਸਪੱਸ਼ਟ ਜਵਾਬ ਹੈ, "ਹਥਿਆਰਾਂ ਤੋਂ ਬਿਨ੍ਹਾਂ ਕਦੇ ਇਨਕਲਾਬ ਨਹੀਂ ਹੋ ਸਕਦਾ।" ਉਸਦੇ ਸਾਹਮਣੇ ਵੱਡਾ ਸਵਾਲ ਹੈ ਕਿ ਏਨ੍ਹੀ ਗਿਆਨਵਾਨ ਸੱਭਿਅਤਾ ਨੂੰ ਤਬਾਹ ਕਰਕੇ 'ਤਰੱਕੀ' ਦੇ ਡੰਨ੍ਹ ਕਿਵੇਂ ਉਸਾਰੇ ਜਾ ਸਕਦੇ ਹਨ? ਦ੍ਰਿਸ਼ ਮਾਚਾ-ਪਿਚੂ ਦੇ ਖੰਡ੍ਹਰਾਂ ਤੋਂ ਰਾਜਧਾਨੀ ਲੀਮਾ ਦੇ ਕੰਕਰੀਟ ਰੂਪੀ ਜੰਗਲ 'ਚ ਤਬਦੀਲ ਹੋ ਜਾਂਦਾ ਹੈ। ਲੀਮਾ 'ਚ ਚੀ ਨੂੰ ਮੂਲਵਾਸੀਆਂ ਦੀ ਅਸੀਮ ਇਨਕਲਾਬੀ ਸਮਰੱਥਾ ਦਾ ਅਹਿਸਾਸ ਹੁੰਦਾ ਹੈ। ਉਨ੍ਹਾਂ ਦੀ ਅਸਲੀ ਸਮੱਸਿਆ 'ਜ਼ਮੀਨ' ਦੀ ਹੈ।

ਫ਼ਿਲਮ ਦਾ ਆਖਰੀ ਹਿੱਸਾ ਕੋਹੜ ਦੇ ਰੋਗੀਆਂ ਨਾਲ ਬਿਤਾਏ ਤਜਰਬਿਆਂ ਬਾਰੇ ਹੈ। ਐਮਾਜ਼ੌਨ ਦਰਿਆ ਦੇ ਦੱਖਣੀ ਕੰਢੇ 'ਤੇ ਕੋਹੜ ਦੇ ਰੋਗੀਆਂ ਨੂੰ ਰੱਖਿਆ ਜਾਂਦਾ ਹੈ। ਉੱਤਰੀ ਕੰਢੇ 'ਤੇ ਹਸਪਤਾਲ ਦਾ ਅਮਲਾ ਤੇ ਈਸਾਈ ਸਾਧਵੀਆਂ ਰਹਿੰਦੀਆਂ ਹਨ ਜੋ ਪੂਰਾ ਪ੍ਰਬੰਧ ਦੇਖਦੀਆਂ ਹਨ। ਦੋਵਾਂ ਵਿਚਕਾਰ ਸ਼ੂਕਦਾ ਦਰਿਆ ਹੈ। ਚਰਚ ਵਿੱਚ ਅਰਦਾਸ ਨਾ ਕਰਨ ਵਾਲੇ ਨੂੰ ਲੰਗਰ ਨਹੀਂ ਦਿੱਤਾ ਜਾਂਦਾ। ਚੀ ਰੋਗੀਆਂ ਨਾਲ ਹੁੰਦੇ ਵਿਤਕਰੇ ਦੇ ਖ਼ਿਲਾਫ਼ ਪੈਂਤੜਾ ਲੈਂਦਾ ਹੈ। ਉਹ ਦਰਦਮੰਦੀ ਨਾਲ ਲਬਰੇਜ਼ ਮਨੁੱਖ ਦੇ ਰੂਪ 'ਚ ਸਾਡੇ ਸਾਹਮਣੇ ਆਉਂਦਾ ਹੈ। ਇਲਾਜ ਨਾ ਕਰਾਉਣ ਲਈ ਬਜ਼ਿੱਦ ਬੀਬੀ 'ਸਿਲਵੀਆ' ਨੂੰ ਮਨਾਉਣ ਲਈ ਕਹੇ ਸ਼ਬਦ ਚੀ ਦੇ ਆਖ਼ਰੀ ਸਾਹ ਤੱਕ ਨਿਭਦੇ ਨਜ਼ਰ ਆਉਂਦੇ ਹਨ। ਉਹ ਕਹਿੰਦਾ ਹੈ, "ਜ਼ਿੰਦਗੀ ਬਚਾਉਣ ਲਈ ਆਖ਼ਰੀ ਦਮ ਤੱਕ ਲੜਨਾ ਚਾਹੀਦਾ ਹੈ ... ਮੌਤ ਨੂੰ ਕਹੋ ਨਰਕ 'ਚ ਜਾਵੇ।" ਮਨੁੱਖੀ ਜ਼ਿੰਦਗੀ ਦੀ ਕਦਰ ਸਮਝਾਉਣ ਤੇ ਉਸਦੀ ਰੱਖਿਆ ਲਈ ਤੁਰੇ ਚੀ ਦਾ ਗੁਆਤੇਮਾਲਾ, ਕਿਊਬਾ, ਵੈਂਜ਼ੂਏਲਾ, ਕਾਂਗੋ ਅਤੇ ਬੋਲੀਵਿਆ ਵਿੱਚ ਲੜਿਆ ਸੰਗਰਾਮ ਉਸ ਦੇ ਬੋਲਾਂ ਨਾਲ ਇੱਕਮਿੱਕ ਹੁੰਦਾ ਨਜ਼ਰ ਆਉਂਦਾ ਹੈ। ਰੋਗੀਆਂ ਅਤੇ ਅਮਲੇ ਵਿਚਕਾਰਲਾ ਸ਼ੂਕਦਾ ਦਰਿਆ ਬੀਮਾਰ ਬੰਦੇ ਨੂੰ ਸਿਹਤਮੰਦ ਬੰਦੇ ਤੋਂ ਵੱਖ ਕਰਦਾ ਹੈ। ਅਪਣੇ ਜਨਮ ਦਿਨ ਵਾਲੀ ਰਾਤ ਉਹ ਭਰੀ-ਭਰਾਈ ਪਾਰਟੀ ਛੱਡ ਕੇ ਰੋਗੀਆਂ ਨਾਲ ਜਨਮ-ਦਿਨ ਦੀ ਖ਼ੁਸ਼ੀ ਸਾਂਝੀ ਕਰਨ ਤੁਰ ਪੈਂਦਾ ਹੈ। ਦਮੇ ਦਾ ਮਰੀਜ਼ ਠੰਢੇ ਸੀਤ ਦਰਿਆ ਨੂੰ ਪਾਰ ਕਰਦਾ ਹੋਇਆ ਕੰਨੀਆਂ 'ਤੇ ਧੱਕੇ ਮਜ਼ਲੂਮਾਂ ਦੀ ਧਿਰ ਬਣਨ ਲਈ ਮੌਤ ਨੂੰ ਮਖੌਲ ਕਰ ਰਿਹਾ ਹੈ।

ਗ਼ਾਲਬਾਂ ਅਤੇ ਦਬਾਏ ਜਾਂਦੇ ਲੋਕਾਂ ਵਿਚਲੀ ਵਿੱਥ ਮੇਟਣ ਲਈ ਉਹ ਸਾਰੀ ਉਮਰ ਅੱਗ ਦਾ ਦਰਿਆ ਪਾਰ ਕਰਦਾ ਰਿਹਾ। ਡਾਕਟਰ ਹੋਣ ਕਰਕੇ ਚੀ ਮਨੁੱਖੀ ਜ਼ਿੰਦਗੀ ਦੀ ਕੀਮਤ ਹੋਰ ਨੇੜਿਓ ਜਾਣਦਾ ਸੀ। ਜਿਸ ਨੂੰ ਬਚਾਉਣ ਲਈ ਅਤੇ ਮਨੁੱਖਤਾ ਨੂੰ ਚਿੰਬੜੇ ਕੋਹੜ ਦਾ ਫ਼ਸਤਾ ਵੱਢਣ ਲਈ ਉਹ ਦਵਾਈਆਂ ਤੋਂ ਲੈ ਕੇ ਇਨਕਲਾਬ ਦੀ ਜੰਗ 'ਚ ਹਥਿਆਰ ਤੱਕ ਵਰਤਣ ਦੇ ਰਾਹ ਤੁਰਿਆ। ਕੋਹੜ ਦੇ ਰੋਗੀਆਂ ਨੂੰ ਰੱਖਣ ਵਾਲੀ ਥਾਂ ਦਾ ਦੱਖਣੀ ਕੰਢਾ ਅਸਲ 'ਚ ਦੱਖਣੀ ਅਮਰੀਕਾ ਹੈ। ਜੋ ਚੀ ਦੇ ਸ਼ਬਦਾਂ 'ਚ ਮੈਕਸੀਕੋ ਤੋਂ ਲੈ ਕੇ ਮੈਗੇਲਨ ਸਟਰੇਟਸ ਤੱਕ ਫੈਲਿਆ ਹੋਇਆ ਹੈ। ਉੱਤਰੀ ਕੰਢੇ ਦਾ ਅਰਥ ਅਮਰੀਕਾ, ਯੂਰਪ ਤੇ ਕੈਨੇਡਾ ਜਿਹੇ ਸਾਮਰਾਜੀ ਮੁਲਕਾਂ ਤੋਂ ਹੈ। ਜੇ ਦੱਖਣੀ ਕੰਢੇ ਦੇ ਅਰਥਾਂ ਨੂੰ ਮੋਕਲਾ ਕੀਤਾ ਜਾਵੇ ਤਾਂ ਸਾਮਰਾਜੀਆਂ ਦੀ ਲੁੱਟ ਦਾ ਸ਼ਿਕਾਰ ਸਾਰੇ ਆਲਮੀ ਮੁਲਕਾਂ ਦੇ ਨਾਮ ਗਿਣੇ ਜਾ ਸਕਦੇ ਹਨ।

# ਹੈਲਥੀ ਲਾਈਫ਼ਸਟਾਈਲ ਫਾਊਂਡੇਸ਼ਨ ਕੈਲਗਰੀ ਵੱਲੋਂ ਸਿਹਤ ਸਬੰਧੀ ਸਫ਼ਲ ਸੈਮੀਨਾਰ



ਕੈਲਗਰੀ : ਹੈਲਥੀ ਲਾਈਫ਼ਸਟਾਈਲ ਫਾਊਂਡੇਸ਼ਨ ਕੈਲਗਰੀ ਵੱਲੋਂ ਬੜੇ ਧੂਮਧਾਮ ਨਾਲ ਕੈਨੇਡਾ ਦਾ 150ਵਾਂ ਜਨਮ ਦਿਵਸ ਤੇ ਸਿਹਤ ਸੈਮੀਨਾਰ ਸਰਦਾਰ ਦਰਸ਼ਨ ਸਿੰਘ ਕੰਗ ਮੈਂਬਰ ਪਾਰਲੀਆਮੈਂਟ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਜਿਸ ਵਿਚ ਕੈਲਗਰੀ ਨਿਵਾਸੀ ਅਤੇ ਉੱਘੀਆਂ ਸਖਸ਼ੀਅਤਾਂ ਨੇ ਹੁੰਮ ਹੁਮਾ ਕੇ ਹਾਜ਼ਰੀ ਲਗਵਾਈ। ਇਕੱਠ ਇਤਨਾ ਸੀ ਕਿ ਜੈਨੇਸਿਸ ਸੈਂਟਰ ਦੇ ਦੋ ਵੱਡੇ ਹਾਲ ਵੀ ਛੋਟੇ ਰਹਿ ਗਏ।

ਦਰਸ਼ਨ ਕੰਗ ਨੇ ਸਮੂਹ ਕੈਨੇਡਾ ਨਿਵਾਸੀਆਂ ਨੂੰ ਕੈਨੇਡਾ ਦੇ 150ਵੇਂ ਜਨਮ ਦਿਵਸ ਦੀ ਮੁਬਾਰਕਵਾਦ ਦਿੰਦਿਆਂ ਸਮੂਹ ਭਾਈਚਾਰੇ ਨੂੰ ਪਿਆਰ ਮੁਹੱਬਤ, ਸਦਭਾਵਨਾ ਤੇ ਇਕੱਠੇ ਰਲ ਬਹਿ ਕਿ ਦੇਸ਼ ਦੀ ਚੜ੍ਹਦੀ ਕਲਾ ਲਈ ਇਸ ਤਰ੍ਹਾਂ ਦੇ ਸਮਾਗਮ ਕਰਨ ਲਈ ਪ੍ਰੇਰਿਆ। ਉਹਨਾਂ ਹੈਲਥੀ ਲਾਈਫ਼ਸਟਾਈਲ ਫਾਊਂਡੇਸ਼ਨ ਦੇ ਪ੍ਰਬੰਧਕਾਂ ਦੇ ਸਿਹਤ ਸੈਮੀਨਾਰ ਤੇ ਪੰਜਾਬੀ ਭਾਈਚਾਰੇ ਦੀ ਤੰਦਰੁਸਤੀ ਸਬੰਧੀ ਕਰਵਾਏ ਜਾਂਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਆਪਣੇ ਵੱਲੋਂ ਪੂਰਾ ਸਹਿਯੋਗ ਦੇਣ ਦਾ ਭਰੋਸਾ ਵੀ ਦਿਵਾਇਆ। ਹੈਲਥੀ ਲਾਈਫ਼ਸਟਾਈਲ ਦਾ ਖ਼ੁਦ ਮੈਂਬਰ ਹੋਣ ਤੋਂ ਇਲਾਵਾ ਉਨ੍ਹਾਂ ਮਹੀਨਾਵਾਰ ਸਿਹਤ ਸੈਮੀਨਾਰ ਵਿਚ ਸ਼ਮੂਲੀਅਤ ਕਰਨ ਲਈ ਵੀ ਆਪਣੀ ਇੱਛਾ ਦਾ ਪ੍ਰਗਟਾਵਾ ਕੀਤਾ।

ਪ੍ਰਬ ਗਿੱਲ ਐਮ ਐਲ ਏ ਕੈਲਗਰੀ ਨੇ ਉਚੇਚੇ ਤੌਰ ਤੇ ਪੰਜਾਬੀ ਭਾਈਚਾਰੇ ਨੂੰ ਹੈਲਥੀ ਲਾਈਫ਼ਸਟਾਈਲ ਅਪਨਾਉਣ ਦੀ ਅਪੀਲ ਕਰਦਿਆਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਹ ਨਾ ਸਿਰਫ਼ ਤੰਦਰੁਸਤ ਰਹਿਣ ਦਾ ਇੱਕ ਸਫ਼ਲ ਤਰੀਕਾ ਹੈ ਬਲਕਿ ਸਮੇਂ ਦੀ ਮੁੱਖ਼ ਲੋੜ ਹੈ। ਉਹਨਾਂ ਸਿਹਤਮੰਦ ਖ਼ੁਰਾਕ, ਰੋਜ਼ਾਨਾ ਕਸਰਤ, ਯੋਗ ਤੇ ਕੁਦਰਤੀ ਮਹੌਲ ਵਿਚ ਜੀਵਨ ਬਿਤਾਉਣ ਸਬੰਧੀ ਆਪਣੀ ਇੱਛਾ ਜ਼ਾਹਰ ਕੀਤੀ। ਇਸ ਸਮਾਗਮ ਦੀ ਸਭ ਤੋਂ ਵਿਲੱਖਣ ਗੱਲ ਇਹ ਸੀ ਕਿ ਸੰਸਥਾ ਦੇ ਮੈਂਬਰਾਂ ਵੱਲੋਂ ਖ਼ੁਤਿਆਰ ਕੀਤੇ ਹੈਲਥੀ ਸਨੈਕਸ ਤੇ ਗਰੀਨ ਚਾਹ ਵੀ ਪਰੋਸੀ ਗਈ ਸੀ। ਜਿਸ ਵਿਚ ਪੋਹਾ, ਇਡਲੀ, ਡੋਕਲਾ, ਪੁੰਗਰੀਆਂ ਦਾਲਾਂ, ਕਿਨਵਾ, ਇਨਰਜੀ ਬਾਲ, ਗਰੀਨ ਸਲਾਦ, ਫ਼ਰੂਟ ਸਲਾਦ, ਬੀਨ ਸਲਾਦ ਤੋਂ ਇਲਾਵਾ ਭਾਂਤ-ਭਾਂਤ ਦੇ ਪਕਵਾਨ ਮੌਜੂਦ ਸਨ।

ਹੈਲਥੀ ਲਾਈਫ਼ਸਟਾਈਲ ਦੇ ਬਾਨੀ ਪ੍ਰਧਾਨ ਸੁਖਵਿੰਦਰ ਬਰਾੜ ਨੇ ਸ਼ੁੱਧ ਤੇ ਅਸ਼ੁੱਧ ਖ਼ੁਰਾਕ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਉਹਨਾਂ ਰੋਜ਼ ਮਰ੍ਹਾ ਦੀ ਜ਼ਿੰਦਗੀ ਵਿਚ ਇਸਤੇਮਾਲ ਕੀਤੇ ਜਾ ਰਹੇ ਸਿਹਤ ਤੇ ਬੁਰਾ ਪ੍ਰਭਾਵ ਪਾਉਣ ਵਾਲੇ ਰਸਾਇਣਕ ਪਦਾਰਥਾਂ ਸਬੰਧੀ ਵੀ ਜਾਣੂੰ ਕਾਵਾਇਆ। ਦੁੱਧ ਦੀਆਂ ਵੱਖ-ਵੱਖ ਕਿਸਮਾਂ ਸਬੰਧੀ ਬੋਲਦਿਆਂ ਏ1 ਤੇ ਏ2 ਦੁੱਧ ਦਰਮਿਆਨ ਪ੍ਰੋਟੀਨ ਅੰਦਰ ਫ਼ਰਕ ਬਾਬਤ ਵੀ ਖੁੱਲ੍ਹ ਕੇ ਸਮਝਾਇਆ। ਇਸ ਤੋਂ ਇਲਾਵਾ ਪਿਛਲੇ ਛੇ ਦਹਾਕਿਆਂ ਤੋਂ ਕਣਕ ਵਿਚ ਸਿਹਤ ਸਬੰਧੀ ਆਈਆਂ ਹਾਨੀਕਾਰਕ ਤਬਦੀਲੀਆਂ ਤੇ ਵੀ ਵਿਸਥਾਰ-ਪੂਰਵਕ ਚਾਨਣਾ ਪਾਇਆ। ਸਤਿੰਦਰ ਸੋਹੀ ਨੇ ਜੀ ਐਮ ਓ ਫਸਲਾਂ ਦਾ ਮਨੁੱਖ ਦੀ ਸਿਹਤ ਤੇ ਪੈ ਰਹੇ ਬੁਰੇ ਪ੍ਰਭਾਵਾਂ ਬਾਰੇ ਜਾਣੂੰ ਕਰਵਾਇਆ। ਸੁਖਵਿੰਦਰ ਕੁੰਡੂ ਨੇ ਯੋਗ ਸਬੰਧੀ ਗਿਆਨ ਸਰੋਤਿਆਂ ਨਾਲ ਸਾਂਝਾ ਕਰਦਿਆਂ ਵੱਖ-ਵੱਖ ਸਾਹ ਕਿਰਿਆਵਾਂ ਖ਼ੁਦ ਕਰਕੇ ਪ੍ਰਦਰਸ਼ਨੀ ਵੀ ਕੀਤੀ। ਅਮਅਨਦੀਪ ਖਟੌੜ ਨੇ ਔਰਤਾਂ ਦੀਆਂ ਬਿਮਾਰੀਆਂ ਸਬੰਧੀ ਬੋਲਦਿਆਂ ਗਲਤ ਖ਼ੁਰਾਕ ਨੂੰ ਹੀ ਜ਼ਿੰਮੇਵਾਰ ਠਹਿਰਾਇਆ। ਇਸ ਦੌਰਾਨ ਚੰਦ ਕੁ ਮੈਂਬਰਾਂ ਨੇ ਆਪਣੇ ਹੈਲਥੀ ਲਾਈਫ਼ਸਟਾਈਲ ਅਪਨਾਉਣ ਉਪਰੰਤ ਅਨੁਭਵ ਵੀ ਸਰੋਤਿਆਂ ਨਾਲ ਸਾਂਝੇ ਕੀਤੇ।

ਸਤਨਾਮ ਧੋਥੜ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਹੈਲਥੀ ਲਾਈਫ਼ਸਟਾਈਲ ਫਾਊਂਡੇਸ਼ਨ ਦੀਆਂ ਗਤੀ ਵਿਧੀਆਂ, ਨਿਯਮ, ਤੇ ਪ੍ਰਗਰਾਮਾਂ ਬਾਰੇ ਜਾਣੂੰ ਕਰਵਾਇਆ। ਮਹਿੰਦਰ ਬਰਾੜ ਨੇ ਅੰਤ ਵਿਚ ਉਚੇਚੇ ਤੌਰ ’ਤੇ ਦਰਸ਼ਨ ਕੰਗ, ਪ੍ਰਬ ਗਿਲ, ਰਿਸ਼ੀ ਨਾਗਰ ਰੈਡ ਐਫ ਐਮ, ਚੰਦ ਸਦਿਓੜਾ, ਹਰਚਰਨ ਪ੍ਰਹਾਰ, ਜਸਜੀਤ ਸੰਧੂ, ਚੈਨਲ ਪੰਜਾਬੀ ਟੀ ਵੀ ਤੇ ਪੰਜਾਬੀ ਅਖਬਾਰ, ਸਮੂਹ ਮੀਡੀਆ, ਜੈਨੇਸਿਸ ਸੈਂਟਰ ਦੇ ਪ੍ਰਬੰਧਕਾਂ,ਵਲੰਟੀਅਰਾਂ ਤੇ ਸਰੋਤਿਆਂ ਦਾ ਸਹਿਯੋਗ ਦੇਣ ਸਬੰਧੀ ਧੰਨਵਾਦ ਕੀਤਾ।।

ਸੁਖਵਿੰਦਰ ਬਰਾੜ
ਪ੍ਰਧਾਨ ਹੈਲਥੀ ਲਾਈਫ਼ਸਟਾਈਲ
ਨੌਲੇਜ਼ ਫਾਊਂਡੇਸ਼ਨ ਕੈਲਗਰੀ






## ਟੋਰਾਂਟੋ ਵਿਖੇ ਦੱਖਣ-ਏਸ਼ੀਆਈ ਔਰਤਾਂ ਬਾਰੇ ਅੰਤਰਰਾਸ਼ਟਰੀ ਮਹਿਲਾ ਕਾਨਫਰੰਸ

# ਔਰਤਾਂ ਦਾ ਸੋਸ਼ਣ ਤੇ ਸੰਘਰਸ਼-ਨਵੀਂ ਦੁਨੀਆਂ ਸਿਰਜਣਾ ਸੰਭਵ







ਦੋ-ਰੋਜ਼ਾ ਕੌਮਾਂਤਰੀ ਦੱਖਣ ਏਸ਼ੀਆਈ ਕਾਨਫਰੰਸ ਵਿਚ ਔਰਤਾਂ ਬਾਰੇ ਅਹਿਮ ਵਿਚਾਰਾਂ । ਮਾਹਿਰਾਂ ਵੱਲੋਂ ਇਹ ਗੱਲ ਨਿਤਰੀ ਕਿ ਔਰਤ ਮਰਦ ਦਾ ਰਿਸ਼ਤਾ ਆਰਥਿਕ ਪ੍ਰਬੰਧ, ਸਮਾਜਿਕ ਅਤੇ ਸਭਿਆਚਾਰਕ ਰਹਿਤਲ ਦੇ ਮਾਪਦੰਡਾਂ ਰਾਹੀਂ ਨਿਰਧਾਰਤ ਹੋ ਰਿਹਾ ਹੈ। ਇਸ ਗੁੰਝਲਦਾਰ ਵਰਤਾਰੇ ਨੂੰ ਸਮਝਣਾ ਅਤੇ ਤੋੜਨਾ ਜ਼ਰੂਰੀ ਹੈ। ਇਸ ਵਿੱਚ ਵਿਚਾਰ ਅਧੀਨ ਮੁੱਖ ਮੁੱਦੇ ਸਨ : ਦੱਖਣ ਏਸ਼ੀਆਈ ਔਰਤਾਂ, ਸਮਾਜਿਕ ਅਤੇ ਸਭਿਆਚਾਰ ਪ੍ਰਸਥਿਤੀਆਂ; ਚੌਰਾਹੇ ਉਤੇ ਖੜ੍ਹੀ ਦੱਖਣ ਏਸ਼ੀਆਈ ਨਾਰੀ; ਅਜੋਕੀ ਨੌਜਵਾਨ ਔਰਤ ਦੀ ਅਵਾਜ਼; ਨਰੋਈ ਸੋਚ ਅਤੇ ਭਵਿੱਖ ਦਾ ਰਸਤਾ; ਰਸੋਈ ਤੋਂ ਨਾਜਾ ਤੱਕ : ਔਰਤਾਂ ਦਾ ਸੋਸ਼ਣ ਤੇ ਸੰਘਰਸ਼; ਵਿਸਲਾਮ ਮੁਲਾਣਿਆਂ ਨੇ ਹਾਈ ਜੈਕ; ਦੂਜੀ ਅੰਤਰ ਰਾਸ਼ਟਰੀ ਦੱਖਣ ਏਸ਼ੀਆਈ ਨਾਰੀ ਸੰਮੇਲਨ ਟੋਰਾਂਟੋ ਦੇ ਬਰੈਂਪਟਨ ਸ਼ਹਿਰ ਵਿਚ 17-18 ਜੂਨ ਨੂੰ ਸਫ਼ਲਤਾ ਨਾਲ ਇਸ ਨਾਅਰੇ ਨਾਲ ਸਮਾਪਤ ਹੋਇਆ "ਨਵੀਂ ਦੁਨੀਆਂ ਸਿਰਜਣਾ ਸੰਭਵ ਹੈ ਇਸ ਨੂੰ ਅਸੀਂ ਬਣਾਵਾਂਗੇ" 18 ਜੂਨ ਨੂੰ ਸ਼ਾਮ ਸਤ ਵਜੇ ਬਰੈਂਪਟਨ ਦੇ ਸੈਂਚਰੀ ਗਾਰਡਨ ਵਿਚ ਦੋ ਰੋਜ਼ਾ ਸਾਊਥ ਏਸ਼ੀਅਨ ਨਾਈਜੇਸ਼ਨ ਮੈਕਸਰ (ਯੂਨੀਵਰਸਿਟੀ ਆਫ਼ ਟੋਰਾਂਟੋ) ਲਿਜ ਰੋਅਲੇ (ਸੀ.ਪੀ.ਸੀ.) ਸੁਰਿੰਦਰਪਾਲ ਬਰਾੜ, ਡਾ. ਦੀਪਕ ਮਨਮੋਹਨ ਸਿੰਘ, ਡਾ. ਵਰਿਆਮ ਸਿੰਘ ਸੰਧੂ, ਸੁਰਜਨ ਜੀਰਵੀ, ਅਤਵਿੰਦਰ ਸੰਧੂ (ਏਕਮ) ਮਹਿੰਦਰ ਸਵੈਚ, ਮਨਜੀਤ ਕੰਗ, ਡਾ. ਅਮੀਆ ਕੰਵਰ, ਡਾ. ਵਨੀਤਾ ਅਰੁਣਾ, ਡਾ. ਅਮਰ ਜਿਉਤੀ, ਡਾ. ਸੁਖਜਿੰਦਰ ਸਿੱਧੂ ਦੇ ਪ੍ਰਧਾਨਗੀ ਮੰਡਲ ਹੇਠ ਖਚਾ ਖਚ ਭਰੇ ਹਾਲ ਵਿਚ ਵਿਸ਼ੇਸ਼ ਮਤਿਆਂ ਦੇ ਪਾਸ ਹੋਣ ਨਾਲ ਸਮਾਪਤ ਹੋਇਆ।

ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਇਸ ਸਮਾਜ 'ਚੋਂ ਅਗਰ ਕੁਝ ਖਤਮ ਹੋਣਾ ਚਾਹੀਦਾ ਹੈ ਤਾਂ ਉਹ ਹੈ ਮਰਦ ਦੀ ਲਾਲਸਾ ਭਰੀ ਇਕਹਿਰੀ ਨਜ਼ਰ, ਜੇ ਉਹ ਖਤਮ ਹੋ ਜਾਏ ਤਾਂ ਮਰਦ ਵਲੋਂ ਉਨ੍ਹਾਂ ਉਤੇ ਹੁੰਦੇ ਜ਼ੁਲਮ ਬੰਦ ਹੋ ਸਕਦੇ ਹਨ। ਮਰਦ ਅੰਦਰ ਇਕ ਔਰਤ ਵੀ ਹੈ, ਡਾ. ਦੀਪਕ ਮਨਮੋਹਨ ਸਿੰਘ ਜਿਹੜੇ ਦੋ ਦਿਨ ਲਗਾਤਾਰ ਸਾਰੀ ਕਾਨਫਰੰਸ ਵਿਚ ਸ਼ਾਮਲ ਰਹੇ, ਨੇ ਕਾਨਫਰੰਸ ਦੀ ਸਫ਼ਲਤਾ ਉਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਕਾਨਫਰੰਸ ਵਿਚ ਪੇਸ਼ ਖੋਜ ਪੱਤਰ ਅਤੇ ਉਨ੍ਹਾਂ ਦਾ ਮਿਆਰ ਬਹੁਤ ਉਚੀ ਦਰਜੇ ਦਾ ਹੋਣਾ ਹੀ ਕਾਨਫਰੰਸ ਦੀ ਸਫ਼ਲਤਾ ਦਾ ਇਕ ਆਧਾਰ ਹੈ। ਪ੍ਰਸਿੱਧ ਪੱਤਰਕਾਰ ਸੁਰਜਨ ਜੀਰਵੀ ਨੇ ਕਿਹਾ ਕਿ ਕਾਨਫਰੰਸ ਪ੍ਰਬੰਧਕੀ ਪੱਖੋਂ ਲਾਮਿਸਾਲ ਸੀ। ਇਸ ਵਿਚ ਉਚ ਦਰਜੇ ਦੀ ਬੌਧਿਕ ਚਰਚਾ ਅਤੇ ਔਰਤਾਂ ਦੇ ਵੱਖ-ਵੱਖ ਸਰੋਕਾਰਾਂ ਮੁਤਾਬਿਕ ਸੈਸ਼ਨਾਂ ਨੂੰ ਵੰਡਣਾ ਅਤੇ ਉਨ੍ਹਾਂ ਉਤੇ ਭਰਪੂਰ ਚਰਚਾ ਹੋਣੀ ਇਸ ਕਾਨਫਰੰਸ ਦਾ ਹਾਸਲ ਹੈ।

ਡਾ. ਕੰਵਲਜੀਤ ਕੌਰ ਢਿੱਲੋਂ ਦੀ ਅਗਵਾਈ ਹੇਠ ਦੱਖਣ-ਏਸ਼ੀਅਨ ਔਰਤਾਂ ਅਤੇ ਉਨ੍ਹਾਂ ਦੀ ਸਮਾਜਿਕ ਅਤੇ ਸਭਿਆਚਾਰਕ ਪੇਸ਼ਕਾਰੀ ਨਾਮ ਹੇਠ ਹੋਣ ਵਾਲੇ ਦੋ ਦਿਨਾਂ ਸੰਮੇਲਣ ਦਾ ਆਗਾਜ਼ 17 ਜੂਨ 2017 ਨੂੰ ਦੀ ਸਵੇਰੇ ਡਾ. ਸ਼ੀਲਾ ਐਮਬਲਟਨ (ਪ੍ਰੋਸੈਟ ਬੋਰਕ ਯੂਨੀਵਰਸਿਟੀ) ਦੀ ਉਦਘਾਟਨੀ ਭਾਸ਼ਣ ਨਾਲ ਹੋਇਆ। ਜਿਸ ਵਿਚ 9 ਦੇਸ਼ਾਂ ਤੋਂ ਆਏ 4 ਪਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਵਿਚ ਪੇਪਰ ਪੜ੍ਹੇ ਜਿਸ ਵਿਚ ਲੇਖਕ, ਅਧਿਆਪਕ, ਪੱਤਰਕਾਰ, ਰਾਜਨੀਤੀਵਾਨ, ਸਮਾਜਿਕ ਕਾਰਕੁੰਨ, ਵਿਦਿਆਰਥੀ, ਘਰੇਲੂ ਮੈਨੇਜਰ ਅਤੇ ਵੱਖ-ਵੱਖ ਟੋਰਾਂਟੋ ਆਧਾਰਤ ਸਾਹਿਤਕ ਅਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਪੂਰੇ ਸੰਮੇਲਨ ਵਿਚ ਦੋ ਦਿਨਾਂ ਦੀ ਲਗਭਗ 17 ਘੰਟੇ ਦੀ ਕਾਰਵਾਈ ਵਿਚ 32 ਅਕਾਦਮਿਕ ਪੱਧਰ ਦੇ ਪੇਪਰ, 80 ਤੋਂ ਵੱਧ ਵਕਤਾ, ਨੇ ਆਪਣੇ ਤਜਰਬੇ ਸਾਂਝੇ ਕੀਤੇ। ਸੰਮੇਲਨ ਦੌਰਾਨ, ਤਰਕਸ਼ੀਲ ਸੁਸਾਇਟੀ ਵਲੋਂ ਨਛੱਤਰ ਸਿੰਘ ਬਦੇਸਾ ਅਤੇ ਪੁਸਤਕ ਪ੍ਰਦਰਸ਼ਨੀ ਉਸਦੇ ਸਾਥੀਆਂ ਪਰਵੀਨ ਕੌਰ, ਮਿੰਨੀ ਗਰੇਵਾਲ ਅਤੇ ਸੈਂਡੀ ਗਿੱਲ ਵਲੋਂ ਪੇਂਟਿੰਗਜ਼ ਦੀ ਪ੍ਰਦਰਸ਼ਨੀ ਲਗਾਈ ਗਈ। ਪੂਰੇ ਦੋ ਦਿਨਾਂ ਵਿਚ ਲਗਭਗ ਪੰਜ ਸੌ ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਦਰਜ ਕਰਾਈ। ਸੰਮੇਲਨ ਦੇ ਪਹਿਲੇ ਦਿਨ ਮੁਸ਼ਾਇਰਾ ਕਰਵਾਇਆ ਗਿਆ ਜਿਸ ਵਿਚ ਉਰਦੂ, ਹਿੰਦੀ ਅਤੇ ਪੰਜਾਬੀ ਦੇ ਕਵੀਆਂ ਨੇ ਸ਼ਮੂਲੀਅਤ ਕੀਤੀ। ਕੁਲ ਮਿਲਾ ਕੇ ਦੋ ਦਿਨਾਂ ਤੱਕ ਚਲਣ ਵਾਲੇ ਇਸ ਨਾਰੀ ਸੰਮੇਲਨ ਵਿਚ ਸਮਾਜ ਦੇ ਚਿੰਤਨਸ਼ੀਲ ਪ੍ਰਵਾਹ ਨੂੰ ਬਣਾ ਕੇ ਰੱਖਣ। ਤਬਕੇ ਨੇ ਕਿਸੇ ਪੂਰਬ ਵਿਚ ਭਾਗ ਲੈਣ ਦੀ ਤਰ੍ਹਾਂ (ਯੌਰਕ ਯੂਨੀਵਰਸਿਟੀ) ਡਾ. ਜੀਨ ਅਗਸਤੀਨ (ਪਹਿਲੀ ਸਾਊਥ ਅਫ਼ਰੀਕਨ ਕੈਨੇਡੀਅਨ ਐਮ.ਪੀ. ਅਤੇ ਕੈਬਨਿਟ ਮਨਿਸਟਰ ਅਤੇ ਪਰਵਾਸੀ ਹੱਕਾਂ ਦੀ ਆਲਮਬਰਦਾਰ) ਭਾਰਤੀ ਦੂਤਾਵਾਸ ਦੇ ਕੌਂਸਲ ਸੈਫੁਲਾਖਾਨ, ਪਾਕਿਸਤਾਨੀ ਦੂਤਾਵਾਸ ਦੀ ਡਿਪਟੀ ਕੌਂਸਲ ਜਨਰਲ ਮਿਸਜ਼ ਖਦੀਜਾ ਹਯਾਤ ਖਾਨ, ਪ੍ਰੋ. ਅਰੁਣ ਪੀ. ਮੁਖਰਜੀ (ਯੌਰਕ ਯੂਨੀਵਰਸਿਟੀ) ਡਾ. ਨੁਜਹਤ ਸਈਦਾ ਸਦੀਕੀ (ਚੇਅਰਪਰਸਨ ਕਾਨਫਰੰਸ) ਅਤੇ ਡਾ. ਕੰਵਲਜੀਤ ਕੌਰ ਢਿੱਲੋਂ (ਚੇਅਰਪਰਸਨ ਦਿਸ਼ਾ) ਸ਼ਾਮਲ ਸਨ। ਉਸ ਤੋਂ ਬਾਅਦ ਪਹਿਲੇ ਉਦਘਾਟਨੀ ਸਮਾਰੋਹ ਦੀ ਸ਼ੁਰੂਆਤ ਦਿਸ਼ਾ ਦੀਆਂ ਫਾਊਂਡਰ ਮੈਂਬਰਾਂ ਸੁਰਜੀਤ ਕੌਰ, ਕਮਲ ਨੱਤ ਦੁਸਾਂਝ, ਅਮਰਜੀਤ ਦਿਉਲ, ਗੁਰਮੀਤ ਪਨਾਗ ਨੇ ਰਾਜ ਅੰਮਣ (ਫਾਊਂਡਰ ਮੈਂਬਰ ਦਿਸ਼ਾ) ਦੀ ਅਗਵਾਈ ਵਿਚ ਦਿਸ਼ਾ ਗੀਤ ਗਾਇਆ ਜੋ ਪ੍ਰਸਿੱਧ ਕਵੀ ਭੁਪਿੰਦਰ ਦੂਲੇ ਨੇ ਵਿਸ਼ੇਸ਼ ਤੌਰ 'ਤੇ ਕਾਨਫਰੰਸ ਲਈ ਲਿਖਿਆ।

ਡਾ. ਜੀਨ ਅਗਸਤੀਨ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕੈਨੇਡਾ ਦੀ 1960 ਦੇ ਦਹਾਕੇ ਦੀ ਸਮਾਜਿਕ, ਰਾਜਨੀਤਕ, ਆਰਥਿਕ ਪ੍ਰਸਥਿਤੀਆਂ ਦੀ ਵਿਸਥਾਰ ਸਾਹਿਤ ਚਰਚਾ ਕੀਤੀ ਅਤੇ ਉਸ ਨੇ ਤੱਥਾਂ ਸਾਹਿਤ ਹੈਰਾਨ ਕਰਨ ਵਾਲੇ ਅੰਕੜੇ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਮੌਜੂਦਾ ਬਦਲਾਅ ਦੇ ਪਿਛੇ ਚੱਲੇ ਸੰਘਰਸ਼ਾਂ ਦਾ ਹਵਾਲਾ ਦੇ ਦੱਸਿਆ ਕਿ ਔਰਤਾਂ ਦੀ ਸਥਿਤੀ ਨੂੰ ਬਦਲਣ ਲਈ ਸੰਘਰਸ਼ ਜਾਰੀ ਰੱਖਣ ਦੀ ਜ਼ਰੂਰਤ ਹੈ। ਇਸ ਉਦਘਾਟਨੀ ਸਮਾਰੋਹ ਵਿਚ ਸਵਾਗਤੀ ਸ਼ਬਦ ਨੁਜਹਤ ਸਈਦਾ ਸਦੀਕੀ ਨੇ ਕਹੇ। ਕੂੰਜੀਵਤ ਭਾਸ਼ਣ ਪ੍ਰੋ. ਅਰੁਣ ਪ੍ਰਭਾ ਮੁਕਰਖੀ (ਯੌਰਕ ਯੂਨੀਵਰਸਿਟੀ) ਨੇ ਪੇਸ਼ ਕੀਤਾ। ਇਸ ਉਦਘਾਟਨੀ ਸਮਾਰੋਹ ਵਿਚ ਮਿਸਟਰ ਸੈਫਉਲਾ ਖਾਨ ਅਤੇ ਮਿਸਜ ਖਦਜਾ ਹਯਾਤ ਖਾਨ ਨੇ ਆਪਣੇ ਵਿਚਾਰ ਰੱਖੇ। ਔਰਤ ਮਾਮਲਿਆਂ ਦੀ ਮੰਤਰੀ ਨਾਵਿਤ ਹੈਰਿਨ ਵੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚੇ।





# ਦੇਹੜਕਾ ਸਕੂਲ ਅਪਗ੍ਰੇਡੇਸ਼ਨ ਸੰਘਰਸ਼








ਕੋਈ ਪਿੰਡ ਵਿੱਦਿਆ ਜਿਹੇ ਅਤਿਅੰਤ ਪਵਿੱਤਰ ਅਤੇ ਬੁਨਿਆਦੀ ਮਸਲੇ ਤੇ ਲੜ ਤਾਂ ਸਕਦਾ ਹੈ, ਧਰਨਾ ਮੁਜ਼ਾਹਰਾ ਕਰ ਸਕਦਾ ਹੈ, ਘੜੀ ਦੀ ਘੜੀ ਜਾਂ ਕੁੱਝ ਘੰਟਿਆਂ ਲਈ ਰੋਸ ਪ੍ਰਗਟਾ ਸਕਦਾ ਹੈ, ਪਰ ਕੋਈ ਪਿੰਡ ਲਗਾਤਾਰ ਸੱਤ ਦਿਨ ਨਿਰੰਤਰ 24 ਘੰਟੇ ਸੰਘਰਸ਼ ਦੇ ਮੈਦਾਨ 'ਚ ਰਹਿ ਸਕਦਾ ਹੈ ਤਾਂ ਉਹ ਪਿੰਡ ਜਗਰਾਉਂ ਇਲਾਕੇ ਦਾ ਇਤਿਹਾਸਕ ਪਿੰਡ ਦੇਹੜਕਾ ਹੀ ਹੋ ਸਕਦਾ ਹੈ। ਇਸ ਪਿੰਡ ਦੇ ਲਗਭਗ ਸਾਰੇ ਹੀ ਪਿੰਡ ਵਾਸੀ ਮਰਦ, ਔਰਤਾਂ, ਨੌਜਵਾਨਾ ਤੇ ਸਕੂਲੀ ਬੱਚਿਆਂ ਨੇ ਜੋ ਇਤਿਹਾਸ 22 ਮਈ ਤੋਂ ਲੈ ਕੇ 3 ਜੂਨ ਤੱਕ ਸਿਰਜਿਆ ਹੈ, ਉਹ ਆਪਣੇ ਆਪ 'ਚ ਵਿਲੱਖਣ ਹੈ, ਨਿਵੇਕਲਾ ਹੈ। ਐਸ. ਡੀ. ਐਮ. ਦਫਤਰ ਜਗਰਾਉਂ ਅੱਗੇ ਦਿੱਤਾ ਨਿਰੰਤਰ ਰੋਸ ਧਰਨਾ ਇਸ ਕਦਰ ਰੋਹ ਭਰਪੂਰ ਤੇ ਧੂਹ ਪਾਊ ਹੋਵੇਗਾ ਕਿ ਲੋਕ ਨਾ ਅੱਕੇ, ਨਾ ਥੱਕੇ। ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਔਰਤਾਂ ਤੇ ਬੱਚਿਆਂ ਸਮੇਤ ਮਰਦਾ ਨੇ ਨਵੇਂ ਨਾਰ੍ਹੇ ਸਿਖੇ "ਵੋਟਾਂ ਵੱਲੇ ਬਥੁ ਕਹਿੰਦੇ, ਮੁੜ ਕੇ ਸਾਡੀ ਸਾਰ ਨਾ ਲੈਂਦੇ," "ਸ਼ਹੀਦੋਂ ਥੋਡਾ ਕਾਜ ਅਧੂਰਾ ਲਾ ਕੇ ਜਿੰਦਗੀਆਂ ਕਰਾਂਗੇ ਪੂਰਾ," "ਸ਼ਹੀਦ ਸਾਥੀਆਂ ਦਾ ਪੈਗਾਮ ਜਾਰੀ ਰੱਖਣਾ ਹੈ ਸੰਗਰਾਮ," ਮਸਲਾ ਸੀ ਕਿ ਦੇਹੜਕਾ ਪਿੰਡ ਦਾ ਹਾਈ ਸਕੂਲ ਪਿਛਲੀ ਸਰਕਾਰ ਮੌਕੇ ਪਿੰਡ ਦੀ ਪੰਚਾਇਤ ਦੀ ਭੱਜ ਨੱਠ ਤੇ ਹਿੰਮਤ ਨਾਲ ਸੀਨੀਅਰ ਸੈਕੰਡਰੀ ਬਣਾ ਕੇ ਅਪਗ੍ਰੇਡ ਕਰਨ ਦਾ ਐਲਾਨ ਹੋਣ ਉਪਰੰਤ ਬਾਕਾਇਦਾ ਸਿੱਖਿਆ ਵਿਭਾਗ ਵੱਲੋਂ ਚਿੱਠੀ ਵੀ ਜਾਰੀ ਹੋ ਗਈ ਸੀ। ਉਦੋਂ ਸਾਰੇ ਪਿੰਡ 'ਚ ਲੱਡੂ ਵੰਡ ਕੇ ਖ਼ੁਸ਼ੀ ਮਨਾਈ ਗਈ ਸੀ। ਪਰ ਇਸ ਸਾਲ ਨਵੇਂ ਸੈਸ਼ਨ 'ਚ ਪਾਸ ਹੋ ਕੇ ਅਗਲੀ ਕਲਾਸ 'ਚ ਚੜ੍ਹੇ ਜਾਂ ਗਵਾਂਢੀ ਸਕੂਲਾਂ 'ਚ ਬਾਰਵੀ 'ਚ ਪੜ੍ਹਦੇ ਬੱਚੇ ਜਦੋਂ ਦਾਖਲਾ ਲੈਣ ਸਕੂਲ ਗਏ ਤਾਂ ਹੈਡ ਮਿਸਟ੍ਰੈਸ ਨੇ ਫ਼ੁਰਮਾਨ ਸੁਣਾ ਤਾ ਕਿ ਜ਼ਿਲ੍ਹਾ ਸਿੱਖਿਆ ਅਧਿਕਾਰੀ ਦਾ ਫੋਨ ਆਇਆ ਹੈ ਕਿ ਸਕੂਲ ਦੀ ਅਪਗ੍ਰੇਡੇਸ਼ਨ ਰੱਦ ਹੈ, ਇਸ ਲਈ ਬੱਚਿਆਂ ਨੂੰ ਇਥੋਂ ਲੈ ਜਾਓ। ਅਸਲਾਂ 'ਚ ਨਵੀਂ ਬਣੀ ਕੈਪਟਨ ਦੀ ਕਾਂਗਰਸ ਸਰਕਾਰ ਨੇ ਗੱਦੀ ਤੇ ਬੈਠਦਿਆਂ ਅਕਾਲੀ ਸਰਕਾਰ ਦੇ ਵੋਟਾਂ ਤੋਂ ਪਹਿਲੇ ਛੇ ਮਹੀਨਿਆਂ 'ਚ ਲਏ ਸਾਰੇ ਫੈਸਲਿਆਂ ਦਾ ਰੀਵਿਊ ਕਰਨ ਦੇ ਪੱਜ ਹੇਠ ਇਹ ਅਪਗ੍ਰੇਡੇਸ਼ਨ ਰੱਦ ਕਰ ਦਿੱਤੀ ਸੀ। ਸਰਕਾਰ ਦੀ ਇਸ ਸਿਆਸੀ ਸ਼ਰੀਕੇ ਬਾਜੀ 'ਚ ਦਰੜੇ ਪਿੰਡ ਵਾਸੀ ਅੱਗ ਬਬੂਲਾ ਹੋ ਚੁੱਕੇ ਸਨ। ਪਿੰਡ ਵਾਸੀਆਂ ਨੇ ਕਾਫਲਾ ਬੰਨ੍ਹਿਆਂ ਤੇ ਬੱਚੇ, ਬੁੱਢੇ, ਨੌਜਵਾਨ ਮਰਦ ਔਰਤਾਂ ਐਸ.ਡੀ.ਐਮ. ਦਫਤਰ ਮੂਹਰੇ ਆਨ ਡੱਟੇ। ਪਹਿਲੇ ਦਿਨ ਨਵੀਂ ਪੋਸਟਿੰਗ ਤੇ ਜਗਰਾਉਂ ਆਏ ਐਸ. ਡੀ. ਐਮ. ਨੇ ਕੇਸ ਉਪਰ ਭੇਜਣ ਦਾ ਵਿਸ਼ਵਾਸ ਤਾਂ ਦਿਵਾਇਆ, ਪਰ ਵਿਸ਼ਵਾਸ ਤੋਂ ਪੰਚਾਇਤ ਅੱਕ ਚੁੱਕੀ ਸੀ ਕਿਉਂਕਿ ਰੱਦ ਹੋਈ ਅਪਗ੍ਰੇਡੇਸ਼ਨ ਖਿਲਾਫ ਮਹੀਨਾ ਭਰ ਸਰਕਾਰੀ ਤੇ ਸਿੱਖਿਆ ਵਿਭਾਗ ਸਮੇਤ ਕਾਂਗਰਸੀ ਐਮ. ਪੀ., ਵਿਧਾਇਕਾਂ ਦੇ ਚੱਕਰ ਲਾ ਹੰਭ ਚੁੱਕੇ ਸਨ। ਸਬਰ ਦਾ ਬੰਨ੍ਹ ਟੁੱਟਿਆਂ ਤਾਂ ਪਿੰਡ ਵਾਸੀਆਂ ਸੰਘਰਸ਼ ਦਾ ਰਾਹ ਫੜਿਆ। ਇਕੋਂ ਮੰਗ ਸੀ-ਹਾਈ ਸਕੂਲ ਦੀ ਅਪਗ੍ਰੇਡੇਸ਼ਨ ਬਹਾਲ ਕਰੋ। 22 ਮਈ ਤੋਂ 25 ਮਈ ਤੱਕ ਚੱਲੇ ਧਰਨੇ ਦੌਰਾਨ ਇਨਕਲਾਬੀ ਕੇਂਦਰ ਪੰਜਾਬ ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਸਰਗਰਮ ਸਾਥ ਨਾਲ ਸੰਘਰਸ਼ ਦੀ ਮੋਹਰੀ ਰਹੀ। ਹੋਰਨਾਂ ਭਰਾਤਰੀ ਜਥੇਬੰਦੀਆਂ ਨੇ ਵੀ ਸਮਰਥਨ 'ਚ ਭੂਮਿਕਾ ਨਿਭਾਈ। 24 ਮਈ ਨੂੰ ਸ਼ਹਿਰ 'ਚ ਭਾਰੀ ਰੋਹ ਭਰਪੂਰ ਰੋਸ ਮਾਰਚ ਕੱਢਿਆ ਗਿਆ। 25 ਮਈ ਨੂੰ ਕਾਂਗਰਸ ਪਾਰਟੀ ਦੇ ਜਿਲਾ ਪ੍ਰਧਾਨ ਨੇ ਹਲਕਾ ਵਿਧਾਇਕ ਦੀ ਮੌਜੂਦਗੀ 'ਚ ਦੋ ਦਿਨਾਂ 'ਚ ਚਿੱਠੀ ਜਾਰੀ ਹੋਣ ਦਾ ਭਰੋਸਾ ਦੇ ਕੇ ਕੇਰਾਂ ਦੀ ਕੇਰਾਂ ਰੋਸ ਧਰਨਾ ਉਠਵਾ ਦਿੱਤਾ, ਪਰ ਇਨਕਲਾਬੀ ਕੇਂਦਰ ਪੰਜਾਬ ਨੇ ਪਿੰਡ ਦੀ ਪੰਚਾਇਤ ਨੂੰ ਫੋਕੇ ਭਰੋਸਿਆਂ ਤੇ ਯਕੀਨ ਕਰਨ ਤੋਂ ਵਰਜਿਆ, ਪਰ ਹਾਲਾਤ ਦੇ ਮੱਦੇ ਨਜਰ ਦਬਾਅ ਨਾ ਦਿੱਤਾ ਤੇ ਉਹੀ ਗੱਲ ਹੋਈ ਜਦੋਂ ਦੋ ਦੀ ਥਾਂ ਚਾਰ ਦਿਨ ਉਪਰ ਦੀ ਲੰਘ ਗਏ ਤਾਂ ਪਿੰਡ ਵਾਸੀਆਂ ਦਾ ਰੋਹ ਫਿਰ ਉਬਾਲੇ ਮਾਰਣ ਲੱਗਾ ਤੇ ਲਾਮਬੰਦ ਹੋਈ ਜਨਤਾ ਫੇਰ ਜਗਰਾਉਂ ਐਸ.ਡੀ.ਐਮ. ਦਫਤਰ ਮੂਹਰੇ ਮੈਦਾਨ 'ਚ ਆਨ ਡੱਟੀ। ਰੋਸ ਧਰਨਾ ਸਾਰਾ ਦਿਨ ਲਾਟਾਂ ਮਾਰਦਾ ਰਿਹਾ। ਇਨਕਲਾਬੀ ਬੋਲੀਆਂ, ਗੀਤਾਂ ਤੇ ਵੱਖ-ਵੱਖ ਬੁਲਾਰਿਆਂ ਦੇ ਭਾਸ਼ਣਾਂ ਨੇ ਜਨਤਾ ਨੂੰ ਸਾਲਾਂ 'ਚ ਸਿਖੇ ਜਾਣ ਵਾਲੇ ਜਮਾਤੀ ਚੇਤਨਾ ਦੇ ਪਾਠ ਸੱਤ ਦਿਨਾਂ 'ਚ ਪੜਾ ਦਿੱਤੇ। ਇਸ ਦੌਰਾਨ 24 ਮਈ ਨੂੰ ਸੰਘਰਸ਼ਕਾਰੀਆਂ ਨੇ ਗਦਰ ਲਹਿਰ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ ਉਨ੍ਹਾਂ ਦੀ ਯਾਦ 'ਚ ਦੋ ਮਿੰਟ ਦਾ ਮੋਨ ਧਾਰ ਕੇ, ਜੋਸ਼ੀਲੇ ਨਾਰਿਆਂ ਦੀ ਗੂੰਜ 'ਚ ਮਨਾਇਆ ਤੇ ਗਦਰ ਦੇ ਇਤਿਹਾਸ ਤੇ ਮਕਸਦ ਨੂੰ ਪੂਰੀ ਰੀਝ ਨਾਲ ਸੁਣਿਆ ਤੇ ਮਾਣਿਆ। ਸਮੁੱਚੇ ਸੰਘਰਸ਼ ਦੌਰਾਨ ਕੇਂਦਰ ਦਾ ਵੱਧ ਫੋਕਸ ਬੱਚੇ ਤੇ ਔਰਤਾਂ ਰਹੀਆਂ। ਵਿਦਿਆ ਪ੍ਰਤੀ ਸਾਰੇ ਸਰਕਾਰੀ ਰਵਈਏ ਦੇ ਗਹਿਰੇ ਕਾਰਣਾਂ, ਸੰਸਾਰਵਪਾਰ ਸੰਸਥਾ ਦੀ ਸਿੱਖਿਆ ਨੀਤੀ, ਸਮਾਨ ਸਕੂਲ ਸਿੱਖਿਆ ਪ੍ਰਣਾਲੀ ਦੀ ਲੋੜ, ਨਿੱਜੀ ਸਕੂਲਾਂ ਦਾ ਸਰਕਾਰੀਕਰਨ, ਸੈਕੰਡਰੀ ਤੱਕ ਹਰ ਬੱਚੇ ਨੂੰ ਮੁਫਤ ਵਿਦਿਆ, ਸਰਕਾਰੀ ਸਕੂਲ ਖਤਮ ਕਰਨ ਦੀ ਸਰਕਾਰੀ ਨੀਤੀ ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਦੇ ਉੱਦਮ ਬਾਰੇ ਖੁਲ ਕੇ ਵਿਚਾਰਾਂ ਹੋਈਆਂ। ਸੰਘਰਸ਼ ਦੇ ਅਗਲੇ ਪੜਾਅ 'ਚ 29 ਮਈ ਨੂੰ ਜਗਰਾਉਂ ਕਮੇਟੀ ਪਾਰਕ ਇਕੱਤਰ ਹੋ ਕੇ ਪੂਰੇ ਸ਼ਹਿਰ ਭਰ 'ਚ ਸਰਕਾਰ ਦੀ ਵਾਦਾ ਖਿਲਾਫੀ ਖਿਲਾਫ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਧੂਹ ਪਾਊ ਅਰਥੀ ਫੂਕ ਮਾਰਚ ਕਰਕੇ, 6 ਕਿ.ਮੀ. ਦਾ ਪੈਂਡਾ ਤੈਅ ਕਰ ਬੱਸ ਸਟੈਂਡ ਤੇ ਕਾਂਗਰਸ ਹਕੂਮਤ ਦੀ ਅਰਥੀ ਫੂਕੀ। ਅਰਥੀ ਫੂਕ ਮੁਜਾਹਰੇ 'ਚ ਲੋਕਾਂ ਦੇ ਆਮ ਮੁਹਾਰੇ ਫੁੱਟਦੇ ਜੋਸ਼ ਭਰਪੂਰ ਨਾਅਰਿਆਂ, ਲੰਮੇ ਜਬਤ ਬੱਧ ਮੁਜਾਹਰੇ ਨੇ ਇਲਾਕਾ ਵਾਸੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਲੋਕਲ ਮੀਡੀਏ ਦਾ ਸਹਿਯੋਗ ਕਾਬਿਲੇ-ਤਾਰੀਫ ਰਿਹਾ। ਇੱਕ ਜੂਨ ਨੂੰ ਦੂਸਰੇ ਪੜਾਅ ਦੇ ਦੂਜੇ ਦਿਨ ਐਲਾਨ ਕੀਤਾ ਗਿਆ ਕਿ ਭਲਕੇ ਤੇ ਅਗਲੇ ਦਿਨ 3 ਤੇ 4 ਜੂਨ ਨੂੰ ਸਰਕਾਰੀ ਛੁੱਟੀਆਂ ਦੇ ਬਾਵਜੂਦ ਧਰਨਾ ਨਿਰੰਤਰ ਚੱਲੇਗਾ ਤੇ 5 ਜੂਨ ਨੂੰ ਸੰਘਰਸ਼ਸ਼ੀਲ ਲੋਕਾਂ ਇੱਕ ਵੇਰ ਫਿਰ ਪਹਿਲਾ ਨਾਲੋਂ ਵੀ ਵੱਡਾ ਐਕਸ਼ਨ ਕਰਨਗੇ ਯਾਨਿ ਟਰੈਫਿਕ ਜਾਮ ਤੇ ਫਿਰ ਐਸ.ਡੀ.ਐਮ. ਦਫਤਰ ਦਾ ਘਿਰਾਓ ! ਵਧਦੇ ਤੇ ਨਿਰਤੰਰ ਵਿਸ਼ਾਲ ਹੋ ਰਹੇ ਲੋਕ ਦਬਾਅ ਨੇ 3 ਜੂਨ ਨੂੰ ਹੀ ਸਰਕਾਰ ਗੋਡਿਆਂ ਪਰਨੇ ਕਰ ਦਿੱਤੀ। ਇਸ ਵੇਰ ਸਕੂਲ ਬਹਾਲੀ ਦੀ ਚਿੱਠੀ ਲੈ ਕੇ ਕੋਈ ਸਰਕਾਰੀ ਨੇਤਾ ਨਹੀਂ ਆਇਆ, ਸਗੋਂ 2 ਜੂਨ ਨੂੰ ਰਾਤ ਦੇ ਦੱਸ ਵਜੇ ਪਹਿਲਾ ਤਾਂ ਜਿਲ੍ਹਾ ਸਿੱਖਿਆ ਅਧਿਕਾਰੀ ਤੇ ਏ.ਡੀ.ਸੀ. ਧਰਨੇ 'ਚ ਪੁੱਜੇ ਤੇ ਅਗਲੇ ਦਿਨ ਸਥਾਨਕ ਐਸ.ਡੀ.ਐਮ. ਦਫਤਰ ਦੇ ਕਰਮਚਾਰੀ ਸਕੂਲ ਬਹਾਲੀ ਦੇ ਲਿਖਤੀ ਹੁਕਮ ਲੈ ਕੇ ਪਹੁੰਚ ਗਏ ਹੋ ਗਈ ਤੇ ਫਿਰ ਬੱਲੇ ਬੱਲੇ ! ਪਿਛਲੇ ਦਿਨਾਂ 'ਚ ਹਕੂਮਤੀ ਨੇਤਾਵਾਂ ਦੀ ਹੋਈ ਜਬਰਦਸਤ ਬਦਖੋਈ ਨੇ ਕਿਸੇ ਵੀ ਲੀਡਰ ਦੀ ਜੁਰਅੱਤ ਨਾ ਹੋਈ ਕਿ ਉਹ ਧਰਨੇ 'ਚ ਪੁੱਜੇ। ਲੋਕ ਏਕਤਾ ਤੇ ਨਿਰੰਤਰ ਦਬਾਅ ਦੀ ਜਿੱਤ ਅਤੇ ਜਮਾਤੀ ਚੇਤਨਾ ਦੀ ਪੁੱਠ ਨੇ ਲੋਕਾਂ 'ਚ ਨਵੀਂ ਸੋਝੀ ਤੇ ਉਤਸ਼ਾਹ ਦਾ ਸੰਚਾਰ ਕੀਤਾ।

Rates among the lowest in Canada!
Punjab Insurance Inc.

Bachitter S Mehmi
Protect the ones you love.
Whether you are...
18 or 80
Hard to insure
Fear medical tests
In good health
Looking for fast and affordable coverage up to $500,000
...We've got the Life Insurance plan that's right for you!
416-527-3737
bachitter@punjabinsurance.ca

Century 21
Green Realty Inc., Brokerage
Call For
Residential, Commercial,
& Investment

For all your Real Estate needs
Amolak Dhindsa
Sales Representative
416-721-2576

ਪਰਦੇ ਦੀਆਂ ਪਰਤਾਂ-3

# ਭਾਰਤੀ ਕਲਾ-ਸਿਨੇਮਾ : ਸਾਰਥਿਕਤਾ, ਸੰਭਾਵਨਾਵਾਂ ਤੇ ਚੁਣੌਤੀਆਂ-2



ਕੁਲਦੀਪ ਕੌਰ
98554-04330

ਭਾਰਤ ਵਿੱਚ ਕਲਾ-ਸਿਨੇਮਾ ਦਾ ਇਤਿਹਾਸ ਆਲਮੀ ਸਿਨੇਮਾ ਖਾਸ ਤੌਰ 'ਤੇ ਇਟਲੀ, ਫਰਾਂਸ, ਜਰਮਨੀ ਤੇ ਸੋਵੀਅਤ ਯੂਨੀਅਨ ਦੇ ਸਿਨੇਮਾ ਨਾਲੋਂ ਨਿਖੇੜਕੇ ਨਹੀਂ ਪੜ੍ਹਿਆ ਜਾ ਸਕਦਾ। ਇਹਨਾਂ ਮੁਲ਼ਕਾਂ ਦਾ ਸਿਨੇਮਾ ਉੱਥੇ ਵਾਪਰ ਰਹੀਆਂ ਸਿਆਸੀ ਅਤੇ ਸਮਾਜਿਕ ਤਬਦੀਲੀਆਂ ਨੂੰ ਪਰਦਾਪੇਸ਼ ਕਰ ਰਿਹਾ ਸੀ। 1969 ਵਿੱਚ ਭਾਰਤੀ ਸਿਨੇਮਾ ਬਾਰੇ ਗੰਭੀਰ ਲੇਖਣ ਕਰਣ ਲਈ ਜਾਣੇ ਜਾਦੇ ਪ੍ਰਮੁੱਖ ਮੈਗਜ਼ੀਨ, 'ਕਲੋਜ਼ ਅੱਪ' ਨੇ ਭਾਰਤੀ ਫਿਲਮਸਾਜ਼ ਮਣੀ ਕੌਲ ਦੀਆਂ ਦੋਵੇ ਮਹਤੱਵਪੂਰਨ ਫਿਲਮਾਂ (ਉਸਕੀ ਰੋਟੀ ਅਤੇ ਭੁਵਨ ਸ਼ੋਮ) ਦੇ ਸੰਦਰਭ ਵਿੱਚ ਇੱਕ ਸੰਪਾਦਕੀ ਵਿੱਚ ਲਿਖਿਆ :

"ਜੇਕਰ ਭਾਰਤੀ ਸਿਨੇਮਾ ਨੇ ਆਪਣੇ ਬਚਪਣੇ ਵਿੱਚੋਂ ਨਿਕਲਣਾ ਹੈ ਤਾਂ ਇਸ ਨੂੰ ਆਪਣੀ ਖੁਸ਼ਾਮਦੀ ਅਤੇ ਉਬਾਊ ਵਿਆਕਰਣ ਬਦਲਣੀ ਪੈਣੀ ਹੈ। ਇਸ ਲਈ ਜ਼ਰੂਰੀ ਹੈ ਕਿ ਫਿਲਮਸ਼ਾਜ਼ਾਂ ਨੂੰ ਉਹਨਾਂ ਦੀ ਪਸੰਦ ਦੀਆਂ ਫਿਲਮਾਂ ਉਹਨਾਂ ਦੇ ਆਪਣੇ ਲਹਿਜ਼ੇ ਵਿੱਚ ਬਣਾਉਣ ਦਿੱਤੀਆਂ ਜਾਣ। ਉਹਨਾਂ ਤੇ ਫਿਲਮਾਂ ਲਈ ਪੈਸੇ ਇਕੱਠੇ ਕਰਣ ਦਾ ਦਬਾਉ ਘਟਾਇਆ ਜਾਵੇ, ਵੱਡੇ ਸਿਤਾਰਿਆਂ ਅੱਗੇ ਝੁਕਣ ਦਾ ਰੁਝਾਣ ਬੰਦ ਹੋਵੇ ਤੇ ਬਾਕਸ ਆਫਿਸ ਸਫਲਤਾ ਦਾ ਮਾਪਦੰਡ ਬਦਲਿਆ ਜਾਵੇ। ਇਹ ਲਾਜ਼ਿਮ ਹੈ ਕਿ ਨਵੇਂ ਫਿਲਮਸ਼ਾਜ਼ਾਂ ਨੂੰ ਮੌਕਾ ਮਿਲੇ, ਹਰ ਤਰ੍ਹਾਂ ਦੀ ਫਿਲਮ ਨੂੰ ਬਣਨ ਦਾ ਮੌਕਾ ਮਿਲੇ, ਫਿਲਮਾਂ ਲਗਾਤਾਰ ਬਣਨ ਤੇ ਉਹਨਾਂ ਤੇ ਗੱਲ ਹੋਵੇ। ਸਿਰਫ ਇੱਦਾਂ ਹੀ ਭਾਰਤੀ ਸਿਨੇਮਾ ਦੇ ਜੀਵੰਤ ਤੇ ਸਜੀਵ ਰਹਿਣ ਦੀ ਸੰਭਾਵਨਾ ਹੈ।"

ਇਸ ਸੁਨੇਹੇ ਦਾ ਕੁਝ ਕੁ ਝਲਕਾਰਾ ਇਸ ਦੌਰ ਦੀਆਂ ਫਿਲਮਾਂ ਅਤੇ ਫਿਲਮਸ਼ਾਜ਼ਾਂ ਦੀ ਗਿਣਤੀ ਵਿੱਚ ਨਜ਼ਰ ਆਉਂਦਾ ਹੈ। ਫਿਲਮਸ਼ਾਜ਼ ਸ਼ਿਆਮ ਬੈਨੇਗਲ ਅਤੇ ਗੋਬਿੰਦ ਨਿਹਲਾਨੀ ਨੇ ਕਲਾ-ਸਿਨੇਮਾ ਅੰਦੋਲਨ ਦੀ ਚੜ੍ਹਤ ਅਤੇ ਨਿਵਾਣ ਦੋਵਾਂ ਦੌਰਾਂ ਨੂੰ ਨੇੜਿਉਂ ਤੱਕਿਆ ਹੈ। ਉਹਨਾਂ ਦੀਆਂ ਫਿਲਮਾਂ ਬਾਰੇ ਇਹ ਟਿੱਪਣੀ ਧਿਆਨ ਦੀ ਮੰਗ ਕਰਦੀ ਹੈ :

'ਸ਼ਿਆਮ ਬੈਨੇਗਲ ਦੀਆਂ ਫਿਲਮਾਂ 'ਅੰਕੁਰ' ਅਤੇ 'ਨਿਸ਼ਾਤ' ਵਿੱਚ ਮੁੱਖ ਵਿਸ਼ਾ-ਵਸਤੂ ਜਗੀਰੂ ਪ੍ਰਬੰਧ ਵਿੱਚ ਪਿਸ ਰਹੇ ਲੋਕਾਂ ਦੇ ਯਥਾਰਥ ਦਾ ਬਿਆਨ ਹੈ ਪਰ ਇਸ ਦੀ ਅੰਤਿਮ ਸੂਝ 'ਵਿਰੋਧਤਾ ਦੇ ਸੱਭਿਆਚਾਰ' ਦੀ ਜ਼ਰੂਰਤ ਨੂੰ ਕੈਮਰਾਬੱਧ ਕਰਨਾ ਹੈ। ਇਸ ਤਰ੍ਹਾਂ ਗੋਬਿੰਦ ਨਿਹਲਾਨੀ ਦੀ ਫਿਲਮ 'ਪਾਰਟੀ' ਮੱਧ-ਵਰਗੀ ਤਬਕੇ ਦੀਆਂ ਕਦਰਾਂ-ਕੀਮਤਾਂ ਦੇ ਨਿਘਾਰ ਨੂੰ ਫੜਣ ਦੇ ਨਾਲ-ਨਾਲ ਨਰੋਈਆਂ ਕੀਮਤਾਂ ਦੀ ਚਿਰ-ਸਦੀਵਤਾ ਨੂੰ ਸਲਾਮ ਕਰਦੀ ਫਿਲਮ ਹੈ। ਜਿੱਥੇ ਫਿਲਮ 'ਅਰਧ-ਸੱਤਿਆ' ਪ੍ਰਸ਼ਾਸ਼ਨੀ ਪ੍ਰਬੰਧ ਦੀ ਬੇਰਹਿਮੀ ਅਤੇ ਕਰੂਰਤਾ ਨੂੰ ਨੰਗਿਆ ਕਰਦੀ ਹੈ, ਫਿਲਮ 'ਆਘਾਤ' ਟਰੇਡ ਯੂਨੀਅਨਾਂ ਦੀ ਅੰਦਰੂਨੀ ਸਿਆਸਤ ਤੋਂ ਪਰਦਾ ਉਠਾਉਂਦੀ ਹੈ। ਇਸੇ ਤਰ੍ਹਾਂ ਫਿਲਮ 'ਰਾਉ ਸਾਹਿਬ' ਪ੍ਰੰਪਰਾਗਤ ਰੂੜੀਆਂ ਅਤੇ ਆਧੁਨਿਕਤਾ ਦੇ ਦੋ ਪਾਟਾਂ ਵਿਚਕਾਰ ਫਸੀਆਂ ਔਰਤਾਂ ਦੀ ਹੱਡਬੀਤੀ ਤੇ ਅਧਾਰਿਤ ਹੈ।'

ਇੱਥੇ ਇਹ ਤੱਥ ਵੀ ਘੱਟ ਦਿਲਚਸਪ ਨਹੀਂ ਕਿ ਉਸ ਦੌਰ ਵਿੱਚ ਜਿਹਨਾਂ ਮੁਲਕਾਂ ਵਿੱਚ ਕਲਾ-ਸਿਨੇਮਾ ਅੰਦੋਲਨਾਂ ਦੇ ਅਸਰ ਹੇਠ ਫਿਲਮਾਂ ਬਣੀਆਂ ਉਹਨਾਂ ਵਿੱਚੋਂ ਬਹੁਤੇ ਤਾਜ਼ੇ-ਤਾਜ਼ੇ ਬਸਤੀਵਾਦ ਦੇ ਜੂਲੇ ਹੇਠੋਂ ਨਿਕਲੇ ਸਨ। ਬਹੁਤੇ ਮੁਲਕਾਂ ਵਿੱਚ ਆਵਾਮ ਕੁੱਲੀ-ਗੁਲੀ-ਜੁੱਲੀ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋਣ ਦੇ ਨਾਲ-ਨਾਲ ਨਵੀਆਂ ਸਰਕਾਰਾਂ ਦੀ ਬਸਤੀਵਾਦੀ ਜ਼ਿਹਨੀਅਤ ਨਾਲ ਵੀ ਲੜ ਰਿਹਾ ਸੀ। ਇਹਨਾਂ ਫਿਲਮਾਂ ਨਾਲ ਜੁੜੀਆਂ ਟੀਮਾਂ ਅਤੇ ਇਹਨਾਂ ਵਿੱਚ ਕੰਮ ਕਰਨ ਵਾਲੇ ਨੌਜਵਾਨ ਅਦਾਕਾਰਾਂ ਦੀਆਂ ਹਜ਼ਾਰਾਂ ਕਹਾਣੀਆਂ ਉਸ ਤਿਲਮਿਲਾਹਟ, ਬੇਚੈਨੀ ਅਤੇ ਖਿੱਝ ਨੂੰ ਜ਼ੁਬਾਨ ਦਿੰਦੀਆਂ ਸਨ ਜਿਸ ਨੂੰ ਇਹਨਾਂ ਮੁਲਕਾਂ ਦਾ ਆਵਾਮ ਬਹੁਤ ਸ਼ਿੱਦਤ ਨਾਲ ਆਪਣੇ ਪਿੰਡੇ ਤੇ ਹੰਢਾ ਰਿਹਾ ਸੀ। ਉਦਾਹਰਨ ਵੱਜੋਂ ਫਿਲਮ 'ਪਾਰਟੀ' ਵਿੱਚ ਇੱਕ ਉੱਚ-ਵਰਗੀ ਪਰਿਵਾਰ ਦੀ ਇੱਕਲੌਤੀ ਕੁੜੀ ਆਦਿਵਾਸੀਆਂ ਵਿੱਚ ਕੰਮ ਕਰਣ ਗਏ ਆਪਣੇ ਪ੍ਰੇਮੀ ਦੀ ਉਡੀਕ ਕਰ ਰਹੀ ਹੈ ਜਿਸ ਦੀ ਇਸ ਘਰ ਵਿੱਚ ਉੱਝ ਨਾ ਵੁੱਕਤ ਹੈ ਨਾ ਜ਼ਰੂਰਤ। ਇਸ ਘਰ ਦੇ ਬਾਸ਼ਿੰਦਿਆਂ ਲਈ ਤਹਿਜ਼ੀਬ ਦਾ ਅਰਥ ਚਲਾਵੇ ਅਰਥਾਂ ਵਾਲੀ ਵਕਤ ਤੋਂ ਭਗੌੜੀ ਹੋਈ ਕਵਿਤਾ ਮਾਣਨਾ, ਮਹਿੰਗੀ ਸ਼ਰਾਬ ਅਤੇ ਮਹਿੰਗੇ ਸ਼ੌਕਾਂ ਦੀ ਪੂਰਤੀ ਕਰਨਾ ਅਤੇ ਮੁਲਕ ਦੀ ਸਿਆਸੀ ਹਾਲਤ ਤੇ ਚਰਚਾ ਨੂੰ ਲਤੀਫੇਬਾਜ਼ੀ ਤੱਕ ਮਹਿਦੂਦ ਕਰ ਦੇਣਾ ਹੈ। ਇੱਕ ਸ਼ਾਮ ਅਜਿਹੀ ਹੀ ਇੱਕ 'ਸ਼ਾਨਦਾਰ' ਪਾਰਟੀ ਦੌਰਾਨ ਉਹਨਾਂ ਨੂੰ ਆਪਣੀ ਕੁੜੀ ਦੇ ਪ੍ਰੇਮੀ ਦੀ ਹੋਂਦ ਦੀ ਸਾਰਥਿਕਤਾ ਸਮਝ ਪੈਂਦੀ ਹੈ। ਉਸਦੀ ਮੌਤ ਵਿੱਚ ਧੜਕਦੀ ਜ਼ਿੰਦਗੀ ਉਹਨਾਂ ਦੀਆਂ ਰਗਾਂ ਵਿੱਚ ਝਨਝਨਾਹਟ ਛੇੜਦੀ ਹੈ। ਉਹਨਾਂ ਦਾ ਊਣਾਪਣ ਉਹਨਾਂ ਦੀ ਰੂਹ ਨੂੰ ਛਿੱਲਕੇ ਰੱਖ ਦਿੰਦਾ ਹੈ।




ਇਹਨਾਂ ਫਿਲਮਾਂ ਨੂੰ ਜਿੱਥੇ ਸਰਕਾਰੀ ਇਮਦਾਦ ਦਾ ਸਹਾਰਾ ਰਿਹਾ ਉੱਥੇ ਇਹਨਾਂ ਦੇ ਵਿਤਰਣ ਅਤੇ ਪੇਸ਼ਕਾਰੀ ਵਿੱਚ ਵੀ ਸਰਕਾਰੀ ਤੌਰ 'ਤੇ ਐਲਾਨੀਆ ਅਤੇ ਨੀਤੀਗਤ ਮਦੱਦ ਕੀਤੀ ਗਈ। ਮ੍ਰਿਣਾਲ ਸੇਨ ਦੀ ਫਿਲਮ 'ਭੁਵਨ ਸ਼ੋਮ' (ਬੰਗਾਲੀ) ਭਾਰਤ ਦੇ ਸਾਰੇ ਸਿਨਮਿਆਂ ਵਿੱਚ ਉਚੇਚੇ ਤੌਰ 'ਤੇ ਦਿਖਾਈ ਗਈ। ਇਹਨਾਂ ਫਿਲਮਾਂ ਦੀ ਇੱਕ ਮਹਤੱਵਪੂਰਨ ਦੇਣ ਇਹ ਵੀ ਸੀ ਕਿ ਇਹਨਾਂ ਤੇ ਇੱਕ ਕਲਾ-ਮਾਧਿਅਮ ਦੇ ਤੌਰ ਤੇ ਅੰਤਰਰਾਸ਼ਟਰੀ ਹਲਕਿਆਂ ਵਿੱਚ ਭਾਰਤੀ ਸਿਨੇਮਾ ਦਾ ਹਾਂ-ਪੱਖੀ ਅਕਸ ਘੜਣ ਵਿੱਚ ਮਿਸਾਲੀ ਹਿੱਸਾ ਪਾਇਆ। ਘੱਟ ਬਜਟ ਤੇ ਮਾੜੀਆਂ ਨਿਰਮਾਣ ਹਾਲਤਾਂ ਦੇ ਬਾਵਜੂਦ ਇਹਨਾਂ ਫਿਲਮਾਂ ਨੇ ਭਾਰਤੀ ਹੋਣ ਦੀ ਵਿਲੱਖਣਤਾ ਨੂੰ ਕੁੱਲ ਆਲਮ ਦੀਆਂ ਯਾਦਾਂ ਦਾ ਹਿੱਸਾ ਬਣਾ ਦਿੱਤਾ। ਆਪਣੀ ਇੱਕ ਇੰਟਰਵਿਊ ਵਿੱਚ ਸਿਨੇਮਾ ਦੇ ਜਾਣੇ-ਮਾਣੇ ਹਸਤਾਖਰ ਅਕੀਰਾ ਕੁਰੋਸੋਵਾ ਨੇ ਕਿਹਾ ਸੀ ਕਿ ਸੱਤਿਆਜੀਤ ਰੇਅ ਦਾ ਸਿਨੇਮਾ ਨਾ ਦੇਖਣਾ ਦੁਨੀਆ ਵਿੱਚ ਚੰਦ ਜਾਂ ਸੂਰਜ ਨੂੰ ਬਿਨਾਂ ਦੇਖੇ ਜਿਊਣ ਵਾਂਗ ਹੈ।

1980 ਦੇ ਅੰਤਿਮ ਸਾਲਾਂ ਵਿੱਚ ਆਲਮੀ ਪੱਧਰ ਤੇ ਕਈ ਅਜਿਹੀਆਂ ਤਬਦੀਲੀਆਂ ਹੋਈਆਂ ਜਿਹਨਾਂ ਨੇ ਨਵ-ਬਸਤੀਵਾਦੀ ਅਤੇ ਬਹੁਕੌਮੀ ਕੰਪਨੀਆਂ ਦੇ ਸਿਆਸਤ ਨਾਲ ਸਬੰਧਾਂ ਨੂੰ ਨਵੇਂ ਸਿਰਿਉਂ ਪ੍ਰੀਭਾਸ਼ਿਤ ਕੀਤਾ। ਜਰਮੀ ਸੀਬਰੁੱਕ ਆਪਣੀ ਕਿਤਾਬ 'ਦੀ ਵਰਲਡ ਗੀਮੇਡ ਬਾਈ ਦੀ ਮਾਰਕਿਟ' ਵਿੱਚ ਨਵੀਆਂ ਏਸ਼ਿਆਈ ਕੌਮੀਅਤਾਂ ਦੀ ਨਿਸ਼ਾਨਦੇਹੀ ਕਰਦਿਆਂ ਆਖਦਾ ਹੈ, 'ਜਿਉਂ-ਜਿਉਂ ਅਸੀਂ ਆਰਥਿਕ ਤੌਰ ਤੇ ਮਜ਼ਬੂਤ ਹੋ ਰਹੇ ਹਾਂ, ਤਿਉਂ-ਤਿਉਂ ਵਿਅਕਤੀਗਤ ਪ੍ਰਗਟਾਵੇ ਦੀ ਖੁੱਲ ਵੱਧ ਰਹੀ ਹੈ। ਲੋਕਾਂ ਵਿੱਚ ਹਰ ਤਰ੍ਹਾਂ ਦੀ ਅਸਮਾਨਤਾ ਵਧੀ ਹੈ। ਅਸੀਂ ਆਪਣੀਆਂ ਸਾਂਝੀਆਂ ਜ਼ਿੰਮੇਵਾਰੀਆਂ ਵੱਲ ਪਿੱਠ ਕਰ ਲਈ ਹੈ। ਖਹਿੜਾ ਛੜਾਉਣਾ, ਖੁਦ ਨੂੰ ਸਾਬਤ ਕਰਨਾ, ਆਪਣੀ ਹੋਂਦ ਦੀ ਅਸਲੀਅਤ ਤੋਂ ਟੁੱਟਣਾ ਨੌਜਵਾਨੀ ਨੂੰ ਧੱਕੀ ਲਈ ਜਾ ਰਿਹਾ ਹੈ। ਪਹਿਲਾਂ ਉਹਨਾਂ ਬੰਧਨਾਂ/ਰੂੜੀਆਂ/ਰਵਾਇਤਾਂ ਅਤੇ ਮਿੱਥਾਂ ਤੋਂ ਬਾਹਰ ਨਿਕਲਣ ਦੀ ਗੱਲ ਹੁੰਦੀ ਸੀ ਜਿਹੜੀਆਂ ਸੱਭਿਅਤਾ ਦੇ ਵਿਕਾਸ-ਕ੍ਰਮ ਦਾ ਸੁਭਾਵਿਕ ਹਿੱਸਾ ਸਨ ਪਰ ਹੁਣ ਸਾਂਝੀਆਂ ਰੀਤਾਂ/ਰਵਾਇਤਾਂ ਨੂੰ ਤਿਲਾਂਜਲੀ ਦੇਣ ਦਾ ਰੌਲਾ ਵੱਧਦਾ ਜਾ ਰਿਹਾ ਹੈ। ਨਿੱਜੀ ਜ਼ਰੂਰਤਾਂ ਅਤੇ ਨਿੱਜੀ ਸਪੇਸ ਦੀ ਤਲਾਸ਼ ਬੰਦੇ ਨੂੰ ਖੁਦ ਵਿੱਚੋਂ ਖੁਦ ਨੂੰ ਹੀ ਮਨਫੀ ਕਰਨ ਦੇ ਕੰਢੇ ਤੇ ਲੈ ਆਈ ਹੈ।"




ਭਾਰਤ ਵਿੱਚ 1991 ਵਿੱਚ ਸੱਤਾ ਵਿੱਚ ਬਿਰਾਜਮਾਨ ਨਰ੍ਹਸਿਮਾ ਰਾਉ ਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਦਾ ਭਾਰਤੀ ਸਿਨੇਮਾ ਵਿੱਚ ਕਲਾ-ਅੰਦੋਲਨ ਦੇ ਖਤਮ ਹੋਣ ਨਾਲ ਕੀ ਰਿਸ਼ਤਾ ਬਣਦਾ ਹੈ? ਇਸ ਬਾਰੇ ਅਧਿਐਨ ਦਰਸ਼ਕਾਂ ਨੂੰ ਅੰਤਰਰਾਸ਼ਟਰੀ ਮੁਦਰਾ ਕੋਸ਼, ਵਿਸ਼ਵ ਬੈਂਕ ਅਤੇ ਉਸ ਦੀਆਂ ਸਹਿਯੋਗੀ ਆਰਥਿਕ ਤਾਕਤਾਂ ਤੱਕ ਲੈ ਜਾਂਦਾ ਹੈ। ਇਹਨਾਂ ਨੀਤੀਆਂ ਦੇ ਤਹਿਤ ਕਿਵੇਂ ਟੀ.ਵੀ ਅਤੇ ਕੇਬਲ ਦੀ ਕ੍ਰਾਂਤੀ ਨੇ ਪੱਛਮ ਵਿੱਚ ਆਪਣੀ ਸਾਰਥਿਕਤਾ ਖੋ ਚੁੱਕੀ ਮੰਨੋਰੰਜਨ ਸਮੱਗਰੀ ਨੂੰ ਭਾਰਤੀ ਦਰਸ਼ਕਾਂ ਅੱਗੇ ਪਰੋਸਿਆ ਅਤੇ ਵੇਚਿਆ, ਇਸ ਨੂੰ ਸਿਰਫ ਆਰਥਿਕ ਪ੍ਰੀਭਾਸ਼ਾਵਾਂ ਨਾਲ ਨਹੀਂ ਸਮਝਿਆ ਜਾ ਸਕਦਾ।

ਹੁਣ ਵੀ ਲੀਕ ਤੋਂ ਹਟਕੇ ਫਿਲਮਾਂ ਬਣ ਰਹੀਆਂ ਹਨ, ਫਿਲਮਸ਼ਾਜ਼ ਚੇਤੰਨ ਰੂਪ ਵਿੱਚ ਨਵੇਂ ਤਜਰਬੇ ਕਰ ਰਹੇ ਹਨ ਪਰ ਇਹਨਾਂ ਦੀ ਸਿਆਸੀ ਧਾਰ ਖੁੰਢੀ ਹੋ ਚੁੱਕੀ ਹੈ। ਫਿਲਮਾਂ ਵਿੱਚ ਸ਼ੇਅਰ ਮਾਰਕਿਟਾਂ, ਹਵਾਲਿਆਂ, ਘਪਲਿਆਂ, ਨਸ਼ੇ/ਮਨੁੱਖੀ ਸਰੀਰਾਂ/ਹਥਿਆਰਾਂ ਦੀ ਤਸਕਰੀ ਅਤੇ ਬੇਨਾਮੀ ਜਾਇਦਾਦਾਂ ਨੂੰ ਵੇਚਕੇ ਵੱਟਿਆ ਹੋਇਆ ਪੈਸਾ ਲੱਗ ਰਿਹਾ ਹੈ। ਸੌ ਕਰੋੜੀ ਤੋਂ ਹਜ਼ਾਰ ਕਰੋੜੀ ਵਿੱਚ ਵੱਟ ਰਹੀਆਂ ਫਿਲਮਾਂ ਦਾ ਵੱਡਾ ਹਿੱਸਾ 'ਸੌਫਟ ਪੌਰਨ' ਨੂੰ 'ਨਿੱਜੀ ਆਜ਼ਾਦੀ ਦੀ ਜੰਗ' ਵੱਜੋਂ ਪਰੋਸ ਰਿਹਾ ਹੈ। 'ਨੀਰਜਾ', 'ਸਰਬਜੀਤ' ਤੇ 'ਮਿਲਖਾ ਸਿੰਘ' 'ਮੈਰੀ ਕੌਮ' ਵਰਗੀਆਂ ਕਹਾਣੀਆਂ ਆਪਣੀਆਂ ਸਿਰਜੀਆਂ ਮਿੱਥਾਂ ਦੀ ਘੁੰਮਣਘੇਰੀ ਵਿੱਚ ਫਸਕੇ ਦਮ ਤੋੜ ਰਹੀਆਂ ਹਨ। 'ਬਾਹੂਬਲੀ' ਵਰਗੀਆਂ ਫਿਲਮਾਂ ਦੇ ਸਿਰਜੇ ਉਨਮਾਦ ਦੇ ਦੌਰ ਦੀ ਇਸ ਨਾਉਮੀਦੀ ਵਿੱਚ ਵੀ ਇਹ ਸਵਾਲ ਜ਼ਿੰਦਾ ਹੈ ਕਿ ਕੀ ਸਿਨੇਮਾ ਵੀ ਜ਼ਿੰਦਗੀ ਦੇ ਬਾਕੀ ਖੇਤਰਾਂ ਦੀ ਤਰ੍ਹਾਂ ਭਾਰਤੀ ਸਿਆਸਤ ਦੇ ਨਵੇਂ ਚੈਪਟਰ ਦੀ ਤਾਂਘ ਵਿੱਚ ਹੈ।

(ਬਾਕੀ ਅਗਲੇ ਅੰਕ ਵਿੱਚ)

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੇਂਟਸ ਜਾਂ ਗਰੈਂਡ ਪੇਰੇਂਟਸ ਦੇ ਸੁਪਰ ਵੀਜ਼ਾ ਜਾਂ ਰੇਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

SUPER VISA INSURANCE
Punjab Insurance Inc.
Financial Security Advisor
Disability Insurance | Life Insurance | Critical Illness Insurance |
Mortgage Insurance Segregated Funds | RRSP & TFSA | RESP |
10-7003 Steeles West, Etobicoke ON
M9W OA2
Tel : 647-988-4009, Fax : 416-213-9010 E-mail : gillh19@yahoo.com

Harbans Singh Gill
CAIIB

# ਸੰਗਰਾਮੀ ਇਤਿਹਾਸ ਦੇ ਪੰਨਿਆਂ 'ਤੇ ਸਦਾ ਚਮਕੇਗਾ - ਸ਼ਹੀਦ ਪ੍ਰਿਥੀਪਾਲ ਰੰਧਾਵਾ

ਪਾਵੇਲ ਕੁੱਸਾ

*ਅੱਜ ਦੇ ਦੌਰ ਵਿੱਚ, ਨਵੀਆਂ ਆਰਥਿਕ ਨੀਤੀਆਂ ਦਾ ਹੱਲਾ ਸਿੱਖਿਆ ਖੇਤਰ ਦਾ ਤੇਜ਼ੀ ਨਾਲ ਨਿੱਜੀਕਰਨ ਤੇ ਵਪਾਰੀਕਰਨ ਕਰ ਰਿਹਾ ਹੈ। ਸਰਕਾਰ ਆਏ ਦਿਨ ਸਿੱਖਿਆ ਤੇ ਖਰਚ ਕਰਨ ਤੋਂ ਹੱਥ ਘੁੱਟਦੀ ਆ ਰਹੀ ਹੈ। ਫੰਡ, ਗ੍ਰਾਂਟਾ ਸੁੰਗੇੜਦੀ ਆ ਰਹੀ ਹੈ। ਸਰਕਾਰੀ ਕਾਲਜ, ਸਕੂਲ ਅਧਿਆਪਕਾਂ ਤੋਂ ਸੱਖਣੇ ਹੋ ਰਹੇ ਹਨ। ਪ੍ਰਾਈਵੇਟ ਅਧਿਆਪਕ ਰੱਖਕੇ ਕੰਮ ਚਲਾਇਆ ਜਾ ਰਿਹਾ ਹੈ, ਬੋਝ ਵਿਦਿਆਰਥੀਆਂ 'ਤੇ ਪਾਇਆ ਜਾ ਰਿਹਾ ਹੈ। ਪ੍ਰਾਈਵੇਟ ਵਿਦਿਅਕ ਸੰਸਥਾਵਾਂ ਮਨ-ਮਰਜ਼ੀ ਦੇ ਫੀਸਾਂ ਫੰਡ ਬਟੋਰ ਕੇ ਵਿਦਿਆਰਥੀਆਂ ਦੀ ਅੰਨੀ ਲੁੱਟ ਕਰ ਰਹੇ ਹਨ। ਨਿੱਤ ਨਵੇਂ ਵਪਾਰੀ-ਕਾਰੋਬਾਰੀ ਵਿਦਿਅਕ ਖੇਤਰ ਵਿੱਚ ਦਾਖ਼ਲ ਹੋ ਰਹੇ ਹਨ ਤੇ ਚੰਮ ਦੀਆਂ ਚਲਾ ਰਹੇ ਹਨ।*

70 ਵਿਆਂ ਦਾ ਦਹਾਕਾ ਪੰਜਾਬ ਦੀ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਦੇ ਸ਼ਾਨਾਮੱਤੇ ਇਤਿਹਾਸ ਦਾ ਸਮਾਂ ਹੈ ਜਦੋਂ ਪੰਜਾਬ ਦੀ ਜਵਾਨੀ ਨੇ ਲੋਕਾਂ ਨੂੰ ਹੱਕਾਂ ਲਈ ਜੂਝਣ ਦਾ ਰਾਹ ਵਿਖਾਇਆ ਤੇ ਸ਼ਾਨਦਾਰ ਇਨਕਲਾਬੀ ਭੂਮਿਕਾ ਅਦਾ ਕੀਤੀ। ਪ੍ਰਿਥੀਪਾਲ ਰੰਧਾਵਾ ਇਸ ਲਹਿਰ ਦਾ ਅਜਿਹਾ ਨਾਇਕ ਸੀ ਜੀਹਦੀ ਅਗਵਾਈ ਵਿੱਚ ਪੰਜਾਬ ਦੇ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਸ਼ਾਨਦਾਰ ਸੰਗਰਾਮੀ ਰਵਾਇਤਾਂ ਸਿਰਜੀਆਂ ਜਿਹੜੀਆਂ ਅੱਜ ਵੀ ਸਾਡਾ ਰਾਹ ਰੁਸ਼ਨਾਉਂਦੀਆਂ ਹਨ। ਭਾਵੇਂ 18 ਜੁਲਾਈ 1979 ਨੂੰ ਅਕਾਲੀ ਸਰਕਾਰ ਦੇ ਗੁੰਡਿਆਂ ਨੇ ਪ੍ਰਿਥੀ ਨੂੰ ਜਿਸਮਾਨੀ ਤੌਰ 'ਤੇ ਸਾਡੇ ਕੋਲੋਂ ਖੋਹ ਲਿਆ ਪਰ ਉਹਦੀ ਜੀਵਨ ਘਾਲਣਾ ਤੇ ਸ਼ਹਾਦਤ ਸਾਡੇ ਲਈ ਪ੍ਰੇਰਨਾ ਦਾ ਅਮੁੱਕ ਸੋਮਾ ਹੈ।

ਪ੍ਰਿਥੀ ਦਾ ਜੀਵਨ ਤੇ ਪੀ.ਐਸ.ਯੂ. ਦਾ ਸਫ਼ਰ ਇਕ ਦੂਜੇ ਨਾਲ ਏਨੀ ਗਹਿਰੀ ਤਰਾਂ ਜੁੜਿਆ ਹੈ ਕਿ ਵੱਖ-2 ਕਰਕੇ ਨਹੀਂ ਦੇਖਿਆ ਜਾ ਸਕਦਾ। 5 ਮਾਰਚ, 1952 ਨੂੰ ਜਨਮਿਆ ਪ੍ਰਿਥੀ ਜਦੋਂ ਟਾਂਡੇ ਕਾਲਜ ਤੋਂ ਪਰੀ-ਮੈਡੀਕਲ ਕਰਕੇ ਪੀ.ਏ.ਯੂ. ਲੁਧਿਆਣੇ ਦਾਖਲ ਹੋਇਆ ਤਾਂ ਉਦੋਂ ਤੋਂ ਹੀ ਉਹਨੇ ਸਮਾਜ ਵਿੱਚ ਫੈਲੇ ਲੁੱਟ, ਜਬਰ, ਅਨਿਆਂ ਤੇ ਵਿਤਕਰਿਆਂ ਨੂੰ ਨੀਝ ਨਾਲ ਘੋਖਣਾ ਸ਼ੁਰੂ ਕਰ ਦਿੱਤਾ। ਉਹਨੇ ਬਾਕੀ ਦੀ ਜ਼ਿੰਦਗੀ ਨੌਜਵਾਨਾਂ, ਵਿਦਿਆਰਥੀਆਂ ਤੇ ਹੋਰਨਾਂ ਮਿਹਨਤਕਸ਼ ਤਬਕਿਆਂ ਦਾ ਰਾਹ ਰੁਸ਼ਨਾਉਣ ਦੇ ਲੇਖੇ ਲਾਈ ਅਤੇ ਅੰਤ ਆਪਣੇ ਲਹੂ ਦਾ ਆਖਰੀ ਕਤਰਾ ਵੀ ਲੋਕ ਹੱਕਾਂ ਦੀ ਲਹਿਰ ਦੇ ਬੂਟੇ ਨੂੰ ਸਿੰਜਣ ਲਈ ਵਹਾ ਦਿੱਤਾ।

ਪ੍ਰਿਥੀ ਤੇ ਸਾਥੀਆਂ ਨੇ 70-71 ਦੇ ਅਜਿਹੇ ਔਖੇ ਵੇਲਿਆਂ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਝੰਡੇ ਹੇਠ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਦਾ ਬੀੜਾ ਚੁੱਕਿਆ ਜਦੋਂ ਪੰਜਾਬ ਵਿੱਚ ਨੌਜਵਾਨਾਂ ਨੂੰ ਹੱਕ ਸੱਚ ਦੀ ਗੱਲ ਕਰਨ ਬਦਲੇ ਵੱਡੀ ਕੀਮਤ ਤਾਰਨੀ ਪੈਂਦੀ ਸੀ। ਪੰਜਾਬ ਵਿੱਚ ਇਨਕਲਾਬੀ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਏ ਜਾ ਰਹੇ ਸਨ। ਕਾਲਜਾਂ-ਯੂਨੀਵਰਸਿਟੀਆਂ ਦੇ ਧੱਕੜ ਅਧਿਕਾਰੀ ਚੰਮ ਦੀਆਂ ਚਲਾਉਂਦੇ ਸਨ, ਵਿਦਿਅਕ ਸੰਸਥਾਵਾਂ ਧੱਕੜ ਪੁਲਿਸ ਅਫ਼ਸਰਾਂ ਲਈ ਜਬਰ ਦੇ ਅਖਾੜੇ ਬਣੀਆਂ ਹੋਈਆਂ ਸਨ। ਪਹਿਲੇ ਸਾਲਾਂ ਵਿੱਚ ਬਣੀ ਪੀ. ਐਸ. ਯੂ. ਇਨਕਲਾਬੀਆਂ ਅੰਦਰ ਉੱਠੇ ਗਲਤ ਰੁਝਾਨ ਦੀ ਭੇਂਟ ਚੜ ਕੇ ਖਿੰਡ ਪੁੰਡ ਗਈ ਸੀ। ਅਜਿਹੇ ਵੇਲਿਆਂ ਵਿੱਚ ਪ੍ਰਿਥੀ ਤੇ ਸਾਥੀਆਂ ਨੇ ਆਪਣੀਆਂ ਜ਼ਿੰਦਗੀਆਂ ਦੀ ਪ੍ਰਵਾਹ ਨਾ ਕਰਦਿਆਂ ਪੀ.ਐਸ.ਯੂ. ਦਾ ਬੂਟਾ ਲਾਇਆ। ਪੀ.ਐਸ.ਯੂ. ਨੇ ਅਜੇ ਮੁੱਢਲੇ ਕਦਮ ਹੀ ਪੁੱਟੇ ਸਨ ਕਿ ਮੋਗੇ ਵਿੱਚ ਰੀਗਲ ਸਿਨੇਮੇ ਦੇ ਮਾਲਕਾਂ ਦੀ ਗੁੰਡਾਗਰਦੀ ਖਿਲਾਫ਼ ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ 'ਤੇ ਪੁਲਿਸ ਨੇ ਗੋਲੀ ਚਲਾ ਦਿੱਤੀ। ਦੋ ਵਿਦਿਆਰਥੀ ਹਰਜੀਤ ਤੇ ਸਵਰਨ ਤੇ ਹੋਰ ਲੋਕ ਸ਼ਹੀਦ ਕਰ ਦਿੱਤੇ। ਹਕੂਮਤ ਦੇ ਇਸ ਜਬਰ ਖਿਲਾਫ਼ ਵਿਦਿਆਰਥੀ ਰੋਹ ਦੀ ਕਾਂਗ ਉੱਠ ਖੜੀ ਹੋਈ। ਪੰਜਾਬ ਵਿੱਚ ਵਿਦਿਆਰਥੀਆਂ ਦਾ ਗੁੱਸਾ ਫੁੱਟ ਪਿਆ ਤੇ ਮੋਗਾ ਸੰਗਰਾਮ ਛਿੜ ਪਿਆ। ਹਾਕਮਾਂ ਦੀਆਂ ਸਭਨਾਂ ਚਾਲਾਂ ਨੂੰ ਫੇਲ ਕਰਦਿਆਂ ਪਿਰਥੀ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੇ ਅਜਿਹਾ ਦਲੇਰਾਨਾ ਸੰਗਰਾਮ ਲੜਿਆ ਜੀਹਨੇ ਪੰਜਾਬ ਦੀ ਜਨਤਕ ਇਨਕਲਾਬੀ ਲਹਿਰ ਨੂੰ ਨਵਾਂ ਮੁਹਾਂਦਰਾ ਦਿੱਤਾ। ਪੁਲਸ ਜਬਰ ਮੂਹਰੇ ਬੇਵੱਸ ਹੋਈ ਜਵਾਨੀ ਨੂੰ ਪਿਰਥੀ ਨੇ ਸਹੀ ਸੇਧ ਦਿੱਤੀ। ਮੋਗੇ ਦੇ ਇਸ ਲੰਬੇ ਖਾੜਕੂ ਘੋਲ ਨੇ ਇਨਕਲਾਬੀ ਨੌਜਵਾਨਾਂ ਦੇ ਕਤਲ ਵਰਗੇ ਅਨਰਥ ਕਰਨ ਤੋਂ ਹਾਕਮਾਂ ਦੇ ਮਨਾਂ ਵਿੱਚ ਤਹਿਕਾ ਬਿਠਾ ਦਿੱਤਾ ਅਤੇ ਪੰਜਾਬ ਦੇ ਲੋਕਾਂ ਸਾਹਮਣੇ ਹੱਕਾਂ ਲਈ ਜਥੇਬੰਦ ਹੋ ਕੇ ਲੰਮੇ ਖਾੜਕੂ ਸੰਘਰਸ਼ਾਂ ਦੇ ਰਾਹ ਪੈਣ ਦੀ ਮਿਸਾਲ ਪੈਦਾ ਕੀਤੀ।

ਇਸਤੋਂ ਬਾਅਦ ਪਿਰਥੀ ਦੀ ਅਗਵਾਈ ਵਿੱਚ ਪੀ.ਐਸ.ਯੂ. ਨੇ ਵਿਦਿਆਰਥੀ ਮੰਗਾਂ ਜਿਵੇਂ ਬੱਸ ਪਾਸ ਸਹੂਲਤ ਹਾਸਲ ਕਰਨ, ਵਧਦੀਆਂ ਫੀਸਾਂ ਦਾ ਵਿਰੋਧ ਕਰਨ, ਸਸਤੀਆਂ ਮੈੱਸਾਂ-ਕੰਟੀਨਾਂ ਤੇ ਹੋਸਟਲਾਂ ਦੇ ਇੰਤਜ਼ਾਮ ਕਰਵਾਉਣ, ਸਸਤੀਆਂ ਕਿਤਾਬਾਂ ਕਾਪੀਆਂ ਹਾਸਲ ਕਰਨ, ਵਿਦਿਅਕ ਸੰਸਥਾਵਾਂ ਵਿੱਚ ਜਮਹੂਰੀ ਮਾਹੌਲ ਸਿਰਜਣ ਤੇ ਹੋਰਨਾਂ ਮਸਲਿਆਂ ਤੇ ਅਨੇਕਾਂ ਹੀ ਪੰਜਾਬ ਪੱਧਰੇ ਤੇ ਸਥਾਨਕ ਪੱਧਰੇ ਸੰਘਰਸ਼ ਲੜੇ ਅਤੇ ਜਿੱਤਾਂ ਜਿੱਤੀਆਂ।

ਪ੍ਰਿਥੀਪਾਲ ਰੰਧਾਵਾ ਸਾਧਾਰਨ ਵਿਦਿਆਰਥੀ ਆਗੂ ਨਹੀਂ ਸੀ ਸਗੋਂ ਜੁਝਾਰੂ ਇਨਕਲਾਬੀ ਲੋਕ ਆਗੂ ਸੀ ਜੀਹਦੀ ਅਗਵਾਈ ਵਿੱਚ ਵਿਦਿਆਰਥੀ ਸਿਰਫ਼ ਆਪਣੇ ਤਬਕੇ ਦੇ ਮਸਲਿਆਂ ਤੱਕ ਹੀ ਸੀਮਤ ਨਾ ਰਹੇ ਸਗੋਂ ਆਪਣੇ ਇਨਕਲਾਬੀ ਸਮਾਜਿਕ ਰੋਲ ਦੀ ਪਹਿਚਾਣ ਕਰਦਿਆਂ ਸਮਾਜ ਦੇ ਹੋਰਨਾਂ ਮਿਹਨਤਕਸ਼ ਤਬਕਿਆਂ ਲਈ ਜੂਝਣ ਦੀ ਪ੍ਰੇਰਨਾ ਵੀ ਬਣੇ। ਸਮਾਜ ਵਿੱਚ ਲੋਕਾਂ 'ਤੇ ਅਸਰ ਪਾਉਣ ਵਾਲੇ ਵੱਡੇ ਮਸਲਿਆਂ ਤੇ ਖਾਸ ਕਰ ਜਦੋਂ ਲੋਕਾਂ ਨੂੰ ਭੁਚਲਾਉਣ ਲਈ ਲੋਕ ਦੋਖੀ ਤਾਕਤਾਂ ਆਪਣਾ ਤਾਣ ਲਗਾਉਂਦੀਆਂ ਰਹੀਆਂ ਤਾਂ ਪੰਜਾਬ ਦੇ ਨੌਜਵਾਨ ਵਿਦਿਆਰਥੀਆਂ ਨੇ ਪਿਰਥੀ ਦੀ ਅਗਵਾਈ ਵਿੱਚ ਕਿਰਤੀ ਲੋਕਾਂ ਦਾ ਮਾਰਗ ਰੌਸ਼ਨ ਕੀਤਾ।

1974 ਵਿੱਚ ਮੁਲਕ ਦੀ ਜਨਤਾ ਵਿੱਚ ਇੰਦਰਾ ਗਾਂਧੀ ਹਕੂਮਤ ਖਿਲਾਫ਼ ਉੱਠੀ ਬੇਚੈਨੀ ਨੂੰ ਹਾਕਮ ਜਮਾਤਾਂ ਦੇ ਹੀ ਦੂਸਰੇ ਹਿੱਸੇ ਵਰਤਣ ਲਈ ਤੁਰੇ। ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿੱਚ ਜੁੜੇ ਮੌਕਾਪ੍ਰਸਤ ਟੋਲੇ ਨੇ ਲੋਕਾਂ ਦੇ ਸਾਹਮਣੇ ਫ਼ਰੇਬੀ ਨਾਹਰੇ ਪੇਸ਼ ਕੀਤੇ ਅਤੇ ਲੋਕਾਂ ਦੀ ਲਹਿਰ ਨੂੰ ਪਟੜੀ ਤੋਂ ਲਾਹ ਕੇ ਆਪਣੀਆਂ ਵੋਟ ਗਿਣਤੀਆਂ ਵਾਸਤੇ ਵਰਤਣ ਦੇ ਯਤਨ ਕੀਤੇ। ਭ੍ਰਿਸ਼ਟਾਚਾਰ, ਮਹਿੰਗਾਈ, ਗਰੀਬੀ ਹਟਾਉ ਦੇ ਅਮੂਰਤ ਤੇ ਬੇ-ਨਕਸ਼ ਨਾਅਰੇ ਦਿੱਤੇ ਗਏ। ਅਜਿਹੇ ਸਮੇਂ ਪੰਜਾਬ ਦੇ ਵਿਦਿਆਰਥੀਆਂ ਨੇ ਪ੍ਰਿਥੀ ਦੀ ਅਗਵਾਈ ਵਿੱਚ ਮਿਹਨਤਕਸ਼ ਲੋਕਾਂ ਨੂੰ ਸਹੀ ਸੇਧ ਦਿੱਤੀ। ਪੀ.ਐਸ.ਯੂ. ਨੇ ਮੋਗੇ ਵਿੱਚ ਨੌਜਵਾਨ ਭਾਰਤ ਸਭਾ ਤੇ ਹੋਰਨਾਂ ਮਿਹਨਤਕਸ਼ ਤਬਕਿਆਂ ਦੇ ਸਹਿਯੋਗ ਨਾਲ 'ਸੰਗਰਾਮ ਰੈਲੀ' ਜਥੇਬੰਦ ਕਰਕੇ ਮੌਕਾਪ੍ਰਸਤ ਟੋਲੇ ਦਾ ਕਿਰਦਾਰ ਨੰਗਾ ਕੀਤਾ ਅਤੇ 'ਸੰਕਟ ਮੂੰਹ ਆਈ ਕੌਮ ਲਈ ਕਲਿਆਣ ਦਾ ਮਾਰਗ' ਪੇਸ਼ ਕੀਤਾ।

26 ਜੂਨ 1975 ਵਿੱਚ ਇੰਦਰਾ ਗਾਂਧੀ ਸਰਕਾਰ ਨੇ ਆਪਣੀ ਕੁਰਸੀ ਬਚਾਉਣ ਲਈ ਤੇ ਲੋਕ ਬੇਚੈਨੀ ਨੂੰ ਕੁਚਲਣ ਲਈ ਸਾਰੇ ਦੇਸ਼ ਵਿੱਚ ਐਮਰਜੈਂਸੀ



ਮੜ ਦਿੱਤੀ। ਸਭਨਾਂ ਲੋਕ ਪੱਖੀ ਤੇ ਜਮਹੂਰੀ ਸ਼ਕਤੀਆਂ ਉੱਤੇ ਜਬਰ ਦਾ ਝੱਖੜ ਝੁਲਾ ਦਿੱਤਾ। ਪੀ.ਐਸ.ਯੂ. ਨੇ ਆਪਣੀਆਂ ਸੰਗਰਾਮੀ ਰਵਾਇਤਾਂ ਤੇ ਪਹਿਰਾ ਦਿੰਦਿਆਂ ਇਸ ਵੰਗਾਰ ਨੂੰ ਕਬੂਲ ਕੀਤਾ। ਅੰਨੇ ਹਕੂਮਤੀ ਜਬਰ ਦੇ ਦੌਰ ਵਿੱਚ ਤੇ ਐਮਰਜੈਂਸੀ ਦੀਆਂ ਸਖਤ ਪਾਬੰਦੀਆਂ ਦੇ ਬਾਵਜੂਦ 'ਐਮਰਜੈਂਸੀ ਖਤਮ ਕਰੋ' ਤੇ 'ਜਮਹੂਰੀ ਹੱਕ ਬਹਾਲ ਕਰੋ' ਦੀਆਂ ਆਵਾਜ਼ਾਂ ਕਾਂਗਰਸੀ ਹਾਕਮਾਂ ਨੂੰ ਕੰਬਣੀਆਂ ਛੇੜਦੀਆਂ ਰਹੀਆਂ। 'ਅਸੀਂ ਜਿਉਂਦੇ-ਅਸੀਂ ਜਾਗਦੇ' ਦਾ ਸੱਦਾ ਲਾਉਂਦੀਆਂ ਰਹੀਆਂ। ਪੀ.ਐਸ.ਯੂ. ਦੇ ਆਗੂਆਂ-ਵਰਕਰਾਂ ਨੇ ਪੁਲਸੀ ਕਹਿਰ ਨੂੰ ਖਿੜੇ ਮੱਥੇ ਝੱਲਿਆ। ਰੰਧਾਵੇ ਨੂੰ ਮੀਸਾ ਕਾਨੂੰਨ ਤਹਿਤ ਗ੍ਰਿਫਤਾਰ ਕੀਤਾ ਗਿਆ, ਕਹਿਰਾਂ ਦਾ ਜਬਰ ਢਾਹਿਆ ਗਿਆ ਪਰ ਪ੍ਰਿਥੀ ਅਡੋਲ ਰਿਹਾ, ਉਹਨੂੰ ਝੁਕਾਇਆ ਨਾ ਜਾ ਸਕਿਆ। ਡੇਢ ਸਾਲ ਜੇਲ ਵਿੱਚ ਰਹਿਣ ਮਗਰੋਂ ਮੁੜ ਆ ਸੰਗਰਾਮ ਦੇ ਮੈਦਾਨ ਵਿੱਚ ਕੁੱਦਿਆ।

ਪ੍ਰਿਥੀ ਦੀ ਅਗਵਾਈ ਵਿੱਚ ਹੀ ਪੰਜਾਬ ਦੇ ਵਿਦਿਆਰਥੀਆਂ ਨੇ ਹਰ ਮਿਹਨਤਕਸ਼ ਤਬਕੇ ਦੇ ਸੰਘਰਸ਼ਾਂ ਨੂੰ ਜਾ ਹਮਾਇਤੀ ਕੰਨਾ ਲਾਇਆ ਤੇ ਬੇ-ਗਰਜ਼ ਭਰਾਤਰੀ ਹਮਾਇਤ ਦੀਆਂ ਪਿਰਤਾਂ ਪਾਈਆਂ। ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਹੋਰਨਾਂ ਮਿਹਨਤਕਸ਼ ਤਬਕਿਆਂ ਨਾਲ ਸਾਂਝੇ ਸੰਘਰਸ਼ਾਂ ਦੀਆਂ ਤੰਦਾਂ ਮਜ਼ਬੂਤ ਕੀਤੀਆਂ।

ਪ੍ਰਿਥੀ ਨੇ ਜਮਹੂਰੀ ਹੱਕਾਂ ਦੇ ਦਮਨ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਉਹਦੀ ਅਗਵਾਈ ਵਿੱਚ ਹੀ ਵਿਦਿਆਰਥੀਆਂ ਨੇ ਪੰਜਾਬ ਦੇ ਕਿਰਤੀ ਲੋਕਾਂ ਵਿੱਚ ਜਮਹੂਰੀ ਹੱਕਾਂ ਦੀ ਸੋਝੀ ਦਾ ਸੰਚਾਰ ਕਰਨ ਦੇ ਯਤਨਾਂ ਵਿੱਚ ਭਰਪੂਰ ਹਿੱਸਾ ਪਾਇਆ। ਪੀ.ਐਸ.ਯੂ. ਨੇ ਜਮਹੂਰੀ ਹੱਕਾਂ ਦੀ ਰਾਖੀ ਲਈ ਮੋਗੇ ਵਿੱਚ ਵਿਸ਼ਾਲ ਮਾਰਚ ਜਥੇਬੰਦ ਕੀਤਾ।

ਰੰਧਾਵਾ ਗੰਭੀਰ, ਸੂਝਵਾਨ, ਹੋਣਹਾਰ ਤੇ ਨਿਧੜਕ ਆਗੂ ਸੀ ਜੀਹਨੇ ਬੇਹੱਦ ਕਸੂਤੀਆਂ ਹਾਲਤਾਂ ਵਿੱਚ ਪੀ.ਐਸ.ਯੂ. ਖੜੀ ਕਰਨ, ਇਹਦੀ ਅਗਵਾਈ ਕਰਨ, ਪੰਜਾਬ ਵਿੱਚ ਜਨਤਕ ਜਮਹੂਰੀ ਲਹਿਰ ਨੂੰ ਤਕੜੀ ਕਰਨ ਤੇ ਵੱਖ-ਵੱਖ ਤਬਕਿਆਂ ਦੀ ਸੰਗਰਾਮੀ ਸਾਂਝ ਦੀਆਂ ਰਵਾਇਤਾਂ ਕਾਇਮ ਕੀਤੀਆਂ। ਰੰਧਾਵੇ ਦੀ ਅਗਵਾਈ ਵਿੱਚ ਹੀ ਪੰਜਾਬ ਦੀ ਵਿਦਿਆਰਥੀ ਲਹਿਰ ਨੂੰ ਫਿਰਕੂ ਵਣਜਾਰਿਆਂ ਦੇ ਜ਼ਹਿਰੀ ਡੰਗਾਂ ਤੋਂ ਮੁਕਤ ਰੱਖਿਆ ਜਾ ਸਕਿਆ ਤੇ ਨੌਜਵਾਨਾਂ-ਵਿਦਿਆਰਥੀਆਂ ਨੇ ਸਮਾਜ ਵਿੱਚ ਫਿਰਕੂ ਸਦਭਾਵਨਾ ਦਾ ਹੋਕਾ ਦਿੱਤਾ।

ਪੰਜਾਬ ਦੇ ਵਿਦਿਆਰਥੀਆਂ ਨੌਜਵਾਨਾਂ ਵਿੱਚ ਹੀ ਨਹੀਂ ਸਗੋਂ ਹੋਰਨਾਂ ਮਿਹਨਤਕਸ਼ ਤਬਕਿਆਂ ਵਿੱਚ ਵੀ ਪ੍ਰਿਥੀਪਾਲ ਰੰਧਾਵਾ ਸਤਿਕਾਰਿਆ ਤੇ ਪਿਆਰਿਆ ਜਾਣ ਲੱਗ ਪਿਆ ਸੀ। ਉਹ ਸਮੇਂ ਦੇ ਹਾਕਮਾਂ ਲਈ ਇਕ ਵੰਗਾਰ ਸੀ। ਮੌਕੇ ਦੀ ਅਕਾਲੀ ਸਰਕਾਰ ਦੇ ਪਾਲਤੂ ਗੁੰਡਿਆਂ ਨੇ ਉਹਨੂੰ ਅਗਵਾ ਕਰਕੇ ਕਹਿਰਾਂ ਦਾ ਤਸ਼ੱਦਦ ਢਾਹਿਆ ਪਰ ਉਹਨੂੰ ਝੁਕਾਇਆ ਨਾ ਜਾ ਸਕਿਆ। ਅਖੀਰ ਉਹਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਰੰਧਾਵੇ ਦੇ ਕਤਲ ਦੇ ਖਿਲਾਫ਼ ਪੰਜਾਬ ਦੀ ਧਰਤੀ ਤੇ ਜ਼ੋਰਦਾਰ ਸੰਗਰਾਮ ਲੜਿਆ ਗਿਆ। ਨੌਜਵਾਨਾਂ ਵਿਦਿਆਰਥੀਆਂ ਤੇ ਲੋਕਾਂ ਨੇ ਆਪਣੇ ਵਿਛੜ ਗਏ ਆਗੂ ਨੂੰ ਸ਼ਰਧਾਂਜਲੀ ਵੱਡੇ ਘਮਸਾਨੀ ਘੋਲ਼ ਵਿੱਚ ਦਿੱਤੀ।

ਪੜਾਈ ਵਿੱਚ ਬੇਹੱਦ ਹੁਸ਼ਿਆਰ ਪ੍ਰਿਥੀ ਨੇ ਯੂਨਿ: ਵਿੱਚੋਂ ਆਪਣੀ ਐਮ.ਐਸ.ਸੀ. ਦੀ ਪੜਾਈ ਹਾਲੇ ਕੁਝ ਸਮਾਂ ਪਹਿਲਾਂ ਹੀ ਖਤਮ ਕੀਤੀ ਸੀ। ਉਹਨੇ ਰੁਜ਼ਗਾਰ 'ਤੇ ਲੱਗ ਕੇ ਕਮਾਈ ਕਰਨ ਦੀ ਥਾਂ ਆਪਣੀ ਜ਼ਿੰਦਗੀ ਲੋਕ ਸੰਗਰਾਮਾਂ ਨੂੰ ਅਰਪਿਤ ਕਰਨ ਦਾ ਫੈਸਲਾ ਕਰ ਲਿਆ ਸੀ। ਉਹਦੇ ਲਈ ਜ਼ਿੰਦਗੀ ਦੇ ਅਰਥ ਆਪਣੇ ਆਪ ਤੋਂ, ਘਰ ਪਰਿਵਾਰ ਤੋਂ ਵੱਡੇ ਸਨ। ਉਹਦੇ ਲਈ ਜ਼ਿੰਦਗੀ ਦੀ ਸਾਰਥਿਕਤਾ ਸਮਾਜ ਵਿੱਚੋਂ ਹਰ ਤਰਾਂ ਦੀ ਲੁੱਟ ਜਬਰ ਖਤਮ ਕਰਕੇ, ਬਰਾਬਰੀ ਭਰਿਆ ਰਾਜ ਸਿਰਜਣ ਦੇ ਮਹਾਨ ਕਾਜ ਵਿੱਚ ਹਿੱਸਾ ਪਾਈ ਦੀ ਸੀ। ਉਹਨੇ ਆਪਣੀ ਜ਼ਿੰਦਗੀ ਏਸ ਕਾਜ ਨੂੰ ਸਮਰਪਿਤ ਕਰ ਦਿੱਤੀ।

ਅੱਜ ਦੇ ਦੌਰ ਵਿੱਚ, ਨਵੀਆਂ ਆਰਥਿਕ ਨੀਤੀਆਂ ਦਾ ਹੱਲਾ ਸਿੱਖਿਆ ਖੇਤਰ ਦਾ ਤੇਜ਼ੀ ਨਾਲ ਨਿੱਜੀਕਰਨ ਤੇ ਵਪਾਰੀਕਰਨ ਕਰ ਰਿਹਾ ਹੈ। ਸਰਕਾਰ ਆਏ ਦਿਨ ਸਿੱਖਿਆ ਤੇ ਖਰਚ ਕਰਨ ਤੋਂ ਹੱਥ ਘੁੱਟਦੀ ਆ ਰਹੀ ਹੈ। ਫੰਡ, ਗ੍ਰਾਂਟਾ ਸੁੰਗੇੜਦੀ ਆ ਰਹੀ ਹੈ। ਸਰਕਾਰੀ ਕਾਲਜ, ਸਕੂਲ ਅਧਿਆਪਕਾਂ ਤੋਂ ਸੱਖਣੇ ਹੋ ਰਹੇ ਹਨ। ਪ੍ਰਾਈਵੇਟ ਅਧਿਆਪਕ ਰੱਖਕੇ ਕੰਮ ਚਲਾਇਆ ਜਾ ਰਿਹਾ ਹੈ, ਬੋਝ ਵਿਦਿਆਰਥੀਆਂ 'ਤੇ ਪਾਇਆ ਜਾ ਰਿਹਾ ਹੈ। ਪ੍ਰਾਈਵੇਟ ਵਿਦਿਅਕ ਸੰਸਥਾਵਾਂ ਮਨ-ਮਰਜ਼ੀ ਦੇ ਫੀਸਾਂ ਫੰਡ ਬਟੋਰ ਕੇ ਵਿਦਿਆਰਥੀਆਂ ਦੀ ਅੰਨੀ ਲੁੱਟ ਕਰ ਰਹੇ ਹਨ। ਨਿੱਤ ਨਵੇਂ ਵਪਾਰੀ-ਕਾਰੋਬਾਰੀ ਵਿਦਿਅਕ ਖੇਤਰ ਵਿੱਚ ਦਾਖ਼ਲ ਹੋ ਰਹੇ ਹਨ ਤੇ ਚੰਮ ਦੀਆਂ ਚਲਾ ਰਹੇ ਹਨ।

ਸ਼ੁਰੂ ਹੋ ਰਹੇ ਮੌਜੂਦਾ ਵਿਦਿਅਕ ਸੈਸ਼ਨ ਦੌਰਾਨ ਵੀ ਵਿਦਿਆਰਥੀ ਹਿੱਤਾਂ ਤੇ ਨਵੇਂ ਹੱਲੇ ਹੋਏ ਹਨ। ਐਸ.ਸੀ. ਵਿਦਿਆਰਥੀਆਂ ਨੂੰ ਮਿਲਦੀ ਫ਼ੀਸ ਮੁਆਫ਼ੀ ਰੱਦ ਕਰਕੇ ਪੂਰੀ ਫ਼ੀਸ ਉਗਰਾਹੁਣ ਦੇ ਫ਼ੁਰਮਾਨ ਆ ਗਏ ਹਨ ਅਤੇ ਕਾਲਜਾਂ ਨੇ ਫ਼ੀਸਾਂ ਉਗਰਾਹੁਣੀਆਂ ਵੀ ਸ਼ੁਰੂ ਕਰ ਦਿੱਤੀਆਂ ਹਨ। ਪੰਜਾਬੀ ਯੂਨੀਵਰਸਿਟੀ ਨੇ ਫ਼ੀਸਾਂ ਫੰਡਾਂ ਵਿੱਚ ਲਗਭਗ 1200 ਰੁ. ਦਾ ਵਾਧਾ ਕਰ ਦਿੱਤਾ ਹੈ। ਪੰਜਾਬ ਯੂਨੀਵਰਸਿਟੀ ਨੇ ਵੀ ਹਰ ਸਾਲ 10 ਫ਼ੀਸਦੀ ਵਾਧਾ ਕਰਨ ਦੀ ਨੀਤੀ ਜਾਰੀ ਰੱਖਦਿਆਂ ਫ਼ੀਸ ਵਧਾ ਦਿੱਤੀ ਹੈ। ਸਰਕਾਰੀ ਸਹਾਇਤਾ ਪ੍ਰਾਪਤ ਕਾਲਜ ਨੂੰ ਦਿੱਤੀ ਜਾਂਦੀ 95 ਫ਼ੀਸਦੀ ਸਰਕਾਰੀ ਗਰਾਂਟ ਨੂੰ ਕੱਟ ਕੇ 80 ਫ਼ੀਸਦੀ ਤੱਕ ਲੈ ਆਂਦਾ ਹੈ ਤੇ ਹਰ ਸਾਲ 5 ਫ਼ੀਸਦੀ ਘਟਾਉਂਦੇ ਜਾਣ ਦਾ ਰਾਹ ਫੜ ਲਿਆ ਹੈ। ਇਨਾਂ ਤਾਜ਼ਾ ਫੈਸਲਿਆਂ ਦੀ ਵਿਦਿਆਰਥੀ ਵਰਗ ਤੇ ਵੱਡੀ ਮਾਰ ਪੈਣੀ ਹੈ। ਪਹਿਲਾਂ ਹੀ ਸਿੱਖਿਆ ਦੇ ਹੱਕ ਤੋਂ ਵਾਂਝੇ ਹੋ ਰਹੇ ਵਿਦਿਆਰਥੀਆਂ ਨੂੰ ਵੱਡਾ ਝਟਕਾ ਮਿਲਣਾ ਹੈ।

ਨਿਤ ਦਿਨ ਲਾਗੂ ਹੋ ਰਹੀਆਂ ਨੀਤੀਆਂ ਵਿਦਿਆਰਥੀ ਜਨਤਾ ਦੇ ਜਥੇਬੰਦ ਹੋਣ ਦੀ ਮੰਗ ਕਰਦੀਆਂ ਹਨ। ਵਿਦਿਆਰਥੀ ਜਨਤਾ ਦੇ ਜਥੇਬੰਦ ਹੋਣ ਦਾ ਮਹੱਤਵ ਪਹਿਲਾਂ ਨਾਲੋਂ ਵੀ ਵਧਦਾ ਜਾ ਰਿਹਾ ਹੈ। ਸਰਕਾਰ ਦੀਆਂ ਵਿਦਿਆਰਥੀ ਮਾਰੂ ਨੀਤੀਆਂ ਖਿਲਾਫ਼ ਸੰਘਰਸ ਕਰਨ ਲਈ ਅੱਜ ਸ਼ਹੀਦ ਰੰਧਾਵੇ ਦੀ ਅਗਵਾਈ ਹੇਠਲੀ ਵਿਦਿਆਰਥੀ ਜਥੇਬੰਦੀ ਵਰਗੀ ਜਥੇਬੰਦੀ ਉਸਾਰਨ ਦੀ ਲੋੜ ਹੈ।

ਭਾਵੇਂ ਅੱਜ ਤੋਂ 35 ਵਰੇ ਪਹਿਲਾਂ ਉਹਦੀ ਅਗਵਾਈ ਤੋਂ ਪੰਜਾਬ ਦੀ ਜਨਤਕ ਇਨਕਲਾਬੀ ਲਹਿਰ ਨੂੰ ਵਾਂਝੇ ਕੀਤਾ ਗਿਆ ਸੀ ਪਰ ਉਹਦੀਆਂ ਪਾਈਆਂ ਪੈੜਾਂ 'ਤੇ ਕਦਮ ਟਿਕਾ ਕੇ ਅੱਜ ਇਹ ਲਹਿਰ ਭਰ ਜਵਾਨ ਹੋਣ ਵੱਲ ਵਧ ਰਹੀ ਹੈ। ਸਾਡੇ ਸਾਹਮਣੇ ਅੱਜ ਹਨੇਰੇ ਰਾਹਾਂ ਵਿੱਚ ਭਟਕਦੀ ਜਵਾਨੀ ਨੂੰ ਚਾਨਣ ਦਿਖਾਉਣ ਦਾ ਵੱਡਾ ਕਾਰਜ ਹੈ। ਇਹਦੇ ਲਈ ਰੌਸ਼ਨੀ ਸਾਨੂੰ ਪ੍ਰਿਥੀਪਾਲ ਰੰਧਾਵਾ ਦੀ ਜਗਦੀ ਮਸ਼ਾਲ ਵੰਡਦੀ ਹੈ। ਇਸ ਮਸ਼ਾਲ ਦੀ ਰੌਸ਼ਨੀ ਵਿੱਚ ਹੀ ਅਸੀਂ ਮੁੜ ਪੰਜਾਬ ਅੰਦਰ ਇਨਕਲਾਬੀ ਵਿਦਿਆਰਥੀ ਲਹਿਰ ਦੀ ਉਸਾਰੀ ਲਈ ਕਦਮ ਪੁੱਟ ਸਕਦੇ ਹਾਂ। ਇਹ ਮਸ਼ਾਲ ਸਦਾ ਸਾਡੇ ਰਾਹਾਂ ਵਿੱਚ ਚਾਨਣ ਬਿਖੇਰਦੀ ਰਹੇਗੀ।

9417054015

# ਜੋਧਾਂ ਥਾਣੇ ਅੰਦਰ ਪੁਲਿਸ ਕਾਂਸਟੇਬਲ ਦੀ ਮੌਤ ਦਾ ਮਾਮਲਾ : ਇਨਸਾਫ਼ ਲਈ ਸੰਘਰਸ਼ਾਂ ਦੇ ਰਾਹ







ਲੁਧਿਆਣਾ ਜ਼ਿਲ੍ਹੇ ਦੇ ਕਸਬਾਨੁਮਾ ਪਿੰਡ ਜੋਧਾਂ ਦੇ ਥਾਣੇ 'ਚ 9 ਜੂਨ ਦੀ ਸ਼ਾਮ 6-15 ਤੇ ਲੇਡੀ ਕਾਂਸਟੇਬਲ ਅਮਨਪ੍ਰੀਤ ਕੌਰ ਦੀ ਲਾਸ਼ ਥਾਣੇ ਦੇ ਮਰਦ ਮੁਲਾਜਮਾਂ ਵਾਲੇ ਕਮਰੇ 'ਚ ਛੱਤ ਵਾਲੇ ਪੱਖੇ ਨਾਲ ਲਟਕਦੀ ਮਿਲੀ। ਜੋਧਾਂ ਲਾਗੇ ਪਿੰਡ ਖੰਡੂਰ ਦੀ ਅਮਨਪ੍ਰੀਤ ਕੌਰ (28 ਸਾਲ) 2014 'ਚ ਪੁਲਿਸ ਮਹਿਕਮੇ 'ਚ ਭਰਤੀ ਹੋਈ ਸੀ। ਤਰਸ ਦੇ ਆਧਾਰ ਤੇ ਮਿਲੀ ਨੌਕਰੀ ਤੋਂ ਪਹਿਲਾ ਅਮਨਪ੍ਰੀਤ ਦਾ ਪਿਤਾ ਅਤੇ ਬਾਅਦ 'ਚ ਮਾਤਾ ਵੀ ਇਸੇ ਮਹਿਕਮੇ 'ਚ ਨੌਕਰੀ ਕਰਦੇ ਸਨ, ਜਿਨ੍ਹਾਂ ਦੀ ਕਿ ਮੌਤ ਹੋ ਚੁੱਕੀ ਹੈ। ਉਨ੍ਹਾਂ ਦੇ ਇਵਜ 'ਚ ਮਿਲੀ ਇਸ ਨੌਕਰੀ 'ਚ ਅਮਨਪ੍ਰੀਤ ਕੰਪਿਊਟਰ ਅਪਰੇਟਰ ਵਜੋਂ ਮੁੱਖ ਰੂਪ 'ਚ ਕੰਮ ਕਰਦੀ ਸੀ। ਸਾਲ ਡੇਢ ਸਾਲ ਜਗਰਾਉਂ ਸੇਵਾ ਨਿਭਾਉਣ ਉਪਰੰਤ ਉਹ ਹੁਣ ਜੋਧਾਂ ਥਾਣੇ 'ਚ ਤੈਨਾਤ ਸੀ। ਮਰਨ ਤੋਂ ਪੰਜ ਦਿਨ ਪਹਿਲਾਂ ਉਸ ਨੇ ਮੁਲਾਂਪੁਰ ਦਾਖਾ ਡੀ. ਐਸ. ਪੀ. ਨੂੰ ਜੋਧਾਂ ਥਾਣੇ ਦੇ ਮੁੱਖ ਮੁਨਸ਼ੀ ਨਿਰਭੈ ਸਿੰਘ ਵੱਲੋਂ ਕੀਤੇ ਜਾ ਰਹੇ ਦੁਰਵਿਵਹਾਰ ਅਤੇ ਤੰਗ ਪ੍ਰੇਸ਼ਾਨ ਕਰਨ ਬਾਰੇ ਸ਼ਿਕਾਇਤ ਵੀ ਕੀਤੀ ਸੀ ਤਾਂ ਉਸ ਨੂੰ ਡਿਊਟੀ ਲਈ ਡੀ. ਐਸ. ਪੀ. ਦਫਤਰ ਬੁਲਾਲਿਆ ਗਿਆ ਸੀ। ਪਰ ਉਸ ਦਿਨ ਮੁਨਸ਼ੀ ਵੱਲੋਂ ਜ਼ਰੂਰੀ ਕੰਮ ਨਿਪਟਾਉਣ ਲਈ ਫਿਰ ਥਾਣਾ ਜੋਧਾਂ ਬੁਲਾਇਆ ਗਿਆ ਤੇ ਸ਼ਾਮ ਸਮੇਂ ਇਹ ਹਾਦਸਾ ਵਾਪਰ ਗਿਆ। ਰਾਤ ਸਮੇਂ 9 ਵਜੇ ਦੇ ਕਰੀਬ ਜਦੋਂ ਫੋਨ ਰਾਹੀਂ ਪਰਿਵਾਰ ਨੂੰ ਸੂਚਿਤ ਕੀਤਾ ਗਿਆ ਤਾਂ ਅਮਨਪ੍ਰੀਤ ਦੀ ਲਟਕ ਦੀ ਲਾਸ਼ ਵੇਖ ਪਰਿਵਾਰ ਸੁੰਨ ਰਹਿ ਗਿਆ। ਨੌਜਵਾਨ, ਸੁਨੱਖੀ ਬੱਚੀ ਦੀ ਲਾਸ਼ ਨੇ, ਇਲਾਕੇ 'ਚ ਪੁਲਿਸ ਥਾਣੇ 'ਚ ਹੋਈ ਮੌਤ ਦੀ ਘਟਨਾ ਨੂੰ ਜਾਣ ਇਲਾਕਾ ਵਾਸੀ ਅੱਗ ਬਬੂਲਾ ਹੋ ਗਏ। ਅਗਲੇ ਦਿਨ 10 ਜੂਨ ਨੂੰ ਇਲਾਕੇ ਦੀਆਂ ਜਨਤਕ ਜਥੇਬੰਦੀਆਂ ਦੀ ਅਗਵਾਈ 'ਚ ਇਲਾਕਾ ਵਾਸੀਆਂ ਨੇ ਥਾਣਾ ਘੇਰ ਲਿਆ। ਜਨਤਕ ਦਬਾਅ ਹੇਠ ਮ੍ਰਿਤਕਾ ਦੇ ਭਰਾ ਦੇ ਬਿਆਨਾਂ ਤੇ ਮੁੱਖ ਮੁਨਸ਼ੀ ਨਿਰਭੈ ਸਿੰਘ ਖਿਲਾਫ ਧਾਰਾ 306 ਦਾ ਪਰਚਾ ਦਰਜ ਕੀਤਾ ਗਿਆ । ਲੋਕਾਂ ਦੀ ਮੰਗ ਤੇ 11 ਜੂਨ ਨੂੰ ਤਿੰਨ ਡਾਕਟਰਾਂ ਦੇ ਪੈਨਲ ਵੱਲੋਂ ਅਮਨਪ੍ਰੀਤ ਦਾ ਵੀਡੀਓਗ੍ਰਾਫੀ ਦੌਰਾਨ ਪੋਸਟ ਮਾਰਟਮ ਕਰਵਾਇਆ ਗਿਆ। ਸੈਂਕੜਿਆਂ ਦੀ ਗਿਣਤੀ 'ਚ ਲੋਕਾਂ ਨੇ ਬਠਿੰਡਾ ਲੁਧਿਆਣਾ ਸੜਕ ਤੇ ਲਗਾਤਾਰ 9 ਘੰਟੇ ਜਾਮ ਲਾਇਆ। ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਗੁੱਸੇ 'ਚ ਭਰੀ ਪੀਤੀ ਜਨਤਾ ਦੀ ਅਗਵਾਈ ਕਰਦਿਆਂ ਵੱਡਾ ਲੋਕ ਦਬਾਅ ਬਣਾਇਆ। ਸਿੱਟੇ ਵਜੋਂ ਉੱਚ ਪੁਲਿਸ ਅਧਿਕਾਰੀ ਬੁਰੀ ਤਰ੍ਹਾਂ ਨਾਲ ਬਚਾਅ ਦੇ ਪੋਤੜੇ ਤੇ ਆ ਗਏ। ਪੋਸਟਮਾਰਟਮ ਦੀ ਪਰਿਵਾਰ ਵੱਲੋਂ ਕਰਵਾਈ ਵੀਡੀਓਗ੍ਰਾਫੀ ਦੀ ਕਾਪੀ ਪਰਿਵਾਰ ਨੂੰ ਪਹਿਲੇ ਵਾਅਦੇ ਮੁਤਾਬਿਕ ਦੇਣ ਤੋਂ ਇਨਕਾਰ ਕਰਨ ਤੇ ਸੁਧਾਰ ਹਸਪਤਾਲ ਦੀ ਲੇਡੀ ਐਸ. ਐਮ. ਓ.ਦਾ ਘਿਰਾਓ ਕੀਤਾ ਗਿਆ। ਤਿੱਖੇ ਰੋਸ ਨੇ ਪਰਿਵਾਰ ਨੂੰ ਵੀਡੀਓਗ੍ਰਾਫੀ ਦੀ ਕਾਪੀ ਦਿਵਾਈ। ਇਸ ਸਮੇਂ ਵੱਖ-ਵੱਖ ਜਨਤਕ ਆਗੂਆਂ ਤੇ ਆਧਾਰਿਤ ਐਕਸ਼ਨ ਕਮੇਟੀ ਦਾ ਨਿਰਮਾਣ ਕੀਤਾ ਗਿਆ। ਕਮੇਟੀ ਨੇ ਦੋਸ਼ੀ ਦੀ ਗ੍ਰਿਫਤਾਰੀ ਤੱਕ ਮ੍ਰਿਤਕਾ ਦਾ ਅੰਤਿਮ ਸੰਸਕਾਰ ਨਾ ਕਰਨ ਦੇ ਐਲਾਨ ਨੇ ਪੁਲਿਸ ਪ੍ਰਸਾਸ਼ਨ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ। ਸਿੱਟਾ ਰਾਤੋ-ਰਾਤ ਮੁਨਸ਼ੀ ਸਲਾਖਾ ਪਿੱਛੇ ਸੁੱਟ ਦਿੱਤਾ ਗਿਆ। ਅਗਲੇ ਦਿਨ ਪਿੰਡ ਖੰਡੂਰ ਵਿਖੇ ਇਲਾਕੇ ਭਰ ਦੇ ਲੋਕਾਂ ਦੇ ਇਕੱਠ ਵੱਲੋਂ ਮੁਨਸ਼ੀ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰ ਲੈਣ ਤੋਂ ਬਾਅਦ ਵਿਛੜੀ ਬੱਚੀ ਦਾ ਹਜ਼ਾਰਾਂ ਦੇ ਰੋਹ ਭਰੇ ਇਕੱਠ 'ਚ ਪੁਲਿਸ ਪ੍ਰਸ਼ਾਸਨ ਤੇ ਜਨਤਕ ਆਗੂਆਂ ਵੱਲੋਂ ਸ਼ਰਧਾਂਜਲੀ ਦੇਣ ਉਪਰੰਤ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਦੌਰਾਨ ਐਕਸ਼ਨ ਕਮੇਟੀ ਵੱਲੋਂ ਮਾਮਲੇ ਦੀ ਗਹਿਰਾਈ ਨਾਲ ਪੜਤਾਲ ਕਰਨ, ਹੋਰ ਸਹਿ ਦੋਸ਼ੀ ਸਾਹਮਣੇ ਲਿਆਉਣ, ਪਰਿਵਾਰ ਦੀ ਮਾਲੀ ਮਦਦ ਅਤੇ ਮਹਿਕਮੇ 'ਚ ਲੜਕੀ ਦੇ ਭਰਾ ਨੂੰ ਨੌਕਰੀ ਦੇਣ ਦੀਆਂ ਮੰਗ ਮਨਵਾਈਆਂ ਗਈਆਂ। ਇਸ ਦੌਰਾਨ ਡੀ. ਜੀ. ਪੀ. ਪੰਜਾਬ ਪੁਲਿਸ ਵੱਲੋਂ ਇਸ ਮਾਮਲੇ ਦੀ ਪੜਤਾਲ ਕਰਾਇਮ ਬ੍ਰਾਂਚ ਨੂੰ ਸੌਂਪ ਦਿੱਤੀ ਗਈ ਹੈ। ਇਸੇ ਲੜੀ ਵਿੱਚ ਐਸ. ਸੀ./ ਐਸ. ਟੀ. ਕਮਿਸ਼ਨ ਨੇ ਮਾਮਲੇ ਦੀ ਪੜਤਾਲ ਲਈ ਇੱਕ ਉੱਚ ਪੱਧਰੀ ਕਮੇਟੀ ਦਾ ਨਿਰਮਾਣ ਕੀਤਾ ਹੈ। ਇਸੇ ਦੌਰਾਨ ਇਲਾਕੇ ਦੇ ਅਨੇਕਾਂ ਪਿੰਡਾਂ ਵਿੱਚ ਰੋਸ ਰੈਲੀਆਂ, ਕੈਂਡਲ ਮਾਰਚ ਹੋ ਰਹੇ ਹਨ, ਸੰਘਰਸ਼ ਜਾਰੀ ਹੈ।

# ਪਿਛਲੇ ਦਿਨੀਂ ਪੰਜਾਬ ਵਿੱਚ ਰੇਤੇ ਦੀਆਂ ਖੱਡਾਂ ਬਹੁਤ ਹੀ ਮਹਿੰਗੇ ਰੇਟਾਂ 'ਚ ਇੱਕ ਰਸੋਈਏ ਨੂੰ ਨਿਲਾਮੀ ਵਿੱਚ ਮਿਲਣਾ ਬਣਿਆ ਚਰਚਾ ਦਾ ਵਿਸ਼ਾ

ਪਿਛਲੇ ਦਿਨੀ ਪੰਜਾਬ ਵਿੱਚ ਰੇਤੇ ਦੀਆਂ ਖੱਡਾਂ ਬਹੁਤ ਹੀ ਮਹਿੰਗੇ ਰੇਟਾਂ ਵਿੱਚ ਇੱਕ ਰਸੋਈਏ ਨੂੰ ਨਿਲਾਮੀ ਵਿੱਚ ਮਿਲਣਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਇਸ ਸਬੰਧ ਵਿੱਚ ਸੱਤਾਧਾਰੀ ਪਾਰਟੀ 'ਤੇ ਮਿਲੀਭੁਗਤ ਦੇ ਇਲਜਾਮ ਲੱਗਦੇ ਰਹੇ ਹਨ। ਫਿਰ ਵੀ ਇਸ ਨਿਲਾਮੀ ਨਾਲ ਸਰਕਾਰੀ ਖਜਾਨਾ ਤਾਂ ਭਰਿਆ ਹੋਵੇਗਾ ਅਤੇ ਸਰਕਾਰ ਦੀਆਂ ਨਜ਼ਰਾਂ ਵਿੱਚ ਲੋਕਾਂ ਨੂੰ 'ਵਾਜਿਬ' ਰੇਟਾਂ ਤੇ ਰੇਤਾ ਅਤੇ ਪੱਥਰ ਵੀ ਮਿਲ ਜਾਵੇਗਾ। ਇੱਥੇ 'ਵਾਜਿਬ' ਰੇਟਾਂ ਦਾ ਮਤਲਬ ਮਨਮਰਜੀ ਅਤੇ ਮਹਿੰਗੇ ਰੇਟ ਹਨ।

ਪਰ ਦੂਜੇ ਪਾਸੇ ਰਾਜਧਾਨੀ ਚੰਡੀਗੜ੍ਹ ਦੀਆਂ ਜੜ੍ਹਾਂ ਵਿੱਚ ਜੀਰਕਪੁਰ, ਡੇਰਾਬਸੀ ਅਤੇ ਲਾਲੜੂ ਖੇਤਰਾਂ ਵਿੱਚ ਬਹੁਤ ਸਾਰੀਆਂ ਥਾਵਾਂ ਵਿੱਚ ਬਿਨਾ ਕਿਸੇ ਨਿਲਾਮੀ ਤੋਂ ਉੱਚ ਪੁਲਿਸ ਅਫਸਰਾਂ ਅਤੇ ਉੱਚ ਰਾਜਨੀਤਿਕ ਨੇਤਾਵਾਂ ਵੱਲੋਂ ਮਿਲੀਭੁਗਤ ਨਾਲ ਗੈਰਕਾਨੂੰਨੀ ਮਾਇਨਿੰਗ ਕੀਤੀ ਜਾ ਰਹੀ ਹੈ। ਜਿਸ ਤੋਂ ਇਹ ਜਾਹਿਰ ਹੁੰਦਾ ਹੈ ਕਿ ਇਹ ਰਾਜਨੀਤਿਕ ਨੇਤਾ ਇਸ ਜਗ੍ਹਾ ਦੇ ਮਾਲਕ ਹਨ। ਪੁਲਿਸ ਨੂੰ ਆਪਣਾ ਬਣਦਾ ਹਿੱਸਾ ਮਿਲ ਜਾਂਦਾ ਹੈ। ਮਾਫੀਆ ਧੜੱਲੇ ਨਾਲ ਥੋੜੇ ਪੈਸੇ ਦੇ ਕੇ ਗੈਰਕਾਨੂੰਨੀ ਮਾਇਨਿੰਗ ਦਿਨ ਰਾਤ ਕਰਦਾ ਹੈ। ਜਿਸ ਨਾਲ ਬਹੁਤ ਤੇਜੀ ਨਾਲ ਦੇਸ਼ ਅਤੇ ਆਮ ਲੋਕਾਂ ਦੀ ਆਰਥਿਕ ਲੁੱਟ ਹੁੰਦੀ ਹੈ। ਅਤੇ ਸਰਕਾਰਾਂ ਅਤੇ ਭ੍ਰਿਸ਼ਟ ਤੰਤਰ ਇਸਦਾ ਮਜ਼ਾ ਲੈਂਦਾ ਰਹਿੰਦਾ ਹੈ।

ਇਸ ਦੀ ਉਦਾਹਰਣ ਦਿੰਦਿਆਂ ਪੰਜਾਬ ਅਗੇਂਸਟ ਕੁਰੱਪਸ਼ਨ ਸੰਸਥਾ ਦੇ ਪ੍ਰਧਾਨ ਸਤਨਾਮ ਦਾਊਂ ਨੇ ਮੀਡੀਆ ਨੂੰ ਵੀਡੀਓ ਅਤੇ ਆਰ. ਟੀ. ਆਈ. ਪੱਤਰ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਦਹਾਕਿਆਂ ਵਿੱਚ ਚਿੱਟ ਫੰਡ ਕੰਪਨੀ ਗੋਲਡਨ ਫਾਰੈਸਟ ਨੇ ਲੱਖਾਂ ਲੋਕਾਂ ਨਾਲ ਅਰਬਾਂ ਰੁਪਏ ਦੀ ਠੱਗੀ ਮਾਰ ਕੇ ਪੂਰੇ ਦੇਸ਼ ਵਿੱਚ ਜਮੀਨਾਂ ਖਰੀਦੀਆਂ ਸਨ ਜਿਸ ਦੀ ਸੈਂਕੜੇ ਏਕੜ ਜਮੀਨ ਜਿਲ੍ਹਾ ਮੋਹਾਲੀ ਅਤੇ ਪੰਜਾਬ ਦੇ ਹੋਰਨਾ ਹਿੱਸਿਆਂ ਵਿੱਚ ਵੀ ਹੈ। ਉਨ੍ਹਾਂ ਜਮੀਨਾਂ ਦੇ ਕੇਸ ਅਦਾਲਤਾਂ ਵਿੱਚ ਪੈਂਡਿੰਗ ਹਨ ਅਤੇ ਇਸ ਜਗ੍ਹਾ ਦੀ ਰਖਵਾਲੀ ਕਰਨੀ ਸਰਕਾਰ ਦੀ ਜਿੰਮੇਵਾਰੀ ਬਣਦੀ ਹੈ ।

ਉਨ੍ਹਾਂ ਅੱਗੇ ਦੱਸਿਆ ਕਿ ਜੀਰਕਪੁਰ ਦੇ ਪਿੰਡ ਸਨੌਲੀ ਦੇ ਘੱਗਰ ਅਤੇ ਜੰਗਲ ਏਰੀਏ ਵਿੱਚ ਜਦੋਂ ਜਾ ਕੇ ਦੇਖਿਆ ਗਿਆ ਕਿ ਕੁਝ ਦਰਜਨ ਏਕੜ ਹਿੱਸੇ ਵਿੱਚ ਮਾਇਨਿੰਗ ਲਗਾਤਾਰ ਚੱਲ ਰਹੀ ਹੈ ਅਤੇ ਮਾਇਨਿੰਗ ਲਈ ਜੰਗਲ ਦੇ ਕੀਮਤੀ ਦਰੱਖਤ ਕੱਟੇ ਜਾ ਰਹੇ ਹਨ। ਜਿਸ ਏਰੀਏ ਵਿੱਚ ਮਾਇਨਿੰਗ ਕੀਤੀ ਜਾ ਰਹੀ ਹੈ ਉਹ ਬਹੁਤਾ ਏਰੀਆ ਗੋਲਡਨ ਫਾਰੈਸਟ ਵਾਲੀ ਜਮੀਨ ਦਾ ਹੈ। ਕੁਝ ਦਿਨ ਪਹਿਲਾਂ ਇਸ ਸਬੰਧੀ ਤਾਜਾ ਮਾਇਨਿੰਗ ਹੋਏ ਇਲਾਕੇ ਦੀ ਵੀਡੀਓ ਬਣਾ ਕੇ ਪ੍ਰਸ਼ਾਸਨ ਅਤੇ ਵਡਸਪ ਗਰੁੱਪਾਂ ਵਿੱਚ ਪਾਈ ਗਈ। ਜਿਸ ਕਾਰਨ ਇਸ ਰੁਝਾਨ ਵਿੱਚ ਕੁਝ ਖੜੋਤ ਆਈ ਹੈ।

ਇਸ ਸਬੰਧ ਵਿੱਚ ਪੰਜਾਬ ਅਗੇਂਸਟ ਕੁਰੱਪਸ਼ਨ ਦੇ ਮੈਂਬਰ ਲਗਾਤਾਰ ਇਸ ਸਬੰਧ ਵਿੱਚ ਸ਼ਿਕਾਇਤਾਂ ਕਰਦੇ ਰਹੇ ਹਨ ਜਿਸ ਕਾਰਨ ਜਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਬੰਧ ਵਿੱਚ ਸੀਨੀਅਰ ਪੁਲਿਸ ਕਪਤਾਨ ਨੂੰ ਇਸ ਇਲਾਕੇ ਵਿੱਚ ਗੈਰਕਾਨੂੰਨੀ ਮਾਇਨਿੰਗ ਬਾਰੇ ਪੁੱਛਿਆ ਗਿਆ। ਜਿਸ ਤੇ ਗੋਲਮੋਲ ਜਵਾਬ ਦੇਣ ਲਈ ਪੱਤਰ ਨੰ: 4391, ਮਿਤੀ 25 ਜਨਵਰੀ 2017 ਵਿੱਚ ਪਿੰਡ ਸਨੋਲੀ ਨੂੰ ਮਨੌਲੀ ਅਤੇ ਪੀਰ ਮੁਛੱਲਾ ਨੂੰ ਵੀਰ ਪੀਰ ਮੁਛਲਾ ਬਣਾ ਦਿੱਤਾ ਗਿਆ ਤਾਂ ਕਿ ਆਰ ਈ ਆਈ ਪੱਤਰ ਦੀ ਕਾਨੂੰਨੀ ਮਹੱਤਤਾ ਖਤਮ ਹੋ ਜਾਵੇ ਅਤੇ ਨਾਲ ਹੀ ਇਹ ਵੀ ਲਿਖ ਦਿੱਤਾ ਕਿ ਵਾਰ ਵਾਰ ਚੈਕਿੰਗ ਕੀਤੀ ਗਈ ਪਰੰਤੂ ਕੋਈ ਮਾਇਨਿੰਗ ਨਹੀਂ ਪਾਈ ਗਈ ਅਤੇ ਕੀਤੀਆਂ ਸ਼ਿਕਾਇਤਾਂ ਨੂੰ ਦਾਖਲ ਦਫਤਰ ਕਰਨ ਲਈ ਸਿਫਾਰਿਸ਼ਾਂ ਵੀ ਕਰ ਦਿੱਤੀਆਂ ਗਈਆਂ।

ਪਰ ਲੋਕਾਂ ਵੱਲੋਂ ਸ਼ਿਕਾਇਤਾਂ ਲਗਾਤਾਰ ਜਾਰੀ ਰਹੀਆਂ ਜਿਸ ਕਾਰਨ ਐੱਸ.ਡੀ.ਐੱਮ. ਡਾ: ਰੂਹੀ ਦੁੱਗ ਨੇ 27 ਮਾਰਚ ਨੂੰ ਡੇਰਾਬਸੀ ਵਿਖੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਇਹ ਮੰਨਿਆ ਕਿ ਪਿੰਡ ਸਨੌਲੀ, ਕਕਰਾਲੀ, ਗਾਜੀਪੁਰ, ਪੀਰ ਮੁਛੱਲਾ, ਸੁੰਡਰਾਂ, ਅਮਲਾਲਾ, ਸ਼ਤਾਬਗੜ੍ਹ, ਬਾਕਰਪੁਰ ਵਿਖੇ ਵੱਡੀ ਪੱਧਰ ਤੇ ਗੈਰਕਾਨੂੰਨੀ ਮਾਇਨਿੰਗ ਹੁੰਦੀ ਹੈ। ਅਤੇ ਇਸ ਸਬੰਧ ਵਿੱਚ ਉਨ੍ਹਾਂ ਵੱਲੋਂ ਇਸ ਗੈਰਕਾਨੂੰਨੀ ਮਾਇਨਿੰਗ ਨੂੰ ਰੋਕਣ ਲਈ ਅਫਸਰਾਂ ਦੀਆਂ ਡਿਊਟੀਆ ਵੀ ਲਾਈਆਂ ਗਈਆਂ। ਪਰ ਹੁਣ ਇਸ ਇਮਾਨਦਾਰ ਅਫਸਰ ਦੀ ਬਦਲੀ ਕਰ ਦਿੱਤੀ ਗਈ ਹੈ।

ਪੰਜਾਬ ਅਗੇਂਸਟ ਕੁਰੱਪਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਗੈਰਕਾਨੂੰਨੀ ਮਾਇਨਿੰਗ ਕਾਰਨ ਇਨ੍ਹਾਂ ਥਾਵਾਂ ਦੇ ਕਈ ਫੁੱਟ ਡੂੰਘੇ ਟੋਏ ਪੈ ਗਏ ਹਨ ਜਿਸ ਕਾਰਨ ਇਨ੍ਹਾਂ ਟੋਇਆਂ ਵਿੱਚ ਬਰਸਾਤਾਂ ਵੇਲੇ ਪਾਣੀ ਭਰ ਜਾਂਦਾ ਹੈ ਜਿਸ ਕਾਰਨ ਇੱਕ ਬੱਚੇ ਦੀ ਮੌਤ ਵੀ ਡੁੱਬਣ ਕਾਰਨ ਹੋ ਚੁੱਕੀ ਹੈ। ਇੱਥੇ ਜੰਗਲੀ ਜਾਨਵਰ ਵੀ ਇਨ੍ਹਾਂ ਟੋਇਆਂ ਵਿੱਚ ਡਿੱਗ ਕੇ ਮਰ ਜਾਂਦੇ ਹਨ। ਗੈਰਕਾਨੂੰਨੀ ਮਾਇਨਿੰਗ ਨਾਲ ਇਲਾਕੇ ਦੀਆਂ ਸੜਕਾਂ ਬੁਰੀ ਤਰ੍ਹਾਂ ਟੁੱਟ ਚੁੱਕੀਆਂ ਹਨ ਜਿਸ ਕਾਰਨ ਹਰ ਸਮੇਂ ਹਾਦਸੇ ਦਾ ਡਰ ਬਣਿਆ ਰਹਿੰਦਾ ਹੈ। ਇਲਾਕੇ ਵਿੱਚ ਮਾਫੀਆ ਹੋਣ ਕਾਰਨ ਹਰ ਸਮੇਂ ਡਰ ਅਤੇ ਦਹਿਸ਼ਤ ਦਾ ਮਹੌਲ ਵੀ ਬਣਿਆ ਰਹਿੰਦਾ ਹੈ। ਹਰ ਸਮੇਂ ਟਿੱਪਰਾਂ-ਟਰਾਲੀਆਂ ਕਾਰਨ ਮਿੱਟੀ ਧੂੜ ਲਗਾਤਾਰ ਉੱਡਦੀ ਰਹਿੰਦੀ ਹੈ ਜਿਸ ਕਾਰਨ ਵਾਤਾਵਰਣ ਵੀ ਗੰਧਲਾ ਹੁੰਦਾ ਹੈ।

ਇਲਾਕੇ ਦੇ ਲੋਕਾਂ ਅਤੇ ਪੰਜਾਬ ਅਗੇਂਸਟ ਕੁਰੱਪਸ਼ਨ ਦੇ ਮੈਂਬਰਾਂ ਵੱਲੋਂ ਲਗਾਤਾਰ ਗੈਰਕਾਨੂੰਨੀ ਮਾਇਨਿੰਗ ਨੂੰ ਰੋਕਣ ਲਈ ਲਗਾਤਾਰ ਪ੍ਰਸ਼ਾਸਨ ਅਤੇ ਪੁਲਿਸ ਤੱਕ ਪਹੁੰਚ ਕੀਤੀ ਜਾਂਦੀ ਹੈ ਅਤੇ ਇਸ ਸਬੰਧ ਵਿੱਚ ਮੁੱਖ ਮੰਤਰੀ ਪੰਜਾਬ ਨੂੰ ਇਸ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਸ ਗੈਰਕਾਨੂੰਨੀ ਮਾਇਨਿੰਗ ਨੂੰ ਤੁਰੰਤ ਰੋਕਣ। ਕਾਰਵਾਈ ਨਾ ਹੋਣ ਦੀ ਸੂਰਤ ਵਿੱਚ ਇਲਾਕਾ ਨਿਵਾਸੀ ਅਤੇ ਸੰਸਥਾ ਮਾਨਯੋਗ ਹਾਈਕੋਰਟ ਦਾ ਦਰਵਾਜਾ ਖਟਕਟਾਉਣ ਲਈ ਮਜਬੂਰ ਹੋਵੇਗੀ ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਉੱਚ ਅਫਸਰਾਂ ਦੀ ਹੋਵੇਗੀ। ਮੌਕੇ ਤੇ ਹਾਜ਼ਰ ਮੈਂਬਰ ਸਤਨਾਮ ਦਾਊ, ਐਡਵੋਕੇਟ ਲਵਨੀਤ ਠਾਕੁਰ, ਗੁਰਸੇਵਕ ਸਿੰਘ ਦਾਊ, ਡਾ. ਜਸਪਾਲ ਸਿੰਘ, ਸੁਖਮਿੰਦਰ ਸਿੰਘ, ਰਜਿੰਦਰ ਸਿੰਘ ਆਦਿ ਹਾਜ਼ਰ ਸਨ।

ਸਤਨਾਮ ਦਾਊ
85281-25021

# ਸਿਹਤ ਲਈ ਚੰਗਾ ਨਹੀਂ ਲੋੜ ਤੋਂ ਜ਼ਿਆਦਾ ਕੈਲਸ਼ੀਅਮ ਦਾ ਪ੍ਰਯੋਗ



ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਸਰੀਰ ਲਈ ਕੈਲਸੀ ਬਹੁਤ ਹੀ ਜ਼ਰੂਰੀ ਹੈ। ਜ਼ਿਆਦਾਤਰ ਕੈਲਸ਼ੀਅਮ ਹੱਡੀਆਂ, ਦੰਦ, ਨਾਖੁਣ ਆਦਿ ਸਰੀਰ ਦੇ ਅੰਗ ਬਣਾਉਣ ਲਈ ਵਰਤਿਆ ਜਾਂਦਾ ਹੈ। ਮਗਰ ਦੇਖਣ ਵਾਲੀ ਗੱਲ ਇਹ ਹੈ ਕਿ ਕੀ ਇਹ ਸਾਰੇ ਅੰਗ ਸਿਰਫ਼ ਕੈਲਸ਼ੀਅਮ ਦੇ ਹੀ ਬਣੇ ਹੁੰਦੇ ਹਨ ਜਾਂ ਕੁੱਝ ਹੋਰ ਧਾਤਾਂ ਵੀ ਕੋਈ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਹੱਡੀਆਂ ਆਦਿ ਦੀ ਬਣਤਰ ਲਈ ਮੈਗਨੀਸ਼ੀਅਮ,ਸਿਲੀਕਾਨ, ਸਟਰਾਂਸ਼ੀਅਮ, ਵੇਨੇਡੀਅਮ, ਫਾਸਫੋਰਸ, ਜ਼ਿੰਕ, ਤਾਂਬਾ 'ਤੇ ਬੋਰੌਨ ਬਹੁਤ ਹੀ ਜ਼ਰੂਰੀ ਧਾਤਾਂ ਹਨ। ਬੋਨ ਮਿਨਰਲ ਡੈਂਸਿਟੀ ਅਤੇ ਬੋਨ ਸਟਰੈਂਥ ਵਿੱਚ ਬਹੁਤ ਫ਼ਰਕ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਸ਼ੀਸ਼ੇ ਦੀ ਡੈਂਸਿਟੀ ਲੱਕੜ ਦੇ ਮੁਕਾਬਲੇ ਅਧਿੱਕ ਹੈ ਮਗਰ ਸ਼ੀਸ਼ਾ ਬੜੀ ਆਸਾਨੀ ਨਾਲ ਟੁੱਟ ਜਾਂਦਾ ਹੈ ਅਤੇ ਲੱਕੜੀ ਨੂੰ ਲਚਕੀਲੀ ਅਤੇ ਮਜ਼ਬੂਤ ਹੋਣ ਕਾਰਣ ਤੋੜਣਾ ਕਾਫ਼ੀ ਕਠਿਨ ਹੈ। ਇਸੀ ਕਾਰਨ ਬੋਨ ਮਿਨਰਲ ਡੈਂਸਿਟੀ ਟੈਸਟ ਸਾਨੂੰ ਸਾਡੇ ਸਰੀਰ ਅਤੇ ਹੱਡੀਆਂ ਆਦਿ ਬਾਰੇ ਪੂਰਨ ਜਾਣਕਾਰੀ ਨਹੀਂ ਦੇ ਸਕਦਾ। ਬਹੁਤੇ ਵਾਰੀਂ ਕੈਲਸ਼ੀਅਮ ਧਾਂਤ ਜਾਂ ਕੈਲਸ਼ੀਅਮ ਭਰਪੂਰ ਭੋਜਨ ਜਿਵੇਂ ਕਿ ਦੁੱਧ, ਪਨੀਰ ਆਦਿ ਦੇ ਪ੍ਰਯੋਗ ਕਰਨ ਦੀ ਹੀ ਸਲਾਹ ਦਿੱਤੀ ਜਾਂਦੀ ਹੈ। ਜਦੋਂ ਕਿ ਥੋੜ੍ਹੀ ਮਾਤਰਾ ਵਿੱਚ ਲੋੜੀਂਦੇ ਜ਼ਰੂਰੀ ਤੱਤ ਅਤੇ ਸਹਾਇਕ ਤੱਤਾਂ ਜਿਵੇਂ ਕਿ ਮੈਗਨੀਸ਼ੀਅਮ, ਵਿਟਾਮਿਨ ਡੀ, ਕੇ 2 ਦੀ ਜ਼ਰੂਰਤ ਜ਼ਿਆਦਾ ਹੁੰਦੀ ਹੈ।

ਚਿੰਤਾਜਣਕ ਗੱਲ ਤਾਂ ਇਹ ਹੈ ਕਿ ਵਿਟਾਮਿਨ ਡੀ ਦੀਆਂ ਪ੍ਰਿਸਕ੍ਰਿਪਸ਼ਨਜ਼ ਵੀ ਬਹੁਤ ਲਿਖੀਆਂ ਜਾਣ ਲੱਗੀਆਂ ਹਨ। ਕੈਨੇਡਾ ਵਰਗੇ ਮੁਲਕ ਵਿੱਚ ਸੂਰਜ ਦੀਆਂ ਯੂਵੀ ਬੀ ਕਿਰਨਾਂ ਦੀ ਘਾਟ ਕਰਕੇ ਸਾਡੇ ਸਰੀਰ ਦੀ ਚਮੜੀ ਕੋਲੈਸਟ੍ਰਾਲ ਤੋਂ ਵਿਟਾਮਿਨ ਡੀ ਬਨਾਉਣ ਵਿੱਚ ਅਸਮਰਥ ਹੈ। ਵਿਟਾਮਿਨ ਡੀ ਸਾਡੇ ਭੋਜਨ ਵਿੱਚੋਂ ਕੈਲਸ਼ੀਅਮ ਨੂੰ ਹਜ਼ਮ ਕਰਨ ਅਤੇ ਖੂਨ ਵਿੱਚ ਸਮਾਉਣ ਦਾ ਰੋਲ ਨਿਭਾਉਂਦਾ ਹੈ। ਖੂਨ ਵਿਚਲੇ ਕੈਲਸ਼ੀਅਮ ਨੂੰ ਉਹਨਾਂ ਥਾਵਾਂ ਜਿਵੇਂ ਕਿ ਹੱਡੀਆਂ, ਦੰਦ, ਨਹੁੰ ਆਦਿ ਵਿੱਚ ਫਿਕਸ ਕਰਨ ਲਈ ਵਿਟਾਮਿਨ ਕੇ 2(ਐਮ ਕੇ 7) ਦੀ ਜ਼ਰੂਰਤ ਹੁੰਦੀ ਹੈ। ਪਿਛਲੇ ਕਈ ਸਾਲਾਂ ਤੋਂ ਬਹੁਤ ਸਾਰੇ ਮਰੀਜ਼ ਵਿਟਾਮਿਨ ਕੇ 2 ਤੋਂ ਬਗੈਰ ਹੀ ਵਿਟਾਮਿਨ ਡੀ ਦਾ ਪ੍ਰਯੋਗ ਕਰ ਰਹੇ ਹਨ। ਜਿਸ ਕਾਰਨ ਦਿਲ ਦੀਆਂ ਬਿਮਾਰੀਆਂ ਹੋਣ ਦਾ ਖਦਸ਼ਾ ਵੱਧ ਰਿਹਾ ਹੈ ਕਿਉਂਕਿ ਇਕੱਲੇ ਵਿਟਾਮਿਨ ਡੀ ਦਾ ਪ੍ਰਯੋਗ ਅਤੇ ਕੈਲਸ਼ੀਅਮ ਭਰਪੂਰ ਖੂਨ ਦਿਲ ਦੀਆਂ ਅਤੇ ਹੋਰ ਸੂ ਨਾੜੀਆਂ ਵਿੱਚ ਕੈਲਸ਼ੀਅਮ ਜ਼ਮ੍ਹਾਂ ਕਰਨ ਦਾ ਹੀ ਸਬੱਬ ਬਣਦਾ ਹੈ।

ਆਓ ਥੋੜ੍ਹਾ ਬਹੁਤ ਵਿਟਾਮਿਨ ਕੇ ਬਾਰੇ ਜਾਣੀਏ। ਅੱਜ ਤੱਕ ਅਸੀਂ ਕੇਵਲ ਵਿਟਾਮਿਨ ਕੇ ਬਾਰੇ ਹੀ ਸੁਣਿਆ ਹੈ । ਇਸ ਦੀਆਂ ਕਿਸਮਾਂ ਜਿਵੇਂ ਕਿ ਕੇ 1, ਕੇ 2 ਬਾਰੇ ਬਹੁਤ ਘੱਟ ਲੋਕ ਜਾਣਦੇ ਹਨ । ਵਿਟਾਮਿਨ ਕੇ ਦੇ ਰੋਲ ਸਬੰਧੀ ਵੀ ਕਿਤਾਬਾਂ ਵਿੱਚ ਇੰਨਾਂ ਹੀ ਪੜ੍ਹਿਆ ਹੈ ਕਿ ਇਹ ਸੱਟ ਲੱਗਣ ਤੇ ਖੂਨ ਜਮਾਉਣ ਦਾ ਕੰਮ ਕਰਦਾ ਹੈ। ਕਿਉਂਕਿ ਖੂਨ ਜ਼ਿਆਦਾ ਵਹਨ ਕਾਰਣ ਮੌਤ ਦਾ ਖਤਰਾ ਵੱਧ ਜਾਂਦਾ ਹੈ। ਤੁਸੀਂ ਠੀਕ ਹੀ ਸੁਣਿਆ ਹੈ ਵਿਟਾਮਿਨ ਕੇ 1 ਖੂਨ ਨੂੰ ਗਾੜ੍ਹਾ ਕਰਦਾ ਹੈ ਮਗਰ ਸੱਟ ਲੱਗਣ ਉਪਰੰਤ। ਵਿਟਾਮਿਨ ਕੇ 2 ਸਾਡੇ ਸਰੀਰ ਦੇ ਹਰੇਕ ਅੰਗ,ਦਿਲ ਦੀਆਂ ਨਾੜੀਆਂ 'ਤੇ ਟਿਸ਼ ਜਿੱਥੇ ਵੀ ਕੈਲਸ਼ੀਅਮ ਬੇਲੋੜਾ ਜੰਮਿਆ ਹੁੰਦਾ ਹੈ, ਕੰਨੋਂ ਪਕੜ ਕੇ ਹੱਡੀਆਂ, ਦੰਦਾਂ ਵਿੱਚ ਫਿਕਸ ਕਰਕੇ ਮਜ਼ਬੂਤ ਕਰਦਾ ਹੈ ਅਤੇ ਸਾਨੂੰ ਦਿਲ ਦੀਆਂ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ। ਹੈ ਨਾ ਇੱਕ ਪੰਥ ਤੇ ਦੋ ਕਾਜ । ਹੁਣ ਤੁਸੀਂ ਸੋਚ ਰਹੇ ਹੋਵੋਗੇ ਕਿ ਇਸ ਬਾਰੇ ਸਾਨੂੰ ਪਹਿਲਾਂ ਕਿਉਂ ਨਹੀਂ ਪਤਾ ਚੱਲਿਆ। ਚੱਲੋ ਕੋਈ ਗੱਲ ਨਹੀਂ ਦੇਰ ਆਏ ਦਰੁਸਤ ਆਏ ।

ਆਓ ਫਿਰ ਕੈਲਸ਼ੀਅਮ ਵੱਲ ਪਰਤਦੇ ਹਾਂ ਕੀ ਸਾਨੂੰ ਕੈਲਸ਼ੀਅਮ ਦੀਆਂ ਗੋਲੀਆਂ ਖਾਣੀਆਂ ਚਾਹੀਦੀਆਂ ਹਨ ਜਾਂ ਨਹੀਂ। ਕੈਲਸ਼ੀਅਮ ਬਾਰੇ ਵੀ ਜੋ ਕੁੱਝ ਅਸੀਂ ਸੁਣਿਆ ਹੈ ਗਲਤ ਹੈ। ਕੈਲਸ਼ੀਅਮ ਕਾਰਬੋਨੇਟ ਸਭ ਤੋਂ ਸਸਤਾ ਹੋਣ ਕਰਕੇ ਗੋਲੀਆਂ ਆਦਿ ਵਿੱਚ ਵਰਤਿਆ ਜਾਂਦਾ ਹੈ। ਇਹ ਕਿਸਮ ਬਹੁਤ ਜਲਦੀ ਹੀ ਤਰਲ ਘੋਲ ਜਾਂ ਮਿਸ਼ਰਣ ਵਿੱਚੋਂ ਨਿਕਲ ਕੇ ਜੰਮ ਜਾਂਦੀ ਹੈ। ਜਦੋਂ ਅਸੀਂ ਡਾਈਯੂਰੇਟਿਕ ਦਵਾਈ ਲੈਂਦੇ ਹਾਂ ਜਾਂ ਡੀਹਾਈਡਰੇਟਡ ਹੁੰਦੇ ਹਾਂ ਤਾਂ ਬਹੁਤ ਜਲਦੀ ਹੀ ਕੈਲਸ਼ੀਅਮ ਕਠੋਰ ਅਵਸਥਾ ਵਿੱਚ ਬਦਲ ਜਾਂਦਾ ਹੈ 'ਤੇ ਦਿਲ ਦੇ ਰੋਗਾਂ ਦਾ ਕਾਰਣ ਬਣਦਾ ਹੈ। ਇਹ ਦੇਖਣ ਵਿੱਚ ਆਇਆ ਹੈ ਕਿ ਜਿਹੜੀਆਂ ਕੌਮਾਂ ਕੈਲਸੀ ਦਾ ਜ਼ਿਆਦਾ ਸੇਵਣ ਕਰਦੀਆਂ ਹਨ ਉਹਨਾਂ ਦੀ ਮੌਤ ਦਰ ਦੁਨੀਆਂ ਚੋਂ ਸਭ ਤੋਂ ਜ਼ਿਆਦਾ ਹੈ। ਜਿਵੇਂ ਕਿ ਅਮਰੀਕਾ, ਨਿਊਜ਼ੀਲੈਂਡ ਦੇ ਮੁਕਾਬਲੇ ਜਾਪਾਨ, ਪੁਰਤਗਾਲ ਵਰਗੇ ਦੇਸ਼ ਦੁੱਧ ਜਾਂ ਕੈਲਸੀ ਘੱਟ ਪ੍ਰਯੋਗ ਕਰਦੇ ਹਨ ਤੇ ਇਹਨਾਂ ਦੇਸ਼ਾਂ ਵਿੱਚ ਮੌਤ ਦਰ ਵੀ ਘੱਟ ਹੈ।

ਕੈਲਸ਼ੀਅਮ 500 ਐਮ ਜੀ ਤੋਂ ਵੱਧ ਸਾਡਾ ਸਰੀਰ ਇੱਕੋ ਸਮੇਂ ਹਜ਼ਮ ਨਹੀਂ ਕਰ ਸਕਦਾ। ਜੇਕਰ ਤੁਹਾਡੇ ਮੇਹਦੇ ਵਿਚਲਾ ਤੇਜ਼ਾਬ ਮਜ਼ਬੂਤ ਨਹੀਂ ਹੈ ਤਾਂ ਵੀ ਕੈਲਸ਼ੀਅਮ ਹਜ਼ਮ ਕਰਨਾ ਮੁਸ਼ਕਿਲ ਹੈ। ਇਸ ਤੋਂ ਇਲਾਵਾ ਮੈਗਨੀਸ਼ੀਅਮ ਅਤੇ ਵਿਟਾਮਿਨ ਡੀ ਤੋਂ ਬਗੈਰ ਵੀ ਕੈਲਸੀ ਸਰੀਰ ਵਿੱਚ ਸਮਾ ਨਹੀਂ ਸਕਦਾ। ਦੁੱਧ ਵਿੱਚ ਮੈਗਨੀਸੀ ਘੱਟ ਹੋਣ ਕਰਕੇ ਵੀ ਦੁੱਧ ਕੈਲਸੀ ਦਾ ਵਧੀਆ ਸਰੋਤ ਨਹੀਂ। ਸਾਡੇ ਸਰੀਰ ਵਿੱਚ ਕੈਲਸੀ 'ਤੇ ਮੈਗਨੀਸੀ ਦੀ ਮਾਤਰਾ ਬਰਾਬਰ ਹੋਣੀ ਅਤੀ ਜ਼ਰੂਰੀ ਹੈ। ਦਿਲ ਅਤੇ ਹੋਰ ਕੈਲਸੀ ਸਬੰਧੀ ਰੋਗ ਮੈਗਨੀਸੀ ਦੀ ਘਾਟ ਨਾਲ ਹੀ ਹੁੰਦੇ ਹਨ ਨਾ ਕਿ ਕੈਲਸ਼ੀਅਮ ਦੀ। ਅਚਾਨਕ ਮੌਤ ਹਰਟ ਅਟੈਕ ਵੀ ਆਮ ਲੋਕਾਂ ਵਿੱਚ ਪ੍ਰਚੱਲਤ ਮੈਗਨੀਸ਼ੀਅਮ ਦੀ ਘਾਟ ਕਾਰਣ ਹੀ ਹੁੰਦਾ ਹੈ। ਸਾਡੇ ਸਰੀਰ ਵਿੱਚ ਪਹਿਲਾਂ ਹੀ ਮੈਗਨੀਸੀ, ਕੈਲਸ਼ੀਅਮ ਦੇ ਮੁਕਾਬਲੇ ਬਹੁਤ ਘੱਟ ਹੁੰਦਾ ਹੈ ਇਸ ਲਈ ਕੈਲਸੀ ਹਮੇਸ਼ਾ ਮੈਗਨੀਸ਼ੀਅਮ ਦੀ ਬਰਾਬਰ ਮਿਕਦਾਰ ਨਾਲ ਹੀ ਪ੍ਰਯੋਗ ਕਰਨਾ ਚਾਹੀਦਾ ਹੈ। ਆਮ ਧਾਰਨਾ ਕਿ ਮੈਗਨੀਸ਼ੀਅਮ, ਕੈਲਸੀ ਹਜ਼ਮ ਕਰਨ ਵਿੱਚ ਵਿਘਣ ਪਾਉਂਦਾ ਹੈ ਬਿਲਕੁੱਲ ਗਲਤ ਹੈ।

ਤੁਸੀਂ ਹੈਰਾਨ ਹੋਵੋਗੇ ਕਿ ਦਿਲ ਦੀਆਂ ਬਿਮਾਰੀਆਂ ਸਰੀਰ ਵਿੱਚ ਅਧਿੱਕ ਕੈਲਸੀ ਕਰਕੇ ਹੀ ਹੁੰਦੀਆਂ ਹਨ। ਸਾਡੇ ਦਿਲ ਅੰਦਰਲਾ ਵਾਲਵ ਰੋਗ ਜਿਸ ਨੂੰ ਮਿਟਰਲ ਵਾਲਵ ਪ੍ਰੋਲੈਪਸ ਕਹਿੰਦੇ ਹਨ ਵੀ ਕੈਲਸੀ ਜੰਮਣ ਕਰਕੇ ਹੀ ਹੁੰਦਾ ਹੈ। ਗੁਰਦਿਆਂ ਦੀ ਪਥਰੀ ਵਿੱਚ ਵੀ ਮਾਨਯੋਗ ਕੈਲਸ਼ੀਅਮ ਸਾਹਿਬ ਦਾ ਹੀ ਸਿੱਧਾ ਹੱਥ ਹੈ। ਕੈਲਸ਼ੀਅਮ ਸਾਡੇ ਸਰੀਰ ਅਤੇ ਦਿਲ ਦੀਆਂ ਖੂਨ ਦੀਆਂ ਨਾੜੀਆਂ ਵਿੱਚ ਜੰਮ ਜਾਂਦਾ ਹੈ। ਇਸੀ ਕਰਕੇ ਅੱਜ ਕੱਲ ਕੈਲਸ਼ੀਅਮ ਆਰਟ੍ਰੀ ਸਕੈਨ ਵਰਗੇ ਟੈਸਟ ਕੀਤੇ ਜਾਂਦੇ ਹਨ। ਇਹ ਵੱਖਰੀ ਗੱਲ ਹੈ ਕਿ ਆਮ ਪਬਲਿਕ ਇਸ ਬਾਰੇ ਜਾਣੂੰ ਨਹੀਂ ਹੈ। ਕੈਲਸੀ ਅੱਖਾਂ ਦੇ ਪਿਛਲੇ ਹਿੱਸੇ ਵਿੱਚ ਵੀ ਜਮ੍ਹਾਂ ਹੋ ਜਾਂਦਾ ਹੈ ਅਤੇ ਅੱਖਾਂ ਦੀਆਂ ਉਹ ਬਿਮਾਰੀਆਂ ਨੂੰ ਜਨਮ ਦਿੰਦਾ ਹੈ ਜਿਹਨਾਂ ਬਾਰੇ ਸਾਨੂੰ ਆਮ ਹੀ ਕਹਿ ਦਿੱਤਾ ਜਾਂਦਾ ਹੈ ਕਿ ਇਸ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ।

ਡੀਹਾਈਡ੍ਰੇਸ਼ਨ ਜਾਂ ਪਾਣੀ ਦੀ ਕਮੀ ਬਾਰੇ ਮੈਂ ਬਾਰ-ਬਾਰ ਲਿਖਦਾ ਰਹਿੰਦਾ ਹਾਂ ਅਤੇ ਪਾਣੀ ਸਭ ਤੋਂ ਸਸਤਾ 'ਤੇ ਮਹੱਤਵਪੂਰਨ ਤੱਤ ਹੈ ਕਿ ਬਹੁਤੇ ਲੋਕ ਇਸ ਨੂੰ ਜ਼ਿਆਦਾ ਤਰਜ਼ੀਹ ਨਹੀਂ ਦੇ ਰਹੇ। ਬਹੁਤ ਸਾਰੇ ਹਰਟ ਅਟੈਕ ਪਾਣੀ ਦਾ ਬਰਾਬਰ ਸੇਵਣ ਕਰਣ ਨਾਲ ਹੀ ਰੋਕੇ ਜਾ ਸਕਦੇ ਹਨ। ਦਿਲ ਨੂੰ ਤਾਂ ਅਸੀਂ ਇੱਕ ਖੇਡ ਹੀ ਸਮਝ ਰੱਖਿਆ ਹੈ ਕਿ ਜਦੋਂ ਚਾਹੋ ਮਸ਼ੀਨਾਂ ਫਿੱਟ ਕਰਵਾ ਲਓ ਜਦੋਂ ਚਾਹੋ ਪਲੰਬਿੰਗ ਕਰਵਾ ਲਓ, ਇੱਧਰੋਂ ਨਾੜੀਆਂ ਪੁੱਟ ਉੱਧਰ ਲਗਾ ਲਵੋ।

ਕੈਲਸੀ ਸਰੀਰ ਦੇ ਪੱਠਿਆਂ ਨੂੰ ਇਕੱਠਾ ਕਰਦਾ ਹੈ ਅਤੇ ਮੈਗਨੀਸ਼ੀਅਮ ਢਿੱਲਾ ਕਰਦਾ ਹੈ। ਲੱਤਾਂ ਦੀਆਂ ਕੜਵੱਲਾਂ ਵੀ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਵਿਚਕਾਰ ਸੰਤੁਲਨ ਨਾ ਹੋਣ ਦੀ ਹੀ ਨਿਸ਼ਾਨੀ ਹੈ। ਮੈਗਨੀਸ਼ੀਅਮ ਦੀ ਘਾਟ ਹੀ ਜ਼ੁੰਮੇਵਾਰ ਸਮਝੀ ਜਾਂਦੀ ਹੈ। ਬੜੇ ਦੁੱਖ ਦੀ ਗੱਲ ਹੈ ਕਿ ਜਦੋਂ ਸਿਹਤ ਵਿਭਾਗ ਵੱਲੋਂ ਰੋਜ਼ਾਨਾ ਕੈਲਸ਼ੀਅਮ ਦੀ ਲੋੜ ਨਿਰਧਾਰਤ ਕੀਤੀ ਜਾਂਦੀ ਹੈ ਤਾਂ ਕਮਿਊਨਿਟੀਜ਼ ਦਾ ਖਿਆਲ ਨਹੀਂ ਰੱਖਿਆ ਜਾਂਦਾ। ਜਿਵੇਂ ਕਿ ਸੋਡੀਅਮ ਸਰੀਰ ਵਿੱਚ ਸਮਾਉਣ ਲਈ ਕੈਲਸ਼ੀਅਮ ਦੇ ਨਾਲ ਮੁਕਾਬਲਾ ਕਰਦਾ ਹੈ। ਭਾਵ ਕਿ ਮੀਟ ਅਤੇ ਲੂਣ ਜ਼ਿਆਦਾ ਇਸਤੇਮਾਲ ਕਰਨ ਵਾਲੇ ਲੋਕਾਂ ਲਈ ਰੋਜ਼ਾਨਾ ਕੈਲਸ਼ੀਅਮ ਦੀ ਜ਼ਰੂਰਤ 2000 ਐਮ ਜੀ ਅਤੇ ਜੋ ਮੀਟ 'ਤੇ ਲੂਣ ਘੱਟ ਖਾਂਦੇ ਹਨ ਕੈਲਸੀ ਦੀ ਲੋੜ 500 ਐਮ ਜੀ ਹੀ ਕਾਫ਼ੀ ਹੈ। ਇਹੀ ਇੱਕ ਵੱਡਾ ਫ਼ਰਕ ਹੈ ਕਿ ਭਾਰਤੀਆਂ ਵਿੱਚ ਦਿਨ ਬ ਦਿਨ ਦਿਲ ਦੀਆਂ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ। ਕਿਉਂਕਿ ਸਭ ਨੂੰ ਇੱਕੋ ਰੱਸੇ ਹੀ ਬੰਨ੍ਹ ਛੱਡਿਆ ਹੈ। ਬਗੈਰ ਪੂਰਾ ਪਿਛੋਕੜ ਜਾਣੇ ਹੀ ਕੈਲਸ਼ੀਅਮ ਭਰਪੂਰ ਭੋਜਨ ਪ੍ਰਯੋਗ ਕਰਨ ਲਈ ਕਹਿ ਦਿੱਤਾ ਜਾਂਦਾ ਹੈ।

ਕੈਲਸ਼ੀਅਮ ਸੈੱਲ ਦੀ ਬਣਤਰ 'ਤੇ ਵੰਡ ਗਤੀ ਵਿੱਚ ਬਹੁਤ ਵਾਧਾ ਕਰਦਾ ਹੈ ਜਿਸ ਕਾਰਨ ਬਹੁਤ ਸਾਰੇ ਕੈਂਸਰ ਰੋਗ ਲੱਗ ਜਾਂਦੇ ਹਨ। ਇੱਕ ਅਧਿਐਨ ਅਨੁਸਾਰ ਜਿਹੜੇ ਵਿਅਕਤੀ 2000 ਐਮ ਜੀ ਰੋਜ਼ਾਨਾਂ ਤੋਂ ਵੱਧ ਕੈਲਸ਼ੀਅਮ ਵਰਤਦੇ ਹਨ ਉਹਨਾਂ ਵਿੱਚ ਪਰਾਸਟੇਟ ਕੈਂਸਰ ਦਾ ਖਤਰਾ 300× ਤਕ ਵੱਧ ਜਾਂਦਾ ਹੈ। ਮੁੱਕਦੀ ਗੱਲ ਕਿ ਕੈਲਸੀ ਅਤੇ ਮੈਗਨੀਸ਼ੀਅਮ ਦਾ ਸੰਤੁਲਨ ਹੋਣਾ ਬਹੁਤ ਜ਼ਰੂਰੀ ਹੈ। ਕੈਲਸ਼ੀਅਮ ਦੀ ਲੋੜ ਹਰੀਆਂ ਪੱਤੇਦਾਰ ਸਬਜ਼ੀਆਂ, ਮੇਵੇ, ਬੀਜ ਆਦਿ ਰਾਹੀਂ ਹੀ ਪੂਰੀ ਕਰੋ ਕਿਉਂਕਿ ਇਹ ਸਭ ਮੈਗਨੀਸ਼ੀਅਮ ਦਾ ਵੀ ਭਰਪੂਰ ਸਰੋਤ ਹਨ। ਇਹ ਗਲਤ ਧਾਰਨਾ ਹੈ ਕਿ ਕੈਲਸੀ ਸਿਰਫ਼ ਦੁੱਧ ਜਾਂ ਦੁੱਧ ਤੋਂ ਬਣੇ ਪਦਾਰਥਾਂ ਵਿੱਚੋਂ ਹੀ ਮਿਲਦਾ ਹੈ। ਹਾਥੀ, ਘੋੜੇ, ਮੱਝਾਂ ਦੀਆਂ ਮਜ਼ਬੂਤ ਅਤੇ ਵਿਸ਼ਾਲ ਹੱਡੀਆਂ ਲਈ ਕੈਲਸ਼ੀਅਮ ਦੁੱਧ ਤੋਂ ਨਹੀਂ ਬਲਕਿ ਹਰੇ ਹਰੇ ਘਾਹ ਤੋਂ ਹੀ ਮਿਲਦਾ ਹੈ। ਅਪਣਾਓ ਅੱਜ ਤੋਂ ਹੀ ਗਰੀਨ ਸਮੂਦੀ, ਤਾਜ਼ਾ ਸਬਜ਼ੀਆਂ ਦਾ ਜੂਸ, ਪੁੰਗਰੀਆਂ ਦਾਲਾਂ,ਖਮੀਰੀਆਂ ਸਬਜ਼ੀਆਂ ਅਤੇ ਆਚਾਰ (ਖੀਰਾ, ਗਾਜਰ, ਚਕੰਦਰ) ਅਤੇ ਮਾਣੋ ਚੰਗੀ ਸਿਹਤ ਦਾ ਅਨੰਦ॥

**ਸੁਖਵਿੰਦਰ ਸਿੰਘ ਬਰਾੜ**
**ਪ੍ਰਧਾਨ**
**ਹੈਲਥੀ ਲਾਈਫ਼ਸਟਾਈਲ ਨਾਲੇਜ**
**ਫਾਊਂਡੇਸ਼ਨ ਕੈਲਗਰੀ**






# ਕੈਂਸਰ ਨਾਲ ਜੁੜੇ ਭਰਮ-ਭੁਲੇਖਿਆਂ ਤੋਂ ਬਚੋ !





**ਹਰਗੁਣਪ੍ਰੀਤ ਸਿੰਘ**

ਜੀਵਨ ਵਿਚ ਪੇਸ਼ ਆਈ ਕਿਸੇ ਵੀ ਮੁਸ਼ਕਿਲ ਜਾਂ ਮੁਸੀਬਤ ਨਾਲ ਟਾਕਰਾ ਕਰਨ ਲਈ ਜਿਸ ਪ੍ਰਕਾਰ ਸਭ ਤੋਂ ਪਹਿਲਾਂ ਉਸ ਮੁਸ਼ਕਿਲ ਸਬੰਧੀ ਪੂਰੀ ਜਾਣਕਾਰੀ ਹਾਸਲ ਕਰਨਾ ਜ਼ਰੂਰੀ ਹੁੰਦਾ ਹੈ, ਉਸੇ ਪ੍ਰਕਾਰ ਕੈਂਸਰ ਵਰਗੀ ਭਿਆਨਕ ਬਿਮਾਰੀ ਨਾਲ ਜੂਝਣ ਲਈ ਵੀ ਸਭ ਤੋਂ ਪਹਿਲਾਂ ਉਸ ਬਾਰੇ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਭਾਵੇਂ ਕਹਿਣ ਨੂੰ ਤਾਂ ਇੱਕੀਵੀਂ ਸਦੀ ਵਿਚ ਅਸੀਂ ਮੈਡੀਕਲ ਸਾਇੰਸ ਤੇ ਸੂਚਨਾ ਤਕਨਾਲੋਜੀ ਦੇ ਖੇਤਰ ਵਿਚ ਬਹੁਤ ਤਰੱਕੀ ਕਰ ਲਈ ਹੈ ਪਰੰਤੂ ਅਫ਼ਸੋਸ ਕਿ ਸਾਡੀ ਸੋਚ ਅਤੇ ਸਮਝ ਹਾਲੇ ਵੀ ਅਵਿਕਸਿਤ ਅਤੇ ਅਵਿਗਿਆਨਕ ਬਣੀ ਹੋਈ ਹੈ। ਮੈਂ ਪਿਛਲੇ ਕਈ ਸਾਲਾਂ ਤੋਂ ਆਪਣੀ ਸਮਰੱਥਾ ਅਤੇ ਸੂਝ ਮੁਤਾਬਿਕ ਕੈਂਸਰ ਜਾਗਰੂਕਤਾ ਸਬੰਧੀ ਆਪਣੇ ਨਿਜੀ ਤਜਰਬਿਆਂ ਨੂੰ ਅਖ਼ਬਾਰਾਂ, ਟੀ.ਵੀ. ਅਤੇ ਸੋਸ਼ਲ ਮੀਡੀਆ ਰਾਹੀਂ ਸਾਂਝਾ ਕਰਦਾ ਆ ਰਿਹਾ ਹਾਂ ਜਿਨ੍ਹਾਂ ਨੂੰ ਪੜ੍ਹ ਕੇ ਬੁੱਧੀਜੀਵੀ ਵਰਗ ਦੇ ਅਨੇਕਾਂ ਪਾਠਕ ਮੇਰੀ ਨਿਰੰਤਰ ਹੌਸਲਾ ਅਫ਼ਜ਼ਾਈ ਕਰਕੇ ਨਿਰੰਤਰ ਲਿਖਦੇ ਰਹਿਣ ਲਈ ਪ੍ਰੇਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਕੁਝ ਅਜਿਹੇ ਪਾਠਕਾਂ ਨਾਲ ਵੀ ਗੱਲਬਾਤ ਕਰਨ ਦਾ ਅਵਸਰ ਮਿਲਿਆ ਜੋ ਆਪ ਇਸ ਰੋਗ ਨਾਲ ਪੀੜਤ ਸਨ ਜਾਂ ਫ਼ਿਰ ਉਨ੍ਹਾਂ ਦਾ ਕੋਈ ਪਰਿਵਾਰਕ ਜੀਅ ਜਾਂ ਕੋਈ ਨੇੜਲਾ ਮਿੱਤਰ-ਸਨੇਹੀ ਇਸ ਬਿਮਾਰੀ ਨਾਲ ਜੂਝ ਰਹੇ ਸਨ। ਇਨ੍ਹਾਂ ਵਿਚੋਂ ਜਿੱਥੇ ਕੁਝ ਲੋਕ ਪੂਰੀ ਚੜ੍ਹਦੀਕਲਾ ਅਤੇ ਦ੍ਰਿੜ ਇਰਾਦੇ ਨਾਲ ਕੈਂਸਰ ਦਾ ਮੁਕਾਬਲਾ ਕਰ ਰਹੇ ਸਨ ਉਥੇ ਬਹੁਤੇ ਲੋਕ ਸਮਾਜ ਵਿਚ ਫ਼ੈਲੀਆਂ ਪੁਰਾਣੀਆਂ ਆਧਾਰ ਰਹਿਤ ਧਾਰਨਾਵਾਂ ਅਤੇ ਭਰਮ-ਭੁਲੇਖਿਆਂ ਦੇ ਡਰ ਕਾਰਨ ਲੜਾਈ ਤੋਂ ਪਹਿਲਾਂ ਹੀ ਕੈਂਸਰ ਸਾਹਮਣੇ ਆਤਮ ਸਮਰਪਣ ਕਰ ਚੁੱਕੇ ਸਨ।

ਇਕ ਵਾਰ ਇਕ ਵਿਅਕਤੀ ਨੇ ਫ਼ੋਨ 'ਤੇ ਦੱਸਿਆ ਕਿ ਕੈਂਸਰ ਨਾਲ ਜੂਝ ਰਹੇ ਉਸ ਦੇ ਕਿਸੇ ਰਿਸ਼ਤੇਦਾਰ ਦਾ ਉਸ ਦੇ ਪਰਿਵਾਰ ਵਾਲੇ ਇਸ ਕਰਕੇ ਯੋਗ ਇਲਾਜ ਨਹੀਂ ਕਰਵਾਉਣਾ ਚਾਹੁੰਦੇ ਕਿਉਂਕਿ ਜਿੱਥੇ ਕੈਂਸਰ ਦਾ ਇਲਾਜ ਇੰਨਾ ਮਹਿੰਗਾ ਹੈ ਉਥੇ ਇਹ ਇਕ ਲਾਇਲਾਜ ਅਤੇ ਜਾਨਲੇਵਾ ਬਿਮਾਰੀ ਵੀ ਹੈ ਜਿਸ ਨਾਲ ਮਰੀਜ਼ ਦਾ ਅੰਤ ਨਿਸ਼ਚਿਤ ਹੀ ਹੁੰਦਾ ਹੈ, ਇਸ ਲਈ ਇਲਾਜ ਉਤੇ ਫ਼ਜ਼ੂਲ ਖਰਚੀ ਕਰਕੇ ਕੋਈ ਲਾਭ ਨਹੀਂ ਕਿਉਂਕਿ ਮਰੀਜ਼ ਨੇ ਬਚਣਾ ਤਾਂ ਹੈ ਨਹੀਂ। ਉਸ ਨੇ ਨਾਲ ਇਹ ਗੱਲ ਦੱਸ ਕੇ ਵੀ ਤਸੱਲੀ ਪ੍ਰਗਟਾਈ ਕਿ ਉਨ੍ਹਾਂ ਨੇ ਕਿਸੇ ਨੇੜਲੇ ਪਿੰਡ ਦੇ ਸਿਆਣੇ ਬਾਬੇ ਕੋਲੋਂ ਮਰੀਜ਼ ਦਾ ਹੱਥਹੌਲਾ ਕਰਵਾ ਲਿਆ ਸੀ। ਮੈਂ ਉਸ ਦੀਆਂ ਮੂਰਖਤਾ ਭਰੀਆਂ ਗੱਲਾਂ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ, ਭਾਈ ਸਾਹਿਬ! ਮਰੀਜ਼ ਦੇ ਬਚਣ ਜਾਂ ਨਾ ਬਚਣ ਸਬੰਧੀ ਪਹਿਲਾਂ ਹੀ ਫ਼ੈਸਲਾ ਕਰਨ ਵਾਲੇ ਤੁਸੀਂ ਕੌਣ ਹੁੰਦੇ ਹਾਂ? ਸਾਨੂੰ ਆਪਣੀ ਸਮਰੱਥਾ ਅਨੁਸਾਰ ਪਰਮਾਤਮਾ ਦਾ ਓਟ ਆਸਰਾ ਲੈ ਕੇ ਮਰੀਜ਼ ਦਾ ਸਹੀ ਡਾਕਟਰੀ ਇਲਾਜ ਕਰਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ।ਜਿੱਥੋਂ ਤੱਕ ਮਰੀਜ਼ ਦੇ ਬਚਣ ਜਾਂ ਨਾ ਬਚਣ ਦੀ ਗੱਲ ਹੈ ਤਾਂ ਇਹ ਇਸ ਉਤੇ ਵੀ ਨਿਰਭਰ ਕਰਦਾ ਹੈ ਕਿ ਮਰੀਜ਼ ਦੇ ਸਰੀਰ ਅੰਦਰ ਕਿੰਨੀ ਕੁ ਮਾਤਰਾ ਵਿਚ ਰੋਗ ਫ਼ੈਲ ਚੁੱਕਾ ਹੈ ਅਤੇ ਕਿਹੜੀ ਸਟੇਜ ਉਤੇ ਪਹੁੰਚ ਚੁੱਕਾ ਹੈ। ਇਸ ਦੇ ਨਾਲ ਹੀ ਮਰੀਜ਼ ਦਾ ਸਮੁੱਚਾ ਮਾਨਸਿਕ, ਅਧਿਆਤਮਕ, ਪਰਿਵਾਰਕ, ਸਮਾਜਿਕ ਅਤੇ ਆਰਥਿਕ ਮਾਹੌਲ ਵੀ ਆਪਣੀ ਥਾਂ ਉਤੇ ਅਹਿਮ ਭੂਮਿਕਾ ਨਿਭਾਉਂਦਾ ਹੈ। ਜਦੋਂ ਮੈਂ ਉਸ ਨੂੰ ਆਪਣੀ ਖੁਦ ਦੀ ਉਦਾਹਰਣ ਦੇ ਕੇ ਸਮਝਾਉਣ ਦਾ ਯਤਨ ਕੀਤਾ ਕਿ ਮੈਂ ਵੀ ਅੱਜ ਤੋਂ ਇਕ ਦਹਾਕਾ ਪਹਿਲਾਂ ਇਸ ਬਿਮਾਰੀ ਉਤੇ ਫ਼ਤਹਿ ਪ੍ਰਾਪਤ ਕਰ ਚੁੱਕਾ ਹਾਂ ਤਾਂ ਉਹ ਕਿੰਨਾ ਚਿਰ ਇਸ ਗੱਲ ਨੂੰ ਮਜ਼ਾਕ ਹੀ ਸਮਝਦਾ ਰਿਹਾ। ਇਸ ਦਾ ਕਾਰਨ ਇਹ ਵੀ ਹੈ ਕਿ ਕੈਂਸਰ ਤੋਂ ਠੀਕ ਹੋ ਚੁੱਕੇ ਬਹੁਤੇ ਲੋਕ ਇਹ ਦੱਸਣ ਤੋਂ ਗੁਰੇਜ਼ ਕਰਦੇ ਹਨ ਕਿ ਉਨ੍ਹਾਂ ਨੂੰ ਕੈਂਸਰ ਸੀ। ਇਸੇ ਤਰ੍ਹਾਂ ਇਕ ਹੋਰ ਵਿਅਕਤੀ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਸ ਦੇ ਲੜਕੇ ਦਾ ਵੀ 8 ਸਾਲ ਪਹਿਲਾਂ ਪੀ.ਜੀ.ਆਈ. ਚੰਡੀਗੜ੍ਹ ਤੋਂ ਖੂਨ ਦੇ ਕੈਂਸਰ ਦਾ ਸਫ਼ਲ ਇਲਾਜ ਹੋਇਆ ਸੀ ਜੋ ਹੁਣ ਬਿਲਕੁਲ ਤੰਦਰੁਸਤ ਹੈ ਅਤੇ ਚੰਡੀਗੜ੍ਹ ਵਿਖੇ ਇਕ ਨਾਮਵਰ ਕੰਪਨੀ ਵਿਚ ਚੰਗੀ ਨੌਕਰੀ ਕਰ ਰਿਹਾ ਹੈ, ਪਰੰਤੂ ਸਮੱਸਿਆ ਇਹ ਹੈ ਕਿ ਕਾਫ਼ੀ ਯਤਨਾਂ ਤੋਂ ਬਾਅਦ ਵੀ ਉਸ ਦਾ ਵਿਆਹ ਨਹੀਂ ਹੋ ਪਾ ਰਿਹਾ। ਉਸ ਵਿਅਕਤੀ ਦਾ ਕਹਿਣਾ ਸੀ ਕਿ ਉਸ ਨੇ ਕਈ ਚੰਗੇ ਪੜ੍ਹੇ-ਲਿਖੇ ਘਰਾਂ ਵਿਚ ਰਿਸ਼ਤਾ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਕਿਤੇ ਗੱਲ ਸਿਰੇ ਨਾ ਚੜ੍ਹ ਸਕੀ, ਕਿਉਂ ਕਿ ਲੜਕੀ ਵਾਲੇ ਇਸ ਗੱਲ ਤੋਂ ਘਬਰਾ ਰਹੇ ਸਨ ਕਿ ਕਿਤੇ ਉਨ੍ਹਾਂ ਨਾਲ ਰਿਸ਼ਤਾ ਜੋੜ ਕੇ ਉਨ੍ਹਾਂ ਦੀ ਲੜਕੀ ਜਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਰੋਗ ਹੀ ਨਾ ਲੱਗ ਜਾਵੇ। ਇਸ ਗੱਲ ਨੇ ਜਿੱਥੇ ਮੈਨੂੰ ਕਾਫ਼ੀ ਹੈਰਾਨ-ਪ੍ਰੇਸ਼ਾਨ ਕੀਤਾ ਉਥੇ ਨਾਲ ਹੀ ਮੇਰੇ ਸਾਹਮਣੇ ਇਹ ਕੌੜੀ ਸੱਚਾਈ ਵੀ ਪੇਸ਼ ਕੀਤੀ ਕਿ ਭਾਵੇਂ ਕੈਂਸਰ ਜਾਗਰੂਕਤਾ ਲਈ ਹਰ ਸਾਲ ਕੈਂਸਰ ਨਾਲ ਸਬੰਧਿਤ ਵੱਖ-ਵੱਖ ਦਿਹਾੜੇ ਮਨਾਏ ਜਾਂਦੇ ਹਨ ਪਰੰਤੂ ਇਸ ਪਾਸੇ ਵੱਲ ਹਾਲੇ ਵੀ ਸਾਡੀਆਂ ਸਰਕਾਰਾਂ, ਮੈਡੀਕਲ, ਵਿੱਦਿਅਕ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਬਹੁਤ ਕੁਝ ਕਰਨ ਦੀ ਲੋੜ ਹੈ।

ਇਨ੍ਹਾਂ ਭਰਮ ਭੁਲੇਖਿਆਂ ਨੂੰ ਲੋਕ ਮਨਾਂ ਵਿਚੋਂ ਦੂਰ ਕਰਨ ਹਿੱਤ ਮੀਡੀਆ ਦੇ ਵੱਖ-ਵੱਖ ਸਾਧਨ ਆਪਣਾ ਬਣਦਾ ਯੋਗਦਾਨ ਪਾ ਸਕਦੇ ਹਨ। ਅਖਬਾਰਾਂ, ਰੇਡੀਓ, ਟੈਲੀਵੀਜ਼ਨ ਅਤੇ ਇੰਟਰਨੈੱਟ ਰਾਹੀਂ ਕੈਂਸਰ ਦੇ ਕਾਰਨਾਂ ਅਤੇ ਬਚਾਓ ਸਬੰਧੀ ਡਾਕਟਰਾਂ ਅਤੇ ਬੁੱਧੀਜੀਵੀਆਂ ਦੇ ਉਪਯੋਗੀ ਲੇਖ ਅਤੇ ਇੰਟਰਵਿਊ ਜਿੱਥੇ ਸਕਾਰਾਤਮਕ ਭੂਮਿਕਾ ਨਿਭਾ ਸਕਦੇ ਹਨ ਉਥੇ ਇਸ ਬਿਮਾਰੀ ਉਤੇ ਜਿੱਤ ਪ੍ਰਾਪਤ ਕਰ ਚੁੱਕੇ ਵਿਅਕਤੀਆਂ ਦੇ ਤਜਰਬੇ ਸਾਂਝੇ ਕਰਕੇ ਵੀ ਸਮਾਜ ਦੀ ਸੋਚ ਵਿਚ ਬਦਲਾਅ ਲਿਆਇਆ ਜਾ ਸਕਦਾ ਹੈ। ਵੱਖ-ਵੱਖ ਖੇਤਰਾਂ ਦੀਆਂ ਸੁਪ੍ਰਸਿੱਧ ਸ਼ਖਸੀਅਤਾਂ ਜਿਵੇਂ ਕ੍ਰਿਕੇਟ ਸਟਾਰ ਯੁਵਰਾਜ ਸਿੰਘ, ਫ਼ਿਲਮ ਨਿਰਦੇਸ਼ਕ ਅਨੁਰਾਗ ਬਾਸੂ, ਫਿਲਮ ਅਦਾਕਾਰਾ ਮੁਮਤਾਜ਼, ਲੀਜ਼ਾ ਰੇਅ ਅਤੇ ਮਨੀਸ਼ਾ ਕੋਇਰਾਲਾ ਤੋਂ ਇਲਾਵਾ ਵਿਸ਼ਵ ਪ੍ਰਸਿੱਧ ਖਿਡਾਰੀ ਲਾਂਸ ਆਰਮਸਟਰਾਂਗ, ਹਾਲੀਵੁੱਡ ਅਦਾਕਾਰ ਹੁਗ ਜੈਕਮੈਨ, ਮਾਈਕਲ ਡੋਗਲਾਸ, ਸੁਜ਼ੈਨ ਸੋਮਰਜ਼, ਸਿਨਥੀਆ ਨਿਕਸਨ, ਸ਼ੈਰੋਨ ਓਸਬੌਰਨ, ਮੈਲੀਸਾ ਐਥਰਿਜ, ਬਾਰਬਰਾ ਮੋਰੀ, ਸ਼ੈਰਿਲ ਕਰੋਅ, ਟਾਮ ਗਰੀਨ, ਐਡੀ ਫੈਲਕੋ ਵਰਗੀਆਂ ਅਨੇਕਾਂ ਕੈਂਸਰ ਜੇਤੂ ਹਸਤੀਆਂ ਨੇ ਪੁਸਤਕਾਂ, ਫ਼ਿਲਮਾਂ ਅਤੇ ਡਾਕੂਮੈਂਟਰੀਆਂ ਦੁਆਰਾ ਨਾ ਕੇਵਲ ਮੀਡੀਆ ਦਾ ਉਸਾਰੂ ਉਪਯੋਗ ਕੀਤਾ ਬਲਕਿ ਕੈਂਸਰ ਨਾਲ ਜੂਝ ਰਹੇ ਲੋੜਵੰਦ ਮਰੀਜ਼ਾਂ ਦੀ ਦੇਖਭਾਲ ਅਤੇ ਮੁਫਤ ਇਲਾਜ ਲਈ ਕਈ ਸਮਾਜ ਸੇਵੀ ਸੰਸਥਾਵਾਂ ਬਣਾਕੇ ਇਕ ਮਿਸਾਲ ਵੀ ਕਾਇਮ ਕੀਤੀ।

+91-94636 19353

## ਨਿਯੁਕਤੀ

ਪ੍ਰੋ-ਪੀਪਲ ਆਰਟਸ ਪ੍ਰਾਜੈਕਟ ਮੀਡੀਆ ਗਰੁੱਪ ਦੀ ਹਮੇਸ਼ਾ ਹੀ ਕੋਸ਼ਿਸ਼ ਰਹੀ ਹੈ ਕਿ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਨੂੰ ਸਰਵ-ਪੱਖੀ ਬਣਾਇਆ ਜਾਵੇ। ਇਸ ਸੰਦਰਭ ਵਿੱਚ ਪਾਠਕਾਂ ਵਲੋਂ ਸਮੇਂ-ਸਮੇਂ ਤੇ ਮਿਲਦੇ ਸੁਝਾਵਾਂ ਤੇ ਵੀ ਵਿਚਾਰ ਕੀਤਾ ਜਾਂਦਾ ਹੈ। ਇੱਕ ਨਵੀਂ ਕੋਸ਼ਿਸ਼ ਅਧੀਨ ਅਦਾਰੇ ਨੇ ਖੇਡਾਂ ਬਾਰੇ ਇੱਕ ਪੰਨਾ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਹਥਲੇ ਅੰਕ ਵਿੱਚ ਖੇਡਾਂ ਦਾ ਪੰਨਾ ਸ਼ਾਮਲ ਕਰ ਰਹੇ ਹਾਂ। ਕੈਲਗਰੀ ਵਾਸੀ ਖੇਡ ਲੇਖਕ ਸੁਖਵੀਰ ਗਰੇਵਾਲ ਨੂੰ ਇਸ ਵਿਸ਼ੇਸ਼ ਪੰਨੇ ਦਾ ਇੰਚਾਰਜ ਨਿਯੁਕਤ ਕੀਤਾ ਜਾਂਦਾ ਹੈ।

-ਅਦਾਰਾ ਸਰੋਕਾਰਾਂ ਦੀ ਆਵਾਜ਼



Sukhvir Grewal
403-402-0770
sukhsports@gmail.com

# ਜੈਨਸਿਸ ਪਾਰਕ ਦਾ ਮੁੱਦਾ ਸਿਟੀ ਆਫ ਕੈਲਗਰੀ ਵਲੋਂ ਮੁੜ ਲੋਕ ਕਚਹਿਰੀ 'ਚ



ਕੈਲਗਰੀ : ਜੈਸਸਿਸ ਸੈਂਟਰ ਕੈਲਗਰੀ ਦੀ ਪਾਰਕਿੰਗ ਦੇ ਨਾਲ਼ ਲਗਦੀ ਜਗ੍ਹਾ ਵਿੱਚ ਇੱਕ ਬਿਲਡਰ ਵਲੋਂ ਮਕਾਨ ਬਣਾਉਣ ਦਾ ਫੈਸਲਾ ਹਾਲ ਦੀ ਘੜੀ ਅੱਧ ਵਿਚਕਾਰ ਲਟਕ ਗਿਆ ਹੈ। ਕੈਲਗਰੀ ਸਿਟੀ ਕੌਂਸਿਲ ਨੇ ਭਾਂਵੇਂ 12 ਜੂਨ ਦੀ ਮੀਟਿੰਗ ਵਿੱਚ ਇਹ ਮਤਾ 8-6 ਦੇ ਫਰਕ ਨਾਲ਼ ਪਾਸ ਕਰ ਦਿੱਤਾ ਪਰ ਨਾਲ਼ ਹੀ ਇਹ ਸ਼ਰਤ ਲਗਾ ਦਿੱਤੀ ਕਿ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਇਸ ਇਲਾਕੇ ਵਿੱਚ ਰਹਿੰਦੇ ਲੋਕਾਂ ਦੇ ਵਿਚਾਰ ਲਏ ਜਾਣ ਫ਼ੈਸਲੇ ਦੀ ਇਸ ਸ਼ਰਤ ਨਾਲ਼ ਇਸ ਪਾਰਕ ਨੂੰ ਬਚਾਉਣ ਲਈ ਸੰਘਰਸ਼ ਕਰ ਰਹੀ ਜੈਨਸਿਸ ਪਾਰਕ ਬਚਾਓ ਕਮੇਟੀ ਨੂੰ ਉਮੀਦ ਬੱਝੀ ਹੈ ਹੁਣ ਇਹ ਮਤਾ ਸਤੰਬਰ ਦੇ ਮਹੀਨੇ ਹੋਣ ਵਾਲ਼ੀ ਕੌਂਸਿਲ ਦੀ ਮੀਟਿੰਗ ਵਿੱਚ ਦੁਬਾਰਾ ਪੇਸ਼ ਹੋਵੇਗਾ ਪਰ ਉਸ ਤੋਂ ਪਹਿਲਾਂ ਇਸ ਬਾਰੇ ਨਵੇਂ ਸਿਰੇ ਤੋਂ ਵਿਚਾਰਾਂ ਹੋਣਗੀਆਂ ਜਿਸ ਵਿੱਚ ਓਪਨ ਹਾਊਸ ਰਾਹੀਂ ਲੋਕਾਂ ਦੇ ਵੀ ਵਿਚਾਰ ਲਏ ਜਾਣ ਦੀ ਸੰਭਾਵਨਾ ਹੈ।

ਸੰਘਰਸ਼ ਕਮੇਟੀ ਦੇ ਬੁਲਾਰੇ ਪ੍ਰੀਤ ਬੈਦਵਾਨ ਨੇ ਦੱਸਿਆ ਕਿ ਉਹ ਇਸ ਪਾਰਕ ਨੂੰ ਬਚਾਉਣ ਲਈ ਪੂਰਾ ਤਾਣ ਲਾ ਦੇਣਗੇ ਭਾਵੇਂ ਇਸ ਲਈ ਅਦਾਲਤ ਦਾ ਸਹਾਰਾ ਕਿਉਂ ਨਾ ਲੈਣਾ ਪਵੇ। ਦੱਸਣਯੋਗ ਹੈ ਕਿ ਗਰੀਨ ਬੈਲਟ ਵਿੱਚ ਏਟੈਨ ਹੋਮਜ਼ ਨਾਂ ਦੀ ਬਿਲਡਰ ਕੰਪਨੀ ਨੇ ਸਾਢੇ ਚਾਰ ਏਕੜ ਜ਼ਮੀਨ ਉਪਰ ਮਕਾਨ ਬਣਾਉਣ ਦਾ ਜ਼ਿੰਮਾ ਲਿਆ ਹੈ। ਸਿਟੀ ਕੌਂਸਿਲ ਨੇ ਪਹਿਲਾਂ 8 ਮਈ ਦੀ ਮੀਟਿੰਗ ਵਿੱਚ ਇਸ ਜ਼ਮੀਨ ਦਾ ਟਾਈਟਲ ਬਦਲਣ ਦਾ ਮੁੱਦਾ ਲਿਆਉਣ ਦਾ ਫੈਸਲਾ ਲਿਆ ਸੀ। ਉਸ ਦਿਨ ਪੰਜਾਬੀਆਂ ਦੇ ਗੜ੍ਹ ਨਾਰਥ-ਈਸਟ ਵਿੱਚੋਂ ਲੋਕਾਂ ਨੇ ਸਿਟੀ ਹਾਲ ਦੇ ਅੱਗੇ ਰੋਸ ਪ੍ਰਦਰਸ਼ਨ ਕੀਤਾ। ਲੋਕਾਂ ਦਾ ਰੋਹ ਦੇਖ ਕੇ ਸਿਟੀ ਕੌਂਸਿਲ ਨੇ ਇਹ ਮਤਾ 12 ਜੂਨ ਦੀ ਮੀਟਿੰਦ ਤੱਕ ਮੁਲਤਵੀ ਕਰ ਦਿੱਤਾ ਸੀ।

12 ਜੂਨ ਦੀ ਮੀਟਿੰਗ ਦੌਰਾਨ ਵੀ ਪੰਜਾਬੀ ਵੱਡੀ ਗਿਣਤੀ ਵਿੱਚ ਸਿਟੀ ਹਾਲ 'ਚ ਪੁੱਜੇ ਸਨ। ਜੈਨਸਿਸ ਪਾਰਕ ਬਚਾਓ ਕਮੇਟੀ ਵਲੋਂ ਵੀ ਸਿਟੀ ਕੌਂਸਿਲ ਦੀ ਮੀਟਿੰਗ ਵਿੱਚ ਬਹਿਸ ਕਰਨ ਲਈ ਇੱਕ ਚੰਗੀ ਟੀਮ ਤਿਆਰ ਕੀਤੀ ਗਈ। ਇਸ ਟੀਮ ਵਿੱਚ ਗੁਰਮੀਤ ਭਾਟੀਆ, ਰਾਜਿੰਦਰ ਸਿੰਘ, ਪਰਮਜੀਤ ਭਾਟੀਆ, ਸ਼ੈਰਨ, ਗੋਪਾਲ ਸੈਣੀ, ਜਸਬੀਰ ਚਾਹਲ, ਅਵਿਨਾਸ਼ ਸੇਖੋਂ, ਗੁਰਵੀਰ ਕੁਮੋ, ਵਿਕਰਮ ਸਹਿਵਾਲ, ਗਗਨ ਬੁੱਟਰ, ਦਵਿੰਦਰ ਤੂਰ, ਹਰਲੀਨ ਗਰੇਵਾਲ, ਕਿਰਨ ਬੈਦਵਾਨ, ਗਗਨ ਆਨੰਦ, ਸ੍ਰੀ ਮਲਹੋਤਰਾ, ਧਰਮਵੀਰ ਸਿੰਘ ਸ਼ਾਮਲ ਸਨ। ਇਸ ਟੀਮ ਨੂੰ ਮੇਅਰ ਅਤੇ ਕੌਂਸਲਰਾਂ ਨੇ ਸਵਾਲ ਵੀ ਪੁੱਛੇ। ਇਸ ਸੰਘਰਸ਼ ਦੀ ਖਾਸ ਗੱਲ ਇਹ ਰਹੀ ਕਿ ਕੈਲਗਰੀ ਸਿਟੀ ਹਾਲ ਵਿੱਚ ਪਹਿਲੀ ਵਾਰ ਪੰਜਾਬੀ ਐਨੀ ਵੱਡੀ ਗਿਣਤੀ ਵਿੱਚ ਪੁੱਜੇ। ਇੱਥੇ ਇਹ ਵੀ ਦੱਸਣਯੋਗ ਹੈ ਕਿ ਅਕਤੂਬਰ ਦੇ ਮਹੀਨੇ ਕੈਲਗਰੀ ਦੀ ਸਿਟੀ ਕੌਂਸਿਲ ਦੀਆਂ ਚੋਣਾਂ ਹਨ ਜਿਸ ਕਰਕੇ ਇਹ ਮਤਾ ਨਵੀਂ ਕੌਂਸਿਲ ਵਿੱਚ ਵੀ ਜਾਣ ਦੀ ਪੂਰੀ ਸੰਭਾਵਨਾ ਹੈ।







HomeLife SilverCity
Realty Inc., Brokerage
EACH OFFICE INDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
905-913-8500
58 Cottrelle Blvd., Unit 29, Brampton
www.HomelifeSilvercityTeam.com
Team of OVER 350 Realtors
BALJIT GARCHA
BROKER OF RECORD
AJIT GARCHA
BROKER / PRESIDENT
www.homelifesilvercityteam.com